ਸਤਯਮੇਵ ਜਯਤੇ

ਭਾਰਤ ਸਰਕਾਰ

# ਪੰਜਾਬ ਅੰਦੋਲਨ ਉਤੇ ਵਾਈਟ ਪੇਪਰ

ਨਵੀਂ ਦਿੱਲੀ, 10 ਜੁਲਾਈ 1984

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪੰਜਾਬ ਅੰਦੋਲਨ
# ਉਤੇ
# ਵ੍ਹਾਈਟ ਪੇਪਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤਤਕਰਾ

| ਕ੍ਰ.ਸੰ. | ਵਿਸ਼ਾ | ਪੰਨਾ |
|---|---|---|
| 1. | ਭੂਮਿਕਾ | 1 |
| 2. | ਸ਼੍ਰੋਮਣੀ ਅਕਾਲੀ ਦਲ ਦੀਆਂ ਮੰਗਾਂ ਅਤੇ ਸਰਕਾਰ ਦਾ ਰਵੱਈਆ | 4 |
| 3. | ਪੰਜਾਬ ਵਿਚ ਆਤੰਕ ਅਤੇ ਹਿੰਸਾ | 17 |
| 4. | ਪੰਜਾਬ ਅਤੇ ਚੰਡੀਗੜ੍ਹ ਵਿਚ ਫੌਜ ਦੀ ਕਾਰਵਾਈ | 31 |
| 5. | ਕੁੱਝ ਮਸਲੇ | 39 |
| 6. | ਅਨੈਕਸਚਰ | 43 |

| | | |
|---|---|---|
| I | ਸਿਤੰਬਰ 1981 ਵਿਚ ਅਕਾਲੀ ਦਲ ਵਲੋਂ ਸਰਕਾਰ ਨੂੰ ਭੇਜੀਆਂ ਗਈਆਂ 45 ਮੰਗਾਂ ਦੀ ਸੂਚੀ | 43 |
| II | ਅਕਤੂਬਰ 1981 ਵਿਚ ਸਰਕਾਰ ਨੂੰ ਅਕਾਲੀ ਦਲ ਵਲੋਂ ਮਿਲੀਆਂ 15 ਮੰਗਾਂ ਦੀ ਸੋਧੀ ਹੋਈ ਸੂਚੀ | 45 |
| III | ਸੰਤ ਹਰਚੰਦ ਸਿੰਘ ਵਲੋਂ ਪ੍ਰਮਾਣਕ੍ਰਿਤ ਕੀਤਾ ਗਿਆ ਆਨੰਦਪੁਰ ਸਾਹਿਬ ਦਾ ਮਤਾ | 47 |
| IV | ਅਕਾਲੀ ਦਲ ਦੇ ਪ੍ਰਤਿਨਿਧਾਂ ਨਾਲ ਹੋਈਆਂ ਮੀਟਿੰਗਾਂ ਦੀ ਸੂਚੀ 1981-84 | 67 |
| V | 28 ਫਰਵਰੀ, 1984 ਨੂੰ ਪਾਰਲੀਮੈਂਟ ਵਿਚ ਗ੍ਰਹਿ ਮੰਤਰੀ ਦਾ ਬਿਆਨ | 74 |
| VI | 2 ਜੂਨ, 1984 ਨੂੰ ਪ੍ਰਧਾਨ ਮੰਤਰੀ ਦਾ ਕੌਮ ਦੇ ਨਾਂ ਪ੍ਰਸਾਰਣ | 79 |
| VII | ਪੰਜਾਬ ਵਿਚ ਹਿੰਸਾ ਦੀਆਂ ਮੁੱਖ ਘਟਨਾਵਾਂ ਦੀ ਸੂਚੀ | 82 |
| VIII | ਸ੍ਰੀ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਬਿਆਨ ਦਾ ਕੁਝ ਹਿੱਸਾ | 118 |
| IX | 29 ਅਪ੍ਰੈਲ 1982 ਨੂੰ ਪਾਰਲੀਮੈਂਟ ਵਲੋਂ ਪ੍ਰਵਾਨ ਇਕ ਮਤੇ ਦਾ ਮਜ਼ਮੂਨ | 120 |
| X | ਹਰਮੰਦਿਰ ਸਾਹਿਬ ਅਤੇ ਨੇੜੇ ਦੀਆਂ ਇਮਾਰਤਾਂ ਦਾ ਨਕਸ਼ਾ | 121 |
| XI | 30 ਜੂਨ, 1984 ਤਕ ਫਟੱੜ ਹੋਏ ਤੇ ਮਾਰੇ ਗਏ ਸਿਵਲੀਅਨ ਅਤੇ ਫੌਜੀ ਅਤੇ ਬਰਾਮਦ ਹੋਏ ਹਥਿਆਰਾਂ ਤੇ ਗੋਲਾ ਬਾਰੂਦ ਦਾ ਵੇਰਵਾ | 122 |

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# 1. ਭੂਮਿਕਾ

ਪੰਜਾਬ ਵਿਚ ਪਿਛਲੇ ਤਿੰਨ ਵਰ੍ਹਿਆਂ ਦੇ ਦੌਰਾਨ ਲਗਾਤਾਰ ਅੰਦੋਲਨ ਹੁੰਦੇ ਰਹੇ ਹਨ। ਇਥੇ ਸਪਸ਼ਟ ਤੌਰ ਤੇ ਚਾਰ ਤੱਤ ਦੇਖਣ ਵਿਚ ਆਏ ਸਨ। ਕਦੀ ਕਦੀ ਅਜਿਹਾ ਲਗਦਾ ਸੀ ਕਿ ਇੰਨ੍ਹਾਂ ਵਿਚ ਆਪੋ ਵਿਚ ਕੋਈ ਸੰਬੰਧ ਨਹੀਂ ਹੈ। ਪਰ ਆਖਿਰ ਵਿਚ ਵਿਸ਼ਲੇਸ਼ਣ ਤੋਂ ਇਹ ਸਪਸ਼ਟ ਹੋ ਗਿਆ ਕਿ ਇਹ ਇਕੋ ਹੀ ਤਾਣੇ ਪੇਟੇ ਦੇ ਹਿੱਸੇ ਸਨ। ਇਸ ਨਾਲ ਹਿੰਸਾ ਅਤੇ ਆਤੰਕ ਦਾ ਅਜਿਹਾ ਦੌਰ ਸ਼ੁਰੂ ਹੋ ਗਿਆ ਜਿਸ ਨਾਲ ਨਾ ਸਿਰਫ ਪੰਜਾਬ ਸਗੋਂ ਸਾਰੇ ਦੇਸ਼ ਦੀ ਸਮਾਜਕ, ਰਾਜਨੀਤਕ ਅਤੇ ਆਰਥਕ ਸਥਿਰਤਾ ਨੂੰ ਖਤਰਾ ਪੈਦਾ ਹੋ ਗਿਆ ਸੀ। ਇਹ ਤੱਤ ਸਨ :—

— ਸ਼ਰੋਮਣੀ ਅਕਾਲੀ ਦਲ ਵਲੋਂ ਉਨ੍ਹਾਂ ਕੁਝ ਮੰਗਾ ਦੀ ਹਮਾਇਤ ਵਿਚ ਚਲਾਇਆ ਗਿਆ ਅੰਦੋਲਨ ਜਿਹੜੀਆਂ ਸਰਕਾਰ ਨੂੰ ਪੇਸ਼ ਕੀਤੀਆਂ ਗਈਆਂ ਸਨ ਅਤੇ ਜਿਨ੍ਹਾਂ ਦੇ ਵਿਚ ਗਲਬਾਤ ਚਲ ਰਹੀ ਸੀ;

— ਇਕ ਜ਼ਬਰਦਸਤ ਫਿਰਕੂ ਅਤੇ ਅੱਤਵਾਦੀ ਅੰਦੋਲਨ ਜਿਸ ਵਿਚ ਖੁਲ੍ਹੇਆਮ ਹਿੰਸਾ ਦੀ ਵਕਾਲਤ ਕੀਤੀ ਜਾਣ ਲਗੀ ਅਤੇ ਬੇਕਸੂਰ ਅਤੇ ਬੇਸਹਾਰਾ ਸ਼ਹਿਰੀਆਂ ਦੇ ਵਿਰੁਧ ਅਤੇ ਰਾਜ ਦੇ ਖਿਲਾਫ ਬੱਜਰ ਅਪਰਾਧ ਕੀਤੇ ਗਏ;

— ਵਿਦੇਸ਼ੀ ਹਮਾਇਤ ਨਾਲ ਸਿੱਖਾਂ ਦੇ ਲਈ ਇਕ ਸੁਤੰਤਰ ਰਾਜ ਦੇ ਏਲਾਨੀਆ ਉਦੇਸ਼ ਨਾਲ ਚਲਾਈ ਜਾ ਰਹੀ ਵੱਖਵਾਦੀ ਅਤੇ ਕੌਮ ਵਿਰੋਧੀ ਕਾਰਵਾਈਆਂ: ਅਤੇ

— ਇਨ੍ਹਾਂ ਵਿਚ ਅਪਰਾਧੀਆਂ, ਤਸਕਰਾਂ, ਹੋਰ ਸਮਾਜ ਵਿਰੋਧੀ ਤੱਤਾਂ ਅਤੇ ਨਕਸਲਵਾਦੀਆਂ ਦਾ ਸ਼ਾਮਿਲ ਹੋਣਾਂ ਜਿਨ੍ਹਾਂ ਨੇ ਸਵਾਰਥ ਦੀ ਪੂਰਤੀ ਦੇ ਲਈ ਹਾਲਤ ਦਾ ਨਾਜ਼ਾਇਜ ਫਾਇਦਾ ਲਿਆ।

2. ਇਕ ਵੱਖਰੇ ਸਿੱਖ ਰਾਜ ਦੀ ਮੰਗ ਨੂੰ ਵਿਦੇਸ਼ਾਂ ਵਿਚ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਕੁਝ ਮੈਂਬਰਾਂ ਨੇ ਸਿਧਾਂਤਕ ਅਧਾਰ ਦਿਤਾ। ਸ੍ਰੀ ਅਮਰੀਕ ਸਿੰਘ, ਸ੍ਰੀ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਕੁਝ ਹੋਰ ਲੋਕਾਂ ਦੇ ਭੜਕਾਊ ਬਿਆਨਾਂ ਨੇ ਭਾਰਤ ਵਿਚ ਵੱਖਵਾਦੀ ਕਾਰਵਾਈਆਂ ਉਤੇ ਬੱਲਦੀ ਉਤੇ ਤੇਲ ਪਾਣ ਦਾ ਕੰਮ ਕੀਤਾ। ਹਾਲਾਂਕਿ ਅਕਾਲੀ ਦਲ ਦੇ ਨੇਤਾਵਾਂ ਨੇ ਵੱਖਵਾਦੀ ਕਿਸਮ ਦੀ ਕੋਈ ਮੰਗ ਨਹੀਂ ਪੇਸ਼ ਕੀਤੀ ਤਾਂ ਵੀ ਸਿੱਖ ਵੱਖਵਾਦ ਦੇ ਬਾਰੇ ਵਿਚ ਉਨ੍ਹਾਂ ਦੀਆਂ ਅਸਪੱਸ਼ਟ ਗੱਲਾਂ ਨਾਲ ਭੰਨ ਤੋੜ ਕਰਨ ਵਾਲੀ ਅਤੇ ਰਾਸ਼ਟਰ ਵਿਰੋਧੀ ਤਾਕਤਾਂ ਨੂੰ ਇਸ ਜਾਣਕਾਰੀ ਦੇ ਨਾਲ ਕੰਮ ਕਰਨ ਦੇ ਲਈ ਇਕ ਇੱਜ਼ਤਮਈ ਪਰਦਾ ਮਿਲ ਗਿਆ ਕਿ ਉਨ੍ਹਾਂ ਨੂੰ ਰਾਜਨੀਤਕ ਦਰਿਸ਼ਟੀ ਤੋਂ ਅਸਵੀਕਾਰ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੇ ਅਸਪਸ਼ਟ ਵਿਚਾਰਾਂ ਅਤੇ ਉਨ੍ਹਾਂ ਵਲੋਂ ਕਦੀ ਕਦੀ ਵੱਖਵਾਦੀ ਅੰਦੋਲਨ ਦੀ ਧਾਰਨਾ ਅਤੇ ਸ਼ਬਦਾਵਲੀ ਦੀ ਵਰਤੋਂ ਦੇ ਕਾਰਨ ਰਾਜ ਵਿਚ ਰਾਜਨੀਤਕ ਇਨਕਲਾਬ ਦੀ ਹਾਲਤ ਪੈਦਾ ਹੋ ਗਈ।

Digitized by Panjab Digital Library | www.panjabdigilib.org

3. ਵੱਖਵਾਦੀ ਅਤੇ ਆਤੰਕਵਾਦੀ ਗਰੁਪਾਂ ਨੇ ਜਿਹੜੇ ਢੰਗ ਅਪਨਾ ਰਖੇ ਸਨ, ਉਹ ਸਨ-ਸਿੱਖਾਂ ਅਤੇ ਹਿੰਦੂਆਂ ਵਿਚ ਕੁੜਤਣ ਅਤੇ ਨਫਰਤ ਪੈਦਾ ਕਰਨ ਦੇ ਲਈ ਇਕ ਸਿਲਸਿਲੇਵਾਰ ਮੁਹਿੰਮ, ਗੁਰਮਤ ਕੈਂਪਾਂ ਦੇ ਬਹਾਨੇ ਨਾਲ ਵੱਖਵਾਦੀ ਵਿਚਾਰਧਾਰਾ ਉਤਪਨ ਕਰਨਾ, ਨਵੇਂ ਕਿਸਮ ਦੇ ਹਥਿਆਰਾਂ ਦੀ ਸਿਖਲਾਈ, ਪੰਜਾਬ ਦੀ ਪੁਲਿਸ ਅਤੇ ਪ੍ਰਸ਼ਾਸਨ ਵਿਚ ਖਾਸ ਖਾਸ ਨਿਸ਼ਾਨਿਆਂ ਦੇ ਵਿਰੁਧ ਦਹਿਸ਼ਤ ਦੀ ਵਰਤੋਂ, ਜਿਹੜੇ ਸਹਿਮਤ ਨਾ ਹੋਣ ਉਨਾਂ ਦੀ 'ਹਿਟ ਲਿਸਟ' ਤਿਆਰ ਕਰਨਾ ਅਤੇ ਉਨਾਂ ਦੇ ਕਤਲ ਕਰਨਾ, ਦਹਿਸ਼ਤ ਫੈਲਾਉਂਣ ਅਤੇ ਫਿਰਕੂ ਹਿੰਸਾ ਉਕਸਾਉਣ ਦੇ ਉਦੇਸ਼ ਨਾਲ ਇਕ ਖਾਸ ਫਿਰਕੇ ਦੇ ਲੋਕਾਂ ਦੀ ਹੱਤਿਆ ਕਰਨਾ, ਅਤੇ ਬੈਂਕਾਂ, ਹੀਰੇ ਮੋਤੀਆਂ ਦੀਆਂ ਦੁਕਾਨਾਂ ਅਤੇ ਘਰਾਂ ਨੂੰ ਲੁਟਣ ਦੇ ਲਈ ਤਸਕਰਾਂ ਅਤੇ ਸਮਾਜ ਵਿਰੋਧੀ ਤੱਤਾਂ ਦਾ ਇਸਤੇਮਾਲ ਕਰਨਾ ਅਤੇ ਗਰੁਪ ਰੂਪ ਵਿਚ ਅਤੇ ਖੁਲ੍ਹੇ ਤੌਰ ਤੇ ਵਿਦੇਸ਼ੀ ਸਾਧਨਾਂ ਤੋਂ ਹਮਾਇਤ ਪ੍ਰਾਪਤ ਕਰਨੀ, ਇਹ ਸਭ ਉਨ੍ਹਾਂ ਨੇ ਹਰਮੰਦਿਰ ਸਾਹਿਬ ਦੇ ਪਵਿਤਰ ਕੰਪਲੈਕਸ, ਪੰਜਾਬ ਅਤੇ ਹੋਰ ਥਾਵਾਂ ਉਤੇ ਕਾਇਮ ਹੋਰ ਗੁਰਦਵਾਰਿਆਂ ਵਿਚ ਰਹਿ ਕੇ ਕੀਤਾ। ਸਿੱਖ ਭਾਈਚਾਰੇ ਦੇ ਧਾਰਮਿਕ ਜਜ਼ਬੇ ਦੇ ਸਤਿਕਾਰ ਵਜੋਂ ਗੁਰਦਵਾਰਿਆਂ ਵਿਚ ਪੁਲਿਸ ਨੂੰ ਨਾ ਭੇਜਣ ਦੀ ਸਰਕਾਰ ਦੀ ਇੱਛਾ ਨਾ ਹੋਣ ਦਾ ਪੂਰੀ ਤਰ੍ਹਾਂ ਨਾਜਾਇਜ਼ ਲਾਭ ਲਿਆ ਗਿਆ। ਇਨ੍ਹਾਂ ਤੱਤਾਂ ਨੇ ਪਵਿੱਤਰ ਥਾਵਾਂ ਦੀ ਕੁਵਰਤੋਂ ਕਤਲ, ਭੰਨਤੋੜ, ਅੱਗਾਂ ਲਾਉਂਣ ਅਤੇ ਲੁਟ ਮਾਰ ਦੀਆਂ ਕਾਰਵਾਈਆਂ ਨੂੰ ਕਰਵਾਉਣ ਅਤੇ ਸੇਧ ਦੇਣ ਲਈ ਕੀਤੀ। ਉਨ੍ਹਾਂ ਦੀਆਂ ਕਾਰਵਾਈਆਂ ਨਾਲ ਪੰਜਾਬ ਵਿਚ ਬਦਅਮਨੀ ਅਤੇ ਲਾ ਕਾਨੂੰਨੀ ਫੈਲ ਗਈ ਜਿਸ ਕਾਰਨ ਕਾਨੂੰਨ ਦਾ ਪਾਲਨ ਕਰਨ ਵਾਲੇ ਲੋਕਾਂ ਦੇ ਮਨ ਵਿਚ ਭਾਰੀ ਅਰੱਖਿਅਤਾ ਦੀ ਭਾਵਨਾ ਪੈਦਾ ਹੋ ਗਈ। ਵੱਖ ਵੱਖ ਫਿਰਕਿਆਂ ਵਿਚਕਾਰ ਫੁੱਟ ਪੈ ਜਾਣ ਦਾ ਖਤਰਾ ਸਚਮੁਚ ਪੈਦਾ ਹੋ ਗਿਆ ਸੀ। ਬਗ਼ਾਵਤ ਦੀ ਹਾਲਤ ਤੇਜ਼ੀ ਨਾਲ ਪੈਦਾ ਹੁੰਦੀ ਜਾ ਰਹੀ ਸੀ ਜਿਸ ਨਾਲ ਦੇਸ਼ ਦੀ ਏਕਤਾ ਅਤੇ ਇਲਾਕਾਈ ਅਖੰਡਤਾ ਨੂੰ ਵੱਡਾ ਖਤਰਾ ਬਣ ਗਿਆ ਸੀ।

4. ਪੰਜਾਬ ਦੀ ਸਮਸਿਆ ਦਾ ਸਾਰ ਅਕਾਲੀ ਦਲ ਵਲੋਂ 1981 ਵਿਚ ਪੇਸ਼ ਕੀਤੀਆਂ ਗਈਆਂ ਮੰਗਾਂ ਨਹੀਂ, ਸਗੋਂ ਵਿਦੇਸ਼ਾਂ ਵਿਚ ਕੰਮ ਕਰ ਰਹੇ ਥੋੜ੍ਹੇ ਜਿੰਨੇ ਗਰੁਪਾਂ ਦੀ ਜ਼ੋਰਦਾਰ ਹਮਾਇਤ ਨਾਲ ਵੱਖਵਾਦੀ ਅਤੇ ਰਾਸ਼ਟਰ, ਵਿਰੋਧੀ ਅੰਦੋਲਨ ਦਾ ਜ਼ੋਰ ਪਕੜਨਾ ਸੀ। ਅਕਾਲੀ ਦਲ ਦੇ ਨੇਤਾਵਾਂ ਨੇ ਅੰਦੋਲਨ ਦੀ ਵਾਗਡੋਰ ਆਪਣੇ ਹੱਥ ਚੋਂ ਜਾਣ ਦਿਤੀ। ਸਰਕਾਰ ਵਲੋਂ ਪੇਸ਼ ਕੀਤੇ ਗਏ ਕਿਸੀ ਜਾਇਜ਼ ਢਾਂਚੇ ਦੇ ਅਧਾਰ ਤੇ ਕਿਸੀ ਸਮਝੌਤੇ ਤੇ ਪਹੁੰਚਣ ਦੀ ਉਨ੍ਹਾਂ ਦੀ ਨੀਅਤ ਹੀ ਨਹੀਂ ਸੀ। ਹਿਚਕਿਚਾਹਟ, ਵਿਚਾਰ ਬਦਲਦੇ ਰਹਿਣਾ, ਝੁਕ-ਝੁਕਾ ਦੀ ਭਾਵਨਾ ਨਾਲ ਕਿਸੀ ਨਤੀਜੇ ਉਤੇ ਪਹੁੰਚਣ ਦੀ ਇੱਛਾ ਨਾ ਹੋਣਾ ਅਤੇ ਫਿਰਕੂ ਦਹਿਸ਼ਤਵਾਦੀ ਤੱਤਾਂ ਦੇ ਦਬਾਅ ਦਾ ਟਾਕਰਾ ਨਾ ਕਰ ਸਕਣਾ ਉਨ੍ਹਾਂ ਦੇ ਰਵਈਏ ਦੀਆਂ ਖੂਬੀਆਂ ਰਹੀਆਂ ਹਨ। ਜਦੋਂ ਕਦੇ ਸਮਝੌਤੇ ਦੀ ਸੰਭਾਵਨਾ ਨਜ਼ਦੀਕ ਦਿਖਾਈ ਦਿੱਤੀ, ਗਲਬਾਤ ਨੂੰ ਅਸਫਲ ਕਰ ਦਿਤਾ ਗਿਆ। ਸਿਵਲ ਅਧਿਕਾਰੀਆਂ ਦੀ ਸਹਾਇਤਾ ਦੇ ਲਈ ਸੈਨਾ ਬੁਲਾਏ ਜਾਣ ਤੋਂ ਇਕ ਹਫਤਾ ਪਹਿਲਾਂ ਵੀ ਸਰਕਾਰ ਨੇ ਸਮਝੌਤੇ ਉਤੇ ਪਹੁੰਚਣ ਦੇ ਲਈ ਅਕਾਲੀ ਦਲ ਦੇ ਨੇਤਾਵਾਂ ਨਾਲ ਗਲਬਾਤ ਕਰਨ ਦਾ ਇਕ ਹੋਰ ਯਤਨ ਕੀਤਾ ਪਰ ਉਸ ਦਾ ਰਵਈਆ ਪਹਿਲਾਂ ਨਾਲੋਂ ਵੀ ਸਖਤ ਜਾਪਿਆ।

5. ਆਤੰਕਵਾਦੀਆਂ ਨੇ ਆਪਣੀਆਂ ਹਿੰਸਾਤਮਕ ਕਾਰਵਾਈਆਂ ਤੇਜ਼ ਕਰ ਦਿਤੀਆਂ। ਦਿਨ ਬਦਿਨ ਹਾਲਤ ਵਿਗੜਦੀ ਗਈ। ਹਰਮੰਦਿਰ ਸਾਹਿਬ ਅਹਾਤੇ ਦੇ ਅੰਦਰ ਰਹਿਣ ਵਾਲੇ ਗਰੁਪਾਂ ਦੀ ਭੰਨ-ਤੋੜ ਸੰਬੰਧੀ ਕਾਰਵਾਈਆਂ ਨਾਲ ਭਾਰਤ ਦੀ ਸੁਰਖਿਆ ਨੂੰ ਗੰਭੀਰ ਖਤਰਾ ਪੈਦਾ ਹੋ ਗਿਆ ਸੀ। ਭਾਰਤ ਦੀ ਅਖੰਡਤਾ ਨੂੰ ਖੇਰੂੰ ਖੇਰੂੰ ਕਰਨ ਵਿਚ ਡੂੰਘੀ ਰੁਚੀ ਰਖਣ ਵਾਲੀਆਂ ਵਿਦੇਸ਼ੀ ਤਾਕਤਾਂ ਦਾ ਅਸਰ ਸਾਹਮਣੇ ਸਪਸ਼ਟ ਹੋ ਰਿਹਾ ਸੀ। ਸਰਕਾਰ ਨੂੰ ਇਹ ਭਰੋਸਾ ਹੋ ਗਿਆ ਸੀ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਲਈ ਇਸ ਵੰਗਾਰ ਦਾ ਮੁਕਾਬਲਾ, ਰਾਜ ਦੀਆਂ ਕਾਨੂੰਨ ਅਤੇ ਪ੍ਰਬੰਧ ਨਾਲ ਸਬੰਧਤ ਆਮ ਏਜੰਸੀਆਂ ਨਹੀਂ ਕਰ ਸਕਦੀਆਂ। ਇਨ੍ਹਾਂ ਹਾਲਾਤਾਂ ਵਿਚ ਸੈਨਾ ਨੂੰ ਬੁਲਾਣ ਦਾ ਫੈਸਲਾ ਕੀਤਾ ਗਿਆ। ਹਰ ਪ੍ਰਕਾਰ ਦੀਆਂ ਵੱਖਵਾਦੀ ਪ੍ਰਵਿਰਤੀਆਂ ਦੇ ਖਤਰੇ ਨਾਲ ਰਾਸ਼ਟਰੀ ਅਖੰਡਤਾ ਨੂੰ ਬਚਾਉਂਣ ਦੇ ਲਈ ਸਰਕਾਰ ਦੇ ਸਾਹਮਣੇ ਸਿਰਫ ਇਹੋ ਇਕ ਰਸਤਾ ਰਹਿ ਗਿਆ ਸੀ।

6. ਇਸ ਪੇਪਰ ਦਾ ਉਦੇਸ਼ ਸ਼੍ਰੋਮਣੀ ਅਕਾਲੀਦਲ ਵਲੋਂ ਪੇਸ਼ ਕੀਤੀਆਂ ਗਈਆਂ ਕਈਂ ਮੰਗਾਂ ਦੇ ਬਾਰੇ ਵਿਚ ਸਰਕਾਰ

Digitized by Panjab Digital Library | www.panjabdigilib.org

ਦੀ ਪ੍ਰਤਿਕ੍ਰਿਆ, ਪੰਜਾਬ ਵਿਚ ਆਤੰਕਵਾਦ ਅਤੇ ਹਿੰਸਾ ਦੀਆਂ ਵਧਦੀਆਂ ਹੋਈਆਂ ਕਾਰਵਾਈਆਂ, ਵਿਦੇਸ਼ਾਂ ਵਿਚ ਸਿੱਖ ਵੱਖਵਾਦੀਆਂ ਦੀਆਂ ਕਾਰਵਾਈਆਂ ਅਤੇ ਪਵਿੱਤਰ ਪੂਜਾ ਸਥਾਨਾਂ ਤੋਂ ਆਤੰਕਵਾਦੀਆਂ, ਅਪਰਾਧੀਆਂ ਅਤੇ ਉਨ੍ਹਾਂ ਦੇ ਹਥਿਆਰਾਂ ਨੂੰ ਹਟਾਉਣ ਦੇ ਲਈ ਸੈਨਾ ਵਲੋਂ ਕੀਤੀਆਂ ਗਈਆਂ ਕਾਰਵਾਈਆਂ ਦਾ ਹਿਸਾਬ ਕਿਤਾਬ ਦੇਣਾ ਹੈ। ਇਸ ਸੰਬੰਧ ਵਿਚ ਜੋ ਕੁਝ ਮਸਲੇ ਉਠੇ ਹਨ, ਉਨ੍ਹਾਂ ਉਤੇ ਵੀ ਇਥੇ ਸੰਖੇਪ ਵਿਚ ਜ਼ਿਕਰ ਕੀਤਾ ਗਿਆ ਹੈ।

Digitized by Panjab Digital Library | www.panjabdigilib.org

# 2. ਸ਼੍ਰੋਮਣੀ ਅਕਾਲੀ ਦਲ ਦੀਆਂ ਮੰਗਾਂ ਅਤੇ ਸਰਕਾਰ ਦਾ ਰਵੱਈਆ

ਅਕਾਲੀ ਦਲ ਨੇ ਅੰਦੋਲਨ, ਸ਼ੁਰੂ ਵਿਚ ਕੁਝ ਇਕ ਮੰਗਾਂ ਦੀ ਹਮਾਇਤ ਵਿਚ ਆਰੰਭ ਕੀਤਾ ਸੀ। ਸਤੰਬਰ 1981 ਵਿਚ ਅਕਾਲੀ ਦਲ ਨੇ 45 ਮੰਗਾਂ (ਅਨੈਕਸ਼ਚਰ-I) ਦੀ ਸੂਚੀ ਪੇਸ਼ ਕੀਤੀ। ਅਕਤੂਬਰ 1981 ਵਿਚ ਉਸਨੇ 15 ਮੰਗਾਂ (ਅਨੈਕਸਚਰ-II) ਦੀ ਇਕ ਸੋਧੀ ਹੋਈ ਸੂਚੀ ਭੇਜੀ।

2. ਇਨ੍ਹਾਂ ਚੋਂ ਕੁਝ ਮੰਗਾਂ ਦਾ ਸੋਮਾਂ, ਅਕਤੂਬਰ 16 ਅਤੇ 17, 1973 ਨੂੰ ਆਨੰਦਪੁਰ ਸਾਹਿਬ ਵਿਚ ਹੋਈ ਇਕ ਬੈਠਕ ਵਿਚ ਅਕਾਲੀ ਦਲ ਵਲੋਂ ਪਾਸ ਕੀਤੇ ਗਏ ਇਕ ਮਤੇ ਵਿਚ ਹੈ, ਜਿਹੜਾ ਆਮ ਕਰਕੇ ਆਨੰਦਪੁਰ ਸਾਹਿਬ ਮਤੇ ਵਜੋਂ ਜਾਣਿਆ ਜਾਂਦਾ ਹੈ। ਇਸ ਮੱਤੇ ਵਿਚ ਹੋਰਨਾਂ ਗਲਾਂ ਤੋਂ ਇਲਾਵਾ ਇਹ ਕਿਹਾ ਗਿਆ ਹੈ:—

"ਉਹ ਇਲਾਕੇ, ਜਿਹੜੇ ਪੰਜਾਬ ਤੋਂ ਲੈ ਲਏ ਗਏ ਹਨ ਜਾਂ ਜਿਹੜੇ ਜਾਣ ਬੁਝਕੇ ਬਾਹਰ ਰਖੇ ਗਏ ਹਨ ਜਿਵੇਂ ਕਿ ਗੁਰਦਾਸਪੁਰ ਜਿਲੇ ਵਿਚ ਡਲਹੌਜ਼ੀ, ਚੰਡੀਗੜ, ਅੰਬਾਲਾ ਜਿਲੇ ਵਿਚ ਪਿੰਜੋਰ, ਕਾਲਕਾ ਅਤੇ ਅੰਬਾਲਾ ਸ਼ਹਿਰ, ਹੁਸ਼ਿਆਰਪੁਰ ਜਿਲੇ ਦੀ ਪੂਰੀ ਦੀ ਪੂਰੀ ਊਨ੍ਹਾਂ ਤਹਿਸੀਲ, ਨਾਲਾਗੜ੍ਹ ਦਾ ਦੇਸ਼ ਇਲਾਕਾਂ, ਬਲਾਕ ਜਿਲੇ ਦਾ ਸ਼ਾਹਬਾਦ ਬਲਾਕ, ਗੁਹਲਾ ਅਤੇ ਟੋਹਾਨਾਂ ਦੀਆਂ ਸਬ ਤਹਿਸੀਲਾਂ, ਜ਼ਿਲਾ ਹਿਸਾਰ ਵਿਚ ਰੱਤੀਆ ਬਲਾਕ ਅਤੇ ਸਿਰਸਾ ਤਹਿਸੀਲ, ਰਾਜਸਥਾਨ ਦੇ ਗੰਗਾਨਗਰ ਜ਼ਿਲੇ ਦੀਆਂ 6 ਤਹਿਸੀਲਾਂ, ਅਤੇ ਨਾਲ ਲਗਦੇ ਪੰਜਾਬੀ ਬੋਲੀ ਵਾਲੇ ਸਿੱਖ ਵਸੋਂ ਵਾਲੇ ਇਲਾਕੇ ਤੁਰਤ ਇਕ ਪ੍ਰਬੰਧਕ ਇਕਾਈ ਹੇਠ ਪੰਜਾਬ ਵਿਚ ਮਿਲਾ ਦਿੱਤੇ ਜਾਣ।"

ਅਤੇ ਇਸ ਅੱਗੇ ਕਿਹਾ ਗਿਆ ਹੈ:—

"ਏਸ ਨਵੇਂ ਪੰਜਾਬ ਵਿਚ ਕੇਂਦਰੀ ਦਖਲ ਰਖਿਆ, ਬਿਦੇਸ਼ੀ ਮਾਮਲਿਆਂ, ਡਾਕ-ਤਾਰ, ਕਰੰਸੀ ਅਤੇ ਰੇਲਵੇ ਤਕ ਸੀਮਤ ਹੋਣਾ ਚਾਹੀਦਾ ਹੈ।"

3. ਅਕਾਲੀ ਦਲ (ਤਲਵੰਡੀ ਗਰੁਪ) ਨੇ ਅਪਰੈਲ 1981 ਵਿਚ ਆਨੰਦਪੁਰ ਸਾਹਿਬ ਵਿਚ ਹੋਈ ਵਿਸ਼ਵ ਸਿੱਖ ਕਨਵੈਨਸ਼ਨ ਵਿਚ ਆਨੰਦਪੁਰ ਸਾਹਿਬ ਮਤੇ ਦਾ ਇਕ ਵੱਖਰਾ ਰੂਪ ਪੇਸ਼ ਕੀਤਾ।ਇਸਮਤੇ ਵਿਚ ਹੋਰ ਗਲਾਂ ਤੋਂ ਇਲਾਵਾ ਇਹ ਕਿਹਾ ਗਿਆ ਹੈ:—

"ਭਾਰਤ ਦੇ ਉਤਰ ਵਿਚ ਫੌਰਨ ਇਕ ਖੁਦਮੁਖਤਾਰ ਪ੍ਰਦੇਸ਼ ਕਾਇਮ ਕੀਤਾ ਜਾਏ, ਜਿਸ ਵਿਚ ਸਿੱਖਾਂ ਦੇ ਹਿੱਤਾਂ ਨੂੰ ਪ੍ਰਮੁਖ ਤੌਰ ਤੇ ਅਤੇ ਖਾਸ ਮਹਤੱਤਾ ਦਿਤੀ ਜਾਏ।"

Digitized by Panjab Digital Library | www.panjabdigilib.org

ਅਤੇ

"ਸਿਖਾਂ ਦੇ ਖੁਦਮੁਖਤਾਰ ਪ੍ਰਦੇਸ਼ ਦੀ ਗਲ ਮੰਨ ਲਈ ਜਾਏ ਅਤੇ ਉਸਨੂੰ ਆਪਣਾ ਸੰਵਿਧਾਨ ਬਨਾਉਣ ਅਤੇ ਵਿਦੇਸ਼ਾਂ ਨਾਲ ਸਬੰਧਾਂ, ਰਖਿਆ ਅਤੇ ਆਮ ਸੰਚਾਰ ਨੂੰ ਛਡਕੇ, ਸਾਰੇ ਅਧਿਕਾਰ ਆਪਣੇ ਲਈ ਅਤੇ ਆਪਣੇ ਕੋਲੋਂ ਪ੍ਰਾਪਤ ਕਰਨ ਦਾ ਆਧਾਰ ਬਨਾਉਣ ਦਾ ਹੱਕਦਾਰ ਕਰਾਰ ਦਿੱਤਾ ਜਾਏ।"

4. ਆਨੰਦਪੁਰ ਸਾਹਿਬ ਦੇ ਮਤੇ ਦਾ ਇਕ ਹੋਰ ਰੁਪਾਂਤਰ ਨਵੰਬਰ 1982 ਵਿਚ ਜਾਰੀ ਕੀਤਾ ਗਿਆ, ਜਿਹੜਾ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਪ੍ਰਮਾਣਇਤ ਕੀਤਾ ਗਿਆ। (ਅਨੈਕਸਚਰ III) ਇਸ ਵਿਚ ਮੰਗ ਕੀਤੀ ਗਈ ਕਿ ਪੰਜਾਬੀ ਬੋਲੀ ਵਾਲੇ ਸਾਰੇ ਇਲਾਕਿਆਂ ਨੂੰ ਮਿਲਾਕੇ, ਇਕ ਅਜਿਹੀ ਪ੍ਰਬੰਧਕ ਇਕਾਈ ਬਣਾਈ ਜਾਏ, ਜਿਸ ਵਿਚ ਸਿੱਖਾਂ ਅਤੇ ਸਿਖ ਧਰਮ ਦੇ ਹਿੱਤਾਂ ਦੀ ਵਿਸ਼ੇਸ਼ ਰਖਿਆ ਹੋ ਸਕੇ।

5. ਅਕਾਲੀ ਦਲ ਦੀਆਂ ਮੰਗਾਂ ਮਿਲਣ ਉਤੇ, ਪ੍ਰਧਾਨ ਮੰਤਰੀ ਨੇ ਅਕਾਲੀ ਦਲ ਦੇ ਪ੍ਰਤੀਨਿਧਾਂ ਨੂੰ 16 ਅਕਤੂਬਰ 1981 ਨੂੰ ਗਲ-ਬਾਤ ਲਈ ਸੱਦਾ ਦਿੱਤਾ। ਏਸ ਤੋਂ ਬਾਦ, ਪ੍ਰਧਾਨ ਮੰਤਰੀ ਨੇ ਉਨ੍ਹਾਂ ਨਾਲ ਨਵੰਬਰ 1981 ਵਿਚ ਅਤੇ ਅਪਰੈਲ 1982 ਵਿਚ ਦੋ ਵਾਰ ਗਲ-ਬਾਤ ਕੀਤੀ। ਉਦੋਂ ਤੋਂ ਹੀ ਸਰਕਾਰ ਨੇ ਸਲਾਹ-ਮਸ਼ਵਰੇ ਅਤੇ ਸੋਚਵਿਚਾਰ ਦੇ ਅਮਲ ਵਿਚ ਰੁਕਾਵਟ ਨਹੀਂ ਪਾਈ। ਸਰਕਾਰ ਦੇ ਪ੍ਰਤੀਨਿਧਾਂ ਅਤੇ ਅਕਾਲੀ ਦਲ ਦੇ ਨੇਤਾਵਾਂ ਵਿਚਕਾਰ ਖੁਲੀ ਅਤੇ ਗੁਪਤ ਦੋਹਾਂ ਤਰ੍ਹਾਂ ਦੀ ਗਲ-ਬਾਤ ਦੇ ਕਈ ਦੌਰ ਹੋਏ। ਤਿੰਨਧਿਰੀ ਗਲ-ਬਾਤ ਵੀ ਹੋਈ, ਜਿਸ ਵਿਚ ਪਾਰਲੀਮੈਂਟ ਵਿਚ ਵਿਰੋਧੀ ਪਾਰਟੀਆਂ ਦੇ ਨੇਤਾ ਵੀ ਸ਼ਾਮਲ ਹੋਏ। (ਅਨੈਕਸਚਰ IV)

6. ਏਸ ਸਾਰੀ ਸੋਚ ਵਿਚਾਰ ਦੇ ਦੌਰਾਨ, ਸਰਕਾਰ ਦਾ ਰਵਈਆ ਜਿਵੇਂ ਕਿ ਪ੍ਰਧਾਨਮੰਤਰੀ ਨੇ 2 ਜੂਨ 1984 ਨੂੰ ਕੌਮ ਦੇ ਨਾਂ ਆਪਣੇ ਪ੍ਰਸਾਰਣ ਵਿਚ ਕਿਹਾ ਸੀ, ਸਾਰੀਆਂ ਵਾਜਬੀ ਮੰਗਾਂ ਨੂੰ ਮੰਨ ਲੈਣ ਵਾਲਾ ਸੀ। ਸਰਕਾਰ ਨੇ ਗਲ-ਬਾਤ ਦੇ ਦੌਰਾਨ, ਪਾਰਟੀ ਦੇ ਹਿੱਤ ਦਾ ਤੰਗ ਦ੍ਰਿਸ਼ਟੀਕੋਣ ਨਹੀਂ ਅਪਣਾਇਆ। ਸਰਕਾਰ ਨੇ, ਦੇਸ਼ ਦੀ ਏਕਤਾ ਅਤੇ ਅਖੰਡਤਾ ਕਾਇਮ ਰਖਣ ਦੇ ਵਡੇਰੇ ਰਾਸ਼ਟਰੀ ਹਿੱਤਾਂ ਨੂੰ ਅਗਵਾਈ ਦੇ ਅਸੂਲ ਬਣਾਇਆ। ਜਿੰਨ੍ਹਾਂ ਮੰਗਾਂ ਦਾ ਹੋਰਨਾਂ ਰਾਜਾਂ ਨਾਲ ਕੋਈ ਸਬੰਧ ਨਹੀਂ ਸੀ ਜਾਂ ਜਿੰਨਾਂ ਨੂੰ ਇਕ ਵਡੇਰੇ ਢਾਂਚੇ ਅੰਦਰ ਸ਼ਾਮਲ ਕੀਤਾ ਜਾ ਸਕਦਾ ਸੀ, ਉਹਨਾਂ ਮੰਗਾਂ ਨੂੰ ਮੰਨਣ ਵਿਚ ਕੋਈ ਝਿਜਕ ਨਹੀਂ ਸੀ।

7. ਅਕਾਲੀ ਦਲ ਦੇ ਪ੍ਰਤੀਨਿਧਾਂ ਨਾਲ ਜਿੰਨ੍ਹਾਂ ਮੁਖ ਸੁਆਲਾਂ ਉਤੇ ਵਿਚਾਰ ਕੀਤੀ ਗਈ, ਉਹ ਇਹਨਾਂ ਤਿੰਨ ਮੁਖ ਸ਼੍ਰੇਣੀਆਂ ਵਿਚ ਆਉਂਦੇ ਨੇ, ਅਰਥਾਤ:—

(i) ਉਹ ਸੁਆਲ, ਜਿੰਨ੍ਹਾਂ ਦਾ ਇਕ ਧਾਰਮਕ ਗਰੁਪ ਦੇ ਰੂਪ ਵਿਚ ਸਿੱਖ ਭਾਈਚਾਰੇ ਨਾਲ ਸਬੰਧ ਹੈ;

(ii) ਉਹ ਸੁਆਲ, ਜਿੰਨ੍ਹਾਂ ਦਾ ਸਬੰਧ, ਪੰਜਾਬ ਤੋਂ ਇਲਾਵਾ, ਦੂਜੇ ਰਾਜਾਂ ਨਾਲ ਹੈ, ਅਤੇ

(iii) ਆਮ ਸੁਆਲ।

Digitized by Panjab Digital Library | www.panjabdigilib.org

## (i) ਉਹ ਮੰਗਾਂ ਜਿੰਨ੍ਹਾਂ ਦਾ ਇਕ ਧਾਰਮਕ ਗਰੁਪ ਦੇ ਰੂਪ ਵਿਚ ਸਿੱਖ ਭਾਈਚਾਰੇ ਨਾਲ ਸਬੰਧ ਹੈ

8. ਅਕਾਲੀ ਦਲ ਵਲੋਂ ਅੰਤਮ ਤੌਰ ਉਤੇ ਪੇਸ਼ ਕੀਤੀਆਂ ਗਈਆਂ ਧਾਰਮਕ ਮੰਗਾਂ ਇਹ ਸਨ:—

(ੳ) ਅੰਮ੍ਰਿਤਸਰ ਨੂੰ, ਹਰਦੁਆਰ, ਕਾਸ਼ੀ ਅਤੇ ਕੁਰਕਸ਼ੇਤਰ ਵਾਂਗ ਪਵਿਤਰ ਸ਼ਹਿਰ ਦਾ ਦਰਜਾ ਦਿੱਤਾ ਜਾਏ;

(ਅ) ਕੀਰਤਨ ਪ੍ਰਸਾਰਣ ਕਰਨ ਲਈ ਹਰਿਮੰਦਰ ਸਾਹਿਬ ਵਿਚ ਹਰਿਮੰਦਰ ਰੇਡੀਓ ਦੀ ਸਥਾਪਨਾ ਕੀਤੀ ਜਾਏ;

(ੲ) ਹਵਾਈ ਜਹਾਜਾਂ ਰਾਹੀਂ ਸਫਰ ਕਰਨ ਵਾਲੇ ਸਿੱਖਾਂ ਨੂੰ ਦੇਸ਼ ਅੰਦਰਲੀਆਂ ਅਤੇ ਅੰਤਰਰਾਸ਼ਟਰੀ ਉਡਾਨਾਂ ਵਿਚ ਕਿਰਪਾਨ ਪਾਣ ਦੀ ਆਗਿਆ ਦਿਤੀ ਜਾਏ ਅਤੇ

(ਸ) ਸਰਬ ਭਾਰਤੀ ਗੁਰਦੁਆਰਾ ਕਾਨੂੰਨ ਬਣਾਇਆ ਜਾਏ।

## (ੳ) ਅੰਮ੍ਰਿਤਸਰ ਨੂੰ ਪਵਿਤਰ ਸ਼ਹਿਰ ਦਾ ਦਰਜਾ ਦੇਣਾ

9. ਅੰਮ੍ਰਿਤਸਰ ਨੂੰ 'ਪਵਿਤਰ ਸ਼ਹਿਰ' ਦਾ ਦਰਜਾ ਦੇਣ ਦੀ ਮੰਗ ਬਾਰੇ, ਅਕਾਲੀ ਦਲ ਦੇ ਪ੍ਰਤੀਨਿਧਾਂ ਨੂੰ ਸ਼ੁਰੂ ਤੋਂ ਹੀ ਇਹ ਦਸ ਦਿਤਾ ਗਿਆ ਸੀ ਕਿ ਉਹਨਾਂ ਨੇ ਜੋ ਉਦਾਹਰਣ ਦਿਤੇ ਹਨ, ਉਹ ਮੌਜੂਦ ਨਹੀਂ ਕਿਉਂਕਿ ਸਰਕਾਰ ਨੇ ਇਹਨਾਂ ਸ਼ਹਿਰਾਂ ਨੂੰ ਜਾਂ ਕਿਸੇ ਹੋਰ ਸ਼ਹਿਰ ਨੂੰ ਪਵਿਤਰ ਸ਼ਹਿਰ ਦਾ ਦਰਜਾ ਨਹੀਂ ਦਿੱਤਾ। ਪਰ ਹਰਦੁਆਰ ਅਤੇ ਕੁਰਕਸ਼ੇਤਰ ਵਰਗੇ ਸ਼ਹਿਰਾਂ ਦੇ ਨਿਸਚਿਤ ਇਲਾਕਿਆਂ ਵਿਚ ਸਥਾਨਕ ਅਧਿਕਾਰੀਆਂ ਜਾਂ ਰਾਜਸਰਕਾਰਾਂ ਨੇ ਤੀਰਥਯਾਤਰੀਆਂ ਦੀਆਂ ਭਾਵਨਾਵਾਂ ਦਾ ਖਿਆਲ ਕਰਦਿਆਂ ਮਾਸ ਅਤੇ ਸ਼ਰਾਬ ਦੀ ਵਿਕਰੀ ਉਤੇ ਪਾਬੰਦੀਆਂ ਲਾ ਦਿਤੀਆਂ ਸਨ। ਕਾਸ਼ੀ (ਬਨਾਰਸ) ਵਿਚ ਅਜਿਹੀ ਕੋਈ ਪਾਬੰਦੀ ਨਹੀਂ। ਇਹ ਸੰਕੇਤ ਦਿਤਾ ਗਿਆ ਸੀ ਕਿ ਅੰਮ੍ਰਿਤਸਰ ਦੇ ਬਾਰੇ ਵੀ ਅਜੇਹੀ ਕਾਰਵਾਈ ਕੀਤੀ ਜਾ ਸਕਦੀ ਹੈ। ਪ੍ਰਧਾਨਮੰਤਰੀ ਨੇ ਸੁਝਾਅ ਦਿੱਤਾ ਸੀ ਕਿ ਇਕ ਕਮੇਟੀ ਇਸ ਸੁਆਲ ਦੀ ਘੋਖ ਕਰਕੇ, ਢੁਕਵੀਂ ਕਾਰਵਾਈ ਦੀ ਸਿਫਾਰਸ਼ ਕਰ ਸਕਦੀ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੇ ਏਸ ਮਾਮਲੇ ਵਿਚ ਸਬੰਧੰਤ ਅਧਿਕਾਰੀਆਂ ਨਾਲ ਮਿਲਵਰਤਨ ਕਰਨ ਵਿਚ ਦਿਲਚਸਪੀ ਨਹੀਂ ਵਿਖਾਈ।

10. 27 ਫਰਵਰੀ 1983 ਨੂੰ ਧਾਰਮਕ ਮੰਗਾਂ ਬਾਰੇ ਕੁਝ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ ਵਿਚ ਹਰਮੰਦਿਰ ਸਾਹਿਬ ਅਤੇ ਦੁਰਗਿਆਣਾ ਮੰਦਿਰ ਦੇ ਆਸਪਾਸ ਦੇ ਨਿਸਚਿਤ ਇਲਾਕਿਆਂ ਵਿਚ ਤਮਾਕੂ, ਸ਼ਰਾਬ ਅਤੇ

Digitized by Panjab Digital Library | www.panjabdigilib.org

ਮਾਸ ਦੀ ਵਿਕਰੀ ਉਤੇ ਪਾਬੰਦੀ ਲਾਈ ਜਾਏਗੀ। ਏਸ ਐਲਾਨ ਉਤੇ ਅਮਲ ਕਰਦਿਆਂ ਹਰਮੰਦਿਰ ਸਾਹਿਬ ਅਤੇ ਦੁਰਗਿਆਣਾ ਮੰਦਿਰ ਦੇ 200 ਮੀਟਰ ਦੇ ਘੇਰੇ ਵਿਚ ਤੁਮਾਕੂੰ, ਸ਼ਰਾਬ, ਅਤੇ ਮਾਸ ਵੇਚਣ ਵਾਲੀਆਂ ਦੁਕਾਨਾਂ ਪਹਿਲਾਂ ਹੀ ਹਟਾਈਆਂ ਜਾ ਚੁਕੀਆਂ ਹਨ। ਏਸ ਮਤਲਬ ਦੇ ਸਾਈਨ ਬੋਰਡ ਵੀ ਲਗਾ ਦਿੱਤੇ ਗਏ ਹਨ। ਏਸਦੇ ਬਾਵਜੂਦ ਅਕਾਲੀਂਦਲ ਨੇ ਹਾਲ ਵਿਚ ਹੀ ਫੇਰ ਇਹ ਮੰਗ ਪੇਸ਼ ਕੀਤੀ ਹੈ ਕਿ ਅੰਮ੍ਰਿਤਸਰ ਸ਼ਹਿਰ ਨੂੰ ਪੱਵਿਤਰ ਸ਼ਹਿਰ ਦਾ ਦਰਜਾ ਦਿੱਤਾ ਜਾਏਂਅਤੇ ਸਮੁੱਚੇ ਪੁਰਾਣੇ ਅੰਮ੍ਰਿਤਸਰ ਸ਼ਹਿਰ ਵਿਚ ਤਮਾਕੂੰ, ਸ਼ਰਾਬ ਅਤੇ ਮਾਸ ਦੀ ਵਿਕਰੀ ਉਤੇ ਪਾਬੰਦੀ ਲਾ ਦਿੱਤੀ ਜਾਏ। ਇਸ ਤਰ੍ਹਾਂ ਕਿਸੇ ਸ਼ਹਿਰ ਨੂੰ "ਪਵਿਤਰ ਸ਼ਹਿਰ" ਦਾ ਦਰਜਾ ਦਿੱਤਾ ਜਾਣਾਂ, ਸਾਡੇ ਸੰਵਿਧਾਨ ਦੇ ਧਰਮ ਨਿਰਪਖ ਰੂਪ ਦੇ ਅਨੁਰੂਪ ਨਹੀਂ ਹੋਏਗਾ।

## (ਅ) ਹਰਮੰਦਿਰ ਸਾਹਿਬ ਵਿਚ ਟਰਾਂਸਮੀਟਰ ਸਟੇਸ਼ਨ ਦੀ ਸਥਾਪਨਾ

11. ਅਕਾਲੀ ਦਲ ਦੇ ਪ੍ਰਤੀਨਿਧਾਂ ਨਾਲ ਗਲ-ਬਾਤ ਦੇ ਦੌਰਾਨ, ਸਰਕਾਰ ਨੇ ਦਸਿਆ ਸੀ ਕਿ ਰਾਸ਼ਟਰੀ ਨੀਤੀ ਦੇ ਤੌਰ ਉਤੇ ਦੇਸ਼ ਵਿਚ ਕਿਸੇ ਵੀ ਗਰੁਪ ਨੂੰ ਪ੍ਰਾਈਵੇਟ ਰੇਡੀਓ ਪ੍ਰਸਾਰਣ ਦੀਆਂ ਸਹੂਲਤਾਂ ਨਹੀਂ ਦਿਤੀਆ ਜਾ ਸਕਦੀਆਂ। ਫੇਰ ਵੀ ਸਰਕਾਰ ਨੇ ਆਕਾਸ਼ਵਾਣੀ ਦੇ ਜਲੰਧਰ ਕੇਂਦਰ ਰਾਹੀਂ ਹਰਮੰਦਿਰ ਸਾਹਿਬ ਤੋਂ ਸ਼ਬਦ ਕੀਰਤਨ ਦੇ ਸਿਧੇ ਪ੍ਰਸਾਰਣ ਦਾ ਪ੍ਰਬੰਧ ਕਰਨ ਦੀ ਪੇਸ਼ਕਸ਼ ਕੀਤੀ। ਫੇਰ ਅਕਾਲੀ ਦਲ ਦੇ ਪ੍ਰਤੀਨਿਧਾਂ ਨੇ ਇਸ ਗਲ ਉਤੇ ਜ਼ੋਰ ਦਿੱਤਾ ਕਿ ਇਹ ਪ੍ਰਸਾਰਣ ਸਵੇਰੇ 2 ਘੰਟੇ ਵਾਸਤੇ ਅਤੇ ਸ਼ਾਮੀਂ ਇਕ ਘੰਟੇ ਵਾਸਤੇ ਹੋਣਾਂ ਚਾਹੀਦਾ ਹੈ। ਸਰਕਾਰ ਨੇ ਸਵੇਰੇ 1½ ਘੰਟੇ ਅਤੇ ਸ਼ਾਮੀਂ ½ ਘੰਟੇ ਲਈ ਕੀਰਤਨ ਪ੍ਰਸਾਰਣ ਕੀਤੇ ਜਾਣ ਦਾ ਐਲਾਨ ਕੀਤਾ ਅਤੇ ਆਕਾਸ਼ਵਾਣੀ ਦੇ ਅਧਿਕਾਰੀਆਂ ਨੂੰ ਹਦਾਇਤ ਦਿਤੀ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਲਾਹਮਸ਼ਵਰਾ ਕਰਕੇ, ਲੋੜੀਂਦੇ ਪ੍ਰਬੰਧ ਕਰਨ। ਪਰ ਐਸ.ਜੀ.ਪੀ.ਸੀ ਨੇ ਲੋੜੀਂਦੀਆਂ ਸਹੂਲਤਾਂ ਨਾ ਦਿਤੀਆਂ ਅਤੇ ਇਹੀ ਜ਼ੋਰ ਦਿੱਤਾ ਕਿ ਪ੍ਰਸਾਰਣ ਦਾ ਵਕਤ, ਘਟੋਘਟ ਤਿੰਨ ਘੰਟੇ ਹੋਣਾ ਚਾਹੀਦਾ ਹੈ। ਗ੍ਰਹਿ ਮੰਤਰੀ ਨੇ 22 ਜੂਨ 1983 ਨੂੰ ਇਕ ਬਿਆਨ ਵਿਚ ਸੁਝਾ ਦਿੱਤਾ ਕਿ ਕੀਰਤਨ ਪ੍ਰਸਾਰਿਤ ਕਰਨ ਦੇ ਸਮੇਂ ਅਤੇ ਮਿਆਦ ਬਾਰੇ ਗਲ-ਬਾਤ ਕੀਤੀ ਜਾ ਸਕਦੀ ਹੈ, ਪਰ ਸਵੇਰੇ 1½ ਘੰਟੇ ਦਾ ਪ੍ਰਸਾਰਣ ਤੁਰਤ ਸ਼ੁਰੂ ਕੀਤਾ ਜਾ ਸਕਦਾ ਹੈ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਵਲੋਂ ਮਿਲਵਰਤਨ ਨਾ ਮਿਲਣ ਉਤੇ ਕੋਈ ਪ੍ਰਗਤੀ ਨਾ ਹੋ ਸਕੀ। ਹਰਮੰਦਿਰ ਸਾਹਿਬ ਤੋਂ ਕੀਰਤਨ ਦਾ ਪ੍ਰਸਾਰਣ 4 ਜੂਨ 1984 ਤੋਂ ਸ਼ੁਰੂ ਕਰ ਦਿੱਤਾ ਗਿਆ ਹੈ।

## (ੲ) ਹਵਾਈ ਜਹਾਜ਼ਾਂ ਦੀਆਂ ਉਡਾਨਾਂ ਵਿਚ ਕਿਰਪਾਨ ਲਿਜਾਣਾ

12. ਅਕਾਲੀ ਦਲ ਨੇ ਮੰਗ ਕੀਤੀ ਕਿ ਹਵਾਈ ਜਹਾਜ਼ਾਂ ਰਾਹੀਂ ਸਫਰ ਕਰਲ ਵਾਲੇ ਸਿੱਖਾਂ ਨੂੰ ਦੇਸ਼ ਅੰਦਰਲੀਆਂ ਅਤੇ ਅੰਤਰਰਾਸ਼ਟਰੀ ਉਡਾਨਾਂ ਵਿਚ ਕਿਰਪਾਨ ਲਿਜਾਣ ਦੀ ਆਗਿਆ ਦਿਤੀ ਜਾਏ। ਹਾਲਾਂ ਕਿ ਸਰਕਾਰ ਨੇ ਸਿੱਖਾਂ ਦੇ ਕਿਰਪਾਨ ਪਾਣ ਦੇ ਸੰਵਿਧਾਨਕ ਹੱਕ ਦਾ ਹਮੇਸ਼ਾਂ ਆਦਰ ਕੀਤਾ ਹੈ, ਤਾਂ ਵੀ 1981 ਦੀ ਹਵਾਈਜਹਾਜ਼ ਅਗਵਾ ਕਰਨ ਦੀ ਘਟਨਾ ਤੋਂ ਬਾਦ ਉਡਾਨਾਂ ਵਿਚ ਕਿਰਪਾਨ ਲਿਜਾਣ ਉਤੇ ਕੁਝ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ। ਪਰ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਆਦਰ ਕਰਦਿਆਂ ਹੋਇਆਂ, ਫਰਵਰੀ 1983 ਵਿਚ ਹਦਾਇਤਾਂ ਜਾਰੀ ਕਰਕੇ, ਸਿੱਖ ਮੁਸਾਫਰਾਂ ਨੂੰ ਦੇਸ਼ ਅੰਦਰ ਉਡਾਨਾਂ ਵਿਚ ਅਜੇਹੀਆਂ ਕਿਰਪਾਨਾਂ ਲਿਜਾਣ ਦੀ ਆਗਿਆ ਦੇ ਦਿਤੀ ਗਈ, ਜਿੰਨ੍ਹਾਂ ਦੀ ਲੰਬਾਈ 22.8 ਸੈ.ਮੀ. (9 ਇੰਚ) ਤੋਂ ਵੱਧ ਨਾ ਹੋਵੇ। ਅਤੇ ਜਿਸਦਾ ਫਲ 15-24 ਸੈ.ਮੀ. (6 ਇੰਚ) ਤੋਂ ਲੰਮਾ ਨਾ ਹੋਏ। ਅਕਾਲੀ ਦਲ ਦੇ ਪ੍ਰਤੀਨਿਧ ਏਸ ਨਾਲ ਸਹਿਮਤ ਹੋ ਗਏ।

ਜਿਥੋਂ ਤਕ ਅੰਤਰਰਾਸ਼ਟਰੀ ਉਡਾਨਾਂ ਦਾ ਸਬੰਧ ਹੈ, ਇਹ ਗਲ ਸਪਸ਼ਟ ਕੀਤੀ ਗਈ ਕਿ ਏਅਰ ਇੰਡੀਆ ਆਪਣੇ ਆਪ ਇਸ ਬਾਰੇ ਕੁਝ ਨਹੀਂ ਕਰ ਸਕਦੀ ਕਿਉਂਕਿ ਉਹ ਹਥਿਆਰ ਲਿਜਾਣ ਬਾਰੇ ਅੰਤਰਰਾਸ਼ਟਰੀ ਨੇਮਾਂ ਅਤੇ ਸਮਝੌਤਿਆਂ ਦੀ ਪਾਬੰਦ ਹੈ।

Digitized by Panjab Digital Library | www.panjabdigilib.org

## (ਸ) ਸਰਬ ਭਾਰਤੀ ਗੁਰਦੁਆਰਾ ਕਾਨੂੰਨ ਬਨਾਉਣਾ

13. ਦੇਸ਼ ਦੇ ਵੱਖ ਵੱਖ ਹਿਸਿਆਂ ਵਿਚ ਸਾਰੇ ਇਤਿਹਾਸਕ ਗੁਰਦੁਆਰਿਆਂ ਨੂੰ ਇਕ ਹੀ ਪ੍ਰਬੰਧ ਹੇਠ ਲਿਆਉਣ ਲਈ ਸਰਬਭਾਰਤੀ ਗੁਰਦੁਆਰਾ ਕਾਨੂੰਨ ਬਨਾਉਣ ਦੀ ਅਕਾਲੀ ਦਲ ਦੀ ਮੰਗ ਦੇ ਵਿਸ਼ਾਲ ਅਸੂਰ ਪੈਣਗੇ। ਵੱਖ ਵੱਖ ਬੈਠਕਾਂ ਵਿਚ ਸਰਕਾਰ ਨੇ ਅਕਾਲੀ ਦਲ ਦੇ ਨੇਤਾਵਾਂ ਨੂੰ ਦਸਿਆ ਕਿ ਉਹ ਹੋਰ ਸਬੰਧਿਤ ਧਿਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਲਾਹਮਸ਼ਵਰਾ ਕਰਕੇ, ਇਸ ਸੁਝਾਅ ਉਤੇ ਵਿਚਾਰ ਕਰਨ ਦੀ ਇੱਛੁਕ ਹੋਏਗੀ। 27 ਫਰਵਰੀ 1983 ਨੂੰ ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਕਿ ਕੋਈ ਅਜਿਹਾ ਕਾਨੂੰਨ ਪਾਸ ਕਰਨ ਲਈ ਇਕ ਰਾਇ ਉਤੇ ਪਹੁਚਣ ਵਾਸਤੇ, ਉਹਨਾ ਰਾਜ ਸਰਕਾਰਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨਾਲ ਸਲਾਹ ਮਸ਼ਵਰਾ ਕਰਨਾ ਜ਼ਰੂਰੀ ਹੈ, ਜਿਨ੍ਹਾਂ ਰਾਜਾਂ ਵਿਚ ਇਹ ਗੁਰਦੁਆਰੇ ਸਥਿਤ ਹਨ। ਅਕਾਲੀ ਦਲ ਨੇ ਅਜੇਹੇ ਇਤਿਹਾਸਕ ਗੁਰਦੁਆਰਿਆਂ ਦੀ ਨਿਸਚਿਤ ਸੂਚੀ ਨਹੀਂ ਦਿੱਤੀ, ਜਿਹੜੇ ਇਸ ਕਾਨੂੰਨ ਦੇ ਘੇਰੇ ਹੇਠ ਲਿਆਉਣ ਦੀ ਤਜਵੀਜ਼ ਹੈ। ਵੱਖ ਵੱਖ ਬੈਠਕਾਂ ਵਿਚ ਇਹਨਾਂ ਗੁਰਦੁਆਰਿਆਂ ਦੀ ਗਿਣਤੀ ਵੱਖ ਵੱਖ ਦਿੱਤੀ ਗਈ, ਜੋ 10 ਤੋਂ 30 ਦੇ ਵਿਚ ਸੀ।

14. ਸਰਕਾਰ ਨੂੰ ਕਈ ਸ਼੍ਰੇਣੀਆਂ ਦੇ ਲੋਕਾਂ ਤੋਂ ਅਜੇਹਾ ਕੋਈ ਕਾਨੂੰਨ ਬਨਾਉਣ ਵਿਰੁਧ ਬਹੁਤ ਸਾਰੀਆਂ ਚਿਠੀਆਂ ਮਿਲੀਆਂ ਹਨ। ਪੰਜਾਬ ਤੋਂ ਬਾਹਰ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਾ ਰਹੀਆਂ ਕੁਝ ਪ੍ਰਬੰਧਕ ਕਮੇਟੀਆਂ ਨੇ, ਇਹਨਾਂ ਗੁਰਦੁਆਰਿਆਂ ਨੂੰ ਐਸ.ਜੀ.ਪੀ.ਸੀ. ਦੇ ਕੰਟਰੋਲ ਹੇਠ ਲਿਆਉਣ ਦੀ ਅਣਇੱਛਾ ਪ੍ਰਗਟ ਕੀਤੀ ਹੈ। ਇਕ ਅਜੇਹਾ ਕਾਨੂੰਨ ਬਨਾਉਣ ਸਮੇਂ, ਸਰਕਾਰ ਨੂੰ ਹੋਰ ਸਬੰਧਤ ਧਿਰਾਂ ਅਤੇ ਰਾਜ ਸਰਕਾਰਾਂ ਦੇ ਵਿਚਾਰਾਂ ਨੂੰ ਧਿਆਨ ਵਿਚ ਰਖਣਾ ਪਏਗਾ। ਪਰ ਇਕ ਅਜੇਹਾ ਕਾਨੂੰਨ ਬਨਾਉਣ ਦੇ ਰਾਹ ਵਿਚ ਆਉਂਦੀਆਂ ਮੁਸ਼ਕਲਾਂ ਨੂੰ ਮਹਿਸੂਸ ਕੀਤੇ ਬਿਨਾਂ ਅਕਾਲੀ ਦਲ ਏਸ ਸਬੰਧ ਵਿਚ ਪਈ ਢਿਲ ਲਈ ਸਰਕਾਰ ਨੂੰ ਦੋਸ਼ੀ ਠਹਿਰਾ ਰਿਹਾ ਹੈ।

## (ii) ਉਹ ਝਗੜੇ, ਜਿੰਨਾਂ ਦਾ ਸਬੰਧ ਪੰਜਾਬ ਤੋਂ ਇਲਾਵਾ ਹੋਰ ਰਾਜਾਂ ਨਾਲ ਹੈ।

## (ੳ) ਦਰਿਆਈ ਪਾਣੀ

15. ਰਾਵੀ-ਬਿਆਸ ਦੇ ਵਾਧੂ ਪਾਣੀ ਦੀ ਵੰਡ ਬਾਰੇ ਦਸੰਬਰ 1981 ਦਾ ਸਮਝੌਤਾ ਪੰਜਾਬ, ਹਰਿਆਣਾ ਅਤੇ ਰਾਜਸਥਾਨ ਸਰਕਾਰਾਂ ਅਤੇ ਕੇਂਦਰੀ ਸਰਕਾਰ ਦੇ ਪ੍ਰਤੀਨਿਧਾਂ ਵਿਚਕਾਰ ਵਿਆਪਕ ਸੋਚਵਿਚਾਰ ਦੇ ਫਲਸਰੂਪ ਹੋਇਆ। ਪਾਣੀ ਦੇ ਵਹਾ ਦੀ ਬਾਦ ਦੀ ਲੜੀ ਤੋਂ ਪਤਾ ਲਗਾ ਕਿ ਰਾਵੀ-ਬਿਆਸ ਦਾ ਵਾਧੂ ਪਾਣੀ ਪਹਿਲਾਂ ਦੀ ਅਨੁਮਾਨਤ 15.85 ਐਸ.ਏ.ਐਫ. ਦੀ ਮਾਤਰਾ ਦੇ ਮੁਕਾਬਲੇ 17.17 ਐਸ.ਏ.ਐਫ. ਸੀ। ਇਸਦਾ ਅਰਥ ਇਹ ਹੋਇਆ ਕਿ ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਹਿੱਸੇ ਤੋਂ ਇਲਾਵਾ, ਫਾਲਤੂ ਪਾਣੀ ਦੀ ਹੋਰ ਜ਼ਿਆਦਾ ਮਾਤਰਾ ਹੋ ਗਈ ਜਿਹੜੀ ਪੰਜਾਬ ਅਤੇ ਹਰਿਆਣਾ ਵਿਚ ਵੰਡੀ ਜਾ ਸਕਦੀ ਸੀ। 1981 ਦੇ ਸਮਝੌਤੇ ਅਨੁਸਾਰ ਵੰਡ ਤੋਂ ਪਹਿਲਾਂ ਦੇ ਪੰਜਾਬ ਨੂੰ ਦਿੱਤਾ ਜਾਣ ਵਾਲਾ ਪਾਣੀ ਸਿਰਫ ਪੰਜਾਬ ਨੂੰ ਦੇ ਦਿੱਤਾ ਗਿਆ। 1981 ਦੇ ਸਮਝੌਤੇ ਹੇਠ ਦੋਹਾਂ ਰਾਜਾਂ ਵਿਚਕਾਰ ਕੀਤੀ ਗਈ ਅੰਤਮ ਵੰਡ ਵਿਚ ਪੰਜਾਬ ਦਾ ਹਿੱਸਾ ਵਧਾਕੇ 4.22 ਐਸ.ਏ.ਐਫ. ਕਰ ਦਿਤਾ ਗਿਆ ਅਤੇ ਹਰਿਆਣਾ ਦਾ ਹਿੱਸਾ 3.50 ਐਸ.ਏ.ਐਫ. ਹੀ ਰਹਿਣ ਦਿਤਾ ਗਿਆ। ਏਸ ਤੋਂ ਇਲਾਵਾ ਰਾਜਸਥਾਨ ਦੇ ਹਿਸੇ ਦੇ ਪਾਣੀ ਦੀ ਉਸ ਮਾਤਰਾ ਦੀ ਵੀ, ਜੋ ਰਾਜਸਥਾਨ ਦੀਆਂ ਲੋੜਾਂ ਤੋਂ ਵਧ ਸੀ, ਉਦੋਂ ਤਕ ਪੰਜਾਬ ਨੂੰ ਵਰਤੋਂ ਕਰਨ ਦੀ ਆਗਿਆ ਦੇ ਦਿਤੀ ਗਈ ਜਦੋਂ ਤਕ ਰਾਜਸਥਾਨ ਆਪਣੇ ਹਿੱਸੇ ਦੇ ਪੂਰੇ ਪਾਣੀ ਨੂੰ ਵਰਤੋਂ ਵਿਚ ਲਿਆਉਣ ਦੀ ਹਾਲਤ ਵਿਚ ਹੁੰਦਾ।

16. ਜਨਵਰੀ-ਫਰਵਰੀ 1983 ਵਿਚ ਨਵੀਂ ਦਿਲੀ ਵਿਚ ਹੋਈ ਤਿੰਨਧਿਰੀ ਗਲ-ਬਾਤ ਦੇ ਦੌਰਾਨ, ਅਕਾਲੀ ਦਲ ਦੇ

Digitized by Panjab Digital Library | www.panjabdigilib.org

ਪ੍ਰਤੀਨਿਧਾਂ ਨੇ ਏਸ ਗਲ ਉਤੇ ਜ਼ੋਰ ਦਿੱਤਾ ਕਿ 1955 ਦੇ ਸਮਝੌਤੇ ਹੇਠ ਵੰਡ ਤੋਂ ਪਹਿਲਾਂ ਦੇ ਪੰਜਾਬ ਅਤੇ ਰਾਜਸਥਾਨ ਵਿਚਕਾਰ ਹੋਈ ਪਾਣੀ ਦੀ ਵੰਡ ਏਸ ਆਧਾਰ ਉਤੇ ਫੇਰ ਤੋਂ ਕੀਤੀ ਜਾਏ ਕਿ ਰਾਜਸਥਾਨ ਨੂੰ ਉਸਦੇ ਹੱਕ ਨਾਲੋਂ ਜ਼ਿਆਦਾ ਪਾਣੀ ਦਿੱਤਾ ਗਿਆ ਸੀ।

17. ਅਕਾਲੀ ਦਲ ਦੇ ਪ੍ਰਤੀਨਿਧਾਂ ਨੂੰ ਦਸ ਦਿੱਤਾ ਗਿਆ ਸੀ ਕਿ ਭਾਰਤ ਦੀ ਵੰਡ ਤੋਂ ਬਾਦ ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਵੰਡ ਦਾ ਮਾਮਲਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਅਣਸੁਲਝਿਆ ਰਹਿ ਗਿਆ ਅਤੇ ਪਾਕਿਸਤਾਨ ਨੇ ਇਹ ਦਲੀਲ ਦਿਤੀ ਸੀ ਕਿ ਭਾਰਤ ਨੇ ਜਿੰਨੇ ਪਾਣੀ ਦਾ ਦਾਅਵਾ ਕੀਤਾ ਹੈ, ਉਹ ਉਸ ਨੂੰ ਵਰਤੋਂ ਵਿਚ ਲਿਆਉਣ ਦੀ ਹਾਲਤ ਵਿਚ ਨਹੀਂ ਹੈ। ਸਿੰਧ ਨਦੀ ਦੇ ਪਾਣੀ ਵਿਚ ਭਾਰਤ ਦੇ ਹਿੱਸੇ ਬਾਰੇ ਸਮਝੌਤਾ, ਭਾਰਤ ਦੇ ਇਸ ਦਾਅਵੇ ਦੇ ਜਾਇਜ਼ ਹੋਣ ਨੂੰ ਮੰਨ ਕੇ ਕੀਤਾ ਗਿਆ ਕਿ ਇਸ ਪਾਣੀ ਦੀ ਰਾਜਸਥਾਨ ਦੇ ਸਿੰਧ ਬੇਸਨ ਦੇ ਰੇਗਿਸਤਾਨੀ ਅਤੇ ਖੁਸ਼ਕ ਇਲਾਕਿਆਂ ਦੀ ਸਿੰਚਾਈ ਲਈ ਵਰਤੋਂ ਕੀਤੀ ਜਾਏਗੀ। 1955 ਦੇ ਸਮਝੌਤੇ ਦੇ ਆਧਾਰ ਉਤੇ ਰਾਜਸਥਾਨ ਨੇ 600 ਕਰੋੜ ਰੁਪਏ ਤੋਂ ਵੱਧ ਲਾਗਤ ਨਾਲ ਇਕ ਵਿਸ਼ਾਲ ਆਧਾਰੀ ਮੂਲ ਢਾਂਚਾ ਖੜਾ ਕਰ ਲਿਆ ਅਤੇ ਏਸ ਲਈ ਇਹ ਗਲ ਸਪਸ਼ਟ ਕਰ ਦਿੱਤੀ ਗਈ ਕਿ ਸਮਝੌਤੇ ਦੇ ਲਗਭਗ 30 ਸਾਲਾਂ ਬਾਦ ਇਸ ਮਾਮਲੇ ਨੂੰ ਫੇਰ ਤੋਂ ਛੇੜਨਾ ਠੀਕ ਨਹੀਂ ਹੋਏਗਾ। ਫਰਵਰੀ 1983 ਦੀ ਸ਼ੁਰੂ ਵਿਚ ਹੋਈਆਂ ਤਿੰਨ ਧਿਰੀ ਬੈਠਕਾਂ ਵਿਚ ਜਿਸ ਵਿਚ ਅਕਾਲੀ ਦਲ ਦੇ ਪ੍ਰਤੀਨਿਧ ਵੀ ਇਕ ਧਿਰ ਸਨ, ਏਸ ਬਾਰੇ ਸਹਿਮਤੀ ਹੋਈ ਸੀ ਕਿ ਕਿਸੀਵੀ ਮਾਮਲੇ ਵਿਚ, ਜੋ ਪੰਜਾਬ ਅਤੇ ਹਰਿਆਣਾ ਵਿਚਕਾਰ ਦਰਿਆਈ ਪਾਣੀ ਦੇ ਝਗੜੇ ਦੇ ਹਲ ਲਈ ਟ੍ਰੀਬਿਊਨਲ ਨੂੰ ਸੌਂਪਿਆ ਜਾਏ, 1955 ਦੇ ਸਮਝੌਤੇ ਨੂੰ ਫੇਰ ਤੋਂ ਨਾ ਖੁਲਿਆ ਜਾਏ।

18. ਦਰਿਆਈ ਪਾਣੀ ਦੇ ਝਗੜੇ ਬਾਰੇ ਸੋਚਵਿਚਾਰ ਦੇ ਦੌਰਾਨ, ਅਕਾਲੀ ਦਲ ਦੇ ਪ੍ਰਤੀਨਿਧ ਏਸ ਗਲ ਉਤੇ ਜ਼ੋਰ ਦੇਂਦੇ ਰਹੇ ਹਨ ਕਿ ਜਮਨਾ ਦੇ ਪਾਣੀ ਨੂੰ ਵੀ ਏਸ ਵਿਚ ਸ਼ਾਮਲ ਕੀਤਾ ਜਾਏ। 1966 ਦੇ ਪੰਜਾਬ ਪੁਨਰਗਠਨ ਕਾਨੂੰਨ ਹੇਠ, ਪਿਛਲੇ ਅਣਵੰਡੇ ਪੰਜਾਬ ਦੇ ਉਤਰਾਧਿਕਾਰੀ ਰਾਜ ਵਜੋਂ ਪੰਜਾਬ ਦੇ ਹੱਕਾਂ ਦਾ ਵੇਰਵਾ ਦਿੱਤਾ ਗਿਆ ਹੈ, ਜਿਸ ਵਿਚ ਜਮਨਾ ਦਾ ਪਾਣੀ ਸ਼ਾਮਲ ਨਹੀਂ ਕੀਤਾ ਗਿਆ ਅਤੇ ਏਸ ਲਈ ਸਰਕਾਰ ਦਾ ਵਿਚਾਰ ਇਹ ਰਿਹਾ ਹੈ ਕਿ ਜਮਨਾ ਦਾ ਪਾਣੀ ਟ੍ਰੀਬਿਊਨਲ ਨੂੰ ਸੌਂਪਿਆ ਜਾਣਾ ਕੋਈ ਵਿਸ਼ਾ ਨਹੀਂ ਹੋ ਸਕਦਾ।

19. ਕਈ ਵਾਰ ਹੋਈ ਲੰਮੀ ਸੋਚਵਿਚਾਰ ਤੋਂ ਬਾਦ ਅਤੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਰਾਜਾਂ ਦੇ ਵਿਚਾਰਾਂ ਨੂੰ ਧਿਆਨ ਵਿਚ ਰਖਦਿਆਂ ਅਕਾਲੀ ਦਲ ਦੇ ਪ੍ਰਤੀਨਿਧਾਂ ਅਗੇ, ਦਰਿਆਈ ਪਾਣੀ ਦੇ ਝਗੜੇ ਨੂੰ ਹਲ ਕਰਨ ਲਈ ਹੇਠਾਂ ਲਿਖਿਆ ਫਾਰਮੂਲਾ ਰਖਿਆ ਗਿਆ :—

(1) ਰਾਵੀ-ਬਿਆਸ ਦੇ ਵਾਧੂ ਪਾਣੀ ਦੀ ਵੰਡ ਬਾਰੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਸਰਕਾਰਾਂ ਵਿਚਕਾਰ 31 ਦਸੰਬਰ 1981 ਨੂੰ ਹੋਏ ਸਮਝੌਤੇ ਨੂੰ ਰੱਦ ਹੋਇਆ ਸਮਝਿਆ ਜਾਏਗਾ। ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78 ਦੀ ਉਪਧਾਰਾ ਹੇਠ, ਭਾਰਤ ਸਰਕਾਰ ਦੇ ਜਰਾਇਤ ਅਤੇ ਸਿੰਚਾਈ ਵਿਭਾਗ ਦੇ, ਸਿੰਚਾਈ ਮਹਿਕਮੇ ਦੇ 24 ਮਾਰਚ 1976 ਦੇ ਨੋਟੀਫੀਕੇਸ਼ਨ ਨੂੰ ਵਾਪਸ ਲਿਆ ਸਮਝਿਆ ਜਾਏਗਾ।

(2) ਪੰਜਾਬ ਅਤੇ ਹਰਿਆਣਾ ਵਿਚਕਾਰ ਰਾਵੀ-ਬਿਆਸ ਦੇ ਵਾਧੂ ਪਾਣੀ ਬਾਰੇ ਝਗੜਾ ਇਕ ਟ੍ਰੀਬਿਊਨਲ ਨੂੰ ਸੌਂਪਿਆ ਜਾਏਗਾ, ਜਿਸਦੀ ਪ੍ਰਧਾਨਗੀ ਸੁਪਰੀਮ ਕੋਰਟ ਦੇ ਇਕ ਜੱਜ ਕਰਨਗੇ, ਜਿੰਨ੍ਹਾਂ ਨੂੰ ਅੰਤਰਰਾਜੀ ਦਰਿਆਈ ਝਗੜਿਆਂ ਬਾਰੇ 1956 ਦੇ ਕਾਨੂੰਨ ਹੇਠ ਨਿਯੁਕਤ ਕੀਤਾ ਜਾਏਗਾ। ਇਹ ਟ੍ਰੀਬਿਊਨਲ ਇਹਨਾਂ ਦੋਹਾਂ ਰਾਜਾਂ ਵਿਚਕਾਰ ਪਾਣੀ ਦੀ ਵੰਡ ਬਾਰੇ ਨਵੇਂ ਸਿਰਿਉਂ ਫੈਸਲਾ ਕਰੇਗਾ।

(3) ਟ੍ਰੀਬਿਊਨਲ ਦਾ ਅੰਤਮ ਫੈਸਲਾ ਮਿਲਣ ਤਕ, ਪੰਜਾਬ ਅਤੇ ਹਰਿਆਣਾ ਵਿਚਕਾਰ ਪਾਣੀ ਦੀ ਵੰਡ, ਟ੍ਰੀਬਿਊਨਲ

Digitized by Panjab Digital Library | www.panjabdigilib.org

ਰਾਹੀਂ ਸਾਲ-ਸਾਲ ਦੇ ਆਧਾਰ ਉਤੇ ਕੀਤੀ ਜਾਏਗੀ।

(4) ਟ੍ਰੀਬਿਊਨਲ ਨੂੰ ਆਪਣਾ ਫੈਸਲਾ ਦੋ ਸਾਲਾਂ ਦੇ ਅੰਦਰ ਅੰਦਰ ਦੇਣ ਦੀ ਬੇਨਤੀ ਕੀਤੀ ਜਾਏਗੀ। ਟ੍ਰੀਬਿਊਨਲ ਦਾ ਫੈਸਲਾ ਅੰਤਮ ਅਤੇ ਦੋਹਾਂ ਰਾਜਾਂ ਲਈ ਮੰਨਣਾ ਲਾਜ਼ਮੀ ਹੋਏਗਾ।

(5) ਪੰਜਾਬ, ਸਤਲੁਜ-ਜਮਨਾ ਨਹਿਰ ਦੀ ਉਸਾਰੀ ਲਈ ਫੌਰਨ ਕਦਮ ਚੁਕੇਗਾ ਅਤੇ ਉਸਾਰੀ ਦਾ ਕੰਮ ਦੋ ਸਾਲਾਂ ਦੇ ਸਮੇਂ ਅੰਦਰ ਪੂਰਾ ਕਰੇਗਾ।

(6) ਉਪਰ ਦਿੱਤੇ ਫੈਸਲਿਆਂ ਉਤੇ ਅਮਲ ਲਈ ਢੁਕਵੇਂ ਕਾਨੂੰਨੀ ਅਤੇ ਪ੍ਰਬੰਧਕ ਉਪਾ ਤੇਜ਼ੀ ਨਾਲ ਕੀਤੇ ਜਾਣਗੇ।

20. ਪਰ ਬਾਦ ਵਿਚ ਅਕਾਲੀ ਦਲ ਦੇ ਪ੍ਰਤੀਨਿਧ, ਪਹਿਲਾਂ ਹੋਈ ਸਹਿਮਤੀ ਤੋਂ ਪਿਛੇ ਹਟ ਗਏ ਅਤੇ ਇਹ ਪੱਖ ਲਿਆ ਕਿ ਟ੍ਰੀਬਿਊਨਲ ਨੂੰ ਸੌਂਪੇ ਜਾਣ ਵਾਲੇ ਵਿਸ਼ਿਆਂ ਵਿਚ ਰਾਜਸਥਾਨ ਨਾਲ 1955 ਦਾ ਸਮਝੌਤਾ ਅਤੇ ਜਮਨਾ ਦੇ ਪਾਣੀ ਦਾ ਸੁਆਲ ਵੀ ਸ਼ਾਮਲ ਕੀਤਾ ਜਾਏ। ਸਪਸ਼ਟ ਤੌਰ ਉਤੇ ਇਹ ਗਲ ਕੇਂਦਰੀ ਸਰਕਾਰ ਨੂੰ, ਅਤੇ ਹਰਿਆਣਾ ਅਤੇ ਰਾਜਸਥਾਨ ਦੀਆਂ ਸਰਕਾਰਾਂ ਨੂੰ ਮਨਜ਼ੂਰ ਨਹੀਂ ਸੀ।

21. ਅਕਾਲੀ ਦਲ ਦੇ ਪ੍ਰਤੀਨਿਧਾਂ ਨਾਲ ਹੋਈਆਂ ਬੈਠਕਾਂ ਚੋਂ ਇਕ ਵਿਚ ਪ੍ਰਧਾਨ ਮੰਤਰੀ ਨੇ ਭਰੋਸਾ ਦੁਆਇਆ ਸੀ ਕਿ ਪੰਜਾਬ ਦੇ ਹਿਤਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ ਅਤੇ ਉਹਨਾਂ ਸੁਝਾਅ ਦਿਤਾ ਸੀ ਕਿ 'ਬੇਸਿਨ' ਵਿਚ ਪ੍ਰਾਪਤ ਪਾਣੀ ਦੀ ਮਾਤਰਾ ਵਧਾਉਣ ਦੇ ਸਮੁਚੇ ਸੁਆਲ ਦੀ ਘੋਖ ਲਈ ਮਾਹਿਰਾਂ ਦੀ ਇਕ ਕਮੇਟੀ ਕਾਇਮ ਕੀਤੀ ਜਾਏ ਅਤੇ ਸਰਕਾਰ ਉਸਦੀਆਂ ਸਿਫਾਰਸ਼ਾਂ ਉਤੇ ਪਹਿਲ ਦੇ ਆਧਾਰ ਉਤੇ ਵਿਚਾਰ ਕਰੇਗੀ। ਇਹਨਾਂ ਭਰੋਸਿਆਂ ਦਾ, ਅਕਾਲੀ ਦਲ ਦੇ ਪ੍ਰਤੀਨਿਧਾਂ ਵਲੋਂ ਏਸ ਵਿਸ਼ੇ ਬਾਰੇ ਅਪਣਾਏ ਗਏ ਸਖ਼ਤ ਪੱਖ ਨੂੰ ਬਦਲਣ ਵਿਚ ਕੋਈ ਅਸਰ ਨਾ ਪਿਆ।

## (ਅ) ਇਲਾਕੇ ਸਬੰਧੀ ਸੁਆਲ

22. ਇਲਾਕਿਆਂ ਸਬੰਧੀ ਮੰਗ, ਸਭ ਤੋਂ ਵਧ ਵਿਵਾਦ ਪੂਰਣ ਸਿਧ ਹੋਈ। ਇਹ ਯਾਦ ਹੋਏਗਾ ਕਿ 1966 ਵਿਚ ਸ਼ਾਹ ਕਮਿਸ਼ਨ ਨੇ ਸਿਫਾਰਸ਼ ਕੀਤੀ ਸੀ ਕਿ ਚੰਡੀਗੜ੍ਹ ਹਰਿਆਣਾ ਨੂੰ ਦੇ ਦਿੱਤਾ ਜਾਏ। ਪਰ 1970 ਵਿਚ ਸ਼੍ਰੀਮਤੀ ਇੰਦਰਾ ਗਾਂਧੀ ਨੇ ਪ੍ਰਧਾਨਮੰਤਰੀ ਵਜੋਂ ਐਲਾਨ ਕੀਤਾ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦਿਤਾ ਜਾਏਗਾ। ਏਸ ਫੈਸਲੇ ਅਨੁਸਾਰ :—

(1) ਚੰਡੀਗੜ੍ਹ ਦਾ ਰਾਜਧਾਨੀ ਸਕੀਮ ਦਾ ਇਲਾਕਾ ਪੰਜਾਬ ਨੂੰ ਮਿਲੇਗਾ।

(2) ਪੰਜਾਬ ਦੇ ਫਿਰੋਜ਼ਪੁਰ ਜ਼ਿਲੇ ਦੀ ਫਾਜ਼ਿਲਕਾ ਤਹਿਸੀਲ ਦਾ ਇਕ ਹਿੱਸਾ (ਅਬੋਹਰ ਸਮੇਤ) ਹਰਿਆਣਾ ਨੂੰ ਦੇ ਦਿਤਾ ਜਾਏਗਾ ਅਤੇ

(3) ਅੰਤਰ-ਰਾਜੀ ਹੱਦਾਂ ਨੂੰ ਮੁੜ ਤਰਤੀਬ ਦੇਣ ਦੇ ਹੋਰ ਦਾਅਵਿਆਂ ਅਤੇ ਜੁਆਬੀ ਦਾਅਵਿਆਂ ਦੇ ਬਾਰੇ ਇਕ ਕਮਿਸ਼ਨ ਨਿਯੁਕਤ ਕੀਤਾ ਜਾਏਗਾ।

Digitized by Panjab Digital Library | www.panjabdigilib.org

ਬਾਦ ਵਿਚ ਰਾਜ ਦੇ ਰਵਈਏ ਵਿਚ ਤਬਦੀਲੀ ਹੋਣ ਕਾਰਣ ਉਪਰੋਕਤ ਫੈਸਲੇ ਨੂੰ ਲਾਗੂ ਨਹੀਂ ਕੀਤਾ ਜਾ ਸਕਿਆ।

23. ਵਰਤਮਾਨ ਮੰਗ ਇਹ ਹੈ ਕਿ ਚੰਡੀਗੜ੍ਹ ਤਾਂ ਤੁਰਤ ਪੰਜਾਬ ਨੂੰ ਦੇ ਦਿਤਾ ਜਾਏ ਪਰ ਅਬੋਹਰ ਅਤੇ ਫਾਜ਼ਿਲਕਾ ਸਮੇਤ ਹੋਰ ਦਾਅਵਿਆਂ ਅਤੇ ਜੁਆਬੀ ਦਾਅਵਿਆਂ ਨੂੰ ਇਕ ਕਮਿਸ਼ਨ ਨੂੰ ਸੌਂਪ ਦਿਤਾ ਜਾਏ।

24. ਸਰਕਾਰ ਨੇ ਕਿਸੇ ਵੀ ਰਾਜ ਨਾਲ ਬੇਇਨਸਾਫੀ ਕੀਤੇ ਬਿਨਾਂ ਵੱਧ ਤੋਂ ਵੱਧ ਸਹਾਇਤਾ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਹੇਠਾਂ ਦਿਤੀਆਂ ਚਾਰ ਬਦਲਵੀਆਂ ਤਜਵੀਜ਼ਾਂ ਚੋਂ ਕਿਸੇ ਇਕ ਨੂੰ ਮੰਨ ਲੈਣ ਦੀ ਇੱਛਾ ਪ੍ਰਗਟ ਕੀਤੀ ਹੈ :—

(1) 1970 ਦੇ ਫੈਸਲੇ ਉਤੇ ਅਮਲ;

(2) ਚੰਡੀਗੜ੍ਹ ਸਮੇਤ ਸਾਰੇ ਝਗੜੇ ਅਤੇ ਦਾਅਵੇ ਇਕ ਨਵੇਂ ਕਮਿਸ਼ਨ ਦੇ ਸਪੁਰਦ ਕਰਨਾ;

(3) ਚੰਡੀਗੜ੍ਹ ਨੂੰ, ਪੰਜਾਬ ਅਤੇ ਹਰਿਆਣਾ ਵਿਚ ਵੰਡ ਦੇਣਾ, ਜਿਸਦਾ ਵੱਡਾ ਹਿਸਾ ਪੰਜਾਬ ਨੂੰ ਮਿਲੇ ਅਤੇ ਬਾਕੀ ਦੇ ਝਗੜੇ ਇਕ ਕਮਿਸ਼ਨ ਨੂੰ ਸੌਂਪਣਾ; ਜਾਂ

(4) ਦੋਹਾਂ ਰਾਜਾਂ ਨੂੰ ਪ੍ਰਵਾਣਤ ਹੋਰ ਕੋਈ ਵੀ ਤਜਵੀਜ਼ ਅਪਨਾਉਣਾ।

ਉਪਰ ਦਿਤੇ ਢਾਂਚੇ ਦੇ ਅੰਦਰ ਕਈ ਫਾਰਮੂਲੇ ਤਜਵੀਜ਼ ਕੀਤੇ ਗਏ। ਪਰ ਅਕਾਲੀ ਦਲ ਦੇ ਨੇਤਾਵਾਂ ਨੂੰ ਇਹਨਾਂ ਚੋਂ ਕੋਈ ਵੀ ਮਨਜ਼ੂਰ ਨਹੀਂ ਸੀ। ਪ੍ਰਧਾਨਮੰਤਰੀ ਨੇ ਪਾਰਲੀਮੈਂਟ ਵਿਚ ਵਾਰ-ਵਾਰ ਐਲਾਨ ਕੀਤਾ ਕਿ ਸਰਕਾਰ, ਪੰਜਾਬ ਨੂੰ ਚੰਡੀਗੜ੍ਹ ਦੇਣ ਦੇ ਆਪਣੇ ਫੈਸਲੇ ਉਤੇ ਕਾਇਮ ਹੈ, ਬਸ਼ਰਤੇ ਕਿ ਹਰਿਆਣਾ ਨੂੰ ਵੀ ਯੋਗ ਮੁਆਵਜ਼ਾ ਦਿੱਤਾ ਜਾਏ।

25. ਹਾਲ ਵਿਚ ਹੀ, 2 ਜੂਨ 1984 ਨੂੰ ਪ੍ਰਧਾਨਮੰਤਰੀ ਨੇ ਕੌਮ ਦੇ ਨਾਂ ਆਪਣੇ ਪ੍ਰਸਾਰਣ ਵਿਚ ਇਸ ਗਲ ਉਤੇ ਫੇਰ ਜ਼ੋਰ ਦਿੱਤਾ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ ਬਸ਼ਰਤੇ ਕਿ ਹਰਿਆਣਾ ਨੂੰ ਹਿੰਦੀ ਬੋਲੀ ਵਾਲੇ ਉਹਨਾਂ ਇਲਾਕਿਆਂ ਦਾ ਹਿੱਸਾ ਮਿਲੇ ਜਿਹੜੇ ਏਸ ਵੇਲੇ ਪੰਜਾਬ ਵਿਚ ਹਨ। ਅਕਾਲੀ ਦਲ ਦੇ ਪ੍ਰਤੀਨਿਧਾਂ ਦਾ ਏਸ ਵਿਸ਼ੇ ਬਾਰੇ ਰਵਈਆ ਨਹੀਂ ਬਦਲਿਆ, ਅਰਥਾਤ, ਸਰਕਾਰ ਚੰਡੀਗੜ੍ਹ ਪੰਜਾਬ ਨੂੰ ਦੇ ਦੇਵੇ ਅਤੇ ਬਾਕੀ ਸਾਰੇ ਦਾਅਵੇ ਅਤੇ ਜੁਆਬੀ ਦਾਅਵੇ ਜਿਨ੍ਹਾਂ ਵਿਚ ਅਬੋਹਰ-ਫਾਜ਼ਲਕਾ ਬਾਰੇ ਦਾਅਵੇ ਵੀ ਸ਼ਾਮਲ ਹਨ, ਇਕ ਕਮਿਸ਼ਨ ਨੂੰ ਸੌਂਪ ਦਿੱਤੇ ਜਾਣ ਅਤੇ ਇਹਨਾਂ ਉਤੇ, ਪਿੰਡ ਨੂੰ ਇਕ ਇਕਾਈ ਅਤੇ ਬੋਲੀ ਅਤੇ ਇਲਾਕੇ ਦੀ ਨੇੜਤਾ ਦੇ ਸਿਧਾਂਤ ਦੇ ਆਧਾਰ ਉਤੇ ਫੈਸਲਾ ਕੀਤਾ ਜਾਏ। ਹਰਿਆਣਾ ਸਰਕਾਰ ਚੰਡੀਗੜ੍ਹ ਉਤੇ ਆਪਣਾ ਦਾਅਵਾ ਛਡ ਦੇਣ ਲਈ ਤਿਆਰ ਸੀ ਪਰ ਉਹ 1970 ਦੇ ਫੈਸਲੇ ਦੇ ਆਧਾਰ ਉਤੇ ਜਾਂ ਪ੍ਰਸਪਰ ਸਹਿਮਤੀ ਨਾਲ ਹੋਣ ਵਾਲੇ ਕਿਸੇ ਵੀ ਆਧਾਰ ਉਤੇ ਪੰਜਾਬ ਦੇ ਕੁਝ ਇਲਾਕੇ, ਹਰਿਆਣਾ ਵਿਚ ਲਿਆਣਾ ਚਾਹੁੰਦੀ ਹੈ। ਏਸ ਮਾਮਲੇ ਉਤੇ ਅਜੇ ਵੀ ਅੱੜਿਕਾ ਪਿਆ ਹੋਇਆ ਹੈ।

26. ਸਫੇਦ ਪਤਰ ਵਿਚ ਪਹਿਲਾਂ ਦਿੱਤੇ ਜਾ ਚੁੱਕੇ ਆਨੰਦਪੁਰ ਸਾਹਿਬ ਦੇ ਮੱਤੇ ਦੇ ਕੁਝ ਹਿੱਸਿਆਂ ਤੋਂ ਇਹ ਵੇਖਿਆ ਜਾ ਸਕਦਾ ਹੈ ਕਿ ਅਕਾਲੀ ਦਲ ਨੇ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੇ ਕੁਝ ਇਲਾਕਿਆਂ ਉਤੇ ਏਸ ਆਧਾਰ ਉਤੇ ਦਾਅਵਾ ਕੀਤਾ ਹੈ ਕਿ ਉਹ "ਪੰਜਾਬੀ ਬੋਲੀ ਵਾਲੇ-ਸਿਖਾਂ ਦੀ ਵਸੋਂ ਵਾਲੇ ਇਲਾਕੇ" ਹਨ। ਅਕਾਲੀ ਦਲ ਦੇ

Digitized by Panjab Digital Library | www.panjabdigilib.org

ਪ੍ਰਤੀਨਿਧਾਂ ਨੂੰ ਇਹ ਗਲ ਸਪਸ਼ਟ ਕਰ ਦਿਤੀ ਗਈ ਸੀ ਕਿ ਹਰਿਆਣਾ ਨਾਲ ਇਲਾਕਿਆਂ ਦੇ ਝਗੜੇ ਬਾਰੇ ਕੋਈ ਵੀ ਸਮਝੌਤਾ ਉਹਨਾਂ ਦੇ ਏਸ ਵਚਨ ਦੇ ਆਧਾਰ ਉਤੇ ਕੀਤਾ ਜਾਏਗਾ ਕਿ ਉਹ ਹੋਰ ਰਾਜਾਂ ਦੇ ਇਲਾਕਿਆਂ ਬਾਰੇ ਕਿਸੇ ਹੋਰ ਦਾਅਵੇ ਉਤੇ ਜ਼ੋਰ ਨਹੀਂ ਦੇਣਗੇ।

## ]iii[ ਆਮ ਸੁਆਲ

## (ੳ) ਕੇਂਦਰ-ਰਾਜ ਸਬੰਧ

27. ਕੇਂਦਰ ਅਤੇ ਰਾਜਾਂ ਵਿਚਕਾਰ ਸਬੰਧਾਂ ਬਾਰੇ ਅਕਾਲੀ ਦਲ ਦੀ ਮੰਗ ਇਸ ਪ੍ਰਕਾਰ ਹੈ:—

> "ਆਨੰਦਪੁਰ ਸਾਹਿਬ ਦੇ ਮੱਤੇ ਅਨੁਸਾਰ, ਸ਼੍ਰੋਮਣੀ ਅਕਾਲੀ ਦਲ ਨੂੰ ਪੱਕਾ ਯਕੀਨ ਹੈ ਕਿ ਕੇਂਦਰ ਦੀ ਖੁਸ਼ਹਾਲੀ ਲਈ ਰਾਜਾਂ ਦੀ ਤਰੱਕੀ ਜ਼ਰੂਰੀ ਹੈ, ਜਿਸ ਲਈ ਰਾਜਾਂ ਨੂੰ ਵਧੇਰੇ ਅਧਿਕਾਰ ਅਤੇ ਪ੍ਰਾਂਤਕ ਖੁਦਮੁਖ਼ਤਾਰੀ ਦੇਣ ਲਈ ਸੰਵਿਧਾਨ ਵਿਚ ਢੁਕਵੀਂ ਤਰਸੀਮ ਕੀਤੀ ਜਾਣੀ ਚਾਹੀਦੀ ਹੈ। ਕੇਂਦਰ ਨੂੰ ਆਪਣੇ ਕੋਲ ਬਿਦੇਸ਼ੀ ਮਾਮਲੇ ਰਖਿਆ, ਕਰੰਸੀ ਅਤੇ ਸੰਚਾਰ (ਆਵਾਜਾਈ ਦੇ ਸਾਧਨਾਂ ਸਮੇਤ) ਵਿਸ਼ੇ ਰਖਣੇ ਚਾਹੀਦੇ ਹਨ, ਜਦ ਕਿ ਬਾਕੀ ਦੇ ਵਿਭਾਗ ਰਾਜਾਂ ਕੋਲ ਹੋਣੇ ਚਾਹੀਦੇ ਹਨ। ਇਸਤੋਂ ਇਲਾਵਾ ਸਿੱਖਾਂ ਨੂੰ ਇਕ ਕੌਮ ਦੇ ਤੌਰ ਉਤੇ ਵਿਸ਼ੇਸ਼ ਹਕ ਪ੍ਰਾਪਤ ਹੋਣੇ ਚਾਹੀਦੇ ਹਨ।"

28. ਕੇਂਦਰ ਤੇ ਰਾਜਾਂ ਵਿਚਕਾਰ ਸੰਬੰਧਾਂ ਦਾ ਸੁਆਲ ਇਕ ਵਿਆਪਕ ਸਮੁਚੇ ਭਾਰਤ ਉਤੇ ਅਸਰ ਪਾਣ ਵਾਲਾ ਸੁਆਲ ਹੈ ਅਤੇ ਏਸ ਉਤੇ ਵਿਚਾਰ ਸਿਰਫ ਪੰਜਾਬ ਦੇ ਪਿਛੋਕੜ ਵਿਚ ਨਹੀਂ ਕੀਤੀ ਜਾ ਸਕਦੀ। ਇਹ ਪੱਖ ਜਨਵਰੀ-ਫਰਵਰੀ 1983 ਵਿਚ ਤਿੰਨ-ਧਿਰੀ ਗਲ-ਬਾਤ ਦੇ ਦੌਰਾਨ, ਵਿਰੋਧੀ ਨੇਤਾਵਾਂ ਨੇ ਵੀ ਵਿਆਪਕ ਤੌਰ ਉਤੇ ਸਵੀਕਾਰ ਕੀਤਾ ਸੀ। ਗਲ-ਬਾਤ ਦੇ ਦੌਰਾਨ ਇਸ ਗਲ ਦਾ ਖਾਸ ਤੌਰ ਉਤੇ ਜ਼ਿਕਰ ਕੀਤਾ ਗਿਆ ਸੀ ਕਿ ਏਸ ਸਬੰਧ ਵਿਚ ਕਿਸੇ ਫੈਸਲੇ ਨੂੰ ਆਨੰਦਪੁਰ ਸਾਹਿਬ ਦੇ ਮਤੇ ਨਾਲ ਜੋੜਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

29. ਇਸ ਵਿਸ਼ੇ ਦੀ ਮਹਤੱਤਾ ਨੂੰ ਮੰਨਦਿਆਂ ਹੋਇਆਂ ਸਰਕਾਰ ਨੇ ਜੂਨ 1983 ਵਿਚ ਸ੍ਰੀ ਜਸਟਿਸ ਰਣਜੀਤ ਸਿੰਘ ਸਰਕਾਰੀਆ ਦੀ ਪ੍ਰਧਾਨਗੀ ਹੇਠ ਇਕ ਕਮਿਸ਼ਨ ਕਾਇਮ ਕੀਤਾ। ਇਸ ਨੂੰ ਭਾਰਤ ਸੰਘ ਅਤੇ ਰਾਜਾਂ ਵਿਚਕਾਰ ਸਾਰੇ ਖੇਤਰਾਂ ਵਿਚ ਅਧਿਕਾਰਾਂ, ਕੰਮਾਂ ਅਤੇ ਜ਼ਿੰਮੇਵਾਰੀਆਂ ਬਾਰੇ ਵਰਤਮਾਨ ਸਬੰਧਾਂ ਦੀ ਜਾਂਚ ਕਰਨ ਅਤੇ ਜਾਇਜ਼ਾ ਲੈਣ ਦਾ ਕੰਮ ਅਤੇ ਅਜੇਹੀਆਂ ਤਬਦੀਲੀਆਂ ਅਤੇ ਹੋਰ ਢੁਕਵੀਆਂ ਦੀ ਸਿਫਾਰਸ਼ ਕਰਨ ਦਾ ਕੰਮ ਸੌਂਪਿਆ ਗਿਆ। ਕਮਿਸ਼ਨ ਦੇਸ਼ ਦੀ ਏਕਤਾ ਅਤੇ ਅਖੰਡਤਾ ਯਕੀਨੀ ਬਨਾਉਣ ਦੇ ਮਨੋਰਥ ਨਾਲ ਤਿਆਰ ਕੀਤੇ ਗਏ ਸੰਵਿਧਾਨ ਦੇ ਢਾਂਚੇ ਅਤੇ ਉਸਦੀ ਬਣਤਰ ਨੂੰ ਧਿਆਨ ਵਿਚ ਰਖੇਗਾ। ਕੇਂਦਰ ਅਤੇ ਰਾਜਾਂ ਵਿਚਕਾਰ ਸਬੰਧਾਂ ਦੇ ਅਜੇਹੇ ਵਿਆਪਕ ਜਾਇਜ਼ੇ ਨੂੰ ਸ਼ੁਰੂ ਕਰਨ ਦੇ ਸਰਕਾਰ ਦੇ ਫੈਸਲੇ ਉਤੇ ਅਕਾਲੀ ਦਲ ਨੂੰ ਸੰਤੁਸ਼ਟ ਹੋਣਾ ਚਾਹੀਦਾ ਸੀ, ਜਿਵੇਂ ਕਿ ਹੋਰ ਵਿਰੋਧੀ ਨੇਤਾ ਹੋ ਗਏ ਸਨ, ਜਿੰਨਾਂ ਨੇ ਇਹ ਸੁਆਲ ਉਠਾਇਆ ਸੀ। ਪਰ ਅਕਾਲੀ ਦਲ ਏਸ ਗਲ ਉਤੇ ਅੜਿਆ ਰਿਹਾ ਕਿ ਸਰਕਾਰ ਨੂੰ ਸਰਕਾਰੀਆ ਕਮਿਸ਼ਨ ਨੂੰ ਇਹ ਮਾਮਲਾ ਸੌਂਪਣ ਲਗਿਆਂ ਆਨੰਦਪੁਰ ਸਾਹਿਬ ਮਤੇ ਦਾ ਖਾਸ ਜ਼ਿਕਰ ਕਰਨਾ ਚਾਹੀਦਾ ਹੈ।

ਦਰਅਸਲ, ਇਕ ਤਿੰਨ-ਧਿਰੀ ਬੈਠਕ ਵਿਚ ਅਕਾਲੀ ਦਲ ਦੇ ਪ੍ਰਤੀਨਿਧ ਇਸ ਬਾਰੇ ਸਹਿਮਤ ਹੋ ਗਏ ਸਨ ਕਿ ਉਹ ਆਨੰਦਪੁਰ ਸਾਹਿਬ ਮਤੇ ਦਾ ਵਿਸ਼ੇਸ਼ ਤੌਰ ਉਤੇ ਜ਼ਿਕਰ ਕੀਤੇ ਜਾਣ ਉਤੇ ਜ਼ੋਰ ਨਹੀਂ ਦੇਣਗੇ ਪਰ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਗ੍ਰਹਿ ਮੰਤਰੀ ਨੂੰ ਭੇਜੀ ਚਿੱਠੀ ਵਿਚ ਫੇਰ ਏਸ ਮੰਗ ਉਤੇ ਜ਼ੋਰ ਦਿੱਤਾ ਹੈ।

Digitized by Panjab Digital Library | www.panjabdigilib.org

30. ਸਰਕਾਰ ਨੇ ਇਸ ਸਬੰਧੀ ਪੱਖ ਕਈ ਮੌਕਿਆਂ ਉਤੇ ਸਪਸ਼ਟ ਕਰ ਦਿਤਾ ਹੈ। ਕੇਂਦਰ ਤੇ ਰਾਜਾਂ ਵਿਚਕਾਰ ਸਬੰਧਾਂ ਬਾਰੇ ਆਨੰਦਪੁਰ ਸਾਹਿਬ ਮਤੇ ਵਿਚ ਜਿਨ੍ਹਾਂ ਗਲਾਂ ਦਾ ਜ਼ਿਕਰ ਹੈ, ਉਹ ਕੌਮ ਦੀ ਏਕਤਾ ਅਤੇ ਅਖੰਡਤਾ ਦੇ ਉਹਨਾਂ ਬੁਨਿਆਦੀ ਸਿਧਾਤਾਂ ਨਾਲ ਮੇਲ ਨਹੀਂ ਖਾਂਦੀਆਂ। ਜਿਹੜੇ ਸਾਡੇ ਸੰਵਿਧਾਨ ਵਿਚ ਦਰਜ ਹਨ। ਇਹਨਾਂ ਨੂੰ ਸੋਚਵਿਚਾਰ ਦੇ ਆਧਾਰ ਦੇ ਰੂਪ ਵਿਚ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ।

31. ਭਾਰਤ ਦੇ ਲੋਕ ਏਸ ਧਾਰਣਾ ਨੂੰ ਨਹੀਂ ਮੰਨਦੇ ਕਿ ਭਾਰਤ ਇਕ ਬਹੁਰਾਸ਼ਟਰੀ ਸਮਾਜ ਹੈ। ਭਾਰਤ ਦੇ ਲੋਕ ਇਕ ਰਾਸ਼ਟਰ ਹਨ। ਭਾਰਤ ਨੇ ਯੁਗਾਂ ਤੋਂ ਚਲੀ ਆ ਰਹੀ ਆਪਣੀ ਸਭਿਅਤਾ ਵਿਚ ਬੋਲੀ, ਧਰਮ ਆਦਿ ਦੀ ਭਿੰਨਤਾ ਵਿਚ ਹੀ ਆਪਣੀ ਪੱਕੀ ਏਕਤਾ ਪ੍ਰਗਟ ਕੀਤੀ ਹੈ। ਸਾਮਰਾਜਵਾਦ ਨਾਲ ਇਕ ਲੰਮੀ ਅਤੇਇਤਿਹਾਸਕ ਜਦੋ ਜਹਿਦ ਤੋਂ ਬਾਦ ਭਾਰਤ ਦੀ ਰਾਸ਼ਟਰੀਅਤਾ ਵਿਰੁਧ ਕਿਸੇ ਵੀ ਕਿਸਮ ਦੀ ਵੰਗਾਰ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਫੇਰ ਵੀ ਸਰਕਾਰ ਨੇ ਅਕਾਲੀਆਂ ਦੇ ਪ੍ਰਤੀਨਿਧਾਂ ਨੂੰ ਇਹ ਗਲ ਸਪਸ਼ਟ ਕਰ ਦਿਤੀ ਹੈ ਕਿ ਉਹਨਾਂ ਨੂੰ ਏਸ ਗਲ ਦੀ ਪੂਰੀ ਖੁਲ੍ਹ ਦਿਤੀ ਹੈ ਕਿ ਉਹ ਜੇ ਚਾਹੁਣ ਤਾਂ ਸਰਕਾਰੀਆ ਕਮਿਸ਼ਨ ਦੇ ਅਧਿਕਾਰ ਖੇਤਰ ਮਾਮਲਿਆਂ ਦੇ ਢਾਂਚੇ ਅੰਦਰ ਕੋਈ ਵੀ ਮਾਮਲਾ ਰਖ ਸਕਦੇ ਹਨ।

## (ਅ) ਹੋਰ ਮੰਗਾਂ

32. ਅਕਾਲੀ ਦਲ ਦੇ ਪ੍ਰਤੀਨਿਧਾਂ ਨੇ ਆਪਣੀ ਹੋਰ ਮੰਗਾਂ ਵਿਚ ਏਸ ਗਲ ਉਤੇ ਜ਼ੋਰ ਦਿਤਾ ਹੈ ਕਿ ਹੇਠ ਲਿਖੀਆਂ ਦੋ ਗਲਾਂ ਉਹਨਾਂ ਲਈ ਖਾਸ ਮਹਤਵ ਰਖਦੀਆਂ ਹਨ:—

(i) ਹਰਿਆਣਾ, ਦਿਲੀ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿਚ ਪੰਜਾਬੀ ਬੋਲੀ ਨੂੰ ਦੂਜੀ ਬੋਲੀ ਦਾ ਦਰਜਾ ਦਿੱਤਾ ਜਾਣਾ;

(ii) ਉੱਤਰ ਪ੍ਰਦੇਸ਼ ਦੇ ਤਰਾਈ ਵਾਲੇ ਇਲਾਕੇ ਚੋਂ ਪੰਜਾਬੀ ਕਿਸਾਨਾਂ ਨੂੰ ਉਠਾਏ ਜਾਣ ਤੋਂ ਰੋਕਣਾ।

## (i) ਪੰਜਾਬੀ ਭਾਸ਼ਾ ਲਈ ਦੂਜੀ ਭਾਸ਼ਾ ਦਾ ਦਰਜਾ

33. ਅਕਾਲੀ ਦਲ ਇਹ ਮੰਗ ਕਰਦਾ ਰਿਹਾ ਹੈ ਕਿ ਹਰਿਆਣਾ ਅਤੇ ਰਾਜਸਥਾਨ ਦੇ ਉਹਨਾਂ ਇਲਾਕਿਆਂ ਵਿਚ, ਜਿਥੇ ਪੰਜਾਬੀ ਬੋਲਦੇ ਲੋਕਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ, ਪੰਜਾਬੀ ਨੂੰ ਸਕੂਲਾਂ ਵਿਚ ਦੂਜੀ ਭਾਸ਼ਾ ਦੇ ਰੂਪ ਵਿਚ ਪੜ੍ਹਾਇਆ ਜਾਣਾ ਚਾਹੀਦਾ ਹੈ। ਗਲ-ਬਾਤ ਦੇ ਦੌਰਾਨ, ਅਕਾਲੀ ਦਲ ਦੇ ਨੇਤਾਵਾਂ ਨੇ ਵੇਰਵੇ ਨਾਲ ਦਸਿਆ ਸੀ ਕਿ ਜਦਕਿ ਪੰਜਾਬ ਦੇ ਸਕੂਲਾਂ ਵਿਚ ਹਿੰਦੀ ਪੰਜਵੀਂ ਜਮਾਤ ਤੋਂ ਪੜ੍ਹਾਈ ਜਾਂਦੀ ਹੈ, ਹਰਿਆਣਾ ਵਿਚ ਤਿੰਨ ਭਾਸ਼ਾਈ ਗੁਰ ਅਧੀਨ 'ਤੈਲਗੂ ਜਾਂ ਸੰਸਕ੍ਰਿਤ ਵਰਗੀਆਂ ਬੋਲੀਆਂ ਚੁਣੀਆਂ ਗਈਆਂ ਹਨ।

ਜਦੋਂ ਉਹਨਾਂ ਨੇ ਇਹ ਸੁਆਲ ਉਠਾਇਆ ਤਾਂ ਉਹਨਾਂ ਨੂੰ 1961 ਵਿਚ ਹੋਈ ਮੁਖਮੰਤਰੀਆਂ ਦੀ ਕਾਨਫਰੰਸ ਵਿਚ ਸਵੀਕਾਰ ਕੀਤੇ ਗਏ ਤਿੰਨ ਭਾਸ਼ਾਈ ਗੁਰ ਨੂੰ ਸਪਸ਼ਟ ਕਰਕੇ ਦਸਿਆ ਗਿਆ ਅਤੇ ਸੁਝਾਅ ਦਿਤਾ ਗਿਆ ਕਿ ਸੰਬੰਧਤ ਮੁਖਮੰਤਰੀ ਖੁਦ ਇਸਦਾ ਕੋਈ ਹਲ ਲਭ ਸਕਦੇ ਹਨ।

34. ਰਾਜਾਂ ਨੇ ਪਹਿਲਾਂ ਹੀ ਕਈ ਕਾਰਵਾਈਆਂ ਕੀਤੀਆਂ ਹਨ ਅਤੇ ਸਥਿਤੀ ਇਸ ਪ੍ਰਕਾਰ ਹੈ:—

Digitized by Panjab Digital Library | www.panjabdigilib.org

## ਪ੍ਰਾਇਮਰੀ ਪੜਾਅ

ਦਿਲੀ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਵਿਚ ਘਟੋਘਟ ਇੱਕ ਅਧਿਆਪਕ ਨਿਯੁਕਤ ਕਰਕੇ ਪ੍ਰਾਇਮਰੀ ਦੀ ਪਧੱਰ ਉੱਤੇ ਪੰਜਾਬੀ ਪੜ੍ਹਾਉਣ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਨ ਦੇ ਆਦੇਸ਼ ਦਿਤੇ ਗਏ ਹਨ ਬਸ਼ਰਤੇ ਕਿ ਪੂਰੇ ਸਕੂਲ ਵਿਚ ਇਸ ਬੋਲੀ ਨੂੰ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਦੀ ਗਿਣਤੀ 40 ਤੋਂ ਘੱਟ ਨਾ ਹੋਵੇ ਜਾਂ ਇਕ ਜਮਾਤ ਵਿਚ 10 ਤੋਂ ਘੱਟ ਨਾ ਹੋਵੇ।

## ਸੈਕੰਡਰੀ ਪੜਾਅ

ਰਾਜ ਸਰਕਾਰਾਂ ਮੁਖ ਮੰਤਰੀਆਂ ਵਲੋਂ ਪ੍ਰਵਾਨ ਕੀਤੇ ਗਏ ਤਿੰਨ-ਭਾਸ਼ਾਈ ਗੁਰ ਉੱਤੇ ਅਮਲ ਕਰ ਰਹੀਆਂ ਹਨ। ਇਸ ਗੁਰ ਹੇਠ ਪੰਜਾਬੀ ਬੋਲੀ ਪੜ੍ਹਾਉਣ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਨ ਲਈ ਦਿੱਲੀ, ਰਾਜਸਥਾਨ ਅਤੇ ਹਰਿਆਣਾ ਵਿਚ ਰਾਜਸਰਕਾਰਾਂ ਦੀਆਂ ਹਦਾਇਤਾਂ ਮੌਜੂਦ ਹਨ।

## (ii) ਉੱਤਰ ਪ੍ਰਦੇਸ਼ ਦੇ ਤਰਾਈ ਵਾਲੇ ਇਲਾਕੇ ਵਿਚ ਪੰਜਾਬੀ ਕਿਸਾਨ

35. ਅਕਾਲੀ ਦਲ ਦੇ ਪ੍ਰਤੀਨਿਧਾਂ ਨੇ ਇਹ ਸ਼ਿਕਾਇਤ ਕੀਤੀ ਕਿ ਉੱਤਰਪ੍ਰਦੇਸ਼ ਦੇ ਤਰਾਈ ਦੇ ਇਲਾਕੇ ਵਿਚ ਸਿੱਖ ਕਿਸਾਨਾਂ ਨੂੰ 'ਉੱਠਾਇਆ' 'ਬੇਦਖਲ' ਅਤੇ 'ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਰਾਜ ਸਕਰਾਰ ਨੇ ਇਸ ਗਲ ਤੋਂ ਇਨਕਾਰ ਕੀਤਾ ਹੈ। ਰਾਜ ਸਰਕਾਰ ਨੇ ਕਿਹਾ ਕਿ ਉਸਦੀ ਨੀਤੀ ਕਬੀਇਲੀਆਂ ਦੀ ਜ਼ਮੀਨ ਉੱਤੇ ਅਣਅਧਿਕ੍ਰਿਤ ਕਬਜ਼ੇ ਨੂੰ ਉਤਸ਼ਾਹ ਨਾ ਦੇਣ ਦੀ ਹੈ ਅਤੇ ਕਾਨੂੰਨੀ ਮਾਲਕਾਂ ਨੂੰ ਚਾਹੇ ਉਹ ਕਿਸੇ ਵੀ ਜ਼ਾਤ ਦੇ ਹੋਣ, ਬੇਦਖਲ ਕਰਨ ਜਾਂ ਉਠਾਉਣ ਲਈ ਕੋਈ ਆਦੇਸ਼ ਜਾਰੀ ਨਹੀਂ ਕੀਤੇ ਗਏ। ਉਹਨਾਂ ਨੇ ਦਸਿਆ ਹੈ ਕਿ ਲਗਭਗ 7860 ਅਣਅਧਿਕ੍ਰਿਤ ਕਬਜ਼ਾ ਕਰਨ ਵਾਲਿਆਂ ਵਿਚੋਂ 5000 ਤੋਂ ਜ਼ਿਆਦਾ ਤਾਂ ਉੱਤਰ ਪ੍ਰਦੇਸ਼ ਤੋਂ ਹੀ ਹਨ ਅਤੇ ਸਾਰੇ ਅਜਿਹੇ ਵਿਅਕਤੀਆਂ ਨਾਲ ਸਮਾਨ ਨੀਤੀ ਅਪਣਾਈ ਜਾ ਰਹੀ ਹੈ। ਇਸ ਸਬੰਧ ਵਿਚ ਰਾਜ ਦੇ ਕਾਨੂੰਨ ਦਾ ਮੁਖ ਉਦੇਸ਼ ਕਬਾਇਲੀਆਂ ਦੀ ਜ਼ਮੀਨ ਦੇ ਹੋਰ ਇੰਤਜ਼ਾਮ ਨੂੰ ਰੋਕਣਾ ਅਤੇ ਜਿਹੜੀ ਜ਼ਮੀਨ ਉਹ ਪਹਿਲਾਂ ਗੁਆ ਚੁਕੇ ਹਨ, ਉਹ ਉਹਨਾਂ ਨੂੰ ਵਾਪਸ ਦੁਆਉਣਾ ਹੈ। 1947 ਤੋਂ ਪਹਿਲਾਂ ਨੈਨੀਤਾਲ ਜ਼ਿਲੇ ਦੇ ਤਰਾਈ-ਭਾਬਰ ਇਲਾਕੇ ਵਿਚ ਥਾਰੂ ਅਤੇ ਬਕਸਰ ਕਬਾਇਲੀ, ਲਗਭਗ 2.25 ਲਖ ਏਕੜ ਜ਼ਮੀਨ ਉੱਤੇ ਖੇਤੀ ਕਰਦੇ ਸਨ। ਸਹਿਜੇ ਸਹਿਜੇ ਹਾਲਤ ਬਦਲ ਗਈ, ਜਿਹੜੀ ਕਬੀਇਲੀਆਂ ਦੇ ਹਿੱਤ ਵਿਚ ਨਾ ਰਹੀ ਅਤੇ ਹੁਣ ਰਿਕਾਰਡ ਅਨੁਸਾਰ, ਉਹ ਕੇਵਲ 0.80 ਲਖ ਏਕੜ ਜ਼ਮੀਨ ਦੇ ਪੱਟੇ ਦਾਰ ਰਹਿ ਗਏ ਹਨ। ਜਿਸ ਚੋਂ ਉਹ 16,500 ਏਕੜ ਜ਼ਮੀਨ ਤੋਂ ਆਪਣਾ ਅਧਿਕਾਰ ਗੈਰ-ਕਬਾਇਲੀਆਂ ਦੇ ਹੱਕ ਵਿਚ ਗੁਆ ਬੈਠੇ ਹਨ। ਰਾਜ ਸਰਕਾਰ ਨੇ ਇਸ ਪਿਛੋਕੜ ਵਿਚ ਕਬਾਇਲੀ ਹਿੱਤਾਂ ਦੀ ਰਖਿਆ ਕਰਨ ਲਈ ਕਾਰਵਾਈ ਕੀਤੀ।

36. ਅਕਾਲੀ ਦਲ ਦੇ ਨੇਤਾਵਾਂ ਨੂੰ ਇਹ ਸਪਸ਼ਟ ਕਰਕੇ ਦਸਿਆ ਗਿਆ ਕਿ ਲਗਭਗ ਹਰ ਰਾਜ ਨੇ ਕਬਾਇਲੀ ਲੋਕਾਂ ਦੀ ਜ਼ਮੀਨ ਦੇ ਇੰਤਕਾਲ ਨੂੰ ਰੋਕਣ ਲਈ ਪ੍ਰਵਾਣਤ ਨੀਤੀ ਅਨੁਸਾਰ ਕਾਨੂੰਨ ਬਣਾਏ ਹਨ। ਉੱਤਰ ਪ੍ਰਦੇਸ਼ ਸਰਕਾਰ ਨੇ ਜ਼ਿਲਾ ਮੈਜਿਸਟ੍ਰੇਟਾਂ ਨੂੰ ਖਾਸ ਤੌਰ ਉੱਤੇ ਹਦਾਇਤਾਂ ਦਿਤੀਆਂ ਸਨ ਕਿ ਉਹ ਕੁਦਰਤੀ ਨਿਆਂ ਦੇ ਅਸੂਲਾਂ ਅਤੇ ਕਾਨੂੰਨ ਦੇ ਢਾਂਚੇ ਅਨੁਸਾਰ ਹੀ ਕਾਰਵਾਈ ਕਰਨ।

Digitized by Panjab Digital Library | www.panjabdigilib.org

## (ੲ) ਸੰਵਿਧਾਨ ਦੀ ਧਾਰਾ 25(2) (ਅ) ਦੀ ਤਰਮੀਮ

37. ਅਕਾਲੀ ਦਲ ਵਲੋਂ ਰਖੀਆਂ ਗਈਆਂ ਵੱਖ ਵੱਖ ਮੰਗਾਂ ਉਤੇ ਗਲ-ਬਾਤ ਚਲ ਹੀ ਰਹੀ ਸੀ ਕਿ ਅਕਾਲੀ ਦਲ ਨੇ ਜਨਵਰੀ 1984 ਵਿਚ ਇਕ ਬਿਲਕੁਲ ਨਵੀਂ ਮੰਗ ਰਖ ਦਿਤੀ, ਜਿਸ ਵਿਚ ਸੰਵਿਧਾਨ ਦੀ ਧਾਰਾ 25(2)(ਅ)* ਵਿਚ ਤਰਮੀਮ ਕਰਨ ਲਈ ਕਿਹਾ ਗਿਆ ਅਤੇ ਇਹ ਮੰਗ ਪੇਸ਼ ਕਰਨ ਦੇ ਨਾਲ ਹੀ ਇਕ ਅੰਦੋਲਨ ਦਾ ਐਲਾਨ ਕਰ ਦਿੱਤਾ ਜਿਸ ਵਿਚ ਭਾਰਤ ਦੇ ਸੰਵਿਧਾਨ ਨੂੰ ਸਾੜਨਾ ਅਤੇ ਵਿਗਾੜਨਾ ਸ਼ਾਮਲ ਸੀ।

38. ਮਾਰਚ 1984 ਵਿਚ ਵੀ ਅਕਾਲੀ ਦਲ ਨੇ ਜਦੋਂ ਸਰਕਾਰ ਨੂੰ ਭੇਜੇ ਇਕ ਪੱਤਰ ਵਿਚ ਏਸ ਮੰਗ ਦਾ ਪਹਿਲੀ ਵਾਰ ਜ਼ਿਕਰ ਕੀਤਾ ਤਾਂ ਉਸ ਵਿਚ ਚਾਹੀ ਗਈ ਤਰਮੀਮ ਦਾ ਉਦੇਸ਼ ਸਪਸ਼ਟ ਨਹੀਂ ਕੀਤਾ ਗਿਆ। ਸੱਚ ਤਾਂ ਇਹ ਹੈ ਕਿ ਅਕਾਲੀ ਦਲ ਨੇ ਆਪਣਾ ਦ੍ਰਿਸ਼ਟੀਕੋਣ ਸਪਸ਼ਟ ਸ਼ਬਦਾਂ ਵਿਚ ਤਹਿ ਨਹੀਂ ਕੀਤਾ ਸੀ। ਇਹ ਗਲ 1 ਮਈ 1984 ਦੀਆਂ ਅਖਬਾਰਾਂ ਦੀ ਏਸ ਖਬਰ ਤੋਂ ਪ੍ਰਗਟ ਹੁੰਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ, ਧਾਰਾ 25 ਵਿਚ ਸਬੰਧਤ ਤਰਮੀਮਾਂ ਦਾ ਸੁਝਾਅ ਦੇਣ ਲਈ ਮਾਹਿਰਾਂ ਦੀ ਇਕ 21 ਮੈਂਬਰੀ ਕਮੇਟੀ ਕਾਇਮ ਕੀਤੀ ਹੈ।

39. ਸਰਕਾਰ ਦਾ ਖਿਆਲ ਇਹ ਹੈ ਕਿ ਧਾਰਾ 25(2)(ਅ) ਸਿੱਖ ਭਾਈਚਾਰੇ ਦੀ ਇਕ ਨਵੇਕਲੀ ਪਛਾਣ ਨੂੰ ਕਮਜ਼ੋਰ ਕਰਨ ਦੀ ਗਲ ਤਾਂ ਦੂਰ ਰਹੀ ਅਸਲ ਵਿਚ ਉਸ ਹੋਂਦ ਨੂੰ ਮਾਨਤਾ ਦੇਂਦੀ ਹੈ। ਫੇਰ ਵੀ, ਕਿਉਂਕਿ ਸ਼ੰਕੇ ਉਠਾਏ ਗਏ ਸਨ, ਗ੍ਰਹਿ ਮੰਤਰੀ ਨੇ 31 ਮਾਰਚ 1984 ਨੂੰ ਇਕ ਬਿਆਨ ਜਾਰੀ ਕੀਤਾ ਕਿ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਭਾਈਚਾਰੇ ਦੇ ਹੋਰ ਪ੍ਰਤੀਨਿਧਾਂ ਅਤੇ ਕਾਨੂੰਨੀ ਮਾਹਿਰਾਂ ਨਾਲ ਵੀ ਸਲਾਹਮਸ਼ਵਰਾ ਕਰਨ ਲਈ ਤਿਆਰ ਹੋਏਗੀ ਅਤੇ ਇਹਨਾਂ ਸ਼ੰਕਿਆਂ ਨੂੰ ਦੂਰ ਕਰਨ ਲਈ, ਲੋੜੀਂਦੀ ਤਰਮੀਮ ਰਾਹੀਂ ਕਾਨੂੰਨ ਪਾਸ ਕਰਨ ਦਾ ਕੰਮ ਹੱਥ ਵਿਚ ਲਏਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਏਸ ਸਬੰਧ ਵਿਚ ਆਪਣੇ ਸੁਝਾਅ ਅਤੇ ਤਜਵੀਜ਼ਾਂ ਭੇਜਣ ਲਈ ਕਿਹਾ ਗਿਆ ਤਾਂ ਜੋ ਸਰਕਾਰ ਅਗੋਂ ਹੋਰ ਵਿਚਾਰ ਕਰ ਸਕੇ। ਧਾਰਾ 25 ਦੀ ਤਰਮੀਮ ਸਬੰਧੀ ਅੰਦੋਲਨ ਵਿਚ ਗ੍ਰਿਫਤਾਰ ਕੀਤੇ ਗਏ ਅਕਾਲੀ ਦਲ ਦੇ ਸਾਰੇ ਨੇਤਾ ਰਿਹਾ ਕਰ ਦਿੱਤੇ ਗਏ ਤਾਂ ਜੋ ਗਲ-ਬਾਤ ਲਈ ਸੁਖਾਵਾਂ ਵਾਤਾਵਰਣ ਪੈਦਾ ਹੋ ਸਕੇ।

---

*ਸੰਵਿਧਾਨ ਦੀ ਧਾਰਾ 25(2)(ਅ) ਹੇਠਾਂ ਦਿਤੀ ਜਾਂਦੀ ਹੈ :—

(1) ਅਮਨ ਕਾਨੂੰਨ, ਨੈਤਿਕਤਾ ਅਤੇ ਸਿਹਤ ਅਤੇ ਇਸ ਹਿੱਸੇ ਦੀਆਂ ਹੋਰ ਧਾਰਾਵਾਂ ਅਧੀਨ ਸਾਰੇ ਵਿਅਕਤੀ, ਜ਼ਮੀਰ ਦੀ ਆਜ਼ਾਦੀ ਅਤੇ ਕਿਸੇ ਵੀ ਧਰਮ ਨੂੰ ਅਪਨਾਉਣ, ਇਸ ਉਤੇ ਚਲਣ ਅਤੇ ਇਸਦਾ ਪ੍ਰਚਾਰ ਕਰਨ ਦੇ ਅਧਿਕਾਰ ਦੇ ਇਕੋ ਜਹੇ ਹੱਕਦਾਰ ਹਨ।

(2) ਏਸ ਧਾਰਾ ਦੀ ਕੋਈ ਵੀ ਗਲ ਕਿਸੇ ਮੌਜੂਦਾ ਕਾਨੂੰਨ ਉਤੇ ਅਮਲ ਉਤੇ ਅਸਰ ਨਹੀਂ ਪਾਏਗੀ ਜਾਂ ਰਾਜ ਨੂੰ ਕੋਈ ਅਜੇਹੀ ਕਾਨੂੰਨ ਪਾਸ ਕਰਨ ਤੋਂ ਨਹੀਂ ਰੋਕੇਗੀ ਜੋ :—

(ੳ) ਧਾਰਮਕ ਰੀਤੀ ਨਾਲ ਸਬੰਧਤ ਕਿਸੇ ਆਰਥਕ, ਮਾਲੀ ਰਾਜਸੀ ਜਾਂ ਹੋਰ ਲੌਕਿਕ ਕਾਰਵਾਈਆਂ ਨੂੰ ਨੇਮਬੱਧ ਕਰਦੀ ਹੋਵੇ ਜਾਂ ਉਹਨਾਂ ਉਤੇ ਪਾਬੰਦੀ ਲਾਉਂਦੀ ਹੋਵੇ।

(ਅ) ਸਮਾਜਕ ਭਲਾਈ ਅਤੇ ਸੁਧਾਰ ਦਾ ਪ੍ਰਬੰਧ ਕਰਦੀ ਹੈ ਜਾਂ ਸਰਵਜਨਕ ਪ੍ਰਕਾਰ ਦੀਆਂ ਹਿੰਦੂਆਂ ਦੀਆਂ ਧਾਰਮਕ ਸੰਸਥਾਵਾਂ ਨੂੰ ਹਿੰਦੂਆਂ ਦੀਆਂ ਸਾਰੀਆਂ ਸ਼੍ਰੇਣੀਆਂ ਅਤੇ ਜਮਾਤਾਂ ਲਈ ਖਲ੍ਹਦੀ ਹੈ।

ਸਪਸ਼ਟੀਕਰਣ:—(1) ਧਾਰਾ 2 ਦੀ ਉਪਧਾਰਾ (ਅ) ਵਿਚ ਹਿੰਦੂਆਂ ਦੇ ਜ਼ਿਕਰ ਤੋਂ ਭਾਵ ਇਹ ਲਿਆ ਜਾਏਗਾ ਕਿ ਉਸ ਅਧੀਨ ਸਿੱਖ, ਜੈਨ ਜਾਂ ਬੁਧ ਧਰਮ ਦੇ ਮੰਨਣ ਵਾਲੇ ਵਿਅਕਤੀਆਂ ਦਾ ਜ਼ਿਕਰ ਸਮਝਿਆ ਜਾਏਗਾ ਅਤੇ ਹਿੰਦੂਆਂ ਦੀਆਂ ਧਾਰਮਕ ਸੰਸਥਾਵਾਂ ਦਾ ਜ਼ਿਕਰ ਵੀ ਉਸੇ ਤਰ੍ਹਾਂ ਲਿਆ ਜਾਏਗਾ।

Digitized by Panjab Digital Library | www.panjabdigilib.org

ਅਕਾਲੀ ਦਲ ਨੇ ਧਾਰਾ 25 ਵਿਚ ਤਰਮੀਮ ਦੀ ਮੰਗ ਦੇ ਨਾਲ ਸਿੱਖਾਂ ਲਈ ਇਕ ਵਖਰਾ ਨਿਜੀ ਕਾਨੂੰਨ (ਪਰਸਨਲ ਲਾਅ) ਨੂੰ ਜੋੜਨ ਦੀ ਮੰਗ ਵੀ ਕੀਤੀ ਪਰ ਸਰਕਾਰ ਨੂੰ ਵਿਚਾਰ ਲਈ ਕੋਈ ਸੁਝਾਅ ਨਹੀਂ ਦਿੱਤਾ ਗਿਆ ਅਤੇ ਨਾ ਹੀ ਇਹ ਸਪਸ਼ਟ ਕੀਤਾ ਗਿਆ ਕਿ ਵਰਤਮਾਨ ਕਾਨੂੰਨਾਂ ਵਿਚ ਕਿਹੜੀਆਂ ਅਤੇ ਕਿਨ੍ਹਾਂ ਕਾਰਣਾਂ ਕਰਕੇ ਤਬਦੀਲੀਆਂ ਕਰਨ ਦੀ ਲੋੜ ਹੈ।

40. ਸੰਵਿਧਾਨ ਦੀ ਧਾਰਾ 25 ਵਿਚ ਤਰਮੀਮ ਕਰਨ ਦੀ ਮੰਗ ਮੰਨਵਾਉਣ ਲਈ ਸਰਕਾਰ ਉੱਤੇ ਦਬਾਅ ਪਾਉਣ ਲਈ ਜੋ ਵਕਤ ਅਤੇ ਤਰੀਕਾ ਚੁਣਿਆ ਗਿਆ, ਉਹ ਅਕਾਲੀ ਦਲ ਦੇ ਗਲ-ਬਾਤ ਪ੍ਰਤੀ ਰਵਈਏ ਦਾ ਆਪਣਾ ਹੀ ਨਮੂਨਾ ਸੀ। ਲੰਮੀ ਸੋਚ-ਵਿਚਾਰ ਬਾਅਦ, ਜਦੋਂ ਕੁਝ ਸੁਆਲਾਂ ਬਾਰੇ ਸਮਝੌਤਾ ਹੋਣ ਦੀ ਉਮੀਦ ਨਜ਼ਰ ਆਉਂਦੀ ਸੀ ਤਾਂ ਨਵੇਂ ਸੁਆਲ ਉਠਾ ਦਿੱਤੇ ਜਾਂਦੇ, ਜਿਸ ਕਾਰਣ ਕਿਸੇ ਸਮਝੌਤੇ ਉੱਤੇ ਪਹੁੰਚਣ ਦੀ ਸੰਭਾਵਨਾ ਖਤਮ ਹੋ ਜਾਂਦੀ। ਅਕਸਰ ਮੰਗਾਂ ਅਕਾਲੀ ਦਲ ਵਲੋਂ ਏਸ ਗਲ ਉੱਤੇ ਵਿਚਾਰ ਕੀਤੇ ਬਿਨਾਂ ਰਖੀਆਂ ਜਾਂਦੀਆਂ ਕਿ ਇਹਨਾਂ ਦਾ ਸਿੱਖ ਭਾਈਚਾਰੇ ਉੱਤੇ ਕੀ ਅਸਰ ਪਏਗਾ। ਜਾਪਦਾ ਸੀ ਕਿ ਅਕਾਲੀ ਦਲ ਕਿਸੇ ਨਾ ਕਿਸੇ ਮਾਮਲੇ ਉੱਤੇ ਅੰਦੋਲਨ ਜਾਰੀ ਰਖਣਾ ਚਾਹੁੰਦਾ ਹੈ। ਹਰ ਕੁਝ ਮਹੀਨਿਆਂ ਬਾਦ ਨਵੇਂ ਮੋਰਚੇ ਜਾਂ ਬੰਧ ਲਈ ਅਪੀਲ ਕੀਤੀ ਜਾਂਦੀ, ਹਰ ਨਵਾਂ ਅੰਦੋਲਨ ਪਿਛਲੇ ਅੰਦੋਲਨ ਨਾਲ ਵਧੇਰੇ ਹਿੰਸਕ ਅਤੇ ਖਤਰਨਾਕ ਹੁੰਦਾ ਸੀ।

41. ਅਕਾਲੀ ਦਲ ਨਾਲ ਗਲ-ਬਾਤ ਬਾਰੇ ਗ੍ਰਹਿਮੰਤਰੀ ਵਲੋਂ 28 ਫਰਵਰੀ, 1984 ਨੂੰ ਦਿੱਤਾ ਗਿਆ ਵੇਰਵੇ ਸਹਿਤ ਬਿਆਨ ਅਤੇ 2 ਜੂਨ 1984 ਨੂੰ ਪ੍ਰਧਾਨਮੰਤਰੀ ਦਾ ਕੌਮ ਦੇ ਨਾਂ ਪ੍ਰਸਾਰਣ ਕ੍ਰਮਵਾਰ ਅਨੈਕਸਚਰ V ਅਤੇ VI ਉੱਤੇ ਹਨ।

Digitized by Panjab Digital Library | www.panjabdigilib.org

# 3. ਪੰਜਾਬ ਵਿਚ ਦਹਸ਼ਤ ਅਤੇ ਹਿੰਸਾ

ਪੰਜਾਬ ਵਿਚ ਦੁਖਦਾਈ ਘਟਨਾਵਾਂ ਦੀ ਸ਼ੁਰੂਆਤ ਕੁਝ ਕਟੱਰਪੰਥੀ ਸਿੱਖਾਂ ਅਤੇ ਨਿਰੰਕਾਰੀਆਂ ਵਿਚਕਾਰ ਫਿਰਕਾਵਾਰ ਦੁਸ਼ਮਨੀ ਦੀਆਂ ਵਾਰਦਾਤਾਂ ਨਾਲ ਹੋਈ। ਅਪ੍ਰੈਲ 1978 ਦੀਆਂ ਝੜਪਾਂ ਵਿਚ ਹਤਿਆਵਾਂ ਹੋਈਆਂ ਜਿਨ੍ਹਾਂ ਦੀ ਸਿਖਰ ਸੀ ਨਿਰੰਕਾਰੀਆਂ ਦੇ ਰੂਹਾਨੀ ਪਰਮੁਖ ਬਾਬਾ ਗੁਰਬਚਨ ਸਿੰਘ ਦੀ 24 ਅਪ੍ਰੈਲ 1980 ਵਿਚ ਹਤਿਆ। ਇਸ ਪਿਛੋਂ ਦਹਸ਼ਤ ਅਤੇ ਹਿੰਸਾ ਨਾਲ ਜੁੜਿਆ ਧਾਰਮਕ ਅੰਧ ਵਿਸ਼ਵਾਸ਼ ਅਤੇ ਉਗਰਵਾਦ ਪੰਜਾਬ ਦੀ ਰਾਜਨੀਤੀ ਤੇ ਛਾ ਗਿਆ। ਸਮਾਜ ਤੇ ਹੋਏ ਇਸ ਖਤਰਨਾਕ ਹਮਲੇ ਦਾ ਨਤੀਜਾ ਕੇਵਲ ਮਾਰੇ ਗਏ ਜਾਂ ਜਖਮੀ ਹੋਏ ਲੋਕਾਂ ਦੀ ਗਿਣਤੀ ਨਾਲ ਨਹੀਂ ਲਾਇਆ ਜਾ ਸਕਦਾ। ਅੱਤਵਾਦੀਆਂ ਦਾ ਵੱਡਾ ਮੰਤਵ ਪੰਜਾਬ ਦੇ ਲੋਕਾਂ ਵਿਚ ਫੁਟ ਪਾਣਾ ਅਤੇ ਉਹਨਾਂ ਦੀ ਸਾਂਝੀ ਸੰਸਕ੍ਰਿਤੀ ਨੂੰ ਬਰਬਾਦ ਕਰਨਾ ਸੀ।

## ਹਿੰਸਾ ਦਾ ਸਰੂਪ :

2. ਇਹ ਅਜੀਬ ਗੱਲ ਸੀ ਕਿ ਫਿਰਕੂ ਨਿਖੇੜਾ ਉਸ ਅੰਦੋਲਨ ਦਾ ਜੁੜਵਾਂ ਹਿੱਸਾ ਬਣ ਗਿਆ ਜਿਹੜਾ ਬਿਨਾਂ ਕਿਸੇ ਧਾਰਮਕ ਭੇਦ ਭਾਵ ਦੇ ਸਾਰੇ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੂਰ ਕਰਨ ਦੇ ਨਾਂ ਤੇ ਸ਼ੁਰੂ ਕੀਤਾ ਗਿਆ ਸੀ। ਉਥੇ ਜੋ ਤਾਕਤਾਂ ਕੰਮ ਕਰ ਰਹੀਆਂ ਸਨ ਉਹਨਾਂ ਕਾਰਨ ਹੀ ਇਹ ਹਾਲਤ ਪੈਦਾ ਹੋਈ। ਅਕਾਲੀ ਦਲ ਅੰਦੋਲਨ ਦਾ ਅੱਤਵਾਦ ਤੋਂ ਪੈਦਾ ਹੋਏ ਜ਼ਹਿਰੀਲੇ ਫਿਰਕੂ ਅਤੇ ਇਕ ਛੋਟੇ ਜਹੇ ਸਮੂਹ ਜਿਸ ਨੂੰ ਬਾਹਰੀ ਤਤਾਂ ਦੀ ਹਮਾਇਤ ਹਾਸਲ ਸੀ, ਦੀਆਂ ਵੱਖਵਾਦੀ ਅਤੇ ਕੌਮ ਵਿਰੋਧੀ ਕਾਰਵਾਈਆਂ ਨਾਲ ਅਲਾਮਤੀ ਸੰਬੰਧ ਹੋ ਗਿਆ। ਇਸ ਦੇ ਨਾਲ ਹੀ ਵੱਖ ਵੱਖ ਕਿਸਮ ਦੇ ਲੋਕ ਜਾਂ ਦਲ ਜਿਵੇਂ ਕਿ ਸਮਗਲਰ, ਅਪਰਾਧੀ, ਨਕਸਲਵਾਦੀ ਵੀ ਇਸ ਗੈਰ ਯਕੀਨੀ ਹਾਲ ਦਾ ਲਾਭ ਉਠਾਣ ਲਗੇ। ਜੋ ਬਹੁਤ ਸਾਰੇ ਲੋਕੀ ਇਹ ਸੋਚਦੇ ਸਨ ਕਿ ਰਾਜਨੀਤੀ ਨੂੰ ਅਲਗਵਾਦ ਅਤੇ ਆਤੰਕਵਾਦ ਤੋਂ ਵੱਖ ਰਖਿਆ ਜਾ ਸਕਦਾ ਹੈ ਉਹ ਸ਼ਾਇਦ ਆਪਸੀ ਸੰਬੰਧਾਂ ਦੇ ਗੁੰਝਲਦਾਰ ਅਤੇ ਬਦਲਦੇ ਹੋਏ ਰੂਪ ਨੂੰ ਨਹੀਂ ਪਛਾਣ ਸੱਕੇ। ਪਰ ਅੱਤਵਾਦੀਆਂ ਦੀ ਹਿੰਸਾ ਦੀ ਰਾਜਨੀਤੀ ਵਖਰੀ ਹੀ ਹੈ। ਕੁਝ ਸਮਾਂ ਪੈਂਦੇ ਹੀ ਇਹ ਲੋਕ ਦੂਜੇ ਰੁਜਹਾਨਾਂ ਤੇ ਛਾ ਜਾਦੇਂ ਹਨ। ਪਹਿਲਾਂ ਵੀ ਇੰਜ ਹੀ ਹੁੰਦਾ ਰਿਹਾ ਹੈ ਇਸ ਲਈ ਹੈਰਾਨੀ ਨਹੀਂ ਕਿ ਪੰਜਾਬ ਵਿਚ ਵੀ ਇਹ ਕੁਝ ਹੋਇਆ ਜਿਥੇ ਹਿੰਸਾ ਤੇ ਅੱਤਵਾਦ ਛੇਤੀ ਹੀ ਹਾਵੀ ਹੋ ਗਿਆ।

3. ਅਕਾਲੀ ਦਲ ਨੇ ਹਤਿਆ, ਸਾੜ੍ਹਫੂਕ ਤੇ ਲੁਟਮਾਰ ਦੇ ਮੰਤਵ ਅਤੇ ਤਰੀਕਿਆਂ ਨਾਲ ਅਸਹਿਮਤ ਲੋਕਾਂ ਦੀਆਂ ਬੇਦਰਦ ਹਤਿਆਵਾਂ ਨੂੰ ਨਾ ਸਿਰਫ ਆਯੋਗ ਕਰਾਰ ਦਿਤਾ ਸਗੋਂ ਅੰਦੋਲਨ ਕਾਰੀ ਪ੍ਰੋਗਰਾਮ ਅਤੇ ਸਾਰੇ ਰਾਜ ਵਿਚ ਫੈਲ ਰਹੀ ਹਿੰਸਾ ਦੇ ਨਾਲ ਕਿਸੇ ਸੰਬੰਧ ਤੋਂ ਵੀ ਇਨਕਾਰ ਕਰਦੇ ਰਹੇ। ਹਿੰਦੂ ਸਿੱਖ ਭਾਈਚਾਰੇ ਦੇ ਹਾਮੀ ਹੋਣ ਦੇ ਦਾਅਵੇ ਦੇ ਬਾਵਜੂਦ ਇਸ ਦਲ ਨੇ ਫਿਰਕੂ ਕਟਰਪੰਥੀਆਂ ਵਲੋਂ ਕੀਤੇ ਜਾ ਰਹੇ ਜਹਿਰੀਲੇ ਪਰਚਾਰ ਦੀ ਨਿੰਦਾ ਨਹੀਂ ਕੀਤੀ। ਹਰਮੰਦਿਰ ਕੰਪਲੈਕਸ ਤੇ ਦੂਜੇ ਪੂਜਾ ਅਸਥਾਨਾਂ ਤੇ ਵਡੀ ਮਾਤਰਾ ਵਿਚ ਹਥਿਆਰ ਅਤੇ ਗੋਲੀ ਸਿੱਕਾ ਇੱਕਠਾ ਕਰਨ, ਹਤਿਆਰਿਆਂ ਅਤੇ ਅਪਰਾਧੀਆਂ ਨੂੰ ਸ਼ਰਨ ਦੇਣ ਅਤੇ ਭੰਨ ਤੋੜ ਤੇ ਬਗਾਵਤ ਦੀ ਵੱਡੀ ਤਿਆਰੀ ਕਰਨ ਲਈ ਮੰਦੀ ਵਰਤੋਂ ਕੀਤੇ ਜਾਨ ਦੀ ਅਕਾਲੀ ਦਲ ਦੇ ਆਗੂਆਂ ਨੇ ਨਿੰਦਾਂ ਨਹੀਂ ਕੀਤੀ ਸਗੋਂ ਇਸ ਤਰ੍ਹਾਂ ਦੀਆਂ ਕਾਰਵਇਆਂ ਦੀ ਹੋਂਦ ਤੋਂ ਵੀ ਇਨਕਾਰ ਕੀਤਾ।

Digitized by Panjab Digital Library | www.panjabdigilib.org

4. ਪੰਜਾਬ ਵਿਚ ਇਕ ਹਿੰਸਕ ਦਲ ਵਲੋਂ ਹੋਲੇ ਹੋਲੇ ਹਿੰਸਾ ਦਾ ਢਾਂਚਾ ਖੜਾ ਕੀਤਾ ਗਿਆ। ਇਸਨੂੰ ਪਤਾ ਸੀ ਕਿ ਉਸ ਦਾ ਮੰਤਵ ਕੀ ਹੈ ਅਤੇ ਉਸ ਨੂੰ ਭਰੋਸਾ ਸੀ ਕਿ ਇਸ ਅੰਦੋਲਨ ਦੇ ਮੁਖੀ ਰਾਜਨੀਤਕ ਆਗੂ ਉਨ੍ਹਾਂ ਨੂੰ ਕੁਝ ਨਹੀਂ ਕਹਿਣਗੇ।

5. ਅਕਾਲੀ ਦਲ ਵਲੋਂ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕਰਨ ਤੋਂ ਪਹਿਲਾਂ ਸਰਬ ਭਾਰਤੀ ਸਿੱਖ ਵਿਦਿਆਰਥੀ ਫੈਡਰੇਸ਼ਨ (ਏ.ਆਈ.ਐਸ.ਐਸ.ਐਫ.) ਤੇ ਦੂਜੇ ਦਲ ਅੰਮ੍ਰਿਤਸਰ ਵਿਚ ਰੈਲੀਆਂ ਅਤੇ ਜਲੂਸ ਕਢ ਰਹੇ ਸਨ। "ਖਾਲਿਸਤਾਨ ਜ਼ਿੰਦਾਬਾਦ" ਦੇ ਨਾਅਰੇ ਲਾਏ ਜਾਦੇਂ ਸਨ ਅਤੇ ਜਾਣ ਬੁਝ ਕੇ ਫਿਰਕੂ ਖਿੱਚਾ ਪੈਦਾ ਕੀਤਾ ਜਾਂਦਾ ਸੀ। ਇਸ ਮਗਰੋਂ ਸਤੰਬਰ 1981 ਵਿਚ ਲਾਲਾ ਜਗਤ ਨਰਾਇਨ ਦੀ ਹੱਤਿਆ ਕੀਤੀ ਗਈ ਕਿਉਂਕਿ ਉਹਨਾਂ ਨਿਰੰਕਾਰੀਆਂ ਨੂੰ ਮਾਰਨ ਦੀ ਨਖੇਧੀ ਕੀਤੀ ਸੀ। ਸ੍ਰੀ ਭਿੰਡਰਾਂ ਵਾਲੇ ਨੂੰ ਹਤਿਆ ਦੇ ਸੰਬੰਦ ਵਿਚ ਗਿਰਫਤਾਰ ਕੀਤਾ ਗਿਆ ਸੀ। ਵਡੀ ਪੱਧਰ ਤੇ ਹਿੰਸਾ ਹੋਈ ਜਿਸ ਵਿਚ ਮਹਿਤਾ ਚੋਕ ਕੋਲ ਪੁਲਿਸ ਤੇ ਘਾਤਕ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਪੁਲਿਸ ਨੇ ਵੀ ਗੋਲੀ ਚਲਾਈ ਜਿਸਨੂੰ ਅਦਾਲਤੀ ਜਾਂਚ ਚ' ਵੀ ਠੀਕ ਸਮਝਿਆ ਗਿਆ। ਉਸੇ ਦਿਨ ਮੋਟਰ-ਸਾਇਕਲ ਸੁਆਰ ਇਕ ਟੋਲੇ ਨੇਂ ਜਲੰਧਰ ਵਿਚ 4 ਬੰਦੇ ਮਾਰੇ ਅਤੇ ਕਈ ਜ਼ਖਮੀ ਕੀਤੇ। ਇਸ ਤਰ੍ਹਾਂ ਮੋਟਰ-ਸਾਇਕਲ ਸੁਆਰਾਂ ਵਲੋਂ ਨਿਧੜਕ ਹਤਿਆਵਾਂ ਦਾ ਦੌਰ ਚਲ ਪਿਆ ਜਿਸ ਦੀ ਦਹਸ਼ਤ ਅਗਲੇ 3 ਸਾਲ ਤਕ ਪੰਜਾਬ ਤੇ ਛਾਈ ਰਹੀ। 29 ਸਤੰਬਰ 1981 ਨੂੰ ਇੰਡੀਅਨ ਏਅਰ ਲਾਈਨਜ਼ ਦੇ ਇਕ ਹਵਾਈ ਜਹਾਜ਼ ਨੂੰ ਕੁਝ ਸਿੱਖ ਅੱਤਵਾਦੀ ਅਗਵਾ ਕਰਕੇ ਲਾਹੌਰ ਲੈ ਗਏ। ਇਹ ਅੱਤਵਾਦੀ ਹਾਲੇ ਵੀ ਪਾਕਿਸਤਾਨ ਵਿਚ ਹਨ। ਭਾਵੇਂ ਪਾਕਿਸਤਾਨ ਸਰਕਾਰ ਨਾਲ ਇਹ ਮਾਮਲਾ ਚੁਕਿਆ ਜਾ ਚੁਕਾ ਹੈ।

ਇਹ ਸਾਰੀਆਂ ਗੱਲਾਂ ਹੀ ਅਕਾਲੀਆਂ ਦੇ ਅੰਦੋਲਨ ਦੀ ਸ਼ੁਰੂਆਤ ਲਈ ਪਛੋਕੜ ਬਣੀਆਂ।

## ਅਕਾਲੀ ਦਲ ਅੰਦੋਲਨ :

6. ਪ੍ਰਧਾਨ ਮੰਤਰੀ ਅਕਾਲੀ ਦਲ ਦੇ ਆਗੂਆਂ ਨਾਲ ਅਕਤੂਬਰ 1981, ਨਵੰਬਰ 1981 ਅਤੇ ਅਪ੍ਰੈਲ 1982 ਵਿਚ ਮਿਲੇ ਅਤੇ ਗਲ-ਬਾਤ ਅਜੇ ਚਲ ਹੀ ਰਹੀ ਸੀ ਕਿ ਅਕਾਲੀ ਦਲ ਨੇ ਸੱਤਲੁਜ ਜਮਨਾ ਨਹਿਰ ਦੀ ਖੁਦਾਈ ਵਿਚ ਰੁਕਾਵਟ ਪਾਉਣ ਅਤੇ ਸਰਕਾਰੀ ਕਰਜੇ ਵਾਪਸ ਨਾ ਕਰਨ ਦੇ ਪ੍ਰੋਗਰਾਮ ਦਾ ਐਲਾਨ ਕੀਤਾ। ਅੰਦੋਲਨ ਪਹਿਲਾਂ 24 ਅਪ੍ਰੈਲ 1982 ਤੇ ਫਿਰ 24 ਮਈ 1982 ਨੂੰ ਹੋਇਆ।

7. ਅਕਾਲੀ ਦਲ ਦੇ ਅੰਦੋਲਨ ਨਾਲ ਬਣਿਆ ਖਿਚਾ ਉਹਨਾਂ ਵੱਖ ਵੱਖ ਅੱਤਵਾਦੀ ਦਲਾਂ ਨੂੰ ਮੁਆਫਕ ਸੀ ਜੋ ਇਸ ਵਿਚ ਭਾਗ ਲੈ ਰਹੇ ਸਨ। ਦਲ-ਖਾਲਸਾ ਨੇ ਖੁਲ੍ਹੇ ਆਮ ਸੰਪਰਦਾਂਇਕ ਭਾਵਨਾਵਾਂ ਨੂੰ ਭੜਕਾਇਆ। 26 ਅਪ੍ਰੈਲ 1982 ਨੂੰ ਇਨ੍ਹਾਂ ਨੇ ਹਿੰਦੂ ਮੰਦਰਾਂ ਨੂੰ ਅਪਵਿਤਰ ਕਰਨ ਦੀਆਂ ਕਾਰਵਾਈਆਂ ਦੀ ਜਿਮੇਵਾਰੀ ਆਪਣੇ ਸਿਰ ਲਈ ਤੇ ਐਲਾਨ ਕੀਤਾ ਕਿ ਉਹ ਅਗੇ ਚਲ ਕੇ ਵੀ ਇਸ ਨੂੰ ਫਿਰ ਕਰਨਗੇ। ਗਊ ਹਤਿਆ ਅੰਦੋਲਨ ਦੀ ਧਮਕੀ ਦਿਤੀ ਜਿਸ ਨਾਲ ਫਿਰਕੂ ਤਨਾਂ ਵਧਣ ਦਾ ਬੜਾ ਡਰ ਸੀ। ਮਈ 1982 ਨੂੰ ਦਲ ਖਾਲਸਾ ਅਤੇ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਨੂੰ ਗੈਰਕਾਨੂੰਨੀ ਸੰਸਥਾ ਹੋਣ ਦਾ ਐਲਾਨ ਕੀਤਾ ਗਿਆ।

## ਉਗਰਵਾਦ ਵਿਚ ਵਾਧਾ

8. ਇਕ ਹਤਿਆ ਦੇ ਮਾਮਲੇ ਵਿਚ ਏ.ਆਈ.ਐਸ.ਐਸ.ਐਫ.ਦੇ ਪ੍ਰਧਾਨ ਸ੍ਰੀ ਅਮਰੀਕ ਸਿੰਘ ਅਤੇ ਕਈ ਹੋਰਾਂ ਦੀ 19 ਜੁਲਾਈ 1982 ਨੂੰ ਗਿਰਫਤਾਰੀ ਪਿਛੋਂ ਸ੍ਰੀ ਭਿੰਡਰਾਂਵਾਲੇ ਨੇ ਅਪਨਾ ਮੁਖ ਦਫਤਰ ਚੌਕ ਮਹਿਤਾ ਤੋਂ ਹਰਮੰਦਿਰ ਕੰਪਲੈਕਸ ਅੰਦਰ ਗੁਰੂ ਨਾਨਕ ਨਿਵਾਸ ਵਿਚ ਲੈ ਆਦਾਂ। ਇਸ ਕਾਰਵਾਈ ਪਿਛੇ ਕੀ ਮਕਸਦ ਸੀ ਇਹ ਪਿਛੋਂ ਹੋਈਆਂ ਵਾਰਦਾਤਾਂ ਚੋਂ ਵਖਾਈ ਦਿੱਤਾ। ਸ੍ਰੀ ਅਮਰੀਕ ਸਿੰਘ ਦੀ ਬਿਨਾਂ ਸ਼ਰਤ ਰਿਹਾਈ ਲਈ ਮੋਰਚਾ ਲਾਇਆ ਗਿਆ।

Digitized by Panjab Digital Library | www.panjabdigilib.org

9. ਇਸ ਖਿਚਾਅ ਭਰੇ ਵਾਤਾਵਰਨ ਦੇ ਬਾਵਜੂਦ ਅਕਾਲੀ ਦਲ ਨੇ 4 ਅਗਸਤ 1982 ਤੋਂ ਅਪਣਾ ਮੋਰਚਾ ਵਧੇਰੇ ਤੇਜ਼ ਕਰ ਦਿੱਤਾ ਅਤੇ ਇਸਨੂੰ ਇਕ "ਧਰਮ ਯੁਧ" ਦਾ ਨਾਂ ਦਿੱਤਾ। ਇਸ ਪਿਛੋਂ ਇੰਡੀਅਨ ਏਅਰ ਲਾਈਨਜ਼ ਦੇ ਹਵਾਈ ਜਹਾਜ਼ਾਂ ਨੂੰ ਅਗਵਾ ਕਰਨ ਦੀਆਂ ਦੋ ਵਾਰਦਾਤਾਂ ਹੋਇਆਂ। 20 ਅਗਸਤ 1982 ਨੂੰ ਜਲੰਧਰ ਜ਼ਿਲੇ ਵਿਚ ਤਤਕਾਲੀਨ ਮੁਖਮੰਤਰੀ ਸ੍ਰੀ ਦਰਬਾਰਾ ਸਿੰਘ ਦੀ ਹਤਿਆ ਦਾ ਯਤਨ ਕੀਤਾ ਗਿਆ।

10. ਸ੍ਰੀ ਭਿੰਡਰਾਂਵਾਲੇ ਅਤੇ ਦੂਜੇ ਬੰਦੇ ਜੋ ਹੁਣ ਸਿੱਧੇ ਹਰਮੰਦਿਰ ਕੰਪਲੈਕਸ ਤੋਂ ਕਾਰਵਾਈ ਕਰ ਰਹੇ ਸਨ ਉਹਨਾਂ ਨੇ ਹਿੰਸਾ ਦੀ ਪਰਸੰਸ਼ਾ ਕੀਤੀ ਤੇ ਲੋਕਾਂ ਨੂੰ ਹਿੰਸਾ ਲਈ ਭੜਕਾਇਆ। ਉਗਰਵਾਦੀਆਂ ਅਤੇ ਅੱਤਵਾਦੀਆਂ ਨੇ ਹਰਮੰਦਿਰ ਸਾਹਿਬ ਕੰਪਲੈਕਸ ਦੀ ਖੁਲ ਕੇ ਵਰਤੋਂ ਕਰਨੀ ਸ਼ੁਰੂ ਕਰ ਦਿਤੀ। ਕੌਮੀ ਖਾਲਿਸਤਾਨ ਕੌਂਸਿਲ ਦੇ ਸ੍ਰ: ਬਲਬੀਰ ਸਿੰਘ ਸੰਧੂ ਵੀ ਉਥੇ ਆ ਪੁਜੇ। ਰਾਜ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲੋੜੀਂਦੇ ਬੰਦੇ ਉਹਨਾਂ ਦੇ ਹਵਾਲੇ ਕਰਨ ਦੀ ਅਪੀਲ ਕੀਤੀ ਪਰ ਇਹ ਅਸਫਲ ਰਹੀ।

11. 11 ਸਤੰਬਰ 1982 ਨੂੰ ਤਰਨਤਾਰਨ ਵਿਚ ਰੇਲ ਕਰਾਸਿੰਗ ਤੇ ਜਿਥੇ ਕੋਈ ਕਰਮਚਾਰੀ ਡਿਊਟੀ ਤੇ ਨਹੀਂ ਸੀ, ਇਕ ਰੇਲ ਦੁਰਘਟਨਾਂ ਚ ਅਕਾਲੀ ਦਲ ਦੇ ਕੁਝ ਅਜੇਹੇ ਬੰਦੇ ਮਾਰੇ ਗਏ ਜਿਨ੍ਹਾਂ ਦੇ ਕੇਸ ਅਦਾਲਤਾਂ ਵਿਚ ਚਲ ਰਹੇ ਸਨ। ਅਕਾਲੀ ਦਲ ਨੇ ਇਸਨੂੰ ਜਾਣ ਬੁਝ ਕੇ ਮਾਰਨ ਦੀ ਕੋਸ਼ਿਸ਼ ਦਾ ਨਾ ਦਿੱਤਾ। ਮਰਨ ਵਾਲਿਆਂ ਦੇ ਅੰਤਮ ਸੰਸਕਾਰ ਪਿਛੋਂ ਨਵੀਂ ਦਿਲੀ ਚ 11 ਅਕਤੂਬਰ 1982 ਨੂੰ ਸੰਸਦ ਦੇ ਬਾਹਰ ਹਿੰਸਾ ਭਰਿਆ ਪਰਦਰਸ਼ਨ ਹੋਇਆ।

## ਸਰਕਾਰ ਦਾ ਯਤਨ ਅਤੇ ਅਕਾਲੀ ਦਲ ਦੇ ਜਜ਼ਬੇ

12. ਸਰਕਾਰ ਨੇ ਸਦਭਾਵਨਾਂ ਅਤੇ ਗਲ ਬਾਤ ਨੂੰ ਅਸਾਨ ਕਰਨ ਲਈ ਅਕਤੂਬਰ 1982 ਵਿਚ ਅਕਾਲੀ ਦਲ ਦੇ ਗਿਰਫਤਾਰ ਕੀਤੇ ਸਾਰੇ ਅੰਦੋਲਨਕਾਰੀ ਛਡ ਦਿਤੇ। ਪਰ ਅਕਾਲੀ ਦਲ ਦੇ ਆਗੂਆਂ ਨੇਂ ਅੰਦੋਲਨ ਕਰਨ ਵਾਲਿਆਂ ਨੂੰ ਕਿਹਾ ਕਿ ਉਹ ਜੇਲ ਚੋਂ ਬਾਹਰ ਨਾਂ ਆਉਣ। 26 ਅਕਤੂਬਰ 1982 ਨੂੰ ਰਾਮਨੌਮੀ ਦੇ ਜਲੂਸ ਤੇ ਹਥ ਗੋਲੇ ਸੁਟੇ ਗਏ ਅਤੇ ਭੜਕਾਊ ਭਾਸ਼ਨਾਂ ਕਾਰਨ ਅਮ੍ਰਿਤਸਰ ਵਿਚ ਨਵੀਆਂ ਹਿੰਸਕ ਵਾਰਦਾਤਾਂ ਹੋਈਆਂ। 4 ਨਵੰਬਰ 1982 ਨੂੰ ਗ੍ਰਹਿ ਮੰਤਰੀ ਨੇ ਲੋਕ ਸਭਾ ਵਿਚ ਅੰਦੋਲਨ ਨੂੰ ਵਾਪਸ ਲੈਣ ਜਾਂ ਮੁਲਤਵੀ ਕਰਨ ਦੀ ਅਪੀਲ ਕੀਤੀ। ਇਸ ਦੇ ਜਵਾਬ ਵਿਚ ਅਕਾਲੀ ਦਲ ਨੇਂ ਮੁਖ ਮੰਤਰੀ ਦਾ ਘੇਰਾਓ ਕਰਨ ਦਾ ਇਕ ਨਵਾਂ ਪ੍ਰੋਗਰਾਮ ਸ਼ੁਰੂ ਕਰ ਦਿੱਤਾ। ਧਿਆਨ ਯੋਗ ਇਕ ਗਲ ਇਹ ਹੈ ਕਿ ਅਕਾਲੀ ਦਲ ਨੇ ਅੰਦੋਲਨ ਲਈ ਗਣਤੰਤਰ ਦਿਵਸ ਵਰਗੇ ਕੌਮੀ ਤਿਹਾਰਾਂ ਨੂੰ ਖਾਸ ਕਰਕੇ ਚੁਣਿਆਂ ਜਾਂ ਫਿਰ ਅੰਦੋਲਨ ਉਸ ਵੇਲੇ ਕੀਤੇ ਜਦੋਂ ਭਾਰਤ ਦਾ ਅੰਤਰਰਾਸ਼ਟਰੀ ਸਮੁਦਾਏ ਵਿਚ ਮਾਨ ਦਾ ਸੁਆਲ ਸੀ। ਨਵਬੰਰ-ਦਸਬੰਰ 1982 ਦੇ ਏਸ਼ਿਆਈ ਖੇਡਾਂ ਦੇ ਵੇਲੇ ਪਰਦਰਸ਼ਨ ਕਰਨ ਦੀ ਧਮਕੀ ਦਿਤੀ ਗਈ ਅਤੇ ਨਵੰਬਰ 1983 ਚ ਰਾਸ਼ਟਰ ਮੰਡਲ ਸਰਕਾਰਾਂ ਦੇ ਸਰਬਰਾਹਵਾਂ ਦੇ ਸੰਮੇਲਨ ਦੇ ਮੌਕੇ ਤੇ ਅਕਾਲੀ ਦਲ ਵਲੋਂ ਪਰਚੇ ਵੰਡੇ ਗਏ ਜਿਸ ਵਿਚ ਸਰਕਾਰ ਦੀ ਬਦਨਾਮੀ ਕਰਦੇ ਹੋਏ ਬੇ ਬੁਨਿਆਦ ਇਲਜ਼ਾਮ ਲਾਏ ਗਏ।

13. ਅਕਾਲੀ ਦਲ ਨੇ ਐਲਾਨ ਕੀਤਾ ਸੀ ਕੇ ਜੇ ਉਸ ਦੀਆਂ ਮੰਗਾਂ 21 ਫਰਵਰੀ 1983 ਤਕ ਨਾਂ ਮਨੀਆਂ ਗਈਆਂ ਤਾਂ ਇਹ ਲੜਾਈ ਗਲੀਆਂ ਚ ਪਹੁੰਚ ਜਾਏਗੀ। ਵੱਡੀ ਸੰਖਿਆਂ ਵਿਚ ਸਿੱਖਾਂ ਨੂੰ "ਕਰੋ ਯਾ ਮਰੋ" ਪ੍ਰੋਗਰਾਮ ਅਪਨਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਸ਼ਹੀਦੀ ਵਾਲੰਟੀਅਰਾਂ ਦੀ ਭਰਤੀ ਸ਼ੁਰੂ ਕਰ ਦਿਤੀ ਗਈ।

14. ਕਿਉਂਕਿ ਗਲ-ਬਾਤ ਅਜੇ ਚਲ ਰਹੀ ਸੀ ਇਸ ਲਈ 31 ਮਾਰਚ 1983 ਨੂੰ ਅਕਾਲੀ ਦਲ ਦੇ ਆਗੂਆਂ ਨੂੰ ਅੰਦੋਲਨ ਖਤਮ ਕਰਨ ਦੀ ਨਵੀਂ ਅਪੀਲ ਕੀਤੀ ਗਈ। ਇਸਦਾ ਜੁਆਬ ਪੰਜਾਬ ਵਿਚ 4 ਅਪ੍ਰੈਲ 1983 ਨੂੰ "ਰਸਤਾ ਰੋਕੋ" ਅੰਦੋਲਨ ਦੇ ਰੂਪ ਵਿਚ ਦਿੱਤਾ ਗਿਆ। ਜਿਸ ਕਾਰਨ ਕਈ ਥਾਵਾਂ ਤੇ ਹਿੰਸਾ ਅਤੇ ਸਾੜ ਫੂਕ ਦੀਆਂ ਵਾਰਦਾਤਾਂ ਹੋਈਆਂ।

Digitized by Panjab Digital Library | www.panjabdigilib.org

15-30 ਮਈ 1983 ਨੂੰ ਗ੍ਰਹਿ ਮੰਤਰੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਗੱਲ-ਬਾਤ ਫਿਰ ਸ਼ੁਰੂ ਕਰਨ ਦਾ ਸੁਝਾ ਦਿੱਤਾ ਗਿਆ ਅਕਾਲੀ ਦਲ ਨੇ 17 ਜੂਨ 1983 ਨੂੰ "ਰੇਲ ਰੋਕੋ" ਅੰਦੋਲਨ ਦਾ ਐਲਾਨ ਕੀਤਾ। 29 ਅਗਸਤ 1983 ਨੂੰ "ਕੰਮ ਰੋਕੋ" ਅੰਦੋਲਨ ਸ਼ੁਰੂ ਕੀਤਾ ਗਿਆ। ਜਿਸ ਵਿਚ ਹਿੰਸਾ ਦੀਆਂ ਵਾਰਦਾਤਾਂ ਹੋਈਆਂ।

## ਦਹਿਸ਼ਤ ਵਿਚ ਵਾਧਾ

16. ਇਸ ਸਾਰੀ ਮੁਦਤ ਵਿਚ ਉਗਰਵਾਦੀ ਉਹਨਾਂ ਈਮਾਨਦਾਰ ਪੁਲਿਸ ਅਫਸਰਾਂ ਤੇ ਹਮਲੇ ਕਰਦੇ ਰਹੇ ਜੋ ਕਾਨੂੰਨ ਤੇ ਅਮਨ ਬਣਾਈ ਰਖਨ ਦਾ ਫਰਜ ਪੂਰਾ ਕਰ ਰਹੇ ਸਨ। ਇਨ੍ਹਾਂ ਸਾਰੇ ਅਪਰਾਧਾਂ ਚੋਂ ਸਭ ਤੋਂ ਸਖਤ ਅਪਰਾਧ 25 ਅਪ੍ਰੈਲ 1983 ਨੂੰ ਸ੍ਰੀ ਏ.ਐਸ. ਅਟਵਾਲ ਡੀ.ਆਈ.ਜੀ. ਪੁਲਿਸ ਜਲੰਧਰ ਰੇਂਜ ਦੀ ਬੁਜਦਿਲਾਨਾ ਹਤਿਆ ਹੈ ਜਦੋਂ ਉਹ ਮੱਥਾ ਟੇਕਣ ਪਿਛੋਂ ਦਰਬਾਰ ਸਾਹਿਬ ਤੋਂ ਬਾਹਰ ਆ ਰਹੇ ਸਨ।ਹਮਲਾ ਕਰਨ ਵਾਲੇ ਹਰਮੰਦਿਰ ਦੇ ਅੰਦਰੋਂ ਆਏ ਸਨ ਅਤੇ ਅਪਰਾਧ ਕਰਨ ਪਿਛੋ ਲੁਕੱਣ ਲਈ ਵਾਪਸ ਨਸ ਗਏ ਸਨ। ਪੁਲਿਸ ਅਤੇ ਉਗਰਵਾਦੀਆਂ ਵਿਚਕਾਰ ਕਈ ਝੜਪਾਂ ਹੋਈਆਂ ਜਿਨ੍ਹਾਂ ਵਿਚ ਕਈ ਪੁਲਿਸ ਕਰਮਚਾਰੀ ਮਾਰੇ ਗਏ। ਬਹੁਤ ਸਾਰੇ ਲੋਕ ਧਮਾਕਿਆਂ ਵਿਚ ਮਾਰੇ ਗਏ। ਨਿਰੰਕਾਰੀ ਤੇ ਦੂਜਿਆਂ ਨੂੰ ਚੁਣ ਚੁਣਕੇ ਮਾਰਨ ਦੀਆਂ ਵਾਰਦਾਤਾਂ ਵੀ ਹੁੰਦੀਆਂ ਰਹੀਆਂ।

17. ਏ.ਆਈ.ਐਸ.ਐਸ.ਐਫ.,ਜਿਸ ਨੂੰ 1944 ਵਿਚ ਸਿੱਖ ਨੌਜਵਾਨਾਂ ਦੇ ਦਿਲਾਂ ਵਿਚ ਮਹਾਨ ਗੁਰੂਆਂ ਦੇ ਉਪਦੇਸ਼ਾ ਦੇ ਵਾਸਤੇ ਸਰਧਾ ਪੈਦਾ ਕਰਨ ਲਈ ਬਣਾਇਆ ਗਿਆ ਸੀ ਤੇ ਅੱਤਵਾਦੀਆਂ ਨੇ ਕਬਜਾ ਕਰ ਲਿਆ ਅਤੇ ਇਸ ਦੇ ਮੈਂਬਰਾਂ ਨੇ ਹਿੰਸਾਂ ਤੇ ਹਤਿਆ ਦੀਆਂ ਹੋਰ ਵਾਰਦਾਤਾ ਸ਼ੁਰੂ ਕਰ ਦਿਤਿਆਂ। ਜੂਨ 1983 ਪਿਛੋ ਅੱਤਵਾਦ ਅਤੇ ਫਿਰਕੂ ਵਿਚਾਰ ਧਾਰਾ ਨੂੰ ਵਧਾਣ ਲਈ ਅਤੇ ਹਥਿਆਰਾਂ ਦੀ ਸਿਖਲਾਈ ਲਈ ਗੁਰਮਤ ਕੈਂਪਾ ਦੀ ਯੋਜਨਾ ਅਨੁਸਾਰ ਵਰਤੋਂ ਕੀਤੀ ਗਈ। ਕਈ ਕੈਂਪਾ ਵਿਚ ਪਾਕਿਸਤਾਨ ਅਤੇ ਖਾਲਸਤਾਨ ਦੇ ਹਕ ਵਿਚ ਨਾਅਰੇ ਲਾਏ ਗਏ।

## ਫਿਰਕੂ ਮੋੜ

18. ਸਤੰਬਰ 1983 ਵਿਚ ਹਿੰਦੂਆਂ ਨੂੰ ਜਾਣ ਬੁਝ ਕੇ ਮਾਰਨ ਦੀ ਯੋਜਨਾਂ ਅਤੇ ਵਧ ਰਹੀ ਹਿੰਸਾ ਨੂੰ ਇਕ ਨਵਾਂ ਮੋੜ ਦਿੱਤਾ ਗਿਆ। 28 ਸਤੰਬਰ 1983 ਨੂੰ ਲੁਧਿਆਨਾ ਜ਼ਿਲੇ ਦੇ ਜਗਰਾਓਂ ਕਸਬੇ ਵਿਚ ਸਵੇਰੇ ਸੈਰ ਕਰਦੇ ਕੁਝ ਬੰਦਿਆਂ ਤੇ ਅਨ੍ਹੇਵਾਹ ਗੋਲੀ ਚਲਾਈ ਗਈ। ਇਸ ਪਿਛੋਂ 5 ਅਕਤੂਬਰ 1983 ਨੂੰ ਕਪੂਰਥਲਾ ਜ਼ਿਲੇ ਵਿਚ ਢਿਲਵਾਂ ਦੇ ਨੇੜੇ ਇਕ ਬਸ ਨੂੰ ਅਗਵਾ ਕੀਤਾ ਗਿਆ ਅਤੇ 6 ਹਿੰਦੂ ਮੁਸਾਫਰਾਂ ਨੂੰ ਵਖ ਕਰਕੇ ਬੇਦਰਦੀ ਨਾਲ ਮਾਰ ਦਿਤਾ ਗਿਆ।

19. 21 ਅਕਤੂਬਰ 1983 ਨੂੰ ਭਨਤੋੜ ਕਾਰਣ ਸਿਆਲਦਾ-ਜਮੂੰਤਵੀ ਐਕਸਪ੍ਰੈਸ ਗੱਡੀ ਪਟਰੀ ਤੋਂ ਲਥ ਗਈ। 19 ਮੁਸਾਫਰ ਮਾਰੇ ਗਏ। 18 ਨਵਬੰਰ 1983 ਨੂੰ ਬਸ ਵਿਚ ਸਫਰ ਕਰ ਰਹੇ 4 ਹਿੰਦੂਆਂ ਨੂੰ ਜਿਲਾ ਅਮ੍ਰਿਤਸਰ ਵਿਚ ਮਾਰ ਦਿਤਾ ਗਿਆ।

20. ਰਾਜ ਵਿਚ ਵਾਰਦਾਤਾਂ ਉਦੋਂ ਸਿਖਰ ਤੇ ਪੁਜ ਗਈਆ ਜਦੋਂ ਇਨ੍ਹਾਂ ਦਾ ਅਸਰ ਦੇਸ਼ ਦੀ ਰਾਖੀ, ਏਕਤਾ ਅਤੇ ਅਖੰਡਤਾ ਤੇ [illegible] ਜਿਹਾ ਸੀ। ਇਸਨੂੰ ਵੇਖਦੇ ਹੋਏ ਪੰਜਾਬ ਦੇ ਮੁਖ ਮੰਤਰੀ ਨੇ ਅਸਤੀਫਾ ਦੇ ਦਿਤਾ। 6 ਅਕਤੂਬਰ, 1983 ਤੋਂ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾ ਦਿਤਾ ਗਿਆ ਅਤੇ ਦਹਸ਼ਤ ਗਰਦੀ ਨੂੰ ਖਤਮ ਕਰਨ ਲਈ ਕਈ ਪ੍ਰਬੰਧਕ ਅਤੇ ਕਾਨੂੰਨੀ ਕਦਮ ਚੁੱਕੇ ਗਏ। ਪੰਜਾਬ ਨੂੰ ਗੜਬੜ ਵਾਲਾ ਖੇਤਰ ਘੋਸ਼ਤ ਕਰਨ ਦਾ ਆਰਡੀਨੈਂਸ 7 ਅਕਤੂਬਰ 1983 ਨੂੰ ਲਾਗੂ ਕੀਤਾ ਗਿਆ। ਆਰਮਡ ਫੋਰਸਿਜ਼ (ਪੰਜਾਬ ਅਤੇ ਚੰਡੀਗੜ੍ਹ) ਵਸ਼ੇਸ਼ ਅਧਿਕਾਰਾਂ ਦਾ ਆਰਡੀਨੈਂਸ 1983, 15 ਅਕਤੂਬਰ 1983 ਨੂੰ ਲਾਗੂ ਕੀਤਾ ਗਿਆ। ਬਾਦ ਵਿਚ ਸੰਸਦ ਨੇ ਇੰਨ੍ਹਾਂ ਆਰਡੀਨੈਂਨਸਾਂ ਦੀ ਕਾਨੂੰਨ ਦੇ ਰੂਪ ਵਿਚ ਮੰਨਜ਼ੂਰੀ ਦੇ ਦਿਤੀ।

Digitized by Panjab Digital Library | www.panjabdigilib.org

ਪੰਜਾਬ ਵਿਚ ਹੋਰ ਕੇਂਦਰੀ ਸੁਰਖਸ਼ਾ ਦਲ ਭੇਜੇ ਗਏ। ਇਸ ਤੋਂ ਛੁਟ ਅਵੈਧ ਹਥਿਆਰ ਅਤੇ ਗੋਲੀ ਸਿੱਕਾ ਫੜਨ ਲਈ ਛਾਪੇ ਮਾਰੇ ਗਏ ਤੇ ਕੁਝ ਥਾਵਾਂ ਤੇ ਸਫਲਤਾ ਮਿਲੀ।

## ਅਕਾਲ ਤਖਤ ਦੀ ਨਜਾਇਜ਼ ਵਰਤੋਂ

21. 15 ਦਸਬੰਰ 1983 ਨੂੰ ਸ੍ਰੀ ਭਿੰਡਰਾਂਵਾਲੇ ਅਪਨੇ ਹਥਿਆਰ-ਬੰਦ ਸਾਥੀਆਂ ਸਮੇਤ ਗੁਰੂ ਨਾਨਕ ਨਿਵਾਸ ਤੋਂ ਅਕਾਲ ਤਖਤ ਆ ਗਏ। ਇਸ ਪਵਿਤਰ ਅਸਥਾਨ ਤੋਂ ਭਿੰਡਰਾਂਵਾਲੇ ਅਤੇ ਉਹਨਾਂ ਦੇ ਸਾਥੀਆਂ ਨੇ ਹਿੰਸਾ ਅਤੇ ਫਿਰਕੂ ਨਫਰਤਭੜਕਾਉਂਦੀ ਕਾਰਵਾਈ ਤੇਜ ਕਰ ਦਿਤੀ। ਪਕੜੇ ਗਏ ਕਈ ਬੰਦਿਆ ਮੰਨਿਆ ਹੈ ਕਿ ਉਹਨਾਂ ਨੇ ਹਿੰਸਕ ਜੁਰਮ ਸ੍ਰੀ ਭਿੰਡਰਾਂਵਾਲੇ ਦੇ ਕਹਿਣ ਤੇ ਕੀਤੇ ਸਨ।

22. ਅਤਵਾਦੀਆਂ ਦਾ ਇਕ ਵੱਡਾ ਮੰਤਵ ਉਹਨਾਂ ਸਿਖਾਂ ਨੂੰ ਖਤਮ ਕਰਨਾ ਸੀ ਜੋ ਉਹਨਾ ਦੀ ਦੇਸ਼ ਦੁਸ਼ਮਨ ਕਾਰਵਾਈ ਦੇ ਖਿਲਾਫ ਸਨ। ਕਾਨੂੰਨ ਦਾ ਪਾਲਨ ਕਰਨ ਵਾਲੇ ਲੋਕਾਂ ਨੂੰ ਭਿੰਡਰਾਂਵਾਲੇ ਦੀ ਅਧੀਨਤਾ ਮਨੱਣ ਅਤੇ ਡਰਾਉਣ ਧਮਕਾਨ ਲਈ ਸਿੱਖ ਪੁਲਿਸ ਕਰਮਚਾਰੀਆਂ, ਰਾਜਨਿਤਕ ਨੇਤਾਵਾਂ, ਧਾਰਮਕ ਅਤੇ ਅਧਿਆਤਮਕ ਗੁਰੂਆਂ ਦੀ ਵੱਡੀ ਗਿਣਤੀ ਵਿਚ ਹਤਿਆ ਕੀਤੀ ਗਈ। ਇਹੋ ਹਾਲ ਹਰਮੰਦਿਰ ਸਾਹਿਬ ਵਿਚ ਉਹਨਾਂ ਲੋਕਾਂ ਦਾ ਹੋਇਆ ਜਿਨ੍ਹਾਂ ਬਾਰੇ ਇਹ ਸੋਚਿਆ ਗਿਆ ਤੇ ਸ਼ਕ ਸੀ ਕਿ ਉਹਨਾਂ ਨੇ ਅਤਵਾਦੀਆਂ ਦਾ ਵਿਰੋਧ ਕੀਤਾ ਸੀ। ਲੋਕਾਂ ਨੂੰ ਸਤਾ ਕੇ ਦੁਖਦਾਈ ਮੌਤ ਮਾਰਿਆ ਗਿਆ। ਬਾਦ ਵਿਚ ਉਹਨਾਂ ਦਿਆਂ ਲਾਸ਼ਾਂ ਖੁਲੀਆਂ ਨਾਲੀਆਂ ਵਿਚ ਸੁਟ ਦਿਤੀਆਂ ਗਈਆਂ। ਇਸ ਤੋਂ ਛੁਟ ਹੋਰ ਮਾੜੇ ਤਰੀਕੀਆਂ ਰਾਹੀਂ ਮੰਦਿਰ ਨੂੰ ਅਪਵਿਤਰ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅਤੇ ਅਕਾਲੀ ਦਲ ਨੇ ਇਨ੍ਹਾਂ ਜੁਲਮ ਭਰੀਆਂ ਹਤਿਆਵਾਂ ਅਤੇ ਤਰੀਕਿਆਂ ਨੂੰ ਰੋਕਣ ਲਈ ਕੁਝ ਨਾ ਕੀਤਾ ਅਤੇ ਨਾਂਹੀ ਉਹਨਾਂ ਇਸ ਦੀ ਨਿਖੇਦੀ ਕੀਤੀ। ਲਖਾਂ ਸਿਖਾਂ ਤੇ ਹਿੰਦੂਆਂ ਵਲੋਂ ਪਵਿਤਰ ਮਨੇ ਜਾਣ ਵਾਲੇ ਇਸ ਮੰਦਿਰ ਨੂੰ ਇਸ ਤਰ੍ਹਾਂ ਅਪਵਿਤਰ ਕਰਨ ਦੀ ਕਾਰਵਾਈ ਦੀ ਉਨ੍ਹਾਂ ਕੋਈ ਪਰਵਾਹ ਨਹੀਂ ਕੀਤੀ।

23. ਇਸ ਗਲ ਨੂੰ ਜਾਣਦੇ ਹੋਏ ਵੀ ਕਿ ਮੋਰਚੇ ਜਾਂ ਬੰਧ ਦੀ ਹਰ ਅਪੀਲ ਤੇ ਹਿੰਸਾ ਦਿਆਂ ਸਖਤ ਵਾਰਦਾਤਾਂ ਹੋ ਰਹੀਆਂ ਹਨ ਅਕਾਲੀ ਦਲ ਨੇ 26 ਜਨਵਰੀ 1984 ਨੂੰ ਭਾਰਤ ਦੇ ਵਿਧਾਨ ਦੀ ਧਾਰਾ 25 ਨੂੰ ਸਾੜਨ ਦੇ ਪ੍ਰੋਗਰਾਮ ਦਾ ਏਲਾਨ ਕਰ ਦਿਤਾ। 8 ਫਰਵਰੀ 1984 ਨੂੰ ਪੰਜਾਬ ਬੰਧ ਦੀ ਅਪੀਲ ਕੀਤੀ ਗਈ। ਦੂਜੇ ਪਾਸੇ ਇਕ ਨਵੇਂ ਦਲ, ਹਿੰਦੂ ਸੁਰਖਸ਼ਾ ਸਮਿਤੀ, ਜਿਸ ਦਾ ਜਨਮ 1981 ਵਿਚ ਹੋਈਆਂ ਸੀ, ਨੇ 14 ਫਰਵਰੀ 1984 ਨੂੰ ਬੰਧ ਦੀ ਅਪੀਲ ਕੀਤੀ। ਇਸ ਦੇ ਕਾਰਨ ਕਈ ਥਾਵਾਂ ਤੇ ਝੜਪਾਂ ਅਤੇ ਹਿੰਸਕ ਵਾਰਦਾਤਾਂ ਹੋਇਆਂ ਜਿਨ੍ਹਾਂ ਵਿਚ 11 ਬੰਦੇ ਮਰੇ। ਅਤਿਵਾਦੀ ਹਿੰਦੂ ਜਥੇਬੰਦੀਆਂ ਦੇ ਕੁਝ ਮੈਂਬਰਾਂ ਨੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਹਰਮੰਦਿਰ ਸਾਹਿਬ ਦੇ ਮਾਡਲ ਅਤੇ ਗੁਰੂ ਰਾਮ ਦਾਸ ਦੀ ਇਕ ਤਸਵੀਰ ਦੀ ਬੇਅਦਬੀ ਕੀਤੀ।

24. ਏਸ ਵਕਤ ਤਕ ਹਰਮੰਦਿਰ ਸਾਹਿਬ ਕੰਪਲੈਕਸ ਉਤੇ ਡੇਰਾ ਜਮਾਈ ਬੈਠੇ ਅਤਿਵਾਦੀਆਂ, ਅਤੇ ਉਹਨਾਂ ਨੇ, ਜੋ ਪੂਰੇ ਪੰਜਾਬ ਵਿਚ ਫੈਲ ਚੁਕੇ ਸਨ, ਸੁਰਖਿਆ ਫੌਜਾਂ ਦਾ ਮੁਕਾਬਲਾ ਕਰਨ ਦੀ ਹਿੰਮਤ ਕਰਨੀ ਸ਼ੁਰੂ ਕਰ ਦਿੱਤੀ। ਪੁਲਿਸ ਦੇ ਮਸਲੇ ਉਤੇ, ਹਰਮੰਦਿਰ ਸਾਹਿਬ ਦੇ ਨਾਲ ਲਗਦੀਆਂ ਇਮਾਰਤਾਂ ਤੋਂ ਵਾਰ-ਵਾਰ ਗੋਲੀਆਂ ਚਲਾਈਆਂ ਜਾਂਦੀਆਂ ਰਹੀਆਂ।

ਲੋਕੀਂ ਨਿਰੰਤਰ ਡਰ ਵਿਚ ਰਹਿਣ ਲਗ ਪਏ। ਕੇਵਲ ਇਹ ਸ਼ਕ ਹੋਣ ਉਤੇ ਕਿ ਕਿਸੇ ਨੇ ਅੱਤਿਵਾਦੀਆਂ ਦੀਆਂ ਮੁਜਰਮਾਨਾ ਕਾਰਵਾਈਆਂ ਬਾਰੇ ਸੂਚਨਾ ਦੇ ਦਿੱਤੀ ਹੈ, ਤੁਰਤ ਬਦਲੇ ਦੀ ਕਾਰਵਾਈ ਸ਼ੁਰੂ ਹੋ ਜਾਂਦੀ। ਅਦਾਲਤਾਂ ਵਿਚ ਗਵਾਹੀ ਦੇਣਾ ਤਾਂ ਇਕ ਪਾਸੇ ਰਿਹਾ, ਲੋਕ ਉਹਨਾਂ ਅਪਰਾਧਾਂ ਬਾਰੇ ਗਲ ਕਰਨ ਤੋਂ ਵੀ ਡਰਦੇ ਸਨ, ਜਿਹੜੇ ਉਹਨਾਂ ਨੇ ਆਪਣੀਆਂ ਅੱਖਾਂ ਨਾਲ ਵੇਖੇ ਹੋਦੇ ਸਨ। ਏਥੋਂ ਤਕ ਕਿ ਅਦਾਲਤੀ ਸਿਲਸਲੇ ਨੂੰ ਵੀ ਡਰਾਇਆ ਧਮਕਾਇਆ ਗਿਆ। ਇਸ

Digitized by Panjab Digital Library | www.panjabdigilib.org

ਤਰ੍ਹਾਂ ਕਾਨੂੰਨਾਂ ਦੀ ਪਾਲਣਾ ਕਰਾਉਣ ਵਾਲੀਆਂ ਏਜੰਸੀਆਂ ਵੀ ਕੰਮ ਕਰਨ ਦੇ ਬੁਰੀ ਤਰ੍ਹਾਂ ਅਯੋਗ ਸਨ। ਏਸ ਤਰ੍ਹਾਂ ਗ੍ਰਿਫਤਾਰ ਲੋਕ ਛੁੱਟ ਜਾਂਦੇ ਅਤੇ ਅਪਰਾਧੀਆਂ ਨੂੰ ਵੀ ਸਜਾ ਨਹੀਂ ਹੋ ਸਕਦੀ ਸੀ। ਹਰਮੰਦਿਰ ਸਾਹਿਬ ਦੇ ਨੇੜੇ ਰਹਿੰਦੇ ਕਿਰਾਏਦਾਰਾਂ ਅਤੇ ਮਾਲਕ ਮਕਾਨਾਂ ਨੂੰ ਉਹਨਾਂ ਦੇ ਘਰਾਂ ਚੋਂ ਜ਼ਬਰਦਸਤੀ ਕੱਢ ਦਿਤਾ ਗਿਆ। ਬ੍ਰਹਮ ਬੂਟਾ ਅਖਾੜੇ ਦੇ ਮਹੰਤ ਨੂੰ ਅਤਿਵਾਦੀਆਂ ਨੇ ਅਹੁਦੇ ਤੋਂ ਲਾਹ ਦਿਤਾ ਅਤੇ ਉਹਨਾਂ ਨੂੰ ਬੰਦੀ ਬਣਾ ਲਿਆ ਅਤੇ ਇਮਾਰਤ ਨੂੰ ਨੀਮ ਫੌਜੀ ਦਲਾਂ ਉਤੇ ਹਮਲੇ ਕਰਨ ਲਈ ਇਕ ਕਿਲ੍ਹੇਬੰਦ ਚੌਕੀ ਵਿਚ ਬਦਲ ਦਿਤਾ। ਪੇਸ਼ਾਵਰਾਨਾ ਮੁਜਰਮਾਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਹਰਮੰਦਿਰ ਸਾਹਿਬ ਅੰਦਰ ਕਈ ਰਾਸ਼ਟਰ-ਵਿਰੋਧੀ ਗਰੁਪਾਂ ਦੀ ਰਖਿਆ ਮਿਲਦੀ ਰਹੀ। ਇਸ ਤਰ੍ਹਾਂ ਦੀ ਅੰਤਹੀਨ ਅਰਾਜਕਤਾ ਨਾਲ ਲੋਕਾਂ ਦੇ ਹੌਸਲੇ ਟੁਟ ਗਏ ਅਤੇ ਉਹ ਆਪਣੇ ਆਪ ਨੂੰ ਅਸੁਰਖਿਅਤ ਮਹਿਸੂਸ ਕਰਨ ਲਗ ਪਏ।

## ਫਰਵਰੀ 1984 ਦੀ ਸੋਚਵਿਚਾਰ

25. ਸਰਕਾਰ ਨੇ ਫਰਵਰੀ 1984 ਨੂੰ ਇਕ ਹੋਰ ਤਿੰਨਧਿਰੀ ਬੈਠਕ ਬੁਲਾਈ। ਇਕ ਵਾਰ ਫਿਰ ਗਲ-ਬਾਤ ਸ਼ੁਰੂ ਹੋਣ ਨਾਲ ਪੰਜਾਬ ਵਿਚ ਹਿੰਸਾ ਦੀ ਨਵੀਂ ਲਹਿਰ ਸ਼ੁਰੂ ਹੋ ਗਈ। ਹਰਿਆਣਾ ਵਿਚ ਵੀ ਕਈ ਹਿੰਸਕ ਘਟਨਾਵਾਂ ਵਾਪਰੀਆਂ। 19 ਫਰਵਰੀ 1984 ਨੂੰ ਪਾਨੀਪਤ ਵਿਚ 8 ਸਿੱਖਾਂ ਸਮੇਤ ਕਈ ਨਿਰਦੋਸ਼ ਵਿਅਕਤੀਆਂ ਦੀਆਂ ਜਾਨਾਂ ਗਈਆਂ।

26. ਤਿੰਨ ਧਿਰੀ ਬੈਠਕ 15 ਫਰਵਰੀ ਨੂੰ ਉਠ ਗਈ ਅਤੇ ਕੁਝ ਦਿਨਾਂ ਬਾਦ ਇਹ ਫਿਰ ਹੋਣੀ ਸੀ। ਪਰ ਅਕਾਲੀ ਦਲ ਦੇ ਨੇਤਾ ਫਿਰ ਗਲ-ਬਾਤ ਲਈ ਨਹੀਂ ਪਰਤੇ। ਅਤਿਵਾਦੀਆਂ ਦੇ ਗ੍ਰੋਹ, ਰਾਜ ਭਰ ਵਿਚ ਅੰਨ੍ਹੇਵਾਹ ਕਤਲ ਕਰਨ ਲਗ ਪਏ। 9 ਵਿਅਕਤੀ 21 ਫਰਵਰੀ 1984 ਨੂੰ, 12 ਵਿਅਕਤੀ 22 ਫਰਵਰੀ ਨੂੰ, 11 ਵਿਅਕਤੀ 23 ਫਰਵਰੀ ਨੂੰ ਅਤੇ 3 ਵਿਅਕਤੀ 24 ਫਰਵਰੀ ਨੂੰ ਮਾਰ ਦਿੱਤੇ ਗਏ। ਹਰਿਆਣਾ ਵਿਧਾਨਸਭਾ ਦੇ ਡਿਪਟੀ ਸਪੀਕਰ ਸ੍ਰੀ ਵੇਦ ਪਾਲ ਅਤੇ ਪੰਜਾਬ ਦੇ ਸਾਬਕ ਮੁਖਮੰਤਰੀ ਸ: ਦਰਬਾਰਾ ਸਿੰਘ ਦੀ ਜਾਨ ਲੈਣ ਦੀ ਵੀ ਕੋਸ਼ਿਸ ਕੀਤੀ ਗਈ। 28 ਮਾਰਚ 1984 ਨੂੰ ਦਿਲੀ ਵਿਚ ਸ: ਹਰਬੰਸ ਸਿੰਘ ਮਨਚੰਦਾ ਨੂੰ ਜੋ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ, ਗੋਲੀ ਮਾਰਕੇ ਮਾਰ ਦਿੱਤਾ ਗਿਆ। 3 ਅਪਰੈਲ 1984 ਨੂੰ ਚੰਡੀਗੜ੍ਹ ਵਿਚ, ਮੈਂਬਰ ਪਾਰਲੀਮੈਂਟ, ਡਾਕਟਰ ਵੀ.ਐਨ. ਤਿਵਾੜੀ ਨੂੰ, ਜਿਹੜੇ ਪੰਜਾਬ ਯੂਨੀਵਰਸਟੀ ਵਿਚ ਪ੍ਰੋਫੈਸਰ ਸਨ ਅਤੇ ਜਿੰਨ੍ਹਾਂ ਨੇ ਪੰਜਾਬੀ ਬੋਲੀ ਲਈ ਬਹੁਤ ਕੁਝ ਕੀਤਾ ਸੀ, ਗੋਲੀ ਮਾਰਕੇ ਮਾਰ ਦਿੱਤਾ ਗਿਆ।

27. ਸੰਤ ਹਰਚੰਦ ਸਿੰਘ ਲੌਂਗੋਵਾਲ ਨੇ 2 ਅਪਰੈਲ 1984 ਤੋਂ ਪੰਥ ਆਜ਼ਾਦ ਸਪਤਾਹ ਮਨਾਉਣ ਲਈ ਇਕ ਨਵੀਂ ਅਪੀਲ ਕੀਤੀ। ਇਹ ਗ੍ਰਹਿਮੰਤਰੀ ਦੇ ਇਸ ਬਿਆਨ ਬਾਦ ਵਾਪਸ ਲੈ ਲਈ ਗਈ ਕਿ ਸੰਵਿਧਾਨ ਦੀ ਧਾਰਾ 25(2)(ਖ) ਵਿਚ ਤਰਮੀਮ ਲਈ ਮੰਗ ਉਤੇ ਵਿਚਾਰ ਕੀਤੀ ਜਾ ਸਕਦੀ ਹੈ। ਪਰ ਪੰਜਾਬ ਦੀ ਹਾਲਤ ਨੂੰ ਪਹਿਲਾਂ ਹੀ ਕਾਫ਼ੀ ਨੁਕਸਾਨ ਪਹੁੰਚ ਚਕਾ ਸੀ।

28. ਪੰਜਾਬ ਵਿਚ ਆਮ ਜੀਵਨ ਵਿਚ ਪੂਰੀ ਤਰ੍ਹਾਂ ਵਿਘਨ ਪਾਉਣ ਦੇ ਗਿਣੇ-ਮਿਥੇ ਯਤਨਾਂ ਦੇ ਹੋਰ ਵੀ ਸਬੂਤ ਮਿਲਣ ਲਗ ਪਏ। ਸਮਾਜ ਵਿਰੋਧੀ ਅਤੇ ਅਤਿਵਾਦੀ ਲਹਿਰ ਨਾਲ ਸੰਬੰਧਤ ਹੋਰ ਮੁਜਰਮਾਨਾ ਅਨਸਰਾਂ ਵਲੋਂ ਵਧੇਰੇ ਸਿਲਸਲੇਵਾਰ ਅਤੇ ਵਡੇਰੇ ਪੈਮਾਨੇ ਉਤੇ ਬੈਂਕ ਅਤੇ ਦੁਕਾਨਾਂ ਲੁਟੀਆਂ ਜਾਣ ਲਗ ਪਈਆਂ। 1 ਅਕਤੂਬਰ 1983 ਤੋਂ 31 ਮਈ 1984 ਤਕ 24 ਬੈਂਕ ਲੁੱਟੇ ਗਏ। ਵੱਡੀ ਨਕਦੀ ਲੁੱਟੀ ਗਈ ਅਤੇ ਬੈਂਕਾਂ ਦੇ ਗਾਰਡਾਂ ਅਤੇ ਹੋਰ ਅਮਲੇ ਨੂੰ ਮਾਰ ਦਿੱਤਾ ਗਿਆ। 14 ਤੋਂ 16 ਅਪਰੈਲ 1984 ਵਿਚਕਾਰ 39 ਛੋਟੇ ਰੇਲਵੇ ਸਟੇਸ਼ਨਾਂ ਨੂੰ, ਜਿੰਨ੍ਹਾਂ ਉਤੇ ਬਹੁਤੇ ਕਰਮਚਾਰੀ ਨਹੀਂ ਸਨ, ਅੱਗਾਂ ਲਾਉਣ ਦੀ ਵਡੀ ਕਾਰਵਾਈ, ਪ੍ਰਤੱਖ ਤੌਰ ਉਤੇ ਤਾਕਤ ਦਾ ਵਿਖਾਵਾ ਕਰਨ ਲਈ ਕੀਤੀ ਗਈ।

29. 4 ਅਗਸਤ 1983 ਤੋਂ ਜਦੋਂ ਅਕਾਲੀ ਦਲ ਨੇ ਮੋਰਚਾ ਸ਼ੁਰੂ ਕੀਤਾ, 3 ਜੂਨ 1984 ਤਕ 1200 ਤੋਂ ਵਧ ਹਿੰਸਕ ਘਟਨਾਵਾਂ ਵਾਪਰੀਆਂ, ਜਿੰਨ੍ਹਾਂ ਵਿਚ 410 ਵਿਅਕਤੀ ਮਰੇ ਅਤੇ 1180 ਤੋਂ ਵਧ ਜਖਮੀ ਹੋਏ। 1 ਜਨਵਰੀ 1984 ਤੋਂ 3 ਜੂਨ 1984 ਤਕ 775 ਹਿੰਸਕ ਵਾਰਦਾਤਾਂ ਹੋਈਆਂ, ਜਿਨ੍ਹਾਂ ਵਿਚ 298 ਵਿਅਕਤੀ ਮਰੇ ਅਤੇ 525 ਜਖਮੀ ਹੋਏ।

Digitized by Panjab Digital Library | www.panjabdigilib.org

## ਅਪਰੈਲ-ਮਈ 1984 ਵਿਚੋਂ ਹੋਏ ਕਤਲ

30. ਕਤਲਾਂ, ਅੱਗਾਂ ਲਾਉਣ ਅਤੇ ਲੁੱਟ ਮਾਰ ਦੀਆਂ ਲਗਾਤਾਰ ਘਟਨਾਵਾਂ ਦਾ ਵੇਰਵਾ, ਸਾਲ ਅਤੇ ਮਹੀਨੇਵਾਰ ਅਨੈਕਸਚਰ VII ਵਿਚ ਦਿੱਤਾ ਗਿਆ ਹੈ, ਜਿਨ੍ਹਾਂ ਨੇ 1981—1984 ਦੇ ਦੌਰਾਨ, ਵਖ ਵਖ ਪੜਾਵਾਂ ਉਤੇ ਪ੍ਰਚੰਡ ਅਤੇ ਘਾਤਕ ਰੂਪ ਧਾਰਨ ਕਰ ਲਿਆ। ਪਰ ਅਪਰੈਲ-ਮਈ 1984 ਦੀਆਂ ਮੁੱਖ ਘਟਨਾਵਾਂ ਉਤੇ ਰੋਸ਼ਨੀ ਪਾਉਣੀ ਜ਼ਰੂਰੀ ਹੈ, ਕਿਉਂਕਿ ਇਹਨਾਂ ਤੋਂ ਅਤਿਵਾਦੀਆਂ ਦੇ ਅਸਲ ਰੂਪ ਅਤੇ ਇਰਾਦਿਆਂ ਦਾ ਪਤਾ ਲਗਦਾ ਹੈ। 1 ਅਪਰੈਲ 1984 ਨੂੰ ਫੀਰੋਜ਼ਪੁਰ ਦੇ ਇਕ ਕਾਲਜ ਦੇ ਪ੍ਰਿੰਸੀਪਲ ਨੂੰ ਗੋਲੀ ਮਾਰਕੇ ਮਾਰ ਦਿੱਤਾ ਗਿਆ। ਸਰਬ ਭਾਰਤੀ ਸਿੱਖ ਵਿਦਿਆਰਥੀ ਫੈਡਰੇਸ਼ਨ ਨੇ ਪ੍ਰੀਖਿਆਵਾਂ ਨੂੰ ਰੋਕਣ ਲਈ ਵੱਡੇ ਪੈਮਾਨੇ ਉਤੇ ਅੱਗਾਂ ਲਾਉਣ ਦੀਆਂ ਕਾਰਵਾਈਆਂ ਕੀਤੀਆਂ। 2 ਅਪਰੈਲ 1984 ਨੂੰ ਇਕ ਸਾਬਕ ਵਿਧਾਇਕ ਅਤੇ ਭਾਰਤੀਯ ਜਨਤਾ ਪਾਰਟੀ ਦੇ ਨੇਤਾ ਸ੍ਰੀ ਹਰਬੰਸ ਲਾਲ ਖੰਨਾ ਨੂੰ ਉਨ੍ਹਾਂ ਦੀ ਦੁਕਾਨ ਅੰਦਰ ਗੋਲੀ ਮਾਰਕੇ ਮਾਰ ਦਿੱਤਾ ਗਿਆ। 14 ਅਪਰੈਲ 1984 ਨੂੰ ਸ: ਮੁਹਿੰਦਰ ਸਿੰਘ ਸੋਢੀ ਦੇ ਕਤਲ ਨਾਲ ਅਕਾਲੀ ਦਲ ਦੇ ਨੇਤਾਵਾਂ ਅਤੇ ਸ੍ਰੀ ਭਿੰਡਰਾਂਵਾਲੇ ਵਿਚਕਾਰ ਗੰਭੀਰ ਖਿਚਾਅ ਪੈਦਾ ਹੋ ਗਿਆ ਪਰ ਉਸ ਵੇਲੇ ਤਕ ਸ੍ਰੀ ਭਿੰਡਰਾਂਵਾਲੇ, ਜੋ ਚਾਹੁਣ ਉਸ ਨੂੰ ਕਰਵਾਉਣ ਦੀ ਸਥਿਤੀ ਵਿਚ ਪਹੁੰਚ ਚੁਕੇ ਸਨ। ਕਾਤਲ ਨੂੰ ਫੌਰਨ ਮਾਰ ਦਿੱਤਾ ਗਿਆ ਅਤੇ ਸ੍ਰੀਮਤੀ ਬਲਜੀਤ ਕੌਰ ਨੂੰ ਵੀ ਜਿਨ੍ਹਾਂ ਦਾ ਸ੍ਰ: ਸੋਢੀ ਦੀ ਹਤਿੱਆ ਵਿਚ ਹੱਥ ਦਸਿਆ ਜਾਂਦਾ ਹੈ, ਮਾਰ ਦਿੱਤਾ ਗਿਆ ਅਤੇ ਉਸਦੇ ਸ਼ਰੀਰ ਦੇ ਟੁਕੜੇ ਇਕ ਬੋਰੀ ਵਿਚ ਪਾਕੇ ਬਾਹਰ ਸੁੱਟ ਦਿੱਤੇ ਗਏ।

31. 26 ਅਪਰੈਲ ਨੂੰ ਮੋਗੇ ਵਿਚ ਗੁਰਦੁਆਰੇ ਅੰਦਰੋਂ ਸੁਰਖਿਆ ਫੌਜਾਂ ਉਤੇ ਗੋਲੀ ਚਲਾਈ ਗਈ। 10 ਮਈ 1984 ਨੂੰ ਬਹੁਤ ਹੀ ਸਤਿਕਾਰਯੋਗ ਰੂਹਾਨੀ ਨੇਤਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਪ੍ਰਤਾਪ ਸਿੰਘ ਦਾ ਕਤਲ ਕਰ ਦਿੱਤਾ ਗਿਆ। 14 ਮਈ ਨੂੰ ਮਹੰਤ ਗੋਪਾਲ ਦਾਸ ਅਤੇ ਉਨ੍ਹਾਂ ਦੇ ਚੇਲੇ ਨੂੰ ਮਾਰ ਦਿੱਤਾ ਗਿਆ। 14 ਮਈ 1984 ਨੂੰ ਗੁਰਦੁਆਰਾ ਟੋਟ ਸਾਹਿਬ ਦਾ ਗ੍ਰੰਥੀ ਮਾਰ ਦਿੱਤਾ ਗਿਆ ਸੀ, 16-17 ਮਈ ਦੀ ਰਾਤ ਨੂੰ ਮਜੌਲੀ ਪਿੰਡ ਦੇ ਗ੍ਰੰਥੀ ਸੂਰਤ ਸਿੰਘ ਨੂੰ ਗੋਲੀ ਮਾਰਕੇ ਮਾਰ ਦਿੱਤਾ ਗਿਆ ਅਤੇ 17-18 ਮਈ 1984 ਨੂੰ ਵਲਟੋਹਾ ਪਿੰਡ ਵਿਚ ਇਕ ਗੁਰਦੁਆਰੇ ਦੇ ਗ੍ਰੰਥੀ ਸ: ਜਰਨੈਲ ਸਿੰਘ ਦਾ ਕਤਲ ਕਰ ਦਿੱਤਾ ਗਿਆ। ਗ੍ਰੰਥੀਆਂ ਅਤੇ ਧਾਰਮਕ ਨੇਤਾਵਾਂ ਨੂੰ ਸ੍ਰੀ ਭਿੰਡਰਾਂਵਾਲੇ ਦੀਆਂ ਹਦਾਇਤਾਂ, ਬਿਨਾ ਕਿਸੀ ਇਤਰਾਜ਼ ਦੇ ਮੰਨਣ ਲਈ ਡਰਾਇਆ ਧਮਕਾਇਆ ਜਾ ਰਿਹਾ ਸੀ। ਸਮਾਚਾਰ-ਪੱਤਰਾਂ ਦੇ ਹਿੰਦ ਸਮਾਚਾਰ ਗਰੁਪ ਦੇ ਸੰਪਾਦਕ ਅਤੇ ਲਾਲ ਜਗਤ ਨਾਰਾਇਣ (ਜਿਨ੍ਹਾਂ ਦੀ ਪਹਿਲਾਂ ਹਤਿਆ ਕਰ ਦਿਤੀ ਗਈ ਸੀ) ਦੇ ਪੁਤਰ ਸ੍ਰੀ ਰਮੇਸ਼ ਚੰਦਰ ਦੀ 12 ਮਈ 1984 ਨੂੰ ਹਤਿਆ ਕਰ ਦਿੱਤੀ ਗਈ।

32. ਸੁਰਖਿਆ ਫੌਜਾਂ ਨੇ 11 ਮਈ 1984 ਨੂੰ "ਕਾਰਸੇਵਾ" ਵਾਲੇ ਇਕ ਟਰੱਕ ਦੀ ਤਲਾਸ਼ੀ ਲਈ ਅਤੇ ਸਟੇਨ-ਗਨਾਂ, ਹਥਿਆਰ ਅਤੇ ਗੋਲੀ ਸਿੱਕਾ ਬਰਾਮਦ ਕੀਤਾ। ਟਰੱਕ ਸ੍ਰੀ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨਾਂ ਵਿਚ ਰਜਿਸਟ੍ਰਡ ਸੀ। ਅਤਿਵਾਦੀ ਸਵੈਚਾਲਕ ਹਥਿਆਰਾਂ ਨਾਲ ਸੁਰਖਿਆ ਫੌਜਾਂ ਦੇ ਕੈਂਪਾਂ ਉਤੇ ਹਮਲੇ ਕਰਦੇ ਰਹੇ।

33. ਹੁਣ ਤਕ ਅਤਿਵਾਦੀਆਂ ਨੇ ਆਪਣੀ ਯੁੱਧਕਲਾ ਵਿਚ ਸੁਧਾਰ ਕਰਨ ਲਈ ਹਰਮੰਦਿਰ ਸਾਹਿਬ ਦੇ ਆਸਪਾਸ ਕੁਝ ਪ੍ਰਾਈਵੇਟ ਘਰਾਂ ਉਤੇ ਕਬਜ਼ਾ ਕਰ ਲਿਆ ਸੀ। ਅਤਿਵਾਦੀ ਜ਼ਬਰਦਸਤੀ ਧੰਨ ਇਕਤਰ ਕਰਨ ਲਗ ਪਏ ਅਤੇ ਸ੍ਰੀ ਭਿੰਡਰਾਂਵਾਲੇ ਨੇ ਸੰਨਅਤੀ ਅਤੇ ਜ਼ਮੀਨਾਂ ਸਬੰਧੀ ਝਗੜਿਆਂ ਅਤੇ ਏਥੋਂ ਤਕ ਕਿ ਨਿਜੀ ਮਾਮਲਿਆਂ ਦੇ ਵੀ ਫੈਸਲੇ ਕਰਨੇ ਸ਼ੁਰੂ ਕਰ ਦਿੱਤੇ।

ਸਰਕਾਰ ਨੂੰ, ਸੰਤ ਲੌਂਗੋਵਾਲ ਅਤੇ ਸ੍ਰੀ ਭਿੰਡਰਾਂਵਾਲੇ ਦੇ ਅਨੁਆਈਆਂ ਸਮੇਤ, ਹਰਮੰਦਿਰ ਸਾਹਬ ਕੰਪਲੈਕਸ ਅੰਦਰ ਰਹਿੰਦੇ ਵਖ-ਵਖ ਧੜਿਆਂ ਵਿਚਕਾਰ ਹਿੰਸਕ ਝੜਪਾਂ ਹੋਣ ਬਾਰੇ ਵੀ ਭਰੋਸੇਯੋਗ ਸੂਚਨਾ ਮਿਲੀ। ਮਈ 1984 ਵਿਚ ਅਕਾਲ ਤਖਤ ਦੇ ਹੈਡ ਗ੍ਰੰਥੀ ਦੀ ਪ੍ਰਧਾਨਗੀ ਹੇਠ, ਮੁਖ ਗ੍ਰੰਥੀਆਂ ਵਲੋਂ ਹਰਮੰਦਿਰ ਸਾਹਿਬ ਅੰਦਰ ਕਤਲ ਅਤੇ ਤਸੀਹੇ ਰੋਕਣ ਵਾਲੀ

Digitized by Panjab Digital Library | www.panjabdigilib.org

ਦੋਹਾਂ ਧੜਿਆਂ ਨੂੰ ਰਾਜ਼ੀ ਕਰਨ ਵਾਸਤੇ ਯਤਨ ਕੀਤਾ ਗਿਆ।

34. ਸਰਕਾਰ ਨੂੰ ਇਹ ਸੂਚਨਾ ਮਿਲੀ ਕਿ ਸ੍ਰੀ ਭਿੰਡਰਾਂਵਾਲੇ ਨੇ ਪੰਜਾਬ ਵਿਚ ਹਿੰਦੂਆਂ ਨੂੰ ਕਤਲ ਕਰਨ ਦੀ ਵਕਾਲਤ ਕੀਤੀ ਸੀ ਤਾਂ ਜੋ ਉਹ ਆਪਣੇ ਆਪ ਰਾਜ ਤੋਂ ਚਲੇ ਜਾਣ। ਕਿਸੇ ਕਿਸੇ ਦਿਨ ਕੋਈ ਇਕ ਦਰਜਨ ਕਤਲ ਹੋਣ ਦੀ ਖਬਰ ਮਿਲੀ। ਪੇਂਡੂ ਇਲਾਕਿਆਂ ਵਿਚ ਅਤਿਵਾਦੀਆਂ ਨੂੰ ਹਦਾਇਤ ਦਿਤੀ ਗਈ ਕਿ ਕੋਈ ਸਰਕਾਰੀ ਕਾਰਵਾਈ ਹੋਣ ਦੀ ਹਾਲਤ ਵਿਚ ਉਹ ਹਿੰਦੂਆਂ ਅਤੇ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਨੂੰ ਮਾਰਨਾ ਸ਼ੁਰੂ ਕਰ ਦੇਣ ਅਤੇ ਵਡੀ ਗਿਣਤੀ ਵਿਚ ਹਰਮੰਦਿਰ ਸਾਹਿਬ ਵਿਚ ਆ ਜਾਣ। ਭਾਵੇਂ ਸਿਖ ਲੋਕਾਂ ਉਤੇ ਇਹਨਾਂ ਘਟਨਾਵਾਂ ਦਾ ਮੋਟੇ ਤੌਰ ਤੇ ਕੋਈ ਅਸਰ ਨਾ ਹੋਇਆ, ਫੇਰ ਵੀ ਇਹ ਗਲ ਸਪਸ਼ਟ ਸੀ ਕਿ ਅਧਿਕਾਰੀਆਂ ਦੀ ਖੁਲ੍ਹੀ ਅਵੱਗਿਆ ਦੇ ਨਾਲ ਬਗ਼ਾਵਤ ਵਾਲੀ ਹਾਲਤ ਪੈਦਾ ਹੋ ਰਹੀ ਸੀ। ਸ੍ਰੀ ਭਿੰਡਰਾਂਵਾਲੇ ਦਾ ਦ੍ਰਿਸ਼ਟੀਕੋਣ ਉਨ੍ਹਾਂ ਦੇ ਆਪਣੇ ਬਿਆਨਾਂ ਤੋਂ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ, ਜਿਨ੍ਹਾਂ ਦੇ ਕੁੱਝ ਹਿਸੇ ਅਨੈਕਸਚਰ VIII ਵਿਚ ਦਿੱਤੇ ਗਏ ਹਨ।

## ਅਕਾਲੀ ਦਲ ਦੀ 3 ਜੂਨ ਤੋਂ ਇਕ ਨਵੇਂ ਅੰਦੋਲਨ ਲਈ ਅਪੀਲ

35. ਅਪਰੈਲ ਅਤੇ ਮਈ 1984 ਵਿਚ ਹਿੰਸਾ ਦੀਆਂ ਅਜੇਹੀਆਂ ਘਟਨਾਵਾਂ ਦਾ, ਜਿਨ੍ਹਾਂ ਦੀ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ, ਅਕਾਲੀ ਦਲ ਉਤੇ ਕੋਈ ਅਸਰ ਨਾ ਹੋਇਆ। ਇਸ ਪੜਾਅ ਉਤੇ ਵੀ ਅਕਾਲੀ ਦਲ ਅਰਾਜਕਤਾ ਦੀ ਏਸ ਹਾਲਤ ਤੋਂ ਪਿਛੇ ਹਟ ਸਕਦਾ ਸੀ। ਪਰ ਇਸਨੇ 3 ਜੂਨ 1984 ਨੂੰ ਇਕ ਨਵਾਂ ਅੰਦੋਲਨ ਸ਼ੁਰੂ ਕਰਨ ਦੀ ਅਪੀਲ ਕੀਤੀ। ਅੰਦੋਲਨ ਨਾਲ ਸਾਰਾ ਰਾਜ ਅਰਾਜਕਤਾ ਅਤੇ ਹਿੰਸਾ ਦੀ ਲਪੇਟ ਵਿਚ ਆ ਸਕਦਾ ਸੀ। ਅਕਾਲੀ ਦਲ ਦੇ ਨੇਤਾਵਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਤੋਂ ਹੋਰ ਰਾਜਾਂ ਨੂੰ ਅਨਾਜ ਲਿਜਾਣ ਨੂੰ ਜ਼ਬਰਨ ਰੋਕਣ ਅਤੇ ਸਰਕਾਰ ਨੂੰ ਟੈਕਸ ਅਤੇ ਹੋਰ ਦੇਣੀਆਂ ਬਣਦੀਆਂ ਰਕਮਾਂ ਨਾ ਤਾਰਨ।

36. ਸਰਕਾਰ ਆਪਣੇ ਵਲੋਂ ਅਕਾਲੀ ਦਲ ਦੇ ਨੇਤਾਵਾਂ ਨਾਲ ਸਮਝੌਤਾ ਕਰਨ ਦੀ ਹਰ ਕੋਸ਼ਿਸ਼ ਕਰਦੀ ਰਹੀ। ਏਥੋਂ ਤਕ ਕਿ ਮਈ, 1984 ਵਿਚ ਵੀ ਗਲ-ਬਾਤ ਦੇ ਕਈ ਦੌਰ ਹੋਏ। 14 ਮਈ 1984 ਨੂੰ ਨਜ਼ਰਬੰਦ ਨੇਤਾਵਾਂ ਨੂੰ ਰਿਹਾ ਕਰ ਦਿਤਾ ਗਿਆ ਅਤੇ ਗ੍ਰਹਿ ਮੰਤਰੀ ਵਲੋਂ ਉਨ੍ਹਾਂ ਨੂੰ ਗਲ-ਬਾਤ ਲਈ ਸੱਦਾ ਦਿੱਤਾ ਗਿਆ। ਇਸਤੋਂ ਪਹਿਲਾਂ ਵੀ ਤਿੰਨ ਬੈਠਕਾਂ ਹੋ ਚੁਕੀਆਂ ਸਨ। ਉਸ ਤੋਂ ਬਾਅਦ ਗੱਲ-ਬਾਤ ਦਾ ਇਕ ਹੋਰ ਦੌਰ ਮਈ ਦੇ ਅਖੀਰ ਵਿਚ ਹੋਇਆ। 3 ਜੂਨ 1984 ਤੋਂ ਕੀਤੇ ਜਾਨ ਵਾਲੇ ਅੰਦੋਲਨ ਨੂੰ ਵਾਪਸ ਲੈਣ ਲਈ ਅਕਾਲੀ ਦਲ ਦੇ ਨੇਤਾਵਾਂ ਨੂੰ ਪ੍ਰੇਰਨ ਲਈ ਇਕ ਹੋਰ ਯਤਨ ਕੀਤਾ ਗਿਆ। ਬਦਕਿਸਮਤੀ ਨਾਲ ਅਕਾਲੀ ਦਲ ਦਾ ਰਵੱਈਆ ਹੋਰ ਸਖਤ ਹੋ ਗਿਆ ਅਤੇ ਕੋਈ ਸਮਝੌਤਾ ਨਾ ਹੋ ਸਕਿਆ। 2 ਜੂਨ 1984 ਨੂੰ ਪ੍ਰਧਾਨ ਮੰਤਰੀ ਵਲੋਂ ਕੌਮ ਦੀ ਨਾਂ ਪ੍ਰਸਾਰਣ ਵਿਚ ਕੀਤੀ ਗਈ ਆਖਰੀ ਅਪੀਲ ਵੀ ਠੁਕਰਾ ਦਿੱਤੀ ਗਈ।

## ਪਾਰਲੀਮੈਂਟ ਵਿਚ ਚਿੰਤਾ

37. ਪਾਰਲੀਮੈਂਟ ਦੀਆਂ ਦੋਹਾਂ ਸਭਾਵਾਂ ਨੇ ਪੰਜਾਬ ਦੀ ਹਾਲਤ ਉਤੇ ਕਈ ਵਾਰ ਚਰਚਾ ਕੀਤੀ। ਦੇਸ਼ ਭਰ ਵਿਚ ਲੱਖਾਂ ਲੋਕਾਂ ਦੀ ਚਿੰਤਾ ਪ੍ਰਗਟ ਕਰਦਿਆਂ ਹੋਇਆਂ ਮੈਂਬਰਾਂ ਨੇ ਪਾਰਟੀ ਮਤਭੇਦਾਂ ਤੋਂ ਉਪਰ ਉਠਕੇ, ਪੰਜਾਬ ਵਿਚ ਵਧ ਰਹੀ ਹਿੰਸਾ ਅਤੇ ਦਹਿਸ਼ਤਪਸੰਦਾਂ ਦੀਆਂ ਫਿਰਕੂ ਅਤੇ ਰਾਸ਼ਟਰ-ਵਿਰੋਧੀ ਸਰਗਰਮੀਆਂ ਦੀ ਨਿਖੇਧੀ ਕੀਤੀ। 29 ਅਪਰੈਲ 1982 ਨੂੰ ਪਾਰਲੀਮੈਂਟ ਨੇ ਇਕ ਮਤੇ ਵਿਚ ਇਨ੍ਹਾਂ ਸਰਗਰਮੀਆਂ ਉਤੇ ਦੇਸ਼ ਵਲੋਂ ਦੁੱਖ ਅਤੇ ਸਦਮਾ ਪ੍ਰਗਟ ਕੀਤਾ। ਇਹ ਮਤਾ ਪ੍ਰਧਾਨ ਮੰਤਰੀ ਨੇ ਪੇਸ਼ ਕੀਤਾ ਸੀ ਅਤੇ ਸਰਬਸੰਮਤੀ ਨਾਲ ਪਾਸ ਹੋਇਆ ਸੀ। ਮਤੇ ਦਾ ਮਜ਼ਮੂਨ ਅਨੈਕਸਚਰ IX ਵਿਚ ਦਿੱਤਾ ਹੈ। ਪਾਰਲੀਮੈਂਟ, ਅਤਿਵਾਦ, ਦਹਿਸ਼ਤਪੁਣੇ ਅਤੇ ਫਿਰਕੂਪੁਣੇ ਦੇ ਖਤਰੇ ਦਾ ਸਾਹਮਣਾ ਕਰਨ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਕਾਇਮ ਰਖਣ ਦੇ ਰਾਸ਼ਟਰੀ ਨਿਸ਼ਚੇ ਉਤੇ ਲਗਾਤਾਰ ਦ੍ਰਿੜ ਰਹੀ।

Digitized by Panjab Digital Library | www.panjabdigilib.org

## ਵਿਦੇਸ਼ ਆਧਾਰਤ ਵੱਖਵਾਦ

38. ਵਿਦੇਸ਼ਾਂ ਵਿਚ ਵਸਦੇ ਜਾਂ ਕੰਮ ਕਰਦੇ ਵਡੀ ਗਿਣਤੀ ਵਿਚ ਭਾਰਤੀਆਂ ਵਿਚ ਸਿਖ ਵੀ ਸ਼ਾਮਲ ਹਨ, ਜਿਨ੍ਹਾਂ ਦੇ ਦੇਸ਼-ਪ੍ਰੇਮ ਉਤੇ ਕੋਈ ਸ਼ਕ ਨਹੀਂ ਕੀਤਾ ਜਾ ਸਕਦਾ। ਪਰ ਸੁਆਰਥੀ ਧਿਰਾਂ ਰਾਹੀਂ ਉਨ੍ਹਾਂ ਚੋਂ ਕੁਝ ਵਿਅਕਤੀਆਂ ਨੂੰ ਗ਼ਲਤ ਜਾਣਕਾਰੀ ਦਿੱਤੀ ਜਾਂਦੀ ਹੈ ਜਾਂ ਗੁਮਰਾਹ ਕੀਤਾ ਜਾਂਦਾ ਹੈ, ਜਦਕਿ ਕੁਝ ਹੋਰ ਉਨ੍ਹਾਂ ਦੇਸ਼ਾਂ ਦੇ ਦਬਾਅ ਵਿਚ ਆ ਸਕਦੇ ਹਨ। ਵਿਦੇਸ਼ਾਂ ਵਿਚ ਵਸੇ ਹੋਏ ਖੁਸ਼ਹਾਲ ਵਿਅਕਤੀਆਂ ਦਾ ਆਪਣੇ ਆਪ ਨੂੰ ਭਾਰਤ ਵਿਚ ਮਿਹਨਤੀ ਸਿਖ ਲੋਕਾਂ ਦੇ ਬੁਨਿਆਦੀ ਸਮਾਜਕ—ਆਰਥਕ ਹਿੱਤਾਂ ਨਾਲ ਇਕਮਿਕ ਕਰਨਾ ਹਮੇਸ਼ਾਂ ਆਸਾਨ ਕੰਮ ਨਹੀਂ ਹੈ। ਪੰਜਾਬ ਵਿਚਲੀ ਗੜਬੜ ਕਾਰਣ, ਉਨ੍ਹਾਂ ਨੂੰ ਆਪਣੇ ਆਪ ਨੂੰ ਸਿੱਖ ਭਾਈਚਾਰੇ ਦਾ ਨੇਤਾ ਬਨਾਉਣ ਦਾ ਚੰਗਾ ਮੌਕਾ ਮਿਲ ਗਿਆ।

ਅਲਿਹਦਗੀ ਦਾ ਪ੍ਰਚਾਰ ਕਰਨ' ਲਈ ਸਿੱਖਾਂ ਦੀਆ ਕੁਝ ਜਥੇਬੰਦੀਆਂ ਵਿਦੇਸ਼ਾਂ ਵਿਚ ਕੰਮ ਕਰ ਰਹੀਆਂ ਹਨ। 'ਖਾਲਿਸਤਾਨ' ਦਾ ਜਾਂ ਸਿੱਖਾਂ ਲਈ ਇਕ 'ਵਖਰੇ ਰਾਜ' ਦਾ ਨਾਅਰਾ ਲਾਉਣ ਵਾਲੀਆਂ ਜਥੇਬੰਦੀਆਂ ਵਿਚ ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ, ਦਲ ਖਾਲਸਾ, ਬੱਬਰ ਖਾਲਸਾ ਅਤੇ ਅਖੰਡ ਕੀਰਤਨੀ ਜੱਥਾ ਮੁਖ ਜਥੇਬੰਦੀਆਂ ਹਨ। ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ ਜਿਸਦੇ ਪ੍ਰਧਾਨ ਡਾ: ਜਗਜੀਤ ਸਿੰਘ ਚੌਹਾਨ ਹਨ, ਇੰਗਲੈਂਡ, ਪੱਛਮੀ ਜਰਮਨੀ, ਕੈਨੇਡਾ ਅਤੇ ਅਮਰੀਕਾ ਵਿਚ ਕੰਮ ਕਰ ਰਹੀ ਹੈ। ਦੱਲ ਖਾਲਸਾ ਮੁੱਖ ਤੌਰ ਉਤੇ ਇੰਗਲੈਂਡ ਅਤੇ ਪਛਮੀ ਜਰਮਨੀ ਵਿਚ ਸਰਗਰਮ ਹੈ ਜਦਕਿ 'ਬੱਬਰ ਖਾਲਸਾ' ਬਹੁਤ ਕਰਕੇ ਕੈਨੇਡਾ ਵਿਚ ਵੈਨਕੂਵਰ ਵਿਚ ਕੰਮ ਕਰਦੀ ਹੈ। ਅਖੰਡ ਕੀਰਤਨੀ ਜਥੇ ਦੀਆਂ ਇੰਗਲੈਂਡ ਅਤੇ ਕੈਨੇਡਾ ਵਿਚ ਯੂਨਿਟਾਂ ਹਨ।

## ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ

39. ਅਖੌਤੀ ਖਾਲਿਸਤਾਨ ਲਹਿਰ ਦੇ ਆਪੂ ਬਣੇ ਨੇਤਾ, ਡਾ: ਜਗਜੀਤ ਸਿੰਘ ਚੌਹਾਨ, ਜਿਨ੍ਹਾਂ ਨੇ ਬਾਦ ਵਿਚ ਆਪਣੇ ਆਪ ਨੂੰ "ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ ਦਾ ਪ੍ਰਧਾਨ" ਹੋਣ ਦਾ ਐਲਾਨ ਕਰ ਦਿੱਤਾ, ਕਮਊਨਿਸਟ ਪਾਰਟੀ ਦੀ ਵਿਦਿਆਰਥੀ ਸ਼ਾਖ ਰਾਹੀਂ ਸਰਬਜਨਕ ਜੀਵਨ ਵਿਚ ਦਾਖਲ ਹੋਏ। ਉਨ੍ਹਾਂ ਨੇ ਪਹਿਲਾਂ, ਸਤੰਬਰ 1971 ਵਿਚ ਲੰਡਨ ਵਿਚ ਇਕ ਪ੍ਰੈਸ ਕਾਨਫਰੰਸ ਵਿਚ "ਖਾਲਿਸਤਾਨ" ਦਾ ਨਾਅਰਾ ਲਾਇਆ ਸੀ। 12 ਅਪਰੈਲ 1980 ਨੂੰ ਉਨ੍ਹਾਂ 'ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ' ਦੀ ਸਥਾਪਨਾ ਦਾ ਐਲਾਨ ਕੀਤਾ, ਜਿਸ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਉਸਦਾ ਪ੍ਰਧਾਨ ਅਤੇ ਸ: ਬਲਬੀਰ ਸਿੰਘ ਸੰਧੂ ਨੂੰ ਉਸਦਾ ਪ੍ਰਮੁਖ ਸਕਤਰ ਬਨਾਉਣ ਦਾ ਐਲਾਨ ਕੀਤਾ। ਇਸਦੇ ਤਿੰਨ ਮਹੀਨੇ ਬਾਦ ਉਨ੍ਹਾਂ ਨੇ ਲੰਡਨ ਵਿਚ 'ਖਾਲਿਸਤਾਨ' ਦੀ ਸਥਾਪਨਾ ਦਾ ਐਲਾਨ ਕਰ ਦਿੱਤਾ ਅਤੇ ਭਾਰਤ ਵਿਚ ਇਸੇ ਤਰ੍ਹਾਂ ਦਾ ਐਲਾਨ ਸ: ਬਲਬੀਰ ਸਿੰਘ ਸੰਧੂ ਨੇ ਕਰ ਦਿੱਤਾ। ਉਦੋਂ ਤੋਂ ਡਾ: ਚੌਹਾਨ ਭਾਰਤ ਤੋਂ ਬਾਹਰ ਰਹਿ ਰਹੇ ਹਨ ਅਤੇ ਭਾਰਤ ਵਿਰੋਧੀ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ ਕਰ ਰਹੇ ਹਨ। ਉਹ ਖਾਲਿਸਤਾਨ ਦੇ ਪਾਸਪੋਰਟ, ਡਾਕ-ਟਿਕਟ ਅਤੇ ਕਰੰਸੀ ਨੋਟ ਜਾਰੀ ਕਰਕੇ ਪ੍ਰਚਾਰ ਕਰਨ ਦਾ ਢੌਂਗ ਰੱਚ ਰਹੇ ਹਨ। ਉਨ੍ਹਾਂ ਦਾ ਇਰਾਦਾ ਇਹ ਸੀ ਕਿ ਕੈਨੇਡਾ ਅਤੇ ਪਛਮੀ ਜਰਮਨੀ ਵਿਚ ਵਸਦੇ ਉਨ੍ਹਾਂ ਸਿਖਾਂ ਦੀਆਂ ਭਾਵਨਾਵਾਂ ਤੋਂ ਅਯੋਗ ਫਾਇਦਾ ਉਠਾਇਆ ਜਾਏ, ਜਿਨ੍ਹਾਂ ਨੂੰ ਉਥੇ ਆਵਾਸ ਸਬੰਧੀ ਅਧਿਕਾਰੀਆਂ ਨਾਲ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਅਪਰੈਲ 1981 ਵਿਚ ਡਾ: ਜਗਜੀਤ ਸਿੰਘ ਚੌਹਾਨ ਦਾ ਭਾਰਤੀ ਪਾਸਪੋਰਟ ਰੱਦ ਕਰ ਦਿੱਤਾ ਗਿਆ ਅਤੇ ਅਗਸਤ 1981 ਵਿਚ ਉਨ੍ਹਾਂ ਵਿਰੁਧ ਦੇਸ਼ਧ੍ਰੋਹ ਅਤੇ ਵੱਖ ਵੱਖ ਫਿਰਕਿਆਂ ਵਿਚਕਾਰ ਨਫਰਤ ਫੈਲਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ। ਉਨ੍ਹਾਂ ਨੇ ਆਪਣਾ ਪਾਸਪੋਰਟ ਵਾਪਸ ਨਹੀਂ ਕੀਤਾ ਅਤੇ ਇੰਗਲੈਂਡ ਵਿਚ ਰਹਿਣ ਦਾ ਅਤੇ.ਕੈਨੇਡਾ, ਅਮਰੀਕਾ ਅਤੇ ਯੂਰਪ ਦੇ ਕੁਝ ਦੇਸ਼ਾਂ ਵਿਚ ਆਣ-ਜਾਣ ਦਾ ਪ੍ਰਬੰਧ ਕਰ ਲਿਆ ਹੈ। ਉਹ ਮੁਜ਼ਾਹਰੇ ਕਰਵਾਉਣ, ਭਾਰਤ ਦੇ ਰਾਸ਼ਟਰੀ ਝੰਡੇ ਨੂੰ ਸਾੜਨ ਅਤੇ ਭੜਕਾਊ ਭਾਸ਼ਨ ਦੇਣ ਵਰਗੀਆਂ ਕਰਵਾਈਆਂ ਕਰਦੇ ਰਹੇ ਹਨ। ਅਕਤੂਬਰ 1982 ਵਿਚ ਲੰਦਨ ਵਿਚ ਉਨ੍ਹਾਂ ਦੀ ਪ੍ਰਧਾਨਗੀ ਹੇਠ ਇਕ ਗਰੁਪ ਦੀ ਬੈਠਕ ਹੋਈ, ਜਿਸ ਵਿਚ ਅਕਾਲੀ ਨੇਤਾਵਾਂ ਨੂੰ ਟੈਕਸ ਨਾ ਤਾਰਨ, ਸ਼ਹਿਰੀ ਨਾਫਰਮਾਨੀ ਅਤੇ ਪੰਜਾਬ ਵਿਚ ਲੋਕਾਂ ਦੀ ਚੁਣੀ ਹੋਈ ਸਰਕਾਰ ਨਾਲ ਮੁਕੰਮਲ ਨਾ ਮਿਲਵਰਤਨ ਕਰਨ ਦੀ ਅਪੀਲ ਕੀਤੀ ਗਈ।

Digitized by Panjab Digital Library | www.panjabdigilib.org

40. ਡਾ: ਚੌਹਾਨ ਨੇ ਮਾਰਚ 1983 ਵਿਚ ਨੇਪਾਲ ਅਤੇ ਬੰਗਲਾਦੇਸ਼ ਦੇ ਰਸਤਿਓਂ ਭਾਰਤ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਪਰ ਇਹ ਸਫਲ ਨਾ ਹੋਏ। ਪਤਾ ਲਗਾ ਹੈ ਕਿ 15 ਮਾਰਚ ਨੂੰ ਉਨ੍ਹਾਂ ਨੇ ਲੰਡਨ ਵਿਚ ਕਿਹਾ ਸੀ ਕਿ ਭਾਰਤ ਵਿਚ ਖਾਸ ਖਾਸ ਠਿਕਾਣਿਆ ਉਤੇ ਹਮਲਾ ਕਰਨ ਲਈ 10,000 ਲੋਕਾਂ ਦਾ ਇਕ ਛਾਪਾਮਾਰ ਦਲ ਤਿਆਰ ਕਰਨ ਦਾ ਇਹ ਢੁਕਵਾਂ ਸਮਾਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਖਾਲਿਸਤਾਨ ਦੇ ਫੌਜੀ ਛੇਤੀ ਹੀ ਭਾਰਤ ਦੀਆਂ ਸੁਰਖਿਆ ਫੌਜਾਂ ਨਾਲ ਲੜਾਈ ਸ਼ੁਰੂ ਕਰ ਦੇਣਗੇ। 18 ਮਈ 1983 ਨੂੰ ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕਾ ਅਖੌਤੀ ਖਾਲਿਸਤਾਨ ਲਹਿਰ ਨੂੰ ਹਮਾਇਤ ਦੇ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣਾ ਉਦੇਸ਼ ਚਾਰ ਸਾਲਾਂ ਵਿਚ ਪੂਰਾ ਕਰ ਲੈਣ ਦੀ ਆਸ ਹੈ। ਉਨ੍ਹਾਂ ਨੇ ਅਮਰੀਕਾ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਭਾਰਤ ਨੂੰ ਕਣਕ ਵੇਚਣੀ ਬੰਦ ਕਰ ਦਏ ਅਤੇ ਕਿਹਾ ਕਿ ਸਿੱਖਾਂ ਦੇ ਭੇਸ ਵਿਚ ਪਾਕਿਸਤਾਨੀ ਫੌਜੀ ਅੰਮ੍ਰਿਤਸਰ ਵਿਚ ਗੁਰੂ ਰਾਮ ਦਾਸ ਸਰਾਂ ਵਿਚ ਠਹਿਰੇ ਹੋਏ ਨੇ, ਜਿਹੜੀ ਸ੍ਰੀ ਭਿੰਡਰਾਂਵਾਲੇ ਦੇ ਕੰਟਰੋਲ ਹੇਠ ਹੈ।

41. 13 ਜੁਲਾਈ 1983 ਨੂੰ ਸ: ਬਲਬੀਰ ਸਿੰਘ ਸੰਧੂ ਨੂੰ ਲਿਖੀ ਇਕ ਚਿਠੀ ਵਿਚ ਉਨ੍ਹਾਂ ਸਲਾਹ ਦਿੱਤੀ ਕਿ ਸੰਤ ਹਰਚੰਦ ਸਿੰਘ ਲੋਂਗੋਵਾਲ ਅਤੇ ਸ੍ਰੀ ਭਿੰਡਰਾਵਾਲੇ ਨੂੰ ਇਕ ਪੂਰੀ ਸਰਕਾਰ ਅਤੇ ਪਾਰਲੀਮੈਂਟ ਬਣਾ ਲੈਣੀ ਚਾਹੀਦੀ ਹੈ ਅਤੇ ਜੇ ਉਹ ਇੰਜ ਕਰਨ ਤੋਂ ਝਿਜਕਦੇ ਹਨ ਤਾਂ "ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ" ਆਪ ਕਾਰਵਾਈ ਕਰੇਗਾ। ਦਸੰਬਰ 1983 ਵਿਚ ਅਕਾਲੀ ਦਲ ਦੇ ਨੇਤਾਵਾਂ ਨੂੰ ਵੀ ਅਜੇਹੀ ਸਲਾਹ ਦਿਤੀ ਗਈ ਸੀ। 29 ਦਸੰਬਰ 1983 ਨੂੰ ਉਨ੍ਹਾਂ ਐਲਾਨ ਕੀਤਾ ਕਿ 26 ਜਨਵਰੀ 1984 "ਵਿਸ਼ਵਾਸਘਾਤ ਦਿਨ" ਦੇ ਰੂਪ ਵਿਚ ਮਨਾਇਆ ਜਾਏਗਾ, ਜਦੋਂ ਰਾਸ਼ਟਰੀ ਝੰਡਾ ਜਲਾਇਆ ਜਾਏਗਾ ਅਤੇ ਖਾਲਿਸਤਾਨ ਦਾ ਝੰਡਾ ਲਹਿਰਾਇਆ ਜਾਏਗਾ। ਇਸ ਉਤੇ ਅਮਲ ਕਰਦਿਆਂ ਬਲਬੀਰ ਸਿੰਘ ਸੰਧੂ ਨੇ ਉਸ ਦਿਨ ਹਰਮੰਦਿਰ ਸਾਹਿਬ ਦੇ ਨੇੜੇ ਇਕ ਇਮਾਰਤ ਉਤੇ ਉਹ ਝੰਡਾ ਲਹਿਰਾ ਦਿੱਤਾ, ਜਿਸਨੂੰ ਉਹਨਾਂ ਖਾਲਿਸਤਾਨ ਦਾ ਝੰਡਾ ਦਸਿਆ। ਇਸ ਕੌਂਸਲ ਨੇ ਇਕ ਮੱਤਾ ਫੇਰਿਆ, ਜਿਸ ਵਿਚ ਕਿਹਾ ਗਿਆ ਹੈ ਕਿ ਉਹ ਭਾਰਤ ਵਿਚ ਇਕ ਵਖਰਾ ਹੋਮਲੈਂਡ ਅਤੇ ਸੰਯੁਕਤ ਰਾਸ਼ਟਰ ਵਿਚ ਆਪਣੀ ਖੁਦ ਦੀ ਆਵਾਜ਼ ਚਾਹੁੰਦੇ ਹਨ। ਉਨ੍ਹਾਂ ਨੇ ਇਕ ਨਕਸ਼ਾ ਜਾਰੀ ਕੀਤਾ ਜਿਸ ਵਿਚ ਅਖੌਤੀ ਖਾਲਿਸਤਾਨ ਰਾਜ ਦੀਆਂ ਸਰਹਦਾਂ ਦੀ ਰੂਪਰੇਖਾ ਦਿਤੀ ਗਈ ਹੈ। ਡਾ: ਚੌਹਾਨ ਇਸ ਗਲ ਦਾ ਦਾਅਵਾ ਕਰਦੇ ਰਹੇ ਹਨ ਕਿ ਉਨ੍ਹਾਂ ਦੇ ਪੱਖ ਨੂੰ ਬਾਹਰਲੇ ਦੇਸ਼ਾਂ ਵਿਚ ਪ੍ਰਮੁਖ ਨੇਤਾਵਾਂ ਦੀ ਹਮਾਇਤ ਪ੍ਰਾਪਤ ਹੈ ਅਤੇ ਉਹ ਅਮਰੀਕਾ ਦੀ ਕਾਂਗਰਸ ਦੇ ਮੈਂਬਰਾਂ ਨਾਲ ਸੰਪਰਕ ਰਖ ਰਹੇ ਹਨ। ਭਾਰਤ ਸਰਕਾਰ ਵਲੋਂ ਰੋਸ ਪ੍ਰਗਟ ਕਰਨ ਦੇ ਬਾਵਜੂਦ ਉਹ 1982 ਵਿਚ ਅਤੇ ਫਿਰ ਮਾਰਚ 1982 ਵਿਚ ਅਮਰੀਕਾ ਵਿਚ ਦਾਖਲ ਹੋਣ ਦਾ ਵੀਜ਼ਾ ਲੈਣ ਵਿਚ ਸਫਲ ਹੋ ਗਏ। ਡਾ: ਚੌਹਾਨ ਨੇ ਵਾਸ਼ਿੰਗਟਨ ਵਿਚ ਹੈਰੀਟੇਨ ਫਾਊਂਡੇਸ਼ਨ ਅਤੇ ਹੋਰ ਜਥੇਬੰਦੀਆਂ ਨਾਲ ਸੰਪਰਕ ਕਾਇਮ ਰਖਿਆ ਹੋਇਆ ਹੈ।

42. ਡਾ: ਚੌਹਾਨ ਭਾਰਤੀ ਬੰਸ ਦੇ ਇਕ ਅਮਰੀਕੀ ਨਾਗਰਿਕ ਅਤੇ ਵਾਸ਼ਿੰਗਟਨ ਵਿਚ ਨਨਕਾਣਾ ਸਾਹਿਬ ਫਾਊਂਡੇਸ਼ਨ ਦੇ ਪ੍ਰਧਾਨ ਸ੍ਰੀ ਗੰਗਾ ਸਿੰਘ ਢਿਲੋਂ ਨਾਲ ਗੂਹੜੇ ਤਾਲਮੇਲ ਨਾਲ ਕੰਮ ਕਰ ਰਹੇ ਹਨ। ਹਾਲ ਵਿਚ ਹੀ ਡਾ: ਚੌਹਾਨ ਨੇ, ਦਲ ਖਾਲਸਾ ਦੇ ਮੈਂਬਰਾਂ ਅਤੇ ਹੋਰਨਾਂ ਨਾਲ ਮਿਲਕੇ ਯੂ.ਕੇ. ਵਿਚ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਨੇਤਾਵਾਂ ਨਾਲ ਸੰਪਰਕ ਕਾਇਮ ਕੀਤਾ। 'ਆਜ਼ਾਦ' ਜੇ. ਐਂਡ ਕੇ. ਮੁਸਲਿਮ ਕਾਨਫਰੰਸ ਦੇ ਪ੍ਰਧਾਨ ਸੁਲਤਾਨ ਮੁਹੰਮਦ ਚੌਧਰੀ ਵਲੋਂ ਦਿੱਤੇ ਗਏ ਇਕ ਬਿਆਨ ਅਨੁਸਾਰ ਡਾ: ਚੌਹਾਨ ਨੇ, ਆਪਣੇ ਉਦੇਸ਼ਾਂ ਲਈ ਹਮਾਇਤ ਪ੍ਰਾਪਤ ਕਰਨ ਦੇ ਬਦਲੇ ਵਿਚ ਇਸ ਜਥੇਬੰਦੀ ਦੇ ਉਦੇਸ਼ਾਂ ਦੀ ਹਮਾਇਤ ਕੀਤੀ ਹੈ। ਦਰਅਸਲ 1981 ਵਿਚ ਹੀ ਡਾ: ਚੌਹਾਨ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੀ ਲਹਿਰ ਨੂੰ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਵਿਚ ਜੇ.ਈ.ਆਈ. ਦੀ ਹਮਾਇਤ ਪ੍ਰਾਪਤ ਹੈ। ਇਨ੍ਹਾਂ ਜਥੇਬੰਦੀਆਂ ਦੇ ਕੁਝ ਮੈਂਬਰਾਂ ਦਾ ਦਾਅਵਾ ਹੈ ਕਿ ਉਹ ਬਾਕਾਇਦਾ ਪਾਕਿਸਤਾਨ ਜਾਂਦੇ ਰਹਿੰਦੇ ਹਨ। ਸ੍ਰੀ ਢਿਲੋਂ ਵੀ ਏਸ ਗਲ ਦਾ ਪ੍ਰਚਾਰ ਕਰਦੇ ਰਹੇ ਹਨ ਕਿ ਸਿਖ ਇਕ ਵਖਰੀ ਕੌਮ ਹਨ ਅਤੇ ਉਹ ਅਮਰੀਕੀ ਸੈਨਟ ਦੇ ਮੈਂਬਰਾਂ ਅਤੇ ਪਾਕਿਸਤਾਨ ਸਰਕਾਰ ਵਿਚ ਉੱਚ ਵਰਗ ਦੇ ਲੋਕਾਂ ਨਾਲ ਸੰਪਰਕ ਰਖਦੇ ਹਨ।

Digitized by Panjab Digital Library | www.panjabdigilib.org

## ਦਲ ਖਾਲਸਾ

43. ਦਲ ਖਾਲਸਾ ਦੀ ਸਥਾਪਨਾ ਮੂਲ ਰੂਪ ਵਿਚ ਭਾਰਤ ਵਿਚ 13 ਅਪਰੈਲ 1978 ਨੂੰ ਇਕ ਆਜ਼ਾਦ ਖੁਦਮੁਖਤਾਰ ਸਿਖ ਰਾਜ ਕਾਇਮ ਕਰਨ ਦੇ ਪ੍ਰਤਖ ਉਦੇਸ਼ ਨਾਲ ਹੋਈ। ਜਾਪਦਾ ਹੈ ਕਿ ਇਹ ਦਲ ਬਰਮਿੰਘਮ ਵਿਚ ਨਕਸਲਾਈਟ ਪੱਖੀ ਨੇਤਾ ਸਵਰਗਵਾਸੀ ਗਿਆਨੀ ਬਖਸ਼ੀਸ਼ ਸਿੰਘ ਦੇ ਵਿਚਾਰਾਂ ਉਤੇ ਆਧਾਰਤ ਸੀ। ਪ੍ਰਾਪਤੀ ਲਈ ਹਿੰਸਾ ਦੀ ਵਰਤੋਂ ਕਰਨ ਦੀ ਹਮਾਇਤ ਕਰਦਾ ਹੈ। ਏਸਦੇ ਕਥਨ ਅਨੁਸਾਰ "ਕੇਵਲ ਦਹਿਸ਼ਤ ਹੀ ਸਾਨੂੰ ਆਪਣੇ ਉਦੇਸ਼ ਪ੍ਰਾਪਤ ਕਰਨ ਵਿਚ ਸਹਾਈ ਹੋ ਸਕਦੀ ਹੈ। 20ਵੀਂ ਸਦੀ ਕੇਵਲ ਇਹੀ ਭਾਸ਼ਾ ਸਮਝਦੀ ਹੈ। ਯੂ.ਕੇ. ਵਿਚ ਦਲ ਖਾਲਸਾ ਦੇ ਮੁਖ ਪੰਚ ਜਸਵੰਤ ਸਿੰਘ ਠੇਕੇਦਾਰ ਨੇ ਕਿਹਾ ਹੈ ਕਿ 'ਰਾਜਸੀ ਸ਼ਕਤੀ ਕਿਸੇ ਨੂੰ ਥਾਲੀ ਵਿਚ ਪਰੋਸ ਕੇ ਨਹੀਂ ਦਿੱਤੀ ਜਾਂਦੀ, ਨਾ ਹੀ ਇਹ ਭੰਗਤੀ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੀਲਾ ਲੜਾਈ ਅਤੇ ਹਥਿਆਰਬੰਦ ਬਗ਼ਾਵਤ ਤੋਂ ਬਿਨਾ ਸਾਡੇ ਉਦੇਸ਼ਾਂ ਦੀ ਪ੍ਰਾਪਤੀ ਅਸੰਭਵ ਹੈ" ਰਾਜਸੀ ਸ਼ਕਤੀ ਇਕ ਬੰਦੂਕ ਦੀ ਨਲੀ ਚੋਂ ਨਿਕਲਦੀ ਹੈ। ਇਕ ਹਥਿਆਰਬੰਦ ਲੜਾਈ ਹੀ ਖਾਲਿਸਤਾਨ ਹਾਸਲ ਕਰਨ ਦਾ ਇਕੋ ਇਕ ਰਸਤਾ ਹੈ। 29 ਸਿਤੰਬਰ 1981 ਨੂੰ ਇੰਡੀਅਨ ਏਅਰਲਾਈਨਜ਼ ਦੇ ਇਕ ਹਵਾਈ ਜਹਾਜ਼ ਨੂੰ ਅਗਵਾ ਕਰਕੇ ਲਾਹੌਰ ਲਿਜਾਣ ਅਤੇ 26 ਅਪਰੈਲ 1982 ਨੂੰ ਅੰਮ੍ਰਿਤਸਰ ਵਿਚ ਬੇਅਦਬੀ ਦੀਆਂ ਕਾਰਵਾਈਆਂ ਲਈ ਇਹ ਜਥੇਬੰਦੀ ਜ਼ਿੰਮੇਵਾਰ ਸੀ। ਇਸ ਦੀਆਂ ਹਾਨੀਕਾਰਕ ਸਰਗਰਮੀਆਂ ਲਈ, ਇਸ ਨੂੰ 1 ਮਈ 1982 ਨੂੰ ਗ਼ੈਰਕਾਨੂੰਨੀ ਕਾਰਵਾਈਆਂ (ਰੋਕਣ) ਬਾਰੇ ਕਾਨੂੰਨ ਹੇਠ, ਇਕ ਗ਼ੈਰਕਾਨੂੰਨੀ ਜਥੇਬੰਦੀ ਕਰਾਰ ਦਿੱਤਾ ਗਿਆ।

44. ਦਲ ਖਾਲਸਾ ਨੇ 4 ਜਨਵਰੀ 1983 ਨੂੰ ਯੂ.ਕੇ. ਵਿਚ ਅਤੇ ਜੂਨ 1983 ਵਿਚ ਪਛਮੀ ਜਰਮਨੀ ਵਿਚ ਆਪਣੀ ਇਕ ਸ਼ਾਖ ਕਾਇਮ ਕੀਤੀ।

45. ਯੂ.ਕੇ. ਦੇ ਦਲ ਖਾਲਸਾ ਅਤੇ ਵੈਨਕੂਵਰ ਦੇ ਬਬਰ ਖਾਲਸਾ ਦੀ ਮਈ 1983 ਵਿਚ ਲੰਡਨ ਵਿਚ ਹੋਈ ਇਕ ਸਾਂਝੀ ਬੈਠਕ ਵਿਚ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ, ਅੰਮ੍ਰਿਤਸਰ ਦੇ ਨੇਤਾਵਾਂ ਨੂੰ ਸਰਕਾਰ ਨਾਲ ਗਲ-ਬਾਤ ਕਰਨ ਲਈ ਉਨ੍ਹਾਂ ਦੀ ਰਜ਼ਾਮੰਦੀ ਕਾਰਣ ਦੋਸ਼ੀ ਠਹਿਰਾਇਆ ਅਤੇ ਉਨ੍ਹਾਂ ਨੂੰ ਚੇਤਾਵਨੀ ਦਿਤੀ ਕਿ ਦੇ ਉਨ੍ਹਾਂ ਨੇ ਭਾਰਤ ਸਰਕਾਰ ਨਾਲ ਕੋਈ ਸਮਝੌਤਾ ਕੀਤਾ ਤਾਂ ਉਨ੍ਹਾਂ ਦਾ ਵੀ ਉਹੀ ਹਾਲ ਹੋਏਗਾ ਜੋ ਨਿਰੰਕਾਰੀਆਂ ਦਾ ਹੋਇਆ ਹੈ। ਦਲ ਖਾਲਸਾ ਦੀ ਸੁਪਰੀਮ ਕੌਂਸਲ ਦੇ ਮੈਂਬਰ ਠੇਕੇਦਾਰ ਅਤੇ ਜਥੇਬੰਦੀ ਦੀ ਸੁਪਰੀਮ ਐਗਜ਼ੈਕਟਿਵ ਕੌਂਸਲ ਦੀ ਮੈਂਬਰ ਦਵਿੰਦਰ ਸਿੰਘ ਪਰਮਾਰ ਦੇ ਨਾਂਵਾਂ ਹੇਠ 29 ਮਈ 1983 ਨੂੰ ਵੰਡੇ ਗਏ ਪੈਂਫਲਟ ਵਿਚ ਭਾਰਤੀ ਸੰਵਿਧਾਨ ਨੂੰ, ਜਿਥੋਂ ਤਕ ਸਿਖਾਂ ਦਾ ਸਬੰਧ ਹੈ, ਇਕ ਵਿਅਰਥ ਦਸਤਾਵੇਜ਼ ਦਸਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਦਲ ਖਾਲਸਾ ਭਾਰਤ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਵਿਚ ਵੰਗਾਰਨਾ ਚਾਹੁੰਦਾ ਹੈ ਅਤੇ 'ਸਿਖ ਹੋਮਲੈਂਡ ਛੱਡਣ' ਲਈ ਭਾਰਤ ਉਤੇ ਦਬਾਅ ਪਾਣ ਵਾਸਤੇ ਸੰਯੁਕਤ ਰਾਸ਼ਟਰ ਦੀ ਸਹਾਇਤਾ ਲਏਗਾ। 12 ਜੂਨ 1983 ਨੂੰ ਹੋਈ ਬੈਠਕ ਵਿਚ ਸ੍ਰੀ ਠੇਕੇਦਾਰ ਨੇ ਲਾਲਾ ਜਗਤ ਨਾਰਾਇਣ ਅਤੇ ਡੀ.ਆਈ.ਜੀ. ਪੁਲੀਸ ਸ੍ਰੀ ਅਟਵਾਲ ਦੇ ਕਤਲ ਲਈ ਦਲ ਖਾਲਸਾ ਦੇ ਜ਼ਿੰਮੇਵਾਰ ਹੋਣ ਦਾ ਦਾਅਵਾ ਕੀਤਾ ਅਤੇ ਏਸ ਗਲ ਲਈ ਚੇਤਾਵਨੀ ਦਿਤੀ ਕਿ ਅਕਾਲੀ ਮੋਰਚੇ ਦੇ ਦੌਰਾਨ ਸਿੱਖਾਂ ਦੀ ਮੌਤ ਲਈ ਪੁਲੀਸ ਅਧਿਕਾਰੀਆਂ ਤੋਂ ਇਸੇ ਤਰ੍ਹਾਂ ਬਦਲਾ ਲਿਆ ਜਾਏਗਾ। ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਹਿੰਸਕ ਤਰੀਕੇ ਅਪਨਾਉਣ ਦੀ ਹਮਾਇਤ ਕੀਤੀ ਅਤੇ ਐਲਾਨ ਕੀਤਾ ਕਿ ਇਸ ਜਥੇਬੰਦੀ ਦੀ ਸਿੱਖਾਂ ਲਈ ਇਕ ਆਜ਼ਾਦ ਰਾਸ਼ਟਰ ਦੀ ਸਥਾਪਨਾ ਤੋਂ ਘਟ ਕਿਸੇ ਗਲ ਉਤੇ ਤਸੱਲੀ ਨਹੀਂ ਹੋਏਗੀ। ਸ੍ਰੀ ਠੇਕੇਦਾਰ ਨੇ ਪਛਮੀ ਜਰਮਨੀ ਦੇ ਅਧਿਕਾਰੀਆਂ ਵਲੋਂ ਸ੍ਰੀ ਤਲਵਿੰਦਰ ਸਿੰਘ ਪਰਮਾਰ ਦੀ ਗ੍ਰਿਫਤਾਰੀ ਉਤੇ ਭਾਰਤ ਸਰਕਾਰ ਨੂੰ ਧਮਕੀ ਦਿਤੀ। ਜੁਲਾਈ 1983 ਵਿਚ ਸਾਊਥਹਾਲ ਵਿਚ ਹੋਈ ਇਕ ਬੈਠਕ ਵਿਚ, ਸ੍ਰੀ ਠੇਕੇਦਾਰ ਨੇ ਕਿਹਾ ਕਿ ਦਲ ਖਾਲਸਾ ਪੰਜਾਬ ਵਿਚ ਹਥਿਆਰਬੰਦ ਜਦੋਜਹਿਦ ਲਈ ਤਿਆਰ ਹੋ ਰਿਹਾ ਹੈ ਅਤੇ ਪੰਜਾਬ ਵਿਚ ਉੱਚੇ ਅਹੁਦਿਆਂ ਉਤੇ ਲਗੇ ਬਹੁਤ ਸਾਰੇ ਵਿਅਕਤੀਆਂ ਨੇ ਉਨ੍ਹਾਂ ਦੀ ਜਥੇਬੰਦੀ ਨੂੰ ਗੁਪਤ ਹਮਾਇਤ ਦਿਤੀ ਹੈ ਅਤੇ ਏਥੋਂ ਤਕ ਕਿ ਫੌਜੀ ਅਫ਼ਸਰ ਵੀ ਬਗ਼ਾਵਤ ਵਿਚ ਅੱਗੇ ਆਉਣ ਲਈ ਤਿਆਰ ਹਨ। 'ਭਾਈਚਾਰੇ ਦੇ ਗੱਦਾਰਾਂ" ਨੂੰ ਵੀ ਸਜ਼ਾ ਦੇਣ ਦੀ ਧਮਕੀ ਦਿਤੀ ਗਈ।

Digitized by Panjab Digital Library | www.panjabdigilib.org

46. 14 ਅਗਸਤ 1983 ਨੂੰ ਦਲ ਖਾਲਸਾ ਵਲੋਂ ਵਿਦੇਸ਼ੀ ਨਾਗਰਿਕਤਾ ਵਾਲੇ ਕੁਝ ਸਿਖਾਂ ਦੇ ਇਕ 'ਰਾਜਸੀ ਸਿਖਿਆ ਕੈਂਪ' ਵਿਚ ਬੋਲਦਿਆਂ ਸ੍ਰੀ ਠੇਕੇਦਾਰ ਨੇ ਐਲਾਨ ਕੀਤਾ ਕਿ ਜਥੇਬੰਦੀ ਛਾਪਾਮਾਰ ਜਦੋਜਹਿਦ ਸ਼ੁਰੂ ਕਰੇਗੀ। ਸਿਤੰਬਰ 1983 ਦੇ ਤੀਜੇ ਹਫਤੇ ਲੰਡਨ ਦੇ ਦੌਰੇ ਦੇ ਦੌਰਾਨ ਵੈਨਕੂਵਰ ਵਿਚ ਖਾਲਿਸਤਾਨ ਦੇ ਅਖੌਤੀ ਕੌਂਸਲ-ਜਨਰਲ ਸ੍ਰੀ ਸੁਰਜਨ ਸਿੰਘ ਗਿਲ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਨੇ ਉਹਨਾਂ ਨੂੰ, ਉਹਨਾਂ ਦੀ ਜਦੋਜਹਿਦ ਵਿਚ ਸਹਾਇਤਾ ਦੇਣ ਦਾ ਵਚਨ ਦਿਤਾ ਹੈ ਅਤੇ ਜੇ ਇਕ ਵਾਰ ਖਾਲਿਸਤਾਨ ਬਣ ਗਿਆ ਤਾਂ ਪਾਕਿਸਤਾਨ 'ਨਨਕਾਣਾ ਸਾਹਿਬ' ਨੂੰ ਵੈਟੀਕਨ ਵਾਲਾ ਦਰਜਾ ਦਏਗਾ। ਦਲ ਖਾਲਸਾ ਸਪਸ਼ਟ ਤੌਰ ਉਤੇ ਪਾਕਿਸਤਾਨ ਨੂੰ ਫੌਜੀ ਮਹਤਵ ਤੋਂ ਇਕ ਮਿਤਰ ਦੇਸ਼ ਦੇ ਰੂਪ ਵਿਚ ਮੰਨਦਾ ਹੈ। ਨਵੰਬਰ 1983 ਦੇ ਪਹਿਲੇ ਹਫਤੇ ਵਿਚ ਸ੍ਰੀ ਠੇਕੇਦਾਰ ਨੇ ਉਹਨਾਂ ਵਲੋਂ ਪੰਜਾਬੀ ਵਿਚ ਲਿਖੀ ਗਈ ਹੋਈ "ਖਾਲਸਾ ਰਾਜ" ਪੁਸਤਕ ਇੰਗਲੈਂਡ ਵਿਚ ਵਿਕਰੀ ਲਈ ਜਾਰੀ ਕੀਤੀ। ਉਸ ਵਿਚ ਕਿਹਾ ਗਿਆ ਹੈ ਕਿ (1) ਖਾਲਸਾ ਰਾਜ ਦੀ ਸਥਾਪਨਾ ਲਈ ਦਲ ਖਾਲਸਾ ਵਚਨਬੱਧ ਹੈ। (2) ਸਿਖਾਂ ਵਿਚ ਧਾਰਮਕ ਚੇਤਨਤਾ ਪੈਦਾ ਕਰਨ ਅਤੇ ਸੰਸਾਰ ਦੇ ਹੋਰ ਉਹਨਾਂ ਫਿਰਕਿਆਂ ਨਾਲ ਮਿਲਵਰਤਨ ਕਰਨ ਦੀ ਵਿਉਂਤ ਬਣਾਈ ਹੈ, ਜਿਹੜੇ ਇਸੇ ਤਰ੍ਹਾਂ ਸੁਤੰਤਰਤਾ ਲਈ ਘੋਲ ਕਰ ਰਹੇ ਹਨ ਅਤੇ (3) ਇਕ ਨਵੀਂ ਜਥੇਬੰਦੀ 'ਤਖਤ ਖਾਲਸਾ' ਬਣਾਈ ਜਾਏਗੀ ਜਿਸਦਾ ਕੰਮ ਖਾਲਸਾ ਪੰਥ ਨੂੰ ਸਵੱਛ ਕਰਨਾ ਅਤੇ ਸੁਤੰਤਰਤਾ ਲਈ ਸਰਕਾਰ ਵਿਰੁਧ ਜਦੋਜਹਿਦ ਕਰਨਾ ਹੋਏਗਾ। ਇਹ ਜਦੋਜਹਿਦ ਯਹੂਦੀਆਂ ਦੀ ਤਰ੍ਹਾਂ ਹੋਏਗੀ। ਪੁਸਤਕ ਵਿਚ ਇਹ ਵੀ ਕਿਹਾ ਗਿਆ ਹੈ ਕਿ ਰਾਜਸੀ ਸ਼ਕਤੀ ਕੇਵਲ ਸ਼ਰੀਰਕ ਯਤਨਾਂ, ਛਾਪਾਮਾਰ ਲੜਾਈ ਅਤੇ ਹਥਿਆਰਬੰਦ ਬਗਾਵਤ ਰਾਹੀਂ ਹਾਸਲ ਕੀਤੀ ਜਾ ਸਕਦੀ ਹੈ।

47. ਜਥੇਬੰਦੀ ਦੇ ਕੁਝ ਮੈਂਬਰਾਂ ਨੇ ਸੰਕੇਤ ਦਿਤਾ ਕਿ ਉਹ ਨੌਜੁਆਨ ਸਿਖ ਕਾਰਜਕਰਤਾਵਾਂ ਦਾ ਇਕ ਗਰੁਪ ਤਿਆਰ ਕਰਨ ਦੇ ਚਾਹਵਾਨ ਨੇ, ਜਿਹੜਾ ਘਾਤਕ ਮਿਸ਼ਨਾਂ ਨੂੰ ਪੂਰਾ ਕਰਨ ਲਈ ਤਿਆਰ ਹੋਏਗਾ।

48. ਅਪਰੈਲ 1984 ਵਿਚ ਪਛਮੀ ਜਰਮਨੀ ਵਿਚ ਦਲ ਖਾਲਸਾ ਦੇ ਮੁਖ ਪੰਚ ਸ੍ਰੀ ਮਨਮੋਹਨ ਸਿੰਘ ਬਜਾਜ ਨੇ ਸ: ਹਰਬੰਸ ਸਿੰਘ ਮਨਚੰਦਾ ਅਤੇ ਸ੍ਰੀ ਵੀ.ਐਨ. ਤਿਵਾਰੀ ਦੇ ਕਤਲਾਂ ਨੂੰ ਉਚਿਤ ਦਸਿਆ ਅਤੇ ਕਿਹਾ ਕਿ ਇਹ 'ਗੁਰੂ ਸਾਹਿਬ ਦੇ ਕਮਾਂ' ਉਤੇ ਹੋਏ ਹਨ। 11 ਜੂਨ, 1984 ਨੂੰ ਇਹ ਐਲਾਨ ਕੀਤਾ ਗਿਆ ਕਿ ਇਸਨੇ ਇਕ ਜਲਾਵਤਨ ਗੁਪਤ ਸਰਕਾਰ ਕਾਇਮ ਕਰ ਲਈ ਹੈ। ਸ੍ਰੀ ਜਸਵੰਤ ਸਿੰਘ ਠੇਕੇਦਾਰ ਨੂੰ ਏਸ ਵਿਚ ਰਖਿਆ ਮੰਤਰੀ ਅਤੇ ਸ੍ਰੀ ਮਨਮੋਹਨ ਸਿੰਘ ਬਜਾਜ ਨੂੰ ਗ੍ਰਹਿਮੰਤਰੀ ਬਣਾਇਆ ਗਿਆ। ਡਾ: ਹਰਜਿੰਦਰ ਸਿੰਘ ਦਿਲਗੀਰ ਨੂੰ ਵਿਦੇਸ਼ ਮੰਤਰੀ ਅਤੇ ਹਵਾਈਜਹਾਜ਼ ਦੇ ਇਕ ਅਗਵਾਕਾਰ ਰਾਜਿੰਦਰ ਸਿੰਘ ਨੂੰ ਖੇਤੀਬਾੜੀ ਅਤੇ ਸੱਨਅਤਾਂ ਦਾ ਮੰਤਰੀ ਨਾਮਜ਼ਦ ਕੀਤਾ ਗਿਆ ਹੈ।

## ਬਬੱਰ ਖਾਲਸਾ ਅਤੇ ਅਖੰਡ ਕੀਰਤਨੀ ਜੱਥਾ

49. ਅਖੰਡ ਕੀਰਤਨੀ ਜੱਥਾ ਮੁੱਖ ਤੌਰ ਉਤੇ ਇਕ ਧਾਰਮਕ ਗਰੁੱਪ ਦੇ ਰੂਪ ਵਿਚ ਸ਼ੁਰੂ ਹੋਇਆ ਪਰ ਇਹ ਹੋਰ ਸਿੱਖ ਰਾਜਸੀ ਅਤੇ ਅਤਿਵਾਦੀ ਜਥੇਬੰਦੀਆਂ ਖਾਸ ਕਰਕੇ ਬੱਬਰ ਖਾਲਸਾ ਦੀ ਸਹਾਇਤਾ ਕਰਦਾ ਹੈ। ਬੀਬੀ ਹਰਸ਼ਰਨ ਕੌਰ ਅਤੇ ਫੌਜਾ ਸਿੰਘ ਦੀ ਵਿਧਵਾ ਪਤਨੀ ਬੀਬੀ ਅਮਰਜੀਤ ਕੌਰ (ਫੌਜਾ ਸਿੰਘ ਅਪਰੈਲ 1978 ਵਿਚ ਸਿੱਖ-ਨਿਰੰਕਾਰੀ ਝਗੜੇ ਵਿਚ ਮਾਰਿਆ ਗਿਆ ਸੀ) ਇਸ ਜਥੇਬੰਦੀ ਦੀਆਂ ਸਰਗਰਮ ਕਰਤਾ ਧਰਤਾ ਹਨ। ਇਸਦਾ ਵਿਚਾਰ ਹੈ ਕਿ ਸਿੱਖ ਉਦੋਂ ਤਕ ਆਪਣੀ ਸ਼ੁੱਧਤਾ ਕਾਇਮ ਨਹੀਂ ਰਖ ਸਕਦੇ ਜਦੋਂ ਤਕ ਉਹ ਸੁਤੰਤਰ ਰਾਜ ਪ੍ਰਾਪਤ ਨਹੀਂ ਕਰ ਲੈਂਦੇ। ਇਸਦੀਆਂ ਇੰਗਲੈਂਡ ਅਤੇ ਕੈਨੇਡਾ ਵਿਚ ਸ਼ਾਖਾ ਹਨ।

50. ਬੱਬਰ ਖਾਲਸਾ ਅਖੰਡ ਕੀਰਤਨੀ ਜਥੇ ਦੀ ਇਕ ਰਾਜਸੀ ਸ਼ਾਖ ਹੈ। ਇਹ ਆਪਣੀਆਂ ਸਰਗਰਮੀਆਂ ਲਈ, ਯਹੂਦੀਆਂ ਦੀ ਇਸਰਾਈਲ ਦੀ ਸਥਾਪਨਾ ਲਈ ਜਦੋਜਹਿਦ ਅਤੇ ਕੁਰਦ ਲੋਕਾਂ ਦੇ ਆਪਣੀ ਰਾਸ਼ਟਰੀ ਆਜ਼ਾਦੀ ਦੇ ਘੋਲ ਨੂੰ ਆਪਣਾ ਆਦਰਸ਼ ਸਮਝਦਾ ਹੈ।

Digitized by Panjab Digital Library | www.panjabdigilib.org

51. ਭਾਰਤ ਵਿਚ ਬੱਬਰ ਖਾਲਸਾ ਦੀ ਸਥਾਪਨਾ 1978 ਵਿਚ ਹੋਈ ਸੀ। ਕੈਨੇਡਾ ਵਿਚ ਏਸਦੀ ਸ਼ਾਖ 1981 ਵਿਚ ਖੋਲੀ ਗਈ। ਵਿਦੇਸ਼ਾਂ ਵਿਚ ਏਸਦੀਆਂ ਯੂਨਿਟਾਂ ਦੇ ਜੱਥੇਦਾਰ ਸ੍ਰੀ ਤਲਵਿੰਦਰ ਸਿੰਘ ਪਰਮਾਰ ਹਨ।ਬੱਬਰ ਖਾਲਸਾ ਅਮਰੀਕਾ, ਬਰਤਾਨੀਆਂ,ਹਾਲੈਂਡ ਅਤੇ ਪਛਮੀ ਜਰਮਨੀ ਤਕ ਆਪਣੀਆਂ ਸਰਗਰਮੀਆਂ ਦਾ ਪਸਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

52. ਬੱਬਰ ਖਾਲਸਾ ਅਨੁਸਾਰ ਪਾਕਿਸਤਾਨ ਸਿੱਖਾਂ ਦਾ ਇਕ ਸੁਭਾਵਕ ਅਤੇ ਸਭਿਆਚਾਰਕ ਗੁਆਂਢੀ ਹੈ ਜੋ ਭਾਰਤ ਸਰਕਾਰ ਵਿਰੁਧ ਉਹਨਾਂ ਦੇ ਅੰਦੋਲਨ ਵਿਚ ਮਦਦ ਦੇਣ ਲਈ ਤਿਆਰ ਹੈ। ਬੱਬਰ ਖਾਲਸਾ ਇਸ ਗਲ ਉਤੇ ਜ਼ੋਰ ਦੇਂਦਾ ਹੈ ਕਿ ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ ਨੂੰ ਖਾਲਿਸਤਾਨ ਦੀ ਆਜ਼ਾਦੀ ਵਿਚ ਮਹਤਵਪੂਰਣ ਭੂਮਿਕਾ ਅਦਾ ਕਰਨੀ ਪਏਗੀ।

53. ਏਸ ਜਥੇਬੰਦੀ ਦੇ ਮੈਂਬਰ ਖਾਲਿਸਤਾਨ ਮੁਕਤੀ ਸੈਨਾ ਬਨਾਉਣ ਲਈ ਅਤੇ ਉਹਨਾਂ ਦੇ ਵਲੰਟੀਅਰਾਂ ਨੂੰ ਹਥਿਆਰਾਂ ਦੀ ਸਿਖਲਾਈ ਦੇਣ ਦੀ ਲੋੜ ਦੀ ਚਰਚਾ ਕਰਦੇ ਰਹੇ ਹਨ।

54. ਫਰਵਰੀ 1982 ਵਿਚ ਵੈਂਨਕੂਵਰ ਸਨ' ਵਿਚ ਇਕ ਖਬਰ ਛਪੀ ਸੀ ਜੋ ਕੈਨੇਡਾ ਵਿਚ ਬ੍ਰਿਟਿਸ਼ ਕੋਲੰਬੀਆ ਵਿਚ ਸਿੱਖ ਅਤਿਵਾਦੀ ਅਨਸਰਾਂ ਰਾਹੀਂ ਸਿੱਖਾਂ ਦੀ ਭਰਤੀ ਕਰਨ ਅਤੇ ਉਹਨਾਂ ਨੂੰ ਇਕ ਅਜੇਹੇ ਵਿਅਕਤੀ ਦੀ ਮਦਦ ਨਾਲ ਸਿਖਲਾਈ ਦੇਣ ਬਾਰੇ ਸੀ, ਜਿਹੜਾ ਰੋਡੇਸ਼ੀਆ ਵਿਚ ਭਾੜੇ ਦੇ ਫੌਜੀ ਵਜੋਂ ਲੜਿਆ ਸੀ। ਇਸ ਖਬਰ ਵਿਚ ਜੌਹਨ ਵੈਂਡਰਹਰਸਟ ਨਾਂ ਦੇ ਇਕ ਵਿਅਕਤੀ ਵਲੋਂ ਦਿਤੇ ਗਏ ਇਕ ਇਸ਼ਤਿਹਾਰ ਦਾ ਹਵਾਲਾ ਦਿੱਤਾ ਗਿਆ ਸੀ ਜਿਸ ਵਿਚ ਫੌਜ ਦਾ ਤਜਰਬਾ ਹੋਣ ਵਾਲੇ ਨੌਜਵਾਨ ਵਲੰਟੀਅਰਾਂ ਨੂੰ ਅਮਰੀਕੀ ਡਾਲਰ 1,250 ਦੀ ਮਾਸਿਕ ਤਨਖਾਹ ਉਤੇ ਭਰਤੀ ਹੋਣ ਦੀ ਪੇਸ਼ਕਸ਼ ਕੀਤੀ ਗਈ ਸੀ। ਜੌਹਨ ਵੈਡਰਹਰਸਟ ਨੇ ਅਖਬਾਰ ਦੇ ਪੱਤਰਕਾਰ ਨੂੰ ਦਸਿਆ ਕਿ ਉਹਨਾਂ ਨੂੰ ਕੁਝ ਭਾਰਤੀਆਂ ਨੇ, ਫੌਜ ਦਾ ਤਜਰਬਾ ਰਖਣ ਵਾਲੇ ਵਿਅਕਤੀਆਂ ਦਾ ਇਕ ਦਲ ਕਾਇਮ ਕਰਨ ਲਈ ਰਖਿਆ ਹੈ ਤਾਂ ਕਿ ਉਹ ਬ੍ਰਿਟਿਸ਼ ਕੋਲੰਬੀਆ ਵਿਚ ਸਿੱਖਾਂ ਨੂੰ ਪਿਸਤੌਲਾਂ-ਬੰਦੂਕਾਂ ਦੀ ਵਰਤੋਂ ਅਤੇ ਲੜਾਈ ਕਰਨ ਦੀ ਕਲਾ ਦੀ ਸਿਖਲਾਈ ਦੇਣ। ਖਬਰਏ ਉਹਨਾਂ ਇਹ ਦਾਅਵਾ ਵੀ ਕੀਤਾ ਸੀ ਕਿ ਸਿਖਲਾਈ ਦਾ ਉਦੇਸ਼ ਸਿੱਖਾਂ ਨੂੰ ਪੰਜਾਬ ਉਤੇ ਕਬਜ਼ਾ ਕਰਨ ਵਿਚ ਉਹਨਾਂ ਦੀ ਮਦਦ ਕਰਨਾ ਹੈ।

55. 20 ਮਈ 1983 ਨੂੰ ਲੰਡਨ ਦੇ 'ਦੇਸ ਪ੍ਰਦੇਸ' ਨਾਲ ਇਕ ਇੰਟਰਵਿਊ ਵਿਚ ਤਲਵਿੰਦਰ ਸਿੰਘ ਪਰਮਾਰ ਨੇ ਦਾਅਵਾ ਕੀਤਾ ਕਿ ਬੱਬਰ ਖਾਲਸਾ ਪੰਜਾਬ ਵਿਚ ਲਾਲਾ ਜਗਤ ਨਾਰਾਇਣ, ਨਿਰੰਕਾਰੀਆਂ ਅਤੇ ਹੋਰਨਾਂ ਦੇ ਕਤਲ ਲਈ ਜ਼ਿੰਮੇਵਾਰ ਹੈ ਅਤੇ ਰੇਲ ਪਟੜੀਆਂ ਦੀ ਭੰਨ ਤੋੜ ਦੀਆਂ ਘਟਨਾਵਾਂ ਲਈ ਸਰਬ ਭਾਰਤੀ ਸਿੱਖ ਵਿਦਿਆਰਥੀ ਫੈਡਰੇਸ਼ਨ (ਏ.ਆਈ.ਐਸ ਐਸ.ਐਫ) ਜ਼ਿੰਮੇਵਾਰ ਹੈ।

56. ਫਰਵਰੀ 1984 ਵਿਚ ਸ੍ਰੀ ਸੁਰਜਨ ਸਿੰਘ ਗਿੱਲ ਨੇ ਪੰਜਾਬ ਵਿਚ ਸਿੱਖ ਨੇਤਾਵਾਂ ਨੂੰ ਇਕ 'ਖੁਲ੍ਹੀ ਚਿੱਠੀ' ਲਿਖੀ, ਜਿਸ ਵਿਚ ਉਹਨਾਂ ਨੂੰ ਸਿਖ ਕੌਮ ਦਾ ਅਸਲ ਨਿਸ਼ਾਨਾਂ— 'ਇਕ ਆਜ਼ਾਦ ਹੋਂਦ ਦੀ ਸਥਾਪਨਾਂ' ਪ੍ਰਾਪਤ ਕਰਨ ਲਈ ਕਾਰਵਾਈ ਸ਼ੁਰੂ ਕਰਨ ਲਈ ਕਿਹਾ ਗਿਆ ਹੈ। ਉਹਨਾਂ ਵਿਚਾਰ ਪ੍ਰਗਟ ਕੀਤਾ ਕਿ ਹੁਣ ਵੇਲਾ ਹੈ ਕਿ ਪੰਜਾਬ ਵਿਚ ਹਾਲਤ ਬਦਲਣ ਲਈ ਆਤਮਘਾਤੀ ਦਸਤਿਆਂ ਤੋਂ ਕੰਮ ਲਿਆ ਜਾਏ ਅਤੇ ਖ਼ਬਰਦਾਰ ਕੀਤਾ ਕਿ ਕੌਮ ਕਿਸੇ ਅਜਿਹੇ ਨੇਤਾ ਨੂੰ ਮਾਫ ਨਹੀਂ ਕਰੇਗੀ ਜੋ ਏਸ ਨਾਜ਼ੁਕ ਸਮੇਂ ਕਮਜ਼ੋਰੀ ਵਿਖਾਏਗਾ।

57. ਮਈ, 1984 ਵਿਚ ਇਕ ਬੈਠਕ ਵਿਚ ਇੰਗਲੈਂਡ ਵਿਚ ਸਿੱਖਾਂ ਵਲੋਂ ਏਅਰ ਇੰਡੀਆ ਦੀਆਂ ਉੜਾਨਾਂ ਦਾ ਬਾਈਕਾਟ ਕਰਨ ਦੇ ਸੁਆਲ ਉਤੇ ਵਿਚਾਰ ਕੀਤੀ ਗਈ ਅਤੇ ਇਕ ਮਤਾ ਪਾਸ ਕੀਤਾ ਗਿਆ, ਜਿਸ ਵਿਚ ਸਿੱਖਾਂ ਨੂੰ ਏਅਰ ਇੰਡੀਆ ਦੇ ਜਹਾਜ਼ਾਂ ਵਿਚ ਸਫਰ ਨਾ ਕਰਨ ਲਈ ਪ੍ਰੇਰਨ ਵਾਸਤੇ ਹਵਾਈਅਡਿਆਂ ਉਤੇ ਭੇਜੇ ਜਾਣ ਲਈ ਇਕ ਕਮੇਟੀ

Digitized by Panjab Digital Library | www.panjabdigilib.org

ਕਾਇਮ ਕਰਨ ਲਈ ਕਿਹਾ ਗਿਆ। ਜਥੇਦਾਰ ਗੁਰਮੇਜ ਸਿੰਘ ਨੇ ਇਹ ਚੇਤਾਵਨੀ ਵੀ ਦਿਤੀ ਕਿ ਇੰਗਲੈਂਡ ਵਿਚ ਉਹਨਾਂ ਸਿੱਖ ਮੁਸਾਫਰਾਂ ਅਤੇ ਸਿੱਖ ਟਰੈਵਲ ਏਜੰਟਾਂ ਦੇ ਨਾਂ, ਜਿਹੜੇ ਕਮੇਟੀ ਨਾਲ ਮਿਲਵਰਤਨ ਨਹੀਂ ਕਰਨਗੇ, ਪੰਜਾਬ ਅਤੇ ਨਵੀਂ ਦਿੱਲੀ ਵਿਚ ਬੱਬਰ ਖਾਲਸਾ ਦੇ ਪਤੀਨਿਧਾਂ ਨੂੰ ਭੇਜ ਦਿੱਤੇ ਜਾਣਗੇ ਤਾਂ ਜੋ ਉਨ੍ਹਾਂ ਨੂੰ ਮਾਰ ਦਿੱਤਾ ਜਾਏ।

Digitized by Panjab Digital Library | www.panjabdigilib.org

# 4. ਪੰਜਾਬ ਅਤੇ ਚੰਡੀਗੜ੍ਹ ਵਿਚ ਫੌਜ ਦੀ ਕਾਰਵਾਈ

2 ਜੂਨ, 1984 ਨੂੰ ਸਰਕਾਰ ਨੇ ਸਿਵਲ ਅਧਿਕਾਰੀਆਂ ਦੀ ਸਹਾਇਤਾ ਦੇ ਲਈ, ਪੰਜਾਬ ਵਿਚ ਫੌਜ ਬੁਲਾਏ ਜਾਣ ਦਾ ਫੈਸਲਾ ਕੀਤਾ। ਸੈਨਾਂ ਨੂੰ ਹੇਠ ਲਿਖਿਆ ਕੰਮ ਸੌਂਪਿਆ ਗਿਆ ਸੀ :—

ਪੰਜਾਬ ਰਾਜ ਅਤੇ ਕੇਂਦਰੀ ਪ੍ਰਬੰਧਤ ਪ੍ਰਦੇਸ਼ ਚੰਡੀਗੜ੍ਹ ਵਿਚ ਅਤਿਵਾਦੀ, ਆਤੰਕਵਾਦੀ ਅਤੇ ਫਿਰਕੂ ਹਿੰਸਾ ਨੂੰ ਰੋਕਣਾ ਅਤੇ ਕਾਬੂ ਹੇਠ ਕਰਨਾ, ਅਤੇ ਲੋਕਾਂ ਨੂੰ ਸੁਰਖਿਆ ਪ੍ਰਦਾਨ ਕਰਨਾ ਅਤੇ ਆਮ ਵਰਗੀ ਹਾਲਤ ਬਹਾਲ ਕਰਨਾ।

ਤਸਕਰੀ ਅਤੇ ਸਰਹੱਦ ਪਾਰੋਂ ਚੋਰੀ ਛਿਪੇ ਅਵਾਜਾਈ ਨੂੰ ਰੋਕਣ ਲਈ ਪੰਜਾਬ ਰਾਜ ਦੇ ਇਲਾਕੇ ਨਾਲ ਲਗਣ ਵਾਲੀ ਭਾਰਤ ਪਾਕਿਸਤਾਨ ਸਰਹੱਦ ਉਤੇ ਸਰਹੱਦੀ ਸੁਰਖਿਆ ਫੌਜ ਦੀ ਮੌਜੂਦਗੀ ਵਿਚ ਵਾਧਾ ਕਰਨਾਂ।

2. ਪੰਜਾਬ ਅਤੇ ਚੰਡੀਗੜ੍ਹ ਵਿਚ ਤੈਨਾਤ ਨੀਮ ਫੌਜੀ ਦਸਤੇ ਅਤੇ ਪੰਜਾਬ ਦੀ ਹਥਿਆਰਬੰਦ ਪੁਲਿਸ ਦੇ ਯੂਨਿਟਾਂ ਨੂੰ ਫੌਜ ਦੀ ਕਮਾਂਨ ਅਤੇ ਕੰਟਰੋਲ ਦੇ ਅਧੀਨ ਰਖਿਆ ਗਿਆ। ਕਿਉਂਕਿ ਕੇਂਦਰੀ ਪ੍ਰਬੰਧਤ ਪ੍ਰਦੇਸ਼ ਚੰਡੀਗੜ੍ਹ ਵੀ ਆਤੰਕਵਾਦ ਦੀ ਕਾਰਵਾਈ ਤੋਂ ਪ੍ਰਭਾਵਤ ਸੀ ਇਸ ਲਈ ਸਬੰਧਤ ਕਾਰਵਾਈ ਨੂੰ ਸੁਖੈਨ ਬਣਾਉਂਣ ਦੀ ਨਿਗਾਹ ਨਾਲ ਪੰਜਾਬ ਦੇ ਰਾਜਪਾਲ ਨੂੰ ਦੋ ਮਹੀਨਿਆਂ ਦੇ ਸਮੇਂ ਦੇ ਲਈ ਇਸ ਕੇਂਦਰੀ ਪ੍ਰਬੰਧਤ ਪ੍ਰਦੇਸ਼ ਦਾ ਵੀ ਰਾਜਪਾਲ ਨਿਯੁਕਤ ਕੀਤਾ ਗਿਆ।

3. 3 ਜੂਨ, 1984 ਨੂੰ ਵਿਦੇਸ਼ੀ ਕਾਨੂੰਨ ਦੇ ਅਧੀਨ ਪੰਜਾਬ ਵਿਚ ਵਿਦੇਸ਼ੀਆਂ ਦੇ ਦਾਖਲੇ ਉਤੇ ਰੋਕ ਲਗਾ ਦਿੱਤੀ ਗਈ। ਮਗਰੋਂ 15 ਜੂਨ, 1984 ਨੂੰ ਇੰਗਲੈਂਡ ਅਤੇ ਕਨੇਡਾ ਦੇ ਪਾਸਪੋਰਟ ਪ੍ਰਾਪਤ ਵਿਅਕਤੀਆਂ ਅਤੇ 18 ਜੂਨ, 1984 ਨੂੰ ਹੋਰ ਰਾਸ਼ਟਰਮੰਡਲ ਦੇਸ਼ਾਂ ਅਤੇ ਆਇਰਲੈਂਡ ਦੇ ਨਾਗਿਰਕਾਂ ਦੇ ਲਈ ਵੀਜੇ ਦੀ ਲੋੜ ਲਾਗੂ ਕਰ ਦਿਤੀ ਗਈ। ਅਜਿਹੇ ਨਿਅਮ ਦੂਜੇ ਦੇਸ਼ਾਂ ਦੇ ਨਾਗਰਿਕਾਂ ਦੇ ਲਈ ਵੀ ਮੌਜੂਦ ਹਨ। ਆਰਜ਼ੀ ਤੌਰ ਤੇ, ਅਟਾਰੀ ਚੈਕ ਪੋਸਟ ਦੇ ਆਰ ਪਾਰ ਅਵਾਜਾਈ ਉਤੇ ਰੋਕ ਲਗਾ ਦਿੱਤੀ ਗਈ।

4. ਪੰਜਾਬ ਪ੍ਰੈਸ (ਵਿਸ਼ੇਸ਼ ਤਾਕਤਾਂ ਬਾਰੇ) ਨਿਯਮ ਦੇ ਅਧੀਨ ਪੰਜਾਬ ਸਰਕਾਰ ਨੇ ਅਜਿਹੀ ਸਮਿਗਰੀ ਦੇ ਪ੍ਰਕਾਸ਼ਨ ਅਤੇ ਭੇਜੇ ਜਾਣ ਉਤੇ ਰੋਕ ਲਗਾ ਦਿੱਤੀ ਜਿਸ ਨਾਲ ਫਿਰਕੂ ਭਾਵਨਾ ਭੜਕ ਸਕਦੀ ਹੋਵੇ ਅਤੇ ਸਰਬਜਨਕ ਪ੍ਰਬੰਧ ਉਤੇ ਮਾੜਾ ਅਸਰ ਪੈ ਸਕਦਾ ਹੋਵੇ।

## ਫੌਜੀ ਕਾਰਵਾਈ ਦੀ ਯੋਜਨਾ

5. ਪੰਜਾਬ ਅਤੇ ਚੰਡੀਗੜ੍ਹ ਵਿਚ ਅਮਨ ਅਤੇ ਕਾਨੂੰਨ ਨੂੰ ਮੁੜ ਤੋਂ ਸਥਾਪਿਤ ਕਰਨ ਦੀ ਫੌਜ਼ ਦੀ ਕਾਰਵਾਈ ਵਿਚ ਅਤੰਕਵਾਦੀ ਅੰਸਰਾਂ ਨੂੰ ਫੜਨਾ, ਆਤੰਕਵਾਦੀਆਂ ਦੇ ਲੁਕਣ ਦੀਆਂ ਥਾਵਾਂ ਤੋਂ ਉਨ੍ਹਾਂ ਨੂੰ ਬਾਹਰ ਕੱਢਣਾ, ਗੈਰਕਾਨੂੰਨੀ

Digitized by Panjab Digital Library | www.panjabdigilib.org

ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕਰਨਾ ਅਤੇ ਲੋਕਾਂ ਦੀ ਸੁਰਖਿਆ ਅਤੇ ਉਨ੍ਹਾਂ ਦੇ ਵਿਸ਼ਵਾਸ ਨੂੰ ਬਹਾਲ ਕਰਨਾ ਸ਼ਾਮਿਲ ਸੀ।

6. 3 ਜੂਨ, 1984 ਦੀ ਸਵੇਰ ਤਕ ਫੌਜੀ ਦਸਤੇ ਪੰਜਾਬ ਅਤੇ ਚੰਡੀਗੜ੍ਹ ਵਿਚ ਦਾਖਲ ਹੋ ਗਏ ਅਤੇ ਉਨ੍ਹਾਂ ਨੂੰ ਸਾਰਿਆਂ ਜ਼ਿਲਿਆਂ ਵਿਚ ਠੀਕ ਢੁਕਵੇਂ ਢੰਗ ਨਾਲ ਤੈਨਾਤ ਕਰ ਦਿਤਾ ਗਿਆ

7. ਤਦ ਤਕ ਭਾਰਤ ਪਾਕਿਸਤਾਨ ਦੀ ਸੀਮਾ ਉਤੇ ਪੰਜਾਬ ਦੇ ਇਲਾਕੇ ਵਿਚ ਸਰਹਦੀ ਸੁਰਖਿਆ ਦਲ ਦੀਆਂ ਬਟਾਲੀਅਨਾਂ ਨੂੰ ਵੀ ਕਾਰਵਾਈ ਲਈ ਫੌਜੀ ਕਮਾਂਨ ਅਧੀਨ ਲੈ ਲਿਆ ਗਿਆ ਸੀ ਤਾਂ ਜੁ ਸਰਹਦ ਪਾਰ ਤੋਂ ਗੈਰਕਾਨੂੰਨੀ ਆਵਾਜਾਈ ਅਤੇ ਤਸਕਰੀ ਦੇ ਖਿਲਾਫ ਅੰਤਰਰਾਸ਼ਟਰੀ ਸੀਮਾਂ ਉਤੇ ਅਸਰਦਾਰ ਤਾਲਮੇਲ ਅਤੇ ਕੰਟਰੋਲ ਰਖਿਆ ਜਾ ਸਕੇ।

8. ਪੰਜਾਬ ਦੇ ਨਾਲ ਲਗਦੇ ਰਾਜਾਂ ਵਿਚ ਵੀ ਪੰਜਾਬ ਨੇ ਉਨ੍ਹਾਂ ਦੇ ਇਲਾਕੇ ਵਿਚ ਆ ਸਕਣ ਵਾਲੇ ਆਤੰਕਵਾਦੀਆਂ ਨੂੰ ਰੋਕਣ ਦੇ ਲਈ ਕਾਰਵਾਈ ਕੀਤੀ।

9. ਭਾਵੇਂ ਇਹ ਜਾਣਕਾਰੀ ਸੀ ਕਿਆਤੰਕਵਾਦੀਆਂ ਦੇ ਕੋਲ ਵੱਖ ਵੱਖ ਕਿਸਮ ਦੇ ਭਾਰੀ ਗਿਣਤੀ ਵਿਚ ਹਥਿਆਰ ਹਨ ਅਤੇ ਉਨ੍ਹਾਂ ਨੇ ਮਜ਼ਬੂਤ ਕਿਲੇਬੰਦੀ ਕੀਤੀ ਹੋਈ ਹੈ, ਪਰ ਆਤੰਕਵਾਦੀਆਂ ਦੀ ਗਿਣਤੀ ਅਤੇ ਉਨ੍ਹਾਂ ਦੇ ਬਣਾਏ ਮੋਰਚਿਆਂ ਦੇ ਬਾਰੇ ਵਿਚ ਪ੍ਰਾਪਤ ਜਾਣਕਾਰੀ ਕਾਫ਼ੀ ਨਹੀਂ ਸੀ। ਤਾਂ ਵੀ ਹਾਲਤ ਨੂੰ ਜ਼ਿਅਦਾ ਖਰਾਬ ਹੋਣ ਤੋਂ ਬਚਾਉਂਣ ਦੇ ਲਈ ਤੇਜ਼ ਰਫਤਾਰ ਨਾਲ ਫੌਜੀ ਕਾਰਵਾਈ ਕੀਤੇ ਜਾਣ ਦੀ ਵਡੀ ਲੋੜ ਸੀ।

10. ਫ਼ੌਜ ਨੂੰ ਖਾਸ ਤੌਰ ਤੇ ਇਹ ਹੁਕਮ ਦਿੱਤੇ ਗਏ ਸਨ ਕਿ ਘਟ ਤੋਂ ਘਟ ਤਾਕਤ ਦੀ ਵਰਤੋਂ ਕੀਤੀ ਜਾਵੇ, ਸਾਰੀਆਂ ਪਵਿੱਤਰ ਥਾਵਾਂ ਪ੍ਰਤਿ ਵੱਧ ਤੋਂ ਵੱਧ ਸਤਿਕਾਰ ਦਸਿਆ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਹਰਮੰਦਿਰ ਸਾਹਿਬ ਕੰਪਲੈਕਸ ਦੀ ਸਭ ਤੋਂ ਵੱਧ ਪਵਿਤ੍ਰ ਥਾਂ ਹਰਮੰਦਿਰ ਸਾਹਿਬ ਨੂੰ, ਅਤੇ ਹੋਰ ਗੁਰਦਵਾਰਿਆਂ ਦੇ ਦਰਬਾਰ ਸਾਹਿਬਾਂਨ ਨੂੰ, ਕੋਈ ਨੁਕਸਾਨ ਨਾ ਪਹੁੰਚੇ। ਪ੍ਰਪੇਖਪਥ ਢੰਗ ਦੇ ਅਤੇ ਅੱਗ ਲਾਊ ਗੋਲੀ ਸਿੱਕੇ ਦੀ ਵਰਤੋਂ ਦੀ ਪੂਰੀ ਤਰਾਂ ਮਨਾਹੀ ਸੀ। ਫੌਜ ਨੂੰ ਖਾਸ ਤੌਰ ਤੇ ਇਹ ਹਦਾਇਤ ਦਿਤੀ ਗਈ ਸੀ ਕਿ ਪਵਿੱਤਰ ਥਾਵਾਂ ਤੇ ਚਮੜੇ ਦੀ ਕੋਈ ਚੀਜ਼ ਪਾਕੇ ਨਾ ਜਾਣ ਅਤੇ ਪਕੜੇ ਗਏ ਸਾਰੇ ਬੰਦਿਆਂ ਦੇ ਪ੍ਰਤਿ ਆਦਰ ਅਤੇ ਨਿਮਰਤਾ ਦਾ ਵਿਹਾਰ ਕੀਤਾ ਜਾਵੇ। ਸਾਰੇ ਹੀ ਕਮਾਂਡਰਾਂ ਨੂੰ ਇਹ ਹਦਾਇਤ ਦਿਤੀ ਗਈ ਸੀ ਕਿ ਉਹ ਉਨ੍ਹਾਂ ਸਾਰੀਆਂ ਥਾਵਾਂ ਉਤੇ, ਜਿੱਥੇ ਆਤੰਕਵਾਦੀਆਂ ਦੇ ਛੁਪੇ ਹੋਣ ਦਾ ਸ਼ਕ ਹੋਵੇ, ਲਾਊਡਸਪੀਕਰ ਆਦਿ ਨਾਲ ਉਨਾਂ ਨੂੰ ਹਥਿਆਰ ਸੁਟ ਦੇਣ ਲਈ ਕਾਫੀ ਸਮੇਂ ਤਕ ਚੇਤਾਵਨੀ ਦੇਣ ਤਾਂ ਜੁ ਉਨ੍ਹਾਂ ਨੂੰ ਫੜਨ ਲਈ ਤਾਕਤ ਦੀ ਵਰਤੋਂ ਕਰਨ ਨਾਲ ਖੂਨ ਖਰਾਬਾ ਨਾ ਹੋਵੇ ਅਤੇ ਪਵਿੱਤਰ ਸਥਾਨਾਂ ਨੂੰ ਨੁਕਸਾਨ ਨਾ ਪਹੁੰਚੇ।

11. 3ਜੂਨ, 1984 ਨੂੰ ਰਾਤ ਦੇ 9 ਵਜੇ ਤੋਂ ਪੰਜਾਬ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ 36 ਘੰਟੇ ਦਾ ਕਰਫਿਊ ਲਗਾ ਦਿੱਤਾ ਗਿਆ ਜਿਸ ਨੂੰ ਬਾਦ ਵਿਚ ਲੋੜ ਅਨੁਸਾਰ ਵਧਾਇਆ ਗਿਆ। ਹਰਮੰਦਿਰ ਸਾਹਿਬ ਕੰਪਲੈਕਸ ਅਤੇ ਆਤੰਕਵਾਦੀਆਂ ਦੇ ਛੁਪਣ ਦੇ ਅੱਡਿਆਂ ਦੇ ਇਰਦ ਗਿਰਦ ਪੁਲਿਸ ਦੇ ਘੇਰੇ ਨੂੰ ਫੌਜੀ ਯੂਨਿਟਾਂ ਨਾਲ ਹੋਰ ਵਧੇਰੇ ਮਜ਼ਬੂਤ ਬਣਾਇਆ ਗਿਆ ਅਤੇ ਫੌਜ ਨੇ ਇਹ ਵੀ ਯਕੀਨੀ ਬਣਾਇਆ ਕਿ ਕਰਫਿਊ ਦੀ ਉਲੰਘਣਾ ਨਾ ਹੋਵੇ।

## ਹਰਮੰਦਿਰ ਸਾਹਿਬ ਇਲਾਕੇ ਵਿਚ ਫੌਜੀ ਕਾਰਵਾਈ

12. ਇਕ ਨਕਸ਼ਾ ਜਿਸ ਵਿਚ ਹਰਮੰਦਿਰ ਸਾਹਿਬ ਅਤੇ ਉਸ ਦੇ ਨਾਲ ਦੀਆਂ ਇਮਾਰਤਾਂ ਦਿਖਾਈਆਂ ਗਈਆਂ ਹਨ ਸੰਖੇਪ ਵੇਰਵੇ ਸਹਿਤ ਅਨੈਕਸਚਰ-X ਉਤੇ ਹੈ

Digitized by Panjab Digital Library | www.panjabdigilib.org

13. ਇਸ ਇਲਾਕੇ ਵਿਚ ਆਤੰਕਵਾਦੀਆਂ ਨੇ ਆਪਣੀ ਤੈਨਾਤੀ ਫੌਜੀ ਢੰਗ ਨਾਲ ਕੀਤੀ ਸੀ, ਤਾਂ ਜੁ ਇਨ੍ਹਾਂ ਇਮਾਰਤਾਂ ਦਾ ਰਖਿਆ ਦੀ ਦਰਿਸ਼ਟੀ ਨਾਲ ਪੂਰਾ ਪੂਰਾ ਇਸਤੇਮਾਲ ਕੀਤਾ ਜਾ ਸਕੇ। ਆਤੰਕਵਾਦੀਆਂ ਨੇ ਅਕਾਲ ਤਖਤ ਦੀ ਇਮਾਰਤ ਨੂੰ ਸਭ ਤੋਂ ਵਧ ਮੱਹਤਵ ਦੀ ਇਮਾਰਤ ਚੁਣਿਆਂ ਕਿਉਂਕਿ ਸ੍ਰੀ ਭਿੰਡਰਾਂਵਾਲੇ ਇਸੀ ਇਮਾਰਤ ਵਿਚ ਸਨ ਅਤੇ ਉਨ੍ਹਾਂ ਦਾ ਸਦਰਮੁਕਾਮ ਵੀ ਇਥੇ ਹੀ ਸੀ। ਇਹ ਇਮਾਰਤ ਉਨ੍ਹਾਂ ਦੀਆਂ ਕਾਰਵਾਈਆਂ ਲਈ ਬੜੀ ਮੱਹਤਵਪੂਰਨ ਸੀ। ਅਕਾਲ ਤਖਤ ਤਕ ਪਹੁੰਚਣ ਦੇ ਸਾਰੇ ਰਸਤਿਆਂ ਉਤੇ ਭਾਰੀ ਰਖਿਆ ਦਾ ਪ੍ਰਬੰਧ ਸੀ।

## ਨਿਗਰਾਨੀ ਅਤੇ ਪੂਰਵ ਚੇਤਾਵਨੀ ਚੌਕੀਆਂ

14. ਆਤੰਕਵਾਦੀਆਂ ਨੇ ਗ਼ੈਰਫੌਜੀ ਰਿਹਾਇਸ਼ੀ ਇਲਾਕਿਆਂ ਵਿਚ 17 ਮਕਾਨਾਂ ਨੂੰ ਚੁਣ ਕੇ, ਜਿਹੜੇ ਮੰਦਰ ਦੀ ਬਾਹਰਲੀ ਹੱਦ ਤੋਂ 500 ਤੋਂ 800 ਮੀਟਰ ਦੀ ਦੂਰੀ ਉਤੇ ਸਨ, ਲਗਭਗ 10-10 ਬੰਦਿਆਂ ਦੀਆਂ ਚੌਕੀਆਂ ਬਣਾਈਆਂ ਹੋਈਆਂ ਸਨ। ਇਹ ਨਿਗਰਾਨੀ ਅਤੇ ਪੂਰਵ-ਚੇਤਾਵਨੀ ਚੌਕੀਆਂ ਅਸਲੀਅਤ ਵਿਚ ਹਲਕੀਆਂ ਮਸ਼ੀਨ ਗੰਨਾਂ ਅਤੇ ਹੋਰ ਸਵੈਚਾਲਕ ਅਤੇ ਨੀਮ-ਸਵੈਚਾਲਕ ਹਥਿਆਰਾਂ ਅਤੇ ਗੋਲੀਸਿੱਕੇ ਦੇ ਭੰਡਾਰ ਸਨ। ਇਨ੍ਹਾਂ ਚੌਕੀਆਂ ਨੂੰ ਆਮ ਸੰਚਾਰ ਦਾ ਸਾਜ਼ਸਮਾਨ ਦਿਤਾ ਹੋਇਆ ਸੀ ਤਾਂ ਜੁ ਉਹ ਆਪਣੀਆਂ ਕਮਾਂਡ ਚੌਕੀਆਂ ਨਾਲ ਫੌਰਨ ਸੰਪਰਕ ਕਾਇਮ ਕਰ ਸਕਣ। ਇਸ ਤੋਂ ਇਲਾਵਾ ਹੋਰ ਅਜਿਹੀਆਂ ਇਮਾਰਤਾਂ ਉਤੇ ਵੀ ਚੌਕੀਆਂ ਬਣਾਈਆਂ ਗਈਆਂ ਸਨ ਜਿਹੜੀਆਂ ਆਸ ਪਾਸ ਦੀਆਂ ਇਮਾਰਤਾਂ ਨਾਲੋਂ ਕਾਫੀ ਉੱਚੀਆਂ ਸਨ ਜਿਵੇਂ ਕਿ ਗੁਰੂ ਰਾਮ ਦਾਸ ਸਰਾਂ ਦੇ ਪੂਰਬ ਵਲ ਓਵਰ ਹੈਡ ਵਾਟਰ ਟੈਂਕ, ਲੰਗਰ ਦੇ ਨਾਲ ਪੱਛਮ ਦੇ ਵਲ ਦੇ ਦੋ ਟਾਵਰ ਇਨ੍ਹਾਂ ਦੀਆਂ ਆਪੋ ਆਪਣੀਆਂ ਪੌੜੀਆਂ ਵੀ ਹਨ ਅਤੇ ਇਨ੍ਹਾਂ ਪੌੜੀਆਂ ਦੇ ਰੋਸ਼ਨਦਾਨਾਂ ਦੀਆਂ ਥਾਵਾਂ ਨੂੰ ਬੰਦੂਕਾਂ ਦੀ ਪੋਜ਼ੀਸ਼ਨ ਲੈਣ ਦੇ ਰੂਪ ਵਿਚ ਇਸਤੇਮਾਲ ਕੀਤਾ ਗਿਆ। ਛੱਤਾਂ, ਛਜਿਆਂ ਅਤੇ ਕੰਧਾਂ ਉਤੇ ਤਿੰਨ ਪਾਸਿਓ ਰੇਤ ਦੇ ਬੋਰੇ ਲਗਾਕੇ ਮਸੀਨ ਗਨ ਰਖਣ ਦੀ ਥਾਂ ਬਣਾ ਲਈ ਗਈ ਸੀ। ਬਰਾਂਡਿਆਂ ਦੀਆਂ ਡਾਟਾਂ ਨੂੰ ਚਿਣਾਈ ਕਰਕੇ ਭਰ ਦਿੱਤਾ ਗਿਆ ਅਤੇ ਉਨ੍ਹਾਂ ਵਿਚ ਛੋਟੇ ਸੁਰਾਖ ਰਖੇ ਗਏ। ਇਹ ਸੁਰਾਖ ਇੰਨੇ ਕੁ ਹੀ ਵੱਡੇ ਸਨ ਕਿ ਉਨ੍ਹਾਂ ਚੋਂ ਦੇਖਿਆ ਜਾ ਸਕੇ ਅਤੇ ਗੋਲੀ ਚਲਾਈ ਜਾ ਸਕੇ। ਇਨ੍ਹਾਂ ਨੂੰ ਫਾਇਰਿੰਗ ਚੌਕੀਆਂ ਦੇ ਤੌਰ ਤੇ ਇਸਤੇਮਾਲ ਕੀਤਾ ਗਿਆ।

## ਤੈਨਾਤੀਆਂ ਦੀ ਪਹਿਲੀ ਕਤਾਰ

15. ਪੂਰਬ ਵੱਲ ਜਿਧਰੋਂ ਉਹ ਸਭ ਤੋਂ ਵੱਧ ਖਤਰਾ ਮਹਿਸੂਸ ਕਰਦੇ ਸਨ ਸਾਰੀਆਂ ਛੱਤਾਂ ਉਤੇ ਹਥਿਆਰ ਜਮਾਂ ਕੀਤੇ ਗਏ ਸਨ। ਇਸ ਤੋਂ ਇਲਾਵਾ ਉਨ੍ਹਾਂ ਇਮਾਰਤਾਂ ਦੀ ਹਰ ਮੰਜ਼ਿਲ ਦੀਆਂ ਬਾਰੀਆਂ ਉਤੇ ਰੇਤ ਦੀਆਂ ਬੋਰੀਆਂ ਲਗਾ ਕੇ ਗੋਲਾ ਬਾਰੀ ਦੇ ਮੋਰਚੇ ਬਣਾਏ ਹੋਏ ਸਨ।

## ਤੈਨਾਤੀਆਂ ਦੀ ਦੂਜੀ ਕਤਾਰ

16. ਇਸੇ ਤਰਾਂ ਮੰਦਿਰ ਅਹਾਤੇ ਦੇ ਆਸਪਾਸ ਦੀਆਂ ਸਾਰੀਆਂ ਇਮਾਰਤਾਂ ਦੀਆਂ ਛੱਤਾਂ ਅਤੇ ਵਿੱਚਕਾਰਲੀਆਂ ਮੰਜ਼ਿਲਾਂ ਉਤੇ ਹਥਿਆਰ ਜਮਾਏ ਗਏ ਸਨ ਅਤੇ ਬਹੁਤ ਸਾਰੇ ਬਦਲਵੇਂ ਮੋਰਚੇ ਤਿਆਰ ਕੀਤੇ ਗਏ ਸਨ।

## ਅਕਾਲ ਤਖਤ ਉਤੇ ਮੁਖ ਤੈਨਾਤੀ

17. ਕਿਉਂਕਿ ਅਕਾਲ ਤਖਤ ਪਛਮੀ ਪਾਸੇ ਵਲ ਪਰਕਰਮਾਂ ਦੇ ਪਿੱਛੇ ਵਲ ਹੈ ਇਸ ਲਈ ਇਸ ਦੇ ਪੂਰਬ ਵਲ ਖੁੱਲੀ ਥਾਂ ਦਾ ਮਾਰੂ ਸਥਾਨ (ਕਿਲਿੰਗ ਗਰਾਉਂਡ) ਦੇ ਰੂਪ ਵਿਚ ਵਿਕਾਸ ਕੀਤਾ ਗਿਆ ਅਤੇ ਇਥੇ ਅਕਾਲ ਤਖਤ ਤੋਂ ਬੜੀ ਅਸਰਦਾਰ ਗੋਲਾਬਾਰੀ ਕੀਤੀ ਗਈ। ਇਹ ਗੋਲਾ ਬਾਰੀ ਅਕਾਲ ਤਖਤ ਦੇ ਸੱਜੇ, ਖੱਬੇ ਇਮਾਰਤਾਂ ਅਤੇ ਤੋਸ਼ਾਖਾਨੇ ਤੋਂ ਵੀ ਕੀਤੀ ਗਈ।

Digitized by Panjab Digital Library | www.panjabdigilib.org

ਅਕਾਲ ਤਖਤ ਦੀ ਇੰਨੀ ਚੰਗੀ ਤਰਾਂ ਕਿਲ੍ਹੇਬੰਦੀ ਕੀਤੀ ਗਈ ਸੀ ਕਿ ਜਿਵੇਂ ਉਹ ਕਿਸੀ ਆਧੁਨਿਕ ਫੌਜ ਦਾ ਮੋਰਚਾ ਹੋਵੇ। ਤਹਿਖਾਨੇ ਤੋਂ ਉਪਰ ਵਲ ਬੰਦੂਕਾਂ ਲਾਉਣ ਦੀ ਥਾਂ ਬਣਾ ਲਈ ਗਈ ਸੀ ਅਤੇ ਉਹ ਬੰਦੂਕਾਂ ਫਰਸ਼, ਖਿੜਕੀਆਂ, ਛੱਤਾਂ, ਰੋਸ਼ਨਦਾਨਾਂ, ਪਹਿਲੀ ਮੰਜ਼ਿਲ ਅਤੇ ਉਪਰ ਦੀਆਂ ਮੰਜ਼ਿਲਾਂ ਉਤੇ ਵੀ ਲਗਾ ਦਿਤੀਆਂ ਗਈਆਂ ਸਨ। ਆਤੰਕਵਾਦੀਆਂ ਨੇ ਬੰਦੂਕਾਂ ਤਾਣ ਕੇ ਰਖਣ ਦੇ ਲਈ ਕੰਧਾਂ ਅਤੇ ਸੰਗਮਰਮਰ ਨੂੰ ਕੱਟ ਕੇ ਸੁਰਾਖ ਬਣਾ ਰਖੇ ਸਨ।

## ਆਤੰਕਵਾਦੀਆਂ ਦੇ ਪ੍ਰਤਿਰੋਧ ਦਾ ਰੂਪ

18. ਫੌਜੀ ਕਾਰਵਾਈ ਦੇ ਦੌਰਾਨ ਆਤੰਕਵਾਦੀਆਂ ਨੇ ਜਿਸ ਤਰਾਂ ਦੇ ਪ੍ਰਤਿਰੋਧ ਦਾ ਪ੍ਰਗਟਾਵਾ ਕੀਤਾ ਉਸ ਦਾ ਨਮੂਨਾ ਇਸ ਪ੍ਰਕਾਰ ਹੈ:

ਨਿਗਰਾਨੀ ਚੌਕੀਆਂ ਦੇ ਘੇਰੇ ਵਲੋਂ ਪੂਰਵ-ਚੇਤਾਵਨੀ ਅਤੇ ਹਮਲਾਵੀ ਕਾਰਵਾਈ ਅਤੇ ਗੋਲਾਬਾਰੀ ਉਤੇ ਚਲਾਕੀ ਨਾਲ ਕੰਟਰੋਲ ਅਤੇ ਪਹਿਲੀ ਅਤੇ ਦੂਜੀ ਰਖਿਆ ਕਤਾਰਾਂ ਦੀ ਬਦਲਵੀਆਂ ਥਾਵਾਂ ਦੀ ਵਰਤੋਂ।

19. ਇਹ ਬਿਲਕੁਲ ਸਾਫ ਸੀ ਕਿ ਹਥਿਆਰਾਂ ਨੂੰ ਬੜੀ ਚਾਲਾਕੀ ਨਾਲ ਜਮਾਇਆ ਗਿਆ ਅਤੇ ਗੋਲਾਬਾਰੀ ਕੀਤੀ ਗਈ। ਉਦਾਹਰਣ ਵਜੋਂ, ਜਦ ਕਿ ਰਾਈਫਲਾਂ ਅਤੇ ਸਵੈਚਾਲਕ ਹਥਿਆਰਾਂ ਦੀ ਵਰਤੋਂ ਨਿਗਰਾਨੀ ਚੌਕੀਆਂ ਨਾਲ ਕੀਤੀ ਗਈ, ਪਹਿਲੀ ਅਤੇ ਦੂਜੀ ਰਖਿਆ ਕਤਾਰਾਂ ਵਿਚ ਸਟੈਨ ਮਸ਼ੀਨ ਕਾਰਬਾਈਨਾਂ ਹੀ ਮੁਖ ਹਥਿਆਰ ਸਨ ਕਿਉਂਕਿ ਮੁਖ ਅਹਾਤੇ ਦੇ ਇਰਦ ਗਿਰਦ 25-30 ਗਜ਼ ਤੋਂ ਵਧੇਰੇ ਰੇਂਜ ਸ਼ਾਇਦ ਹੀ ਕਿਤੇ ਹੋਵੇ। ਗੋਲਾਬਾਰੀ ਦਾ ਬੜਾ ਅਸਰਦਾਰ ਤਾਲਮੇਲ ਰਖਿਆ ਗਿਆ। ਚੁਣੇ ਗਏ ਮਾਰੂ ਸਥਾਨ (ਕਿਲਿੰਗ ਗਰਾਉਂਡ) ਉਤੇ ਸਾਰੇ ਹੀ ਪਾਸਿਓਂ ਗੋਲਾਬਾਰੀ ਕੀਤੀ ਜਾਂਦੀ ਰਹੀ। ਸੀਮਤ ਟੈਂਕ-ਮਾਰੂ ਸਾਧਨਾਂ ਨੂੰ ਬੜੀ ਚੰਗੀ ਤਰਾਂ ਵਰਤਿਆ ਗਿਆ ਅਤੇ ਇਸ ਦੀ ਵਰਤੋਂ ਕੇਵਲ ਤਾਂ ਹੀ ਕੀਤੀ ਗਈ ਜਦੋਂ ਕੋਈ ਮੈਕੇਨਾਇਜ਼ਡ ਵਹੀਕਲ ਉਸ ਦੀ ਰੇਂਜ ਵਿਚ ਆਈ।

20. ਆਤੰਕਵਾਦੀਆਂ ਨੇ ਹਰਮੰਦਿਰ ਸਾਹਿਬ ਨੂੰ ਅਸੀਮਤ ਵਿਚ ਇਕ ਅਜਿਹੇ ਕਿਲ੍ਹੇ ਵਿਚ ਬਦਲ ਦਿਤਾ ਸੀ ਕਿ ਉਹ ਉਨ੍ਹਾਂ ਨੂੰ ਵੰਗਾਰਨ ਵਾਲੇ ਕਿਸੀ ਵੀ ਨੀਮ ਫੌਜੀ ਜਾਂ ਫੌਜੀ ਦਲ ਉਤੇ ਹਮਲਾ ਕਰ ਸਕਣ। ਉਨ੍ਹਾਂ ਨੇ ਫੌਜੀ ਕਾਰਵਾਈ ਅਤੇ ਵਿਸਫੋਟਕ ਪਦਾਰਥਾਂ ਅਤੇ ਉਨੱਤ ਹਥਿਆਰਾਂ ਦੀ ਵਰਤੋਂ ਦੀ ਚੰਗੀ ਸਿਖਲਾਈ ਪ੍ਰਾਪਤ ਕੀਤੀ ਹੋਈ ਸੀ। ਉਨ੍ਹਾਂ ਨੇ ਆਪਣਾ ਹੀ ਸੰਚਾਰ ਪ੍ਰਬੰਧ ਬਣਾਇਆ ਹੋਇਆ ਸੀ ਅਤੇ ਕਈ ਮਹੀਨਿਆਂ ਦੇ ਲਈ ਕਾਫ਼ੀ ਮਾਤਰਾ ਵਿਚ ਅਨਾਜ ਜਮਾਂ ਕਰਕੇ ਰਖਿਆ ਹੋਇਆ ਸੀ। ਸਾਬਕ ਤਜ਼ਰਬੇਕਾਰ ਫੌਜੀਆਂ ਨੇ ਉਨ੍ਹਾਂ ਨੂੰ ਸਿਖਿਆ ਦਿੱਤੀ ਹੋਈ ਸੀ ਅਤੇ ਜੰਗ ਦੀ ਯੋਜਨਾ ਬੜੀ ਹੁਸ਼ਿਆਰੀ ਨਾਲ ਬਣਾਈ ਗਈ ਸੀ, ਜਿਸ ਨਾਲ ਕਿ ਹਰਮੰਦਿਰ ਅਹਾਤੇ ਦੇ ਤਹਿਖਾਨਿਆਂ, ਜ਼ਮੀਨ ਹੇਠਲੇ ਰਸਤਿਆਂ, ਗੁਪਤ ਥਾਵਾਂ, ਗੋਲਾਕਾਰ ਪੌੜੀਆਂ, ਨਿਗਰਾਨੀ ਚੌਕੀਆਂ ਅਤੇ ਟਾਵਰਾਂ ਦੀ ਬੜੀ ਚੰਗੀ ਤਰਾਂ ਵੱਧ ਤੋਂ ਵੱਧ ਵਰਤੋਂ ਕੀਤੀ ਜਾ ਸਕੇ। ਕਈ ਪ੍ਰਕਾਰ ਦੀ ਵਰਦੀ ਪਾਏ ਇਹ ਆਤੰਕਵਾਦੀ ਚੰਗੇ ਨਿਅਮਤ ਫੌਜੀਆਂ ਵਾਂਗ ਸਿਖੇ ਹੋਏ ਅਤੇ ਹਥਿਆਰਬੰਦ ਸਨ। ਪੰਜਾਬ ਵਿਚ ਆਤੰਕਵਾਦੀਆਂ ਵਲੋਂ ਕੀਤੀਆਂ ਗਈਆਂ ਹਤਿਆਵਾਂ ਬੈਂਕ ਡਕੈਤੀਆਂ ਅਤੇ ਅੱਗਾਂ ਲਾਣ ਦੇ ਤਰੀਕਿਆਂ ਤੋਂ ਪਤਾ ਲਗਦਾ ਹੈ ਕਿ ਹੱਥਿਆਰਾਂ ਦੀ ਵਰਤੋਂ ਵਿਚ ਉਨ੍ਹਾਂ ਚੰਗੀ ਟਰੇਨਿੰਗ ਲਈ ਹੋਈ ਸੀ। ਉਨ੍ਹਾਂ ਨੂੰ ਦੌੜ ਕੇ ਬਚ ਨਿਕਲਣ ਅਤੇ ਮਗਰੋਂ ਕਿਸੀ ਧਾਰਮਕ ਸਥਾਨ ਵਿਚ ਸ਼ਰਨ ਲੈ ਕੇ ਬਚਾਉ ਕਰਨ ਦੀ ਚੰਗੀ ਸੁਰਖਿਆ ਪ੍ਰਾਪਤ ਸੀ।

21. 5 ਜੂਨ, 1984 ਦੀ ਬਾਦ ਦੁਪਹਿਰ ਵਿਚ ਲਾਉਡ ਸਪੀਕਰਾਂ ਆਦਿ ਦੇ ਮਾਧਿਅਮ ਨਾਲ ਆਤੰਕਵਾਦੀਆਂ ਨੂੰ ਹਥਿਆਰ ਸੁਟੱਣ ਅਤੇ ਅਧਿਕਾਰੀਆਂ ਦੇ ਸਾਹਮਣੇ ਆਤਮਸਮਰਪਣ ਕਰਨ ਦੇ ਲਈ ਵਾਰ-ਵਾਰ ਅਪੀਲ ਕੀਤੀ ਗਈ ਤਾਂ ਜੁ ਖੂਨ ਖਰਾਬਾ ਨਾ ਹੋਵੇ ਅਤੇ ਮੰਦਿਰ ਦੇ ਅਹਾਤੇ ਦੀਆਂ ਇਮਾਰਤਾਂ ਨੂੰ ਨੁਕਸਾਨ ਨਾ ਪਹੁੰਚੇ। 129 ਵਿਅਕਤੀਆਂ ਨੇ ਆਤਮ ਸਮਰਪਣ ਕੀਤਾ। 5 ਜੂਨ ਨੂੰ ਸ਼ਾਮ ਦੇ 7 ਵਜੇ ਫੌਜ ਨੇ ਉਨ੍ਹਾਂ ਮਹੱਤਵਪੂਰਨ ਇਮਾਰਤਾਂ ਨੂੰ ਹਾਸਲ ਕਰਨ ਲਈ ਮੁਢਲੀ

Digitized by Panjab Digital Library | www.panjabdigilib.org

ਕਾਰਵਾਈ ਸ਼ੁਰੂ ਕੀਤੀ ਜਿਹੜੀਆਂ ਹਰਮੰਦਿਰ ਸਾਹਿਬ ਦੇ ਉਸ ਇਲਾਕੇ ਵਿਚ ਸਨ ਜਿੱਥੇ ਆਤੰਕਵਾਦੀਆਂ ਨੇ ਕਬਜ਼ਾ ਕੀਤਾ ਹੋਇਆ ਸੀ।

22. ਫੌਜ ਦੀਆਂ ਯੂਨਿਟਾਂ ਨੇ ਰਾਤੀ 10.30 ਵਜੇ ਹਰਮੰਦਿਰ ਸਾਹਿਬ ਦੇ ਅਹਾਤੇ ਵਲ ਵਧਣਾ ਸ਼ੁਰੂ ਕੀਤਾ। ਇਸ ਤੇ ਆਤੰਕਵਾਦੀਆਂ ਨੇ ਨਜ਼ਦੀਕੀ ਰੇਂਜ ਤੋਂ, ਤੰਗ ਗਲੀਆਂ ਵਿਚ ਵੱਡੀ ਗਿਣਤੀ ਵਿਚ ਗੋਲਾਬਾਰੀ ਸ਼ੁਰੂ ਕਰ ਦਿੱਤੀ। ਆ ਤੰਕਵਾਦੀਆਂ ਨੇ ਅਕਾਲ ਤਖਤ ਸਹਿਤ ਹੋਰ ਥਾਵਾਂ ਉਤੇ ਜਿਹੜੀਆਂ ਪੋਜ਼ੀਸ਼ਨਾਂ ਲਈਆਂ ਹੋਈਆਂ ਸਨ, ਉਨ੍ਹਾਂ ਉਤੇ ਫੌਜੀਆਂ ਨੇ ਅਥਰੂ ਗੈਸ ਦੇ ਅਨੇਕਾਂ ਗੋਲੇ ਛੱਡੇ, ਜਿਸਦਾ ਅਸਰ ਨਹੀਂ ਹੋਇਆ, ਕਿਉਂਕਿ ਸਾਰਿਆਂ ਦਰਵਾਜ਼ਿਆਂ ਉਤੇ ਇਟਾਂ, ਪੱਥਰ ਅਤੇ ਰੇਤ ਦੀਆਂ ਬੋਰੀਆਂ ਦੀਆਂ ਵੱਡੀਆਂ ਰੁਕਾਵਟਾਂ ਬਣਾ ਰਖੀਆਂ ਸਨ। ਜਾਨੀ ਨੁਕਸਾਨ ਦੇ ਬਾਵਜੂਦ, ਅਤੇ ਬੜੀ ਹੀ ਭਾਰੀ ਅਤੇ ਜਥੇਬੰਦਤ ਪ੍ਰਤਿਰੋਧਕ ਕਾਰਵਾਈ ਉਤੇ ਕਾਬੂ ਪਾਉਣ ਮਗਰੋਂ ਫੌਜੀ ਹੌਲੀ ਹੌਲੀ ਨੇੜੇ ਪਹੁੰਚਦੇ ਗਏ ਅਤੇ ਉਨ੍ਹਾਂ ਨੇ ਹਰਮੰਦਿਰ ਸਾਹਿਬ ਦੇ ਚੌਹਾਂ ਪਾਸੇ ਦੇ ਇਲਾਕੇ ਵਿਚ ਕਾਰਵਾਈ ਸ਼ੁਰੂ ਕਰ ਦਿੱਤੀ

23. ਫੌਜੀ ਸਰੋਵਰ ਦੇ ਇਰਦ ਗਿਰਦ ਦੇ ਇਲਾਕੇ ਵਿਚ ਪੂਰਬੀ ਦਰਵਾਜ਼ੇ ਅਤੇ ਦੱਖਣ ਵਿਚ ਲਾਇਬਰੇਰੀ ਇਮਾਰਤ ਤੋਂ ਅੰਦਰ ਵੜੇ। ਲਾਇਬਰੇਰੀ ਦੀ ਇਮਾਰਤ ਦੇ ਇਲਾਕੇ ਵਿਚ, ਲਾਇਬਰੇਰੀ ਵਿਚ ਮਸ਼ੀਨ ਗਨਾਂ ਦੇ ਕਈ ਠਿਕਾਣਿਆਂ ਤੋਂ ਆਤੰਕਵਾਦੀ ਗੋਲਾਬਾਰੀ ਕਰ ਰਹੇ ਸਨ ਅਤੇ ਮਾਚਿਸ ਦੀਆਂ ਤੀਲੀਆਂ ਨਾਲ ਜਲਾ ਕੇ ਦੇਸੀ ਹੱਥਗੋਲੇ ਸੁਟ ਰਹੇ ਸਨ। ਕਾਰਵਾਈ ਦੇ ਇਸ ਪੜਾ ਉਤੇ ਲਾਇਬਰੇਰੀ ਵਿਚ ਅੱਗ ਦਿਖਾਈ ਦਿੱਤੀ। ਇਸ ਅੱਗ ਨੂੰ ਬੁਝਾਉਂਣ ਦੇ ਲਈ ਅਗ ਬੁਝਾਉਂਣ ਵਾਲੇ ਫੌਜੀ ਦਸਤੇ ਵਾਰ ਵਾਰ ਦੌੜੇ, ਲੇਕਿਨ ਆਤੰਕਵਾਦੀਆਂ ਦੀ ਮਸ਼ੀਨ ਗਨਾਂ ਦੀ ਭਾਰੀ ਗੋਲਾਬਾਰੀ ਨਾਲ ਇਹ ਕੋਸ਼ਿਸ਼ਾਂ ਨਾਕਾਮ ਹੋ ਗਈਆਂ। ਜਦ ਤਕ ਆਤੰਕਵਾਦੀਆਂ ਦੀ ਗੋਲਾਬਾਰੀ ਦੇ ਅੱਡਿਆਂ ਉਤੇ ਕਾਬੂ ਪਾਇਆ ਗਿਆ ਲਾਇਬਰੇਰੀ ਸੜ ਚੁਕੀ ਸੀ।

24. ਮਜ਼ਬੂਤ ਕਿਲ੍ਹੇ ਵਾਂਗ ਖੜੇ ਅਕਾਲ ਤਖਤ ਤੋਂ ਗੋਲੀਆਂ ਦੀ ਜ਼ਬਰਦਸਤ ਬੁਛਾੜ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਅਕਾਲ ਤਖਤ ਜਾਣ ਵਾਲੇ ਸਾਰੇ ਰਸਤਿਆਂ ਉਤੇ ਮਸ਼ੀਨਗਨਾਂ ਨਾਲ ਘਾਤਕ ਗੋਲਾਬਾਰੀ ਕੀਤੀ ਜਾ ਰਹੀ ਸੀ, ਜਿਸ ਕਾਰਨ ਜਾਨੀ ਨੁਕਸਾਨ ਵਧਦਾ ਜਾ ਰਿਹਾ ਸੀ। ਅਕਾਲ ਤਖਤ ਜਾਣ ਵਾਲੇ ਸਾਰੇ ਰਸਤਿਆਂ ਉਤੇ ਮਸ਼ੀਨ ਗਨਾਂ ਨਾਲ ਗੋਲਾਬਾਰੀ ਲਗਾਤਾਰ ਵੱਡੀ ਗਿਣਤੀ ਵਿਚ ਕੀਤੀ ਜਾ ਰਹੀ ਸੀ, ਜਿਸ ਕਾਰਨ ਜਾਨੀ ਨੁਕਸਾਨ ਵਧਦਾ ਜਾ ਰਿਹਾ ਸੀ।

25. ਅਕਾਲ ਤਖਤ ਤੋਂ ਜਿਹੜੀ ਗੋਲਾਬਾਰੀ ਹੋ ਰਹੀ ਸੀ, ਉਸ ਨੂੰ ਆਤੰਕਵਾਦੀਆਂ ਨੂੰ ਆਉਟਰ ਲਾਇਨ ਪੋਜ਼ੀਸ਼ਨਾ ਤੋਂ ਵੀ ਸਹਾਇਤਾ ਮਿਲੀ, ਅਤੇ ਇਹ ਥਾਂ ਸਵੈਚਾਲਕ ਹਥਿਆਰਾਂ ਦਾ ਗੜ੍ਹ ਬਣ ਗਿਆ। ਏਸੇ ਵੇਲੇ, ਹਰਮੰਦਿਰ ਸਾਹਿਬ ਤੋਂ ਕੀਤੀ ਜਾ ਰਹੀ ਮਸ਼ੀਨਗਨਾਂ ਨਾਲ ਗੋਲੀਆਂ ਦੀ ਬੁਛਾੜ ਪਰਿਕਰਮਾਂ ਅਤੇ ਆਸ ਪਾਸ ਦੇ ਇਲਾਕਿਆਂ ਤੋਂ ਹੋਣ ਲਗੀ, ਜਿਥੋਂ ਫੌਜ ਨੇ ਆਤੰਕਵਾਦੀਆਂ ਨੂੰ ਪਿਛੇ ਹਟਾ ਦਿੱਤਾ ਸੀ। ਇਸ ਸਭ ਦੇ ਬਾਵਜੂਦ ਫੌਜੀਆਂ ਨੇ ਬੜੇ ਹੀ ਸੰਜਮ ਨਾਲ ਕੰਮ ਲਿਆ ਅਤੇ ਹਰਮੰਦਿਰ ਸਾਹਿਬ ਵਲ ਕਿਸੇ ਤਰਾਂ ਦੀ ਗੋਲਾਬਾਰੀ ਨਹੀਂ ਕੀਤੀ।

26. 6 ਜੂਨ ਨੂੰ ਰਾਤੀਂ ਇਕ ਵਜੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸਰਦਾਰ ਜੀ.ਐਸ. ਟੋਹਰਾ ਨੇ ਲਗਭਗ 350 ਬੰਦਿਆਂ ਦੇ ਨਾਲ ਗੁਰੂ ਨਾਨਕ ਨਿਵਾਸ ਦੇ ਨੇੜੇ ਆਤਮਸਮਰਪਣ ਕਰ ਦਿਤਾ। ਉਨ੍ਹਾਂ ਦੇ ਆਤਮਸਮਰਪਣ ਨੂੰ ਰੋਕਣ ਲਈ ਆਤੰਕਵਾਦੀਆਂ ਨੇ ਉਨ੍ਹਾਂ ਉਤੇ ਗੋਲੀਆਂ ਚਲਾਈਆਂ ਅਤੇ ਦਸਤੀ ਗੋਲੇ ਵੀ ਸੁੱਟੇ। ਨਤੀਜਾ ਇਹ ਹੋਇਆ ਕਿ 70 ਬੰਦੇ ਮਾਰੇ ਗਏ, ਜਿਨਾਂ ਵਿਚ 30 ਔਰਤਾਂ ਅਤੇ ਬੱਚੇ ਵੀ ਸ਼ਾਮਿਲ ਸਨ। ਮਰਨ ਵਾਲਿਆਂ ਵਿਚ ਸਰਦਾਰ ਗੁਰਚਰਨ ਸਿੰਘ ਵੀ ਸੀ, ਜਿਸ ਉਤੇ ਆਤੰਕਵਾਦੀਆਂ ਦਾ ਇਹ ਦੋਸ਼ ਸੀ ਕਿ ਉਸ ਨੇ ਸ੍ਰ: ਸੋਢੀ ਅਤੇ ਸ੍ਰੀ ਬੱਗਾ ਸਿੰਘ ਦਾ ਕਤਲ ਕਰਨ ਦੀ ਸਾਜ਼ਿਸ਼ ਕੀਤੀ ਸੀ। ਸ੍ਰ: ਬੱਗਾ ਸਿੰਘ ਨੇ ਭਿੰਡਰਾਂਵਾਲੇ ਵਲੋਂ ਪ੍ਰਚਾਰ ਕੀਤੇ ਜਾ ਰਹੇ ਧਾਰਮਕ ਆਤੰਕਵਾਦੀ ਦੀ ਖੁਲੇ ਲਫਜਾਂ ਵਿਚ ਅਲੋਚਨਾ ਕੀਤੀ ਸੀ।

Digitized by Panjab Digital Library | www.panjabdigilib.org

27. 6 ਜੂਨ ਨੂੰ ਸਵੇਰੇ 4 ਵਜਕੇ 10 ਮਿੰਟ ਤੇ, ਆਰਮਡ ਪਰਸਨਲ ਕੈਰੀਅਰ (ਏ.ਪੀ.ਸੀ.) ਵਿਚ ਕੁਝ ਫੌਜੀਆਂ ਨੇ ਅਕਾਲ ਤਖਤ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਇਸ ਤੇ ਉਨ੍ਹਾਂ ਉਤੇ ਅਕਾਲ ਤਖਤ ਤੋਂ ਟੈਂਕ ਤੋੜੂ ਰਾਕਿਟਾਂ ਨਾਲ ਹਮਲਾ ਕੀਤਾ ਗਿਆ, ਜਿਸ ਨਾਲ ਏ ਪੀ.ਸੀ. ਨੂੰ ਨੁਕਸਾਨ ਪੁਹੰਚਿਆ ਅਤੇ ਉਹ ਰੁਕ ਗਿਆ। ਇਸ ਤੋਂ ਬਾਦ ਸਰਚਲਾਇਟ ਲਗੇ ਇਕ ਟੈਂਕ ਨੂੰ ਇਸ ਇਲਾਕੇ ਵਿਚ ਲਿਆਂਦਾ ਗਿਆ ਤਾ ਜੋ ਅਕਾਲ ਤਖਤ ਵਿਚ ਮੋਰਚਿਆਂ ਉਤੇ ਤੈਨਾਤ ਆਤੰਕਵਾਦੀਆਂ ਦੀਆਂ ਅੱਖਾਂ ਝੁੰਝਿਆ ਜਾਣ ਅਤੇ ਉਨ੍ਹਾਂ ਨੂੰ ਕੁਝ ਦਿਖਾਈ ਨਾ ਦੇਵੇ ਅਤੇ ਉਨ੍ਹਾਂ ਨੂੰ ਗੋਲਾਬਾਰੀ ਵਲ ਲਾਈ ਰਖਿਆ ਜਾਵੇ। 6 ਜੂਨ ਦੀ ਸਵੇਰ ਤਕ ਫੌਜੀ ਅਕਾਲ ਤਖਤ ਵਿਚ ਬੰਦੂਕਧਾਰੀ ਸਾਰੇ ਆਤੰਕਵਾਦੀਆਂ ਦੇ ਵਿਰੁਧ ਕਾਰਵਾਈ ਕਰਦਿਆਂ ਅਤੇ ਤਖਤ ਦੇ ਅੰਦਰ ਮਸ਼ੀਨਗਨਾਂ ਦੇ ਠਿਕਾਣਿਆ ਨੂੰ ਸ਼ਾਂਤ ਕਰੋ ਲੈਣ ਮਗਰੋਂ ਅਕਾਲ ਤਖਤ ਵਿਚ ਵੜਨ ਵਿਚ ਕਾਮਯਾਬ ਹੋ ਗਏ। ਇਸ ਮਗਰੋਂ ਹਰ ਕਮਰੇ ਵਿਚ ਲੜਾਈ ਸ਼ੁਰੂ ਹੋ ਗਈ। ਉਸ ਵੇਲੇ ਕੁਝ ਆਤੰਕਵਾਦੀ ਪਹਿਲੀ ਅਤੇ ਹੇਠਲੀ ਮੰਜ਼ਿਲ ਵਲ ਭੱਜਦੇ ਦਿਖਾਈ ਦਿੱਤੇ, ਜਿੱਥੇ ਥੋੜੀ ਦੇਰ ਬਾਦ ਇਕ ਧਮਾਕਾ ਹੋਇਆ ਅਤੇ ਫਿਰ ਅੱਗ ਲਗ ਗਈ। ਫੌਜੀਆਂ ਨੇ ਆਪ ਆਤੰਕਵਾਦੀਆਂ ਦੇ ਵਿਚ ਹੇਠਲੀ ਮੰਜ਼ਿਲ ਅਤੇ ਤਹਿਖਾਨੇ ਵਿਚ ਆਪਸ ਵਿਚਕਾਰ ਗੋਲਾਬਾਰੀ ਕਰਨ ਦੀਆਂ ਆਵਾਜ਼ਾਂ ਸੁਣੀਆਂ।

28. ਕੁਝ ਆਤੰਕਵਾਦੀਆਂ ਨੇ ਅਕਾਲ ਤਖਤ ਤੋਂ ਬਾਹਰ ਨੱਸਣ ਦਾ ਯਤਨ ਕੀਤਾ, ਤਾਂ ਜੁ ਉਹ ਕੁਝ ਹਿੱਸਿਆਂ ਨੂੰ ਫੌਜੀਆਂ ਦੇ ਕਬਜ਼ੇ ਚੋਂ ਛੁਡਾ ਸਕਣ ਪਰ ਉਨ੍ਹਾਂ ਨੂੰ ਪਿਛੇ ਹੱਟਾ ਦਿੱਤਾ ਗਿਆ। ਇਸ ਤੋਂ ਬਾਦ 10 ਆਤੰਕਵਾਦੀਆਂ ਦੀ ਇਕ ਟੋਲੀ ਨੇ ਸਫੈਦ ਝੰਡਾ ਚੁਕ ਕੇ ਆਤਮਸਮਰਪਣ ਕਰ ਦਿਤਾ। ਅਕਾਲ ਤਖਤ ਦੇ ਇਕ ਇਕ ਕਮਰੇ ਵਿਚ ਲੜਾਈ ਚਲਦੀ ਰਹੀ ਅਤੇ 6 ਜੂਨ ਨੂੰ ਦੁਪਹਿਰ 12.30 ਵਜੇ ਤਕ ਅਕਾਲ ਤਖਤ ਨੂੰ ਆਤੰਕਵਾਦੀਆਂ ਤੋਂ ਮੁਕਤ ਕਰਵਾ ਲਿਆ ਗਿਆ ਹਾਲਾਂਕਿ ਹੇਠਾਂ ਦੀ ਮੰਜ਼ਿਲ ਅਤੇ ਤਹਿਖਾਨੇ ਤੋਂ ਮੁਕਾਬਲਾ ਚਲਦਾ ਰਿਹਾ।

29. ਉਸੀ ਦਿਨ ਬਾਦ-ਦੁਪਹਿਰ, ਫੌਜ ਨੇ ਆਤੰਕਵਾਦੀਆਂ ਨੂੰ ਲਾਉਡ ਸਪੀਕਰ ਨਾਲ ਕਈਂ ਵਾਰ ਅਪੀਲ ਕੀਤੀ ਕਿ ਉਹ ਆਤਮਸਮਰਪਣ ਕਰ ਦੇਣ। ਫਲਸਰੂਪ 200 ਆਤੰਕਵਾਦੀਆਂ ਨੇ ਆਤਮਸਮਰਪਣ ਕੀਤਾ ਜਿਸ ਚੋਂ 22 ਆਤੰਕਵਾਦੀ ਹਰਮੰਦਿਰ ਸਾਹਿਬ ਤੋਂ ਆਏ। ਇਸ ਸਮੇਂ ਹੈਡ ਗ੍ਰੰਥੀ ਅਤੇ ਦੋ ਹੋਰ ਗ੍ਰੰਥੀ ਹਰਮੰਦਿਰ ਸਾਹਿਬ ਦੇ ਅੰਦਰ ਸੁਰਖਿਅਤ ਮਿਲੇ।

30. ਅਕਾਲ ਤਖਤ ਦੇ ਤਹਿਖਾਨੇ ਅਤੇ ਹੇਠਲੇ ਮੰਜ਼ਿਲ ਤੋਂ ਲਗਾਤਾਰ ਕੀਤੀ ਜਾ ਰਹੀ ਪ੍ਰਤਿਰੋਧਕ ਕਾਰਵਾਈ ਉਤੇ 6 7 ਜੂਨ ਦੀ ਰਾਤ ਨੂੰ ਕਾਬੂ ਪਾ ਲਿਆ ਗਿਆ। ਇਸ ਪ੍ਰਤਿਰੋਧਕ ਕਾਰਵਾਈ ਉਤੇ ਕਾਬੂ ਪਾ ਲੈਣ ਮਗਰੋਂ ਫੌਜੀਆਂ ਨੇ ਹੇਠਲੀ ਮੰਜ਼ਿਲ ਅਤੇ ਤਹਿਖਾਨੇ ਦੀ ਤਲਾਸ਼ੀ ਲੈਣੀ ਸ਼ੁਰੂ ਕੀਤੀ। ਅਕਾਲ ਤਖਤ ਦੀ ਹੇਠਲੀ ਮੰਜ਼ਿਲ ਉਤੇ ਸ੍ਰੀ ਭਿੰਡਰਾਂਵਾਲੇ ਅਤੇ ਅਮਰੀਕ ਸਿੰਘ ਦੇ ਸਹਿਤ 34 ਮ੍ਰਿਤਕ ਸ਼ਰੀਰ ਮਿਲੇ।

31. ਕੁਝ ਆਤੰਕਵਾਦੀ ਨੇੜੇ ਤੇੜੇ ਦੀਆਂ ਇਮਾਰਤਾਂ ਅਤੇ ਹਰਮੰਦਿਰ ਸਾਹਿਬ ਅਹਾਤੇ ਦੀਆਂ ਬਹੁਤ ਸਾਰੀਆਂ ਸੁਰੰਗਾਂ ਦੀ ਵਰਤੋਂ ਕਰਦੇ ਹੋਏ, 7 ਜੂਨ ਸਰਘੀ ਵੇਲੇ ਤਕ ਵੀ ਕਾਰਵਾਈ ਕਰਦੇ ਰਹੇ। ਬਚੇ ਖੁਚੇ ਆਤੰਕਵਾਦੀਆਂ ਨੇ ਫੌਜੀਆਂ ਦਾ ਬੜੀ ਬਰਬਰਤਾ ਨਾਲ ਜਾਨੀ ਨੁਕਸਾਨ ਕੀਤਾ। ਫੌਜੀ ਕਾਰਵਾਈ ਵਿਚ ਕੋਈ ਔਰਤਾਂ ਅਤੇ ਬੱਚੇ ਨਹੀਂ ਮਾਰੇ ਗਏ।

## ਹਰਮੰਦਿਰ ਸਾਹਿਬ ਅਹਾਤੇ ਵਿਚ ਇਮਾਰਤਾਂ ਦਾ ਨੁਕਸਾਨ

32. ਇਸ ਕਾਰਵਾਈ ਦੀ ਯੋਜਨਾ ਬਣਾਉਣ ਸਮੇਂ ਹੀ ਸ਼ੁਰੂ ਤੋਂ ਇਸ ਗਲ ਦਾ ਖਿਆਲ ਰਖਿਆ ਗਿਆ ਸੀ ਕਿ ਇਮਾਰਤਾਂ ਨੂੰ ਨੁਕਸ਼ਾਨ ਨਾ ਪਹੁੰਚੇ ਅਤੇ ਇਸ ਸਬੰਧ ਵਿਚ ਸਖਤ ਹਿਦਾਇਤਾਂ ਦਿਤੀਆਂ ਗਈਆਂ ਸਨ। ਇੰਨੀ ਵੱਡੀ ਗਿਣਤੀ ਵਿਚ ਫੌਜੀਆਂ ਦਾ ਮਾਰਿਆ ਜਾਣਾ ਹੀ ਇਸ ਗਲ ਦਾ ਸਬੂਤ ਹੈ ਕਿ ਸਾਡੇ ਫੌਜੀਆਂ ਨੇ ਬੜੇ ਸੰਜਮ ਅਤੇ ਸੂਝ ਬੂਝ ਤੋਂ

Digitized by Panjab Digital Library | www.panjabdigilib.org

ਕੰਮ ਲਿਆ ਅਤੇ ਇਸ ਗਲ ਦਾ ਪੂਰਾ ਧਿਆਨ ਰਖਿਆ ਕਿ ਹਰਮੰਦਿਰ ਸਾਹਿਬ ਅਤੇ ਅਕਾਲ ਤਖਤ ਨੂੰ ਕੋਈ ਨੁਕਸਾਨ ਨਾ ਪਹੁੰਚੇ। ਹਾਲਾਂਕਿ ਇਨ੍ਹਾਂ ਹੀ ਇਮਾਰਤਾਂ ਤੋਂ ਸਾਡੇ ਫੌਜੀਆਂ ਉਤੇ ਛੋਟੇ ਅਤੇ ਸਵੈਚਾਲਕ ਹਥਿਆਰਾਂ ਨਾਲ ਮਾਰੂ ਗੋਲਾਬਾਰੀ ਕੀਤੀ ਜਾ ਰਹੀ ਸੀ। ਅਕਾਲ ਤਖਤ ਵਲ ਗੋਲੀ ਤਦ ਚਲਾਣੀ ਪਈ ਜਦੋਂ ਫੌਜੀਆਂ ਦਾ ਬੜੀ ਵਡੀ ਗਿਣਤੀ ਵਿਚ ਜਾਨੀ ਨੁਕਸਾਨ ਹੋਣ ਲਗਾ ਅਤੇ ਜਦੋਂ ਆਤੰਕਵਾਦੀਆਂ ਨੇ ਇਸ ਇਮਾਰਤ ਚੋਂ ਟੈਂਕ-ਮਾਰੂ ਹਥਿਆਰਾਂ ਦੀ ਵਰਤੀ ਕਰਨੀ ਸ਼ੁਰੂ ਕਰ ਦਿਤੀ।

33. ਵੱਡੀ ਗਿਣਤੀ ਵਿਚ ਹਥਿਆਰ, ਗੋਲਾਬਾਰੂਦ ਅਤੇ ਵਿਸਫੋਟਕ ਪਦਾਰਥ ਬਰਾਮਦ ਕੀਤੇ ਗਏ ਜਿਸ ਵਿਚ ਸਵੈਚਾਲਕ ਅਤੇ ਟੈਂਕ-ਮਾਰੂ ਹਸਿਆਰ ਸ਼ਾਮਿਲ ਸਨ। ਹਰਮੰਦਿਰ ਸਾਹਿਬ ਅਹਾਤੇ ਦੇ ਅੰਦਰੋਂ ਦਸਤੀ ਗੋਲੇ ਅਤੇ ਸਟੇਨਗਨ ਬਣਾਣ ਦੀ ਇਕ ਛੋਟੀ ਫੈਕਟਰੀ ਮਿਲੀ। ਫੌਜ ਹਾਲੀਂ ਵੀ ਹਥਿਆਰ ਬਰਾਮਦ ਕਰਨ ਵਿਚ ਲਗੀ ਹੋਈ ਹੈ। ਜਿਹੜੀ ਇਸ ਕੰਮ ਨੂੰ ਪੂਰਾ ਕਰਨ ਵਿਚ ਕੁਝ ਸਮਾਂ ਹੋਰ ਲਵੇਗੀ। 30 ਜੂਨ, 1984 ਤਕ ਬਰਾਮਦ ਕੀਤੇ ਗਏ ਹਥਿਆਰਾਂ ਦੀ ਸੂਚੀ ਅਨੈਕਸਚਰ XIਉਤੇ ਦਿਤੀ ਹੈ।

## ਆਤੰਕਵਾਦੀਆਂ ਦੀ ਬਰਬਰਤਾ

34. ਫੌਜ ਦੇ ਦਾਖਲ ਹੋਣ ਤੋਂ ਪਹਿਲਾਂ ਬੇਕਸੂਰ ਸਿੱਖਾਂ ਅਤੇ ਹਿੰਦੂਆਂ ਉਤੇ ਆਤੰਕਵਾਦੀਆਂ ਰਾਹੀਂ ਕੀਤੇ ਗਏ ਜ਼ੁਲਮ ਸਭ ਨੂੰ ਪਤਾ ਹਨ। ਫੌਜੀ ਕਾਰਵਾਈ ਦੇ ਦੌਰਾਨ ਆਤੰਕਵਾਦੀਆਂ ਦੀਆਂ ਜਿਨਾਂ ਦਾ ਹਰਮੰਦਿਰ ਸਾਹਿਬ ਉਤੇ ਕੰਟਰੋਲ ਸੀ, ਹੋਰ ਬਜਰ ਅਪਰਾਧਾਂ ਅਤੇ ਬਰਬਰਤਾ ਪੂਰਨ ਕਾਰਵਾਈਆਂ ਦੀਆਂ ਘਟਨਾਵਾਂ ਉਤੇ ਰੋਸ਼ਨੀ ਪਈ ਹੈ। 5-6 ਜੂਨ ਦੀ ਰਾਤ ਨੂੰ ਜਦ ਫੌਜ ਦੀ ਅਪੀਲ ਉਤੇ ਗੁਰੂ ਨਾਨਕ ਨਿਵਾਸ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਮਾਰਤ ਤੋਂ ਔਰਤਾਂ ਅਤੇ ਛੋਟੇ ਬੱਚਿਆਂ ਸਹਿਤ ਬਹੁਤ ਸਾਰੇ ਨਾਗਰਿਕ ਆਤਮ-ਸਮਰਪਣ ਕਰਨ ਲਈ ਬਾਹਰ ਆਏ ਤਾਂ ਆਤੰਕਵਾਦੀਆਂ ਨੇ ਉਨ੍ਹਾਂ ਉਪਰ ਗੋਲੀਆਂ ਚਲਾਈਆਂ ਅਤੇ ਦਸਤੀ ਗੋਲੇ ਸੁੱਟੇ ਅਤੇ 30 ਔਰਤਾਂ ਅਤੇ 5 ਬੱਚਿਆਂ ਸਹਿਤ 70 ਬੰਦਿਆਂ ਦੀ ਹਤਿਆ ਕੀਤੀ। ਆਤੰਕਵਾਦੀਆਂ ਨੇ ਦੋ ਜੂਨੀਅਰ ਕਮਿਸ਼ਨਡ ਅਫਸਰਾਂ ਨੂੰ ਕੈਦੀ ਬਣਾਇਆ ਅਤੇ ਬੜੇ ਜ਼ਾਲਮਾਨਾ ਢੰਗ ਨਾਲ ਮਾਰ ਦਿਤਾ।ਉਨ੍ਹਾਂ ਨੇ ਇਕ ਜੂਨਿਅਰ ਕਮਿਸ਼ਨਡ ਅਫਸਰ ਦੀ ਚਮੜੀ ਕੱਟ ਕੇ ਉਸ ਦੇ ਸ਼ਰੀਰ ਵਿਚ ਵਿਸਫੋਟਕ ਪਦਾਰਥ ਭਰੇ ਅਤੇ ਅੱਗ ਲਾ ਕੇ ਅਕਾਲ ਤਖ਼ਤ ਦੀ ਉਪਰਲੀ ਮੰਜ਼ਿਲ ਤੋਂ ਸੁਟ ਦਿਤਾ . 8 ਜੂਨ 1984 ਨੂੰ ਉਨ੍ਹਾਂ ਨੇ ਇਕ ਨਿਹੱਥੇ ਫੌਜੀ ਡਾਕਟਰ ਦਾ ਕਤਲ ਕਰ ਦਿਤਾ ਜਿਹੜਾ ਕੁਝ ਫੱਟੜਾਂ ਦਾ ਇਲਾਜ ਕਰਨ ਦੇ ਲਈ ਤਹਿਖਾਨੇ ਵਿਚ ਗਿਆ ਸੀ।

35. ਅਜਿਹੇ ਕੁਲ 42 ਧਾਰਮਕ ਸਥਾਨਾਂ ਦਾ ਪਤਾ ਲਗਾਇਆ ਗਿਆ ਹੈ ਜਿੱਥੇ ਆਤੰਕਵਾਦੀਆਂ ਦੇ ਅੱਡੇ ਸਨ। 5 ਜੂਨ ਦੀ ਸ਼ਾਮ ਨੂੰ ਇਹਨਾਂ ਸਾਰੇ ਟਿਕਾਣਿਆਂ ਉਤੇ ਆਤੰਕਵਾਦੀਆਂ ਨੂੰ ਲਾਊਡ ਸਪੀਕਰਾਂ ਆਦਿ ਨਾਲ ਵਾਰ ਵਾਰ ਅਪੀਲ ਕੀਤੀ ਗਈ ਸੀ ਕਿ ਉਹ ਆਪਣੇ ਆਪ ਨੂੰ ਕਾਨੂੰਨ ਦੇ ਹਵਾਲੇ ਕਰ ਦੇਣ। ਜਦ ਉਨ੍ਹਾਂ ਉਤੇ ਇਸ ਦਾ ਕੋਈ ਅਸਰ ਨਹੀਂ ਹੋਇਆ ਤਾਂ ਉਨ੍ਹਾਂ ਨੂੰ ਬਾਹਰ ਕੱਢਣ ਲਈ ਫੌਜ ਵੱਖ ਵੱਖ ਪੜਾਂ ਵਿਚ ਇਨ੍ਹਾਂ ਅਹਾਤਿਆਂ ਵਿਚ ਵੜੀ। ਇਨ੍ਹਾਂ ਚੋਂ ਵਧੇਰੇ ਥਾਵਾਂ ਉਤੇ ਮਾਮੂਲੀ ਪ੍ਰਤਿਰੋਧ ਦਾ ਟਾਕਰਾ ਕਰਨਾ ਪਿਆ ਹਾਲਾਂਕਿ ਆਤੰਕਵਾਦੀਆਂ ਨੇ ਮੋਗਾ ਅਤੇ ਮੁਕਤਸਰ ਦੇ ਗੁਰਦਵਾਰਿਆਂ ਵਿਚ ਬੜਾ ਮੁਕਾਬਲਾ ਕੀਤਾ ਅਤੇ ਸੁਰਖਿਆ ਫੌਜਾਂ ਉਤੇ ਗੋਲੀ ਚਲਾਈ। ਇਸ ਤੋਂ ਇਲਾਵਾਂ ਉਨ੍ਹਾਂ ਨੇ ਫਰੀਦਕੋਟ,ਪਟਿਆਲਾ,ਰੋਪੜ, ਅਤੇ ਚੌਕ ਮਹਿਤਾ ਵਿਚ ਵੀ ਗੋਲੀਆਂ ਚਲਾਈਆਂ।ਹਥਿਆਰਾਂ ਅਤੇ ਗੋਲੀ ਸਿਕੇ ਦੀ ਵਧੇਰੇ ਬਰਾਮਦੀ ਚੌਕ ਮਹਿਤਾ, ਪਟਿਆਲਾ, ਅਤੇ ਰੋਪੜ ਦੇ ਧਾਰਮਕ ਸਥਾਨਾਂ ਤੋਂ ਹੋਈ। ਫੌਜ ਰਾਹੀਂ ਮੁਕਤਸਰ ਗੁਰਦਵਾਰੇ ਨੂੰ ਆਤੰਕਵਾਦੀਆਂ ਤੋਂ ਮੁਕਤ ਕਰਵਾ ਲੈਣ ਮਗਰੋਂ 6 ਜੂਨ ਨੂੰ ਸ਼ਾਮ 5 ਵਜੇ ਤਕ ਆਖਰੀ ਕਾਰਵਾਈ ਪੂਰੀ ਕਰ ਲਈ ਗਈ।

Digitized by Panjab Digital Library | www.panjabdigilib.org

## ਇਨ੍ਹਾਂ ਕਾਰਵਾਈਆਂ ਵਿਚ ਸਮੁੰਦਰੀ ਅਤੇ ਹਵਾਈ ਬੇੜੇ ਦੀ ਵਰਤੋਂ :

36 ਜ਼ਮੀਨੀ ਫੌਜ ਨੇ ਕੁਝ ਸਹਾਇਕ ਸੇਵਾਵਾਂ ਲਈ ਸਮੁੰਦਰੀ ਅਤੇ ਹਵਾਈ ਫੌਜ ਦੀ ਮਦਦ ਲਈ।

37. ਸਮੁੰਦਰੀ ਬੇੜੇ ਨੇ, ਹਥਿਆਰਾਂ ਅਤੇ ਗੋਲੀ-ਸਿੱਕੇ ਦੀ ਭਾਲ ਕਰਨ ਦੇ ਲਈ ਗੋਤਾਖੋਰਾਂ ਦੀ ਇਕ ਟੁਕੜੀ ਦਿਤੀ। ਇਹ ਹਥਿਆਰ ਆਤੰਕਵਾਦੀਆਂ ਨੇ ਅੰਮ੍ਰਿਤ ਸਰੋਵਰ ਅਤੇ ਹਰਮੰਦਿਰ ਸਾਹਿਬ ਦੇ ਚਾਰੋਂ ਪਾਸੇ ਖੂਹਾਂ ਅਤੇ ਹੋਰ ਇਲਾਕਿਆਂ ਵਿਚ ਵੱਖ ਵੱਖ ਤਲਾਬਾਂ ਅਤੇ ਖੂਹਾਂ ਵਿਚ ਸੁਟ ਦਿਤੇ ਸਨ। ਇਨ੍ਹਾਂ ਕਾਰਵਾਈਆਂ ਦੇ ਫਲਸਰੂਪ ਵਡੀ ਗਿਣਤੀ ਵਿਚ ਹਥਿਆਰ, ਗੋਲਾਬਾਰੂਦ ਸਾਜ਼ ਸਮਾਨ ਅਤੇ ਕੀਮਤੀ ਚੀਜ਼ਾਂ ਮਿਲੀਆਂ ਹਨ।

38. ਹਵਾਈ ਬੇੜੇ ਨੇ ਦੂਜੇ ਰਾਜਾਂ ਚੋਂ ਫੌਜੀਆਂ ਨੂੰ ਛੇਤੀ ਨਾਲ ਲਿਆਉਂਣ ਲਈ ਹਵਾਈਜਹਾਜ਼ਾਂ ਦੀ ਸੇਵਾ ਦਿੱਤੀ। ਇਸ ਸੇਵਾ ਨੇ ਬੜੀਆਂ ਅਸਰਦਾਰ ਹੈਲੀਕਾਪਟਰ ਸੰਚਾਰ ਅਤੇ ਟੋਹ ਉਡ਼ਾਨਾਂ ਦਾ ਵੀ ਪ੍ਰਬੰਧ ਕੀਤਾ।

## ਜਾਨੀ ਨੁਕਸਾਨ ਦੀ ਗਿਣਤੀ ਅਤੇ ਹਥਿਆਰ ਗੋਲੀ-ਸਿੱਕਾ ਅਤੇ ਸਾਜ਼ ਸਮਾਨ ਦੀ ਬਰਾਮਦੀ :

39. 30 ਜੂਨ, 1984 ਤਕ ਸਿਵਿਲੀਅਨ ਅਤੇ ਫੌਜੀ ਨੁਕਸਾਨ ਅਤੇ ਬਰਾਮਦ ਕੀਤੇ ਗਏ ਹਥਿਆਰਾਂ ਅਤੇ ਗੋਲੀ ਸਿੱਕੇ ਦਾ ਵੇਰਵਾ ਅਨੈਕਸਚਰ-XI ਉਤੇ ਦਿਤਾ ਹੈ

## ਫੌਜੀ ਸਿਵਲ ਕਾਰਵਾਈ

40. ਕਰਫਿਊ ਦੇ ਦੌਰਾਨ ਸਿਵਲ ਅਬਾਦੀ ਦੀਆਂ ਮੁਸ਼ਕਿਲਾਂ ਨੂੰ ਘੱਟ ਕਰਨ ਦੇ ਲਈ ਫੌਜ ਨੇ ਇਹ ਯਕੀਨੀ ਬਣਾਉਂਣ ਲਈ ਸਿਵਲ ਪ੍ਰਸ਼ਾਸਨ ਨਾਲ ਸਹਿਯੋਗ ਕਰਕੇ ਉਸਾਰੂ ਕਦਮ ਚੁੱਕੇ ਜਿਸ ਨਾਲ ਪੂਰਾ ਸਮਾਂ ਜ਼ਰੂਰੀ ਚੀਜ਼ਾਂ ਹਮੇਸ਼ਾਂ ਮਿਲਦੀਆਂ ਰਹਿ ਸਕਣ। ਅਸਰ ਹੇਠ ਆਏ ਕੁਝ ਇਲਾਕਿਆਂ ਵਿਚ ਰਖਿਅਕ ਕਾਨਵਾਇ ਚਲਾਏ ਗਏ ਅਤੇ ਜ਼ਰੂਰੀ ਵਸਤਾਂ ਨੂੰ ਲਿਆਉਣ ਲਿਜਾਣ ਦਾ ਪ੍ਰਬੰਧ ਕੀਤਾ ਗਿਆ। ਬਹੁਤ ਸਾਰੇ ਇਲਾਕਿਆਂ ਵਿਚ ਸੈਨਿਕ ਮੈਡੀਕਲ ਟੀਮਾਂ ਨੇ ਲੋਕਾਂ ਨੂੰ ਡਾਕਟਰੀ ਸਹਾਇਤਾ ਵੀ ਦਿੱਤੀ। ਸਾਬਕ ਫੌਜੀਆਂ ਅਤੇ ਸੇਵਾ ਕਰ ਰਹੇ ਫੌਜੀਆਂ ਦੇ ਪਰਿਵਾਰਾਂ ਨੂੰ ਕੈਂਟੀਨ ਦੀਆਂ ਸਹੂਲਤਾਂ ਦਿੱਤੀਆਂ ਗਈਆਂ।

Digitized by Panjab Digital Library | www.panjabdigilib.org

# 5. ਕੁੱਝ ਮਸਲੇ

1983 ਦੇ ਤਕਰੀਬਨ ਅੱਧ ਤਕ ਰਾਸ਼ਟਰ-ਵਿਰੋਧੀ ਅਤੇ ਆਤੰਕਵਾਦੀ ਸਮੂਹਾਂ ਦਾ ਹਰਮੰਦਿਰ ਸਾਹਿਬ ਉੱਤੇ ਪੂਰਾ ਕੰਟਰੋਲ ਹੋ ਗਿਆ ਸੀ ਅਤੇ ਉਨ੍ਹਾਂ ਨੇ ਆਪਣੀਆਂ ਕਾਰਵਾਈਆਂ ਦਾ ਇਹਨੂੰ ਮੁਖ ਅੱਡਾ ਬਣਾ ਲਿਆ ਸੀ। ਹਰਮੰਦਿਰ ਸਾਹਿਬ ਅਤੇ ਅਨੇਕਾਂ ਹੋਰ ਗੁਰਦਵਾਰਿਆਂ ਦੀ ਕਿਲ੍ਹਾ-ਬੰਦੀ ਨਾਲ, ਉਨ੍ਹਾਂ ਦੇ ਉਦੇਸ਼ਾਂ ਅਤੇ ਢੰਗਾਂ ਨਾਲ ਅਸਹਿਮਤ ਬੰਦਿਆਂ ਦਾ ਸਿਲਸਲੇਵਾਰ ਸਫਾਇਆ ਕਰਨਾ ਅਤੇ "ਪੰਥ ਖਤਰੇ ਵਿਚ ਹੈ" ਦਾ ਝੂਠਾ ਨਾਹਰਾ ਲਾਉਣ ਨਾਲ ਇਹ ਸਪਸ਼ਟ ਹੋ ਗਿਆ ਸੀ ਕਿ ਆਤੰਕਵਾਦੀਆਂ ਦੇ ਇਰਾਦੇ ਕੁਝ ਮੰਗਾਂ ਮੰਨਵਾਉਣ ਤਕ ਹੀ ਸੀਮਤ ਨਹੀਂ, ਉਸ ਤੋਂ ਕਿਤੇ ਵੱਧ ਸਨ। ਹਮਲਾ ਕਰਨ ਵਾਲੀ ਕਿਸਮ ਦੇ ਹਥਿਆਰਾਂ ਅਤੇ ਸੰਚਾਰ ਸਾਜ ਸਮਾਨ ਦੀ ਭਾਰੀ ਗਿਣਤੀ ਅਤੇ ਹਰਮੰਦਿਰ ਸਾਹਿਬ ਵਿਚ ਹਥਿਆਰਾਂ ਦੀ ਫੈਕਟਰੀ ਦਾ ਪਤਾ ਲਗਣ ਨਾਲ ਇਹ ਪੂਰੀ ਤਰ੍ਹਾਂ ਸਾਬਤ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਆਖਰੀ ਉਦੇਸ਼ ਪੂਰੀ ਬਗਾਵਤ ਕਰਨਾ ਸੀ।ਆਤੰਕਵਾਦੀਆਂ ਤੇ ਵੱਖਵਾਦੀਆਂ ਦੇ ਇਨ੍ਹਾਂ ਮਜ਼ਬੂਤ ਕਿਲੇਬੰਦੀਆਂ ਨੂੰ ਤਬਾਹ ਕਰਨ ਵਿਚ ਜੇਕਰ ਸਰਕਾਰ ਵਲੋਂ ਕੋਈ ਦੇਰ ਕੀਤੀ ਜਾਂਦੀ ਤਾਂ ਪੂਰੇ ਦੇਸ਼ ਦੇ ਲਈ ਮੁਸੀਬਤ ਖੜੀ ਹੋ ਜਾਣੀ ਸੀ।

2. ਪੰਜਾਬ ਦੀਆਂ ਘਟਨਾਵਾਂ ਤੋਂ ਕੁਝ ਮਹੱਤਵਪੂਰਨ ਸਵਾਲ ਉਠੇ ਹਨ ਜਿਨ੍ਹਾਂ ਉਤੇ ਗੰਭੀਰਤਾ ਪੂਰਵਕ ਵਿਚਾਰ ਕਰਨ ਦੀ ਲੋੜ ਹੈ:—

— ਕੀ ਧਰਮ ਅਸਥਾਨਾਂ ਨੂੰ ਜਿਥੇ ਲੱਖਾਂ ਕਰੋੜਾਂ ਲੋਕੀ ਸ਼ਰਧਾ ਨਾਲ ਸਿਰ ਝੁਕਾਉਂਦੇ ਹਨ, ਹਥਿਆਰ ਜਮਾਂ ਕਰਨ ਲਈ ਵਰਤਣਾ ਠੀਕ ਹੈ?

— ਕੀ ਅਜਿਹੀਆਂ ਥਾਵਾਂ ਨੂੰ ਅਪਰਾਧੀਆਂ ਅਤੇ ਭੰਨ ਤੋੜ ਕਰਨ ਵਾਲੇ ਤੱਤਾਂ ਨੂੰ ਸ਼ਰਣ ਦੇਣ ਦੀਆਂ ਥਾਵਾਂ ਬਣਾਉਣਾ ਠੀਕ ਹੈ? ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ

— ਅਸੀਂ ਆਪਣੇ ਗਣਤੰਤਰ ਦੇ ਧਰਮ ਨਿਰਪੱਖ ਅਧਾਰ ਨੂੰ ਨੁਕਸਾਨ ਪਹੁੰਣ ਤੋਂ ਕਿਵੇਂ ਰੋਕੀਏ

3. ਪੰਜਾਬ ਵਿਚ ਇਕ ਛੋਟੇ ਜਿਹੇ ਗਰੁਪ ਨੇ ਧਰਮ ਦੇ ਪਰਦੇ ਪਿੱਛੇ ਫਿਰਕੂ ਵੱਖਵਾਦ ਉਤੇ ਅਧਾਰਤ ਵੰਡੀ ਪਾਣ ਦੇ ਅੰਦੋਲਨ ਨੂੰ ਅੱਗੇ ਵਧਾਉਣ ਲਈ ਆਤੰਕ ਨੂੰ ਇਕ ਔਜ਼ਾਰ ਦੇ ਰੂਪ ਵਿਚ ਅਪਨਾਇਆ ਹੈ। ਹਰਮੰਦਿਰ ਸਾਹਿਬ ਅਤੇ ਹੋਰ ਗੁਰਦਵਾਰਿਆਂ ਦੀ ਵਰਤੋਂ ਉਨ੍ਹਾਂ ਅਪਰਾਧੀਆਂ ਅਤੇ ਬੰਦਿਆਂ ਨੂੰ ਮੁਕੰਮਲ ਸਹਾਰਾ ਦੇਣ ਲਈ ਕੀਤੀ ਗਈ ਜਿਨਾਂ ਨੇ ਦੇਸ਼ ਦੀ ਏਕਤਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਭਾਰਤ ਦੇ ਹਾਲ ਦੇ ਇਤਿਹਾਸ ਵਿਚ ਧਰਮ ਅਤੇ ਧਾਰਮਿਕ ਸਥਾਨਾ ਦੀ ਕੁਵਰਤੋਂ ਦੀ ਸਭ ਤੋਂ ਵੱਡੀ ਮਿਸਾਲ ਹੈ।

4. ਇਹ ਗੱਲ ਸੋਚੀ ਵੀ ਨਹੀਂ ਜਾ ਸਕਦੀ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਜਿਨ੍ਹਾਂ ਅਧੀਨ ਹਰਮੰਦਿਰ ਸਾਹਿਬ ਦਾ ਪ੍ਰਬੰਧ ਸੀ, ਉਨ੍ਹਾਂ ਦੇ ਆਪਣੇ ਨਿਯਮਾਂ ਦੀ ਉਲੰਘਣਾ ਕਰਕੇ ਹਰਮੰਦਿਰ ਸਾਹਿਬ ਦੇ ਪਵਿਤਰ ਅਹਾਤੇ ਦੀ ਖੁਲਮ ਖੁਲ੍ਹੀ ਬੇਅਦਬੀ ਕੀਤੀ ਜਾਣ ਅਤੇ ਉਸ ਦੀ ਕੁਵਰਤੋਂ ਕੀਤੇ ਜਾਣ ਦੇ ਬਾਰੇ ਵਿਚ ਜਾਣਕਾਰੀ ਨਹੀਂ ਸੀ।

Digitized by Panjab Digital Library | www.panjabdigilib.org

ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇਹਦੇ ਖ਼ਿਲਾਫ ਕੋਈ ਆਵਾਜ਼ ਨਹੀਂ ਚੁੱਕੀ। ਇਹੋ ਹੀ ਨਹੀਂ, ਸਗੋਂ ਅਕਾਲੀ ਦਲ ਨੇ ਆਪਣੇ ਅੰਦੋਲਨ ਦੇ ਲਈ ਧਾਰਮਿਕ ਚਿਨ੍ਹਾਂ ਅਤੇ ਮਰਯਾਦਾ ਦੀ ਪੂਰੀ ਤਰਾਂ ਵਰਤੋਂ ਕੀਤੀ। ਇਸ ਮਹੌਲ ਵਿਚ ਧਾਰਮਿਕ ਕੱਟੜਪੰਥੀ ਅਤੇ ਫਿਰਕੂ ਤਾਕਤਾਂ ਜ਼ੋਰ ਫੜਦੀਆਂ ਰਹੀਆਂ। ਕੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਜਿਸ ਉਤੇ ਇਨ੍ਹਾਂ ਧਾਰਮਿਕ ਸਥਾਨਾਂ ਦੇ ਪ੍ਰਬੰਧ ਦੀ ਕਾਨੂੰਨੀ ਜਵਾਬਦੇਹੀ ਹੈ, ਆਖ ਸਕਦੀ ਹੈ ਕਿ ਉਸ ਨੂੰ ਇਹ ਨਹੀਂ ਪਤਾ ਸੀ ਅਤੇ ਇਨ੍ਹਾਂ ਦੀ ਕੁਵਰਤੋਂ ਦੇ ਬਾਰੇ ਵਿਚ ਆਪਣੀ ਜਵਾਬਦੇਹੀ ਤੋਂ ਮੁਕਤ ਹੋ ਸਕਦੀ ਹੈ?

5. ਪੰਜਾਬ ਵਿਚ ਹਾਲ ਵਿਚ ਹੀ ਹੋਈਆਂ ਵਾਰਦਾਤਾਂ ਨੂੰ ਵਿਆਪਕ ਅੰਤਰਾਸ਼ਟਰੀ ਪ੍ਰਸੰਗ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਪਿਛਲੇ ਤਿੰਨ ਵਰ੍ਹਿਆਂ ਵਿਚ ਭਾਰਤ ਦਾ ਸੁਰਖਿਆ ਮਹੌਲ ਕਾਫੀ ਵਿਗੜਿਆ ਹੈ। ਤਾਕਤਵਰ ਸ਼ਕਤੀਆਂ ਭਾਰਤ ਦੀ ਰਾਜਨੀਤਕ ਅਤੇ ਆਰਥਕ ਸ਼ਕਤੀ ਨੂੰ ਕੰਮਜ਼ੋਰ ਬਣਾਉਣ ਲਈ ਕੰਮ ਕਰ ਰਹੀਆਂ ਹਨ। ਸੁਰਖਿਆ ਦੀ ਦਰਿਸ਼ਟੀ ਤੋਂ ਨਾਜ਼ੁਕ ਸਰਹੱਦੀ ਰਾਜ ਜਿਸ ਦਾ ਕਿ ਖੇਤੀ ਅਤੇ ਸਨਅਤੀ ਵਿਕਾਸ ਦਾ ਰਿਕਾਰਡ ਸ਼ਾਨਦਾਰ ਰਿਹਾ ਹੈ, ਭਨ-ਤੋੜ ਦੀ ਕਾਰਵਾਈ ਦਾ ਟੀਚਾ ਹੋ ਸਕਦਾ ਹੈ। ਇਸ ਸਬੰਧ ਵਿਚ ਵਿਦੇਸ਼ਾਂ ਵਿਚ ਰਹਿਣ ਵਾਲੇ ਗਰੁਪਾਂ ਦੀਆਂ ਕਾਰਵਾਈਆਂ ਦਾ ਖਾਸ ਮਹੱਤਵ ਹੋ ਜਾਂਦਾ ਹੈ। ਵਿਦੇਸ਼ੀ ਜਨ ਸੰਚਾਰ ਸਾਧਨਾਂ ਦਾ ਇਕ ਖਾਸ ਹਿੱਸਾ ਜਾਣ ਬੁੱਝ ਕੇ ਪੰਜਾਬ ਦੀ ਹਾਲਤ ਨੂੰ ਪੂਰੀ ਤਰਾਂ ਤੋੜ ਮਰੋੜ ਕੇ ਪੇਸ਼ ਕਰ ਰਿਹਾ ਹੈ, ਜਿਸ ਨਾਲ ਵੱਖਵਾਦੀਆਂ ਦੀਆਂ ਕਾਰਵਾਈਆਂ ਨੂੰ ਉਤਸ਼ਾਹ ਅਤੇ ਉਨ੍ਹਾਂ ਨੂੰ ਜਾਰੀ ਰਖਣ ਲਈ ਤਾਕਤ ਮਿਲ ਰਹੀ ਹੈ।

6. ਭਾਰਤ ਦੀ ਏਕਤਾ ਦੇ ਲਈ ਬੁਨਿਆਦੀ ਵੰਗਾਰਾਂ ਫਿਰਕੂ ਕੱਟੜਪੰਥੀਆਂ ਅਤੇ ਹੋਰ ਫੁਟ ਪਾਣ ਵਾਲੇ ਬੰਦਿਆਂ ਤੋਂ ਪੈਦਾ ਹੋਈਆਂ ਹਨ ਜਿਨ੍ਹਾਂ ਨੂੰ ਬਾਹਰ ਦੀ ਜ਼ੋਰਦਾਰ ਹਿਮਾਇਤ ਪ੍ਰਾਪਤ ਹੈ। ਹੁਣ ਨਿਸ਼ਾਨਾ ਭਾਰਤ ਦੀ ਏਕਤਾ ਦੇ ਮੂਲ ਅਧਾਰ ਧਰਮ ਨਿਰਪੇਖਤਾ ਨੂੰ ਬਣਾਇਆ ਗਿਆ ਹੈ। ਮੁੜ ਮੁੜ ਹੋਏ ਵਿਦੇਸ਼ੀ ਹਮਲੇ ਅਤੇ ਹੋਰ ਦਬਾਅ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਤੋੜਨ ਵਿਚ ਅਸਫਲ ਰਹੇ ਹਨ। ਹੁਣ ਧਰਮ ਦੇ ਪਰਦੇ ਵਿਚ ਅੰਦਰੂਨੀ ਗੜਬੜੀ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਇਕ ਚੇਤਾਵਨੀ ਹੈ ਜਿਹੜੀ ਪੰਜਾਬ ਵਿਚ ਹਾਲ ਵਿਚ ਵਾਪਰੀਆਂ ਘਟਨਾਵਾਂ ਕੌਮ ਨੂੰ ਦਿੰਦੀਆਂ ਹਨ।

7. ਹੋਰ ਇਹ ਸਵਾਲ ਚੁਕੇ ਜਾ ਰਹੇ ਹਨ:

(i) ਕਿਸ ਪ੍ਰਕਾਰ ਇੰਨੀ ਵੱਡੀ ਗਿਣਤੀ ਵਿਚ ਅਧੁਨਿਕ ਹਥਿਆਰ ਹਰਮੰਦਿਰ ਸਾਹਿਬ ਅਤੇ ਹੋਰ ਗੁਰਦਵਾਰਿਆਂ ਦੇ ਅੰਦਰ ਲਿਜਾਏ ਗਏ?

(ii) ਕੀ ਸਰਕਾਰ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਇਸ ਕਿਸਮ ਦੇ ਹਥਿਆਰ ਹਰਮੰਦਿਰ ਸਾਹਿਬ ਅਤੇ ਹੋਰ ਗੁਰਦਵਾਰਿਆਂ ਦੇ ਅੰਦਰ ਜਮਾਂ ਕੀਤੇ ਜਾ ਰਹੇ ਸਨ? ਕੀ ਇਹ ਖੁਫੀਆ ਵਿਭਾਗ ਦੀ ਅਸਫਲਤਾ ਨਹੀਂ ਸੀ?

(iii) ਕੀ ਅਤੰਕਵਾਦੀਆਂ ਨੂੰ ਬਾਹਰਲੇ ਦੇਸ਼ਾਂ ਅਤੇ ਸੋਮਿਆਂ ਤੋਂ ਕੋਈ ਸਹਾਇਤਾ ਜਾਂ ਹਮਾਇਤ ਪ੍ਰਾਪਤ ਸੀ?

8. ਸਰਕਾਰ ਨੂੰ ਉਨ੍ਹਾਂ ਹਥਿਆਰਾਂ ਦੀ ਮਾਤਰਾ ਅਤੇ ਕਿਸਮਾਂ ਦੇ ਬਾਰੇ ਵਿਚ ਕੁਝ ਜਾਣਕਾਰੀ ਸੀ ਜਿਨ੍ਹਾਂ ਨੂੰ ਆਤੰਕਵਾਦੀਆਂ ਵਲੋਂ ਪ੍ਰਾਪਤ ਕੀਤਾ ਗਿਆ ਸੀ ਅਤੇ ਹਰਮੰਦਿਰ ਅਤੇ ਹੋਰ ਗੁਰਦਵਾਰਿਆਂ ਵਿਚ ਜਮਾਂ ਕੀਤਾ ਗਿਆ ਸੀ। ਵਾਰਦਾਤਾਂ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਜਿਹੜੀ ਸੂਚਨਾਂ ਮਿਲੀ ਸੀ ਉਹ ਠੀਕ ਸੀ। ਸਰਕਾਰ ਨੂੰ ਅਤੰਕਵਾਦੀਆਂ

Digitized by Panjab Digital Library | www.panjabdigilib.org

ਦੀ ਨੀਅਤ ਅਤੇ ਕਾਰਵਾਈ ਦੀ ਨੀਤੀ ਅਤੇ ਵਿਉਂਤ ਦੀ ਵੀ ਜਾਣਕਾਰੀ ਸੀ। ਆਤੰਕਵਾਦੀ ਕਿਸ ਤਰਾਂ ਜੋਰ ਫੜਦੇ ਜਾ ਰਹੇ ਹਨ, ਉਸ ਦੀ ਜਾਣਕਾਰੀ ਸਰਕਾਰ ਨੇ ਆਪ ਸਮੇਂ ਸਮੇਂ ਤੇ ਦਿੱਤੀ। ਹਰਮੰਦਿਰ ਸਾਹਿਬ ਅਤੇ ਹੋਰ ਗੁਰਦਵਾਰਿਆਂ ਦੇ ਅੰਦਰ ਹਥਿਆਰ ਅਤੇ ਗੋਲਾਬਾਰੂਦ "ਕਾਰ ਸੇਵਾ" ਜਾਂ ਰਸਦ ਪਾਣੀ ਅਤੇ ਹੋਰ ਸਮਾਨ ਲਿਜਾਣ ਦੇ ਕੰਮ ਵਿਚ ਲਿਹਾਂਦੇ ਜਾਣ ਵਾਲੀਆਂ ਹੋਰ ਗੱਡੀਆਂ ਵਿਚ ਚੋਰੀ ਛਿਪੇ ਲਿਜਾਏ ਗਏ ਸਨ। ਸ਼ੁਰੂ ਸ਼ੁਰੂ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਟਰੱਕਾਂ ਦੀ ਤਲਾਸ਼ੀ ਨਹੀਂ ਲਈ ਜਾਂਦੀ ਸੀ। ਰੋਜ਼ਾਨਾ ਸੈਂਕੜੇ ਅਤੇ ਮੱਸਿਆ ਵਰਗੇ ਖਾਸ ਦਿਨ ਤੇ ਹਜ਼ਾਰਾਂ ਬੰਦੇ ਗੁਰਦਵਾਰਿਆਂ ਵਿਚ ਜਾਂਦੇ ਸਨ ਅਤੇ ਯਾਤਰੂਆਂ ਦੀ ਭੀੜ ਵਿਚ ਆਤੰਕਵਾਦੀਆਂ ਵਲੋਂ ਹਥਿਆਰ ਆਸਾਨੀ ਨਾਲ ਅੰਦਰ ਲਿਜਾਏ ਜਾ ਸਕਦੇ ਸਨ। ਯਾਤਰੂਆਂ ਨੂੰ ਪਰੇਸ਼ਾਨ ਕੀਤੇ ਬਿਨਾਂ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਦੀ ਪੁਛ ਪੜਤਾਲ ਕਰਨਾ ਜਾਂ ਤਲਾਸ਼ੀ ਲੈਣਾ ਸੰਭਵ ਨਹੀਂ ਸੀ।

9. ਫਿਰ ਵੀ ਇਹ ਮੰਨਿਆਂ ਜਾਣਾ ਚਾਹੀਦਾ ਹੈ ਕਿ ਇਕ ਖੇਤਰ ਅਜਿਹਾ ਸੀ ਜਿਸ ਵਿਚ ਸਰਕਾਰੀ ਖੁਫੀਆ ਜਾਣਕਾਰੀ ਕੰਮਜ਼ੋਰ ਸੀ ਅਤੇ ਉਹ ਸੀ "ਗਰਾਉਂਡ" ਸੂਚਨਾਂ। ਉਦਾਹਰਣ ਵਜੋਂ ਸਰਕਾਰ ਨੂੰ ਇਹ ਜਾਣਕਾਰੀ ਸੀ ਕਿ ਕਿਸੀ ਖਾਸ ਸਮੇਂ ਉਤੇ ਆਤੰਕਵਾਦੀ ਰੇਲ ਪੱਟੜੀਆਂ, ਰੇਲਵੇ ਸ਼ਟੇਸ਼ਨਾਂ ਅਤੇ ਡਾਕਖਾਨਿਆਂ ਦੇ ਖਿਲਾਫ ਕੁਝ ਵੱਡੀ ਅਤੇ ਨਾਟਕੀ ਕਾਰਵਾਈ ਕਰਨ ਦੀ ਯੋਜਨਾ ਬਣਾ ਰਹੇ ਹਨ। ਪਰ ਹਮਲੇ ਦੀਆਂ ਠੀਕ ਠੀਕ ਥਾਵਾਂ ਅਤੇ ਆਤੰਕਵਾਦੀਆਂ ਦੇ ਉਸ ਖਾਸ ਗਿਰੋਹ ਦੇ ਬਾਰੇ ਵਿਚ, ਜਿਸ ਨੇ ਇਹ ਹਮਲਾ ਕਰਨਾ ਸੀ, ਜਾਣਕਾਰੀ ਨਹੀਂਸੀ ਇਹ ਕੰਮ ਗਰਾਉਂਡ ਸੂਚਨਾ ਨਾਲ ਸਬੰਧਤ ਸੀ। ਇਸ ਦੇ ਸਿੱਟੇ ਵਜੋਂ, ਜਦੋਂ ਪੂਰੇ ਰਾਜ ਵਿਚ ਰੇਲਵੇ ਟਰੈਕਾਂ ਦੀ ਵਿਆਪਕ ਪੈਟਰੋਲਿੰਗ ਕੀਤੀ ਗਈ ਤਾਂ ਟਰੈਕਾਂ ਦੇ ਭੰਨ ਤੋੜ ਦੀਆਂ ਕਈ ਕਾਰਵਾਈਆਂ ਦਾ ਪਤਾ ਲੱਗਾ ਅਤੇ ਵਡੀ ਗਿਣਤੀ ਵਿਚ ਰੇਲ ਦੁਰਘਟਨਾਵਾਂ ਨੂੰ ਰੋਕਿਆ ਜਾ ਸਕਿਆ, ਪਰ ਛੋਟੇ ਰੇਲਵੇ ਸਟੇਸ਼ਨਾਂ ਅਤੇ ਦੂਰ ਦੂਰ ਦੇ ਫਲੈਗ ਸ਼ਟੇਸ਼ਨਾਂ ਉਤੇ ਹੋਏ ਹਮਲਿਆਂ ਨੂੰ ਨਹੀਂ ਰੋਕਿਆ ਜਾ ਸਕਿਆ।

10. ਜਿਥੋਂ ਤਕ ਹਥਿਆਰਾਂ ਦੀ ਸਪਲਾਈ ਦਾ ਸਬੰਧ ਹੈ, ਸ਼ੁਰੂ ਸ਼ੁਰੂ ਵਿਚ ਅਤੰਕਵਾਦੀਆਂ ਨੂੰ ਇਹ ਹਥਿਆਰ ਅਸਲਾ-ਖਾਨਿਆਂ ਉਤੇ ਕੁਝ ਅਚਾਨਕ ਛਾਪੇ ਮਾਰਨ (ਇਨ੍ਹਾਂ ਚੋਂ ਫਿਰੋਜ਼ਪੁਰ ਸਥਿਤ ਹੋਮ ਗਾਰਡ ਦਾ ਅਸਲਾ-ਖਾਨਾ ਮੁਖ ਹੈ), ਅਤੇ ਪੁਲਿਸ ਅਮਲੇ ਕੋਲੋਂ ਕਦੇ ਕਦੇ ਖੋਹ ਲੈਣ ਨਾਲ ਮਿਲੇ ਹਨ। ਬਾਦ ਵਿੱਚ, ਉਹ ਬਾਹਰ ਦੇ ਸੋਮਿਆਂ ਤੋਂ ਅਤੇ ਦੇਸ਼ ਦੇ ਅੰਦਰੂਨੀ ਸੋਮਿਆਂ ਤੋਂ ਗੁਪਤ ਸੰਪਰਕ ਕਾਇਮ ਕਰਕੇ ਵਧੇਰੇ ਆਧੁਨਿਕ ਹਥਿਆਰ ਹਾਸਿਲ ਕਰਨ ਵਿਚ ਸਫਲ ਹੋਏ।ਵਿਦੇਸ਼ਾਂ ਦੇ ਉੱਚ ਅਧਿਕਾਰੀਆ ਨੇ ਸਰਹਦ ਪਾਰੋਂ ਭਾਰਤ ਵਿਚ ਵੱਡੀ ਗਿਣਤੀ ਵਿਚ ਗ਼ੈਰ ਕਾਨੂੰਨੀ ਹਥਿਆਰਾਂ ਦੀ ਸਪਲਾਈ ਦੀ ਸੰਭਾਵਨਾ ਦੇ ਬਾਰੇ ਦਸਿਆ ਹੈ। ਇਸ ਸਬੰਧ ਵਿਚ ਵਧੇਰੇ ਜਾਣਕਾਰੀ ਤਦ ਸਾਹਮਣੇ ਆਵੇਗੀ ਜਦ ਹਿਰਾਸਤ ਵਿਚ ਲਏ ਗਏ ਆਤੰਕਵਾਦੀਆਂ ਦੇ ਖ਼ਿਲਾਫ ਮਾਮਲਿਆਂ ਦੀ ਪੜਤਾਲ ਪੂਰੀ ਹੋ ਜਾਵੇਗੀ। ਪਰ ਇਕ ਸਚਾਈ ਸਪਸ਼ਟ ਹੈ ਕਿ ਆਤੰਕਵਾਦੀ ਤੱਤਾਂ ਵਿਚ ਹਥਿਆਰ ਵੰਡਣ ਦਾ ਮੁਖ ਕੇਂਦਰ ਹਰਮੰਦਿਰ ਸਾਹਿਬ ਦੇ ਅੰਦਰ ਸੀ।

11. ਸਰਕਾਰ ਕੋਲ ਇਹ ਵਿਸ਼ਵਾਸ ਕਰਨ ਦੇ ਕਾਰਨ ਹਨ ਕਿ ਆਤੰਕਵਾਦੀਆਂ ਨੂੰ ਕੁਝ ਵਿਦੇਸ਼ੀ ਸੋਮਿਆਂ ਤੋਂ ਕਈ ਕਿਸਮ ਦੀ ਹਮਾਇਤ ਮਿਲ ਰਹੀ ਸੀ। ਮੌਜੂਦਾ ਅੰਤਰਰਾਸ਼ਟਰੀ ਹਾਲਤ ਵਿਚ ਭਨਤੋੜ ਦੀਆਂ ਬਾਹਰਲੀਆਂ ਅਤੇ ਅੰਦਰੂਨੀ ਸ਼ਕਤੀਆਂ ਵਿਚਕਾਰ ਮਹੱਤਵਪੂਰਨ ਸਬੰਧ ਰਹਿਣਾ ਇਕ ਅਜਿਹਾ ਤੱਤ ਹੈ ਜਿਸ ਤੋਂ ਸਾਰੇ ਵਾਕਫ ਹਨ। ਪਰ ਪੰਜਾਬ ਵਿਚ ਆਤੰਕਵਾਦ ਦੇ ਇਸ ਪੱਖ ਉਤੇ ਸਰਕਾਰ ਨੂੰ ਜਿਹੜੀ ਸੂਚਨਾ ਮਿਲੀ ਹੈ, ਉਸ ਨੂੰ ਦਸਣਾ ਲੋਕ ਹਿਤ ਵਿਚ ਨਹੀਂ ਹੈ। ਜਿਹੜੇ ਲੋਕੀ ਸਾਡੀ ਅੰਦਰੂਨੀ ਹਾਲਤ ਦੀ ਆਪਣੇ ਸਵਾਰਥ ਪੂਰਤੀ ਲਈ ਵਰਤੋਂ ਕਰਨਾ ਚਾਹੁੰਦੇ ਹਨ ਉਨ੍ਹਾਂ ਦੇ ਇਰਾਦਿਆਂ ਨੂੰ ਨਾਕਾਮ ਕਰਨ ਦੇ ਲਈ ਪੂਰੀ ਨਿਗਰਾਨੀ ਰਖੇ ਜਾਣ ਦੀ ਲੋੜ ਹੈ। ਸਾਡੇ ਰਾਜਨੀਤਕ ਜੀਵਨ ਦੇ ਇਸ ਪੱਖ ਪ੍ਰਤਿ ਭਾਰਤ ਦੇ ਲੋਕਾਂ ਨੇ ਆਪਣੀ ਪੂਰਨ ਜਾਗਰੁਕਤਾ ਦਾ ਪ੍ਰਗਟਾਵਾ ਕਈ ਵਾਰ ਕੀਤਾ ਹੈ।

12. ਸਰਕਾਰ ਨੂੰ ਪੰਜਾਬ ਵਿਚ ਜਿਹੜੀ ਕਾਰਵਾਈ ਕਰਨੀ ਪਈ, ਉਹ ਨਾਂ ਤਾਂ ਸਿੱਖਾਂ ਦੇ ਖਿਲਾਫ ਸੀ ਅਤੇ ਨਾਂ ਹੀ ਸਿੱਖ ਧਰਮ ਦੇ ਖਿਲਾਫ। ਉਹ ਕਾਰਵਾਈ ਤਾਂ ਆਤੰਕ ਅਤੇ ਵਿਦਰੋਹ ਦੇ ਖਿਲਾਫ ਸੀ। ਸਿਖ ਪੂਰੀ ਤਰਾਂ ਨਾਲ ਭਾਰਤੀ ਰਾਸ਼ਟਰ ਦਾ

Digitized by Panjab Digital Library | www.panjabdigilib.org

ਇਕ ਅਨਿਖੜਵਾਂ ਅੰਗ ਹਨ। ਦੇਸ਼ ਨੂੰ ਆਜ਼ਾਦੀ ਦਿਵਾਉਣ ਅਤੇ ਉਸ ਦੀ ਰਖਿਆ ਕਰਨ ਵਿਚ ਅਤੇ ਸੁਤੰਤਰ ਭਾਰਤ ਨੂੰ ਆਰਥਕ ਦਰਿਸ਼ਟੀ ਤੋਂ ਮਜ਼ਬੂਤ ਬਣਾਉਣ ਲਈ ਆਪਣੇ ਹਿੱਸੇ ਵਿਚ ਉਹ ਕਿਸੀ ਤੋਂ ਵੀ ਘੱਟ ਨਹੀ ਹਨ। ਸਿੱਖ ਭਾਈਚਾਰਾ, ਬਾਕੀ ਦੇ ਰਾਸ਼ਟਰ ਦੇ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰਖਣ ਅਤੇ ਉਸ ਨੂੰ ਮਜ਼ਬੂਤ ਬਣਾਉਣ ਦੇ ਆਪਣੇ ਸੰਕਲਪ ਉਤੇ ਦਰਿੜ ਹੈ।

13. ਸਰਕਾਰ ਨੇ ਪਿਛਲੇ ਦੋ ਸਾਲਾਂ ਤੋਂ ਪੰਜਾਬ ਵਿਚ ਅੰਦੋਲਨ ਨਾਲ ਨਿਪਟਣ ਦੇ ਲਈ ਵਿਆਪਕ ਰਾਸ਼ਟਰੀ ਹਿਤ ਨੂੰ ਧਿਆਨ ਵਿਚ ਰਖਿਆ ਹੈ। ਇਹਨਾਂ ਦੁਖਦਾਈ ਘਟਨਾਵਾਂ ਦੇ ਬਾਦ ਵੀ ਜਿਨ੍ਹਾਂ ਦਾ ਪਿਛਲੇ ਪੰਨਿਆਂ ਉਤੇ ਵਰਣਨ ਕੀਤਾ ਗਿਆ ਹੈ, ਸਰਕਾਰ ਆਪਣੇ ਇਸ ਇਰਾਦੇ ਉਤੇ ਪੱਕੀ ਹੈ ਕਿ ਕੋਈ ਪੱਕਾ ਹੱਲ ਗਲਬਾਤ ਦੀ ਲੋਕਰਾਜੀ ਪ੍ਰਕ੍ਰਿਆ ਦੇ ਜਰੀਏ ਕਢਿਆ ਜਾਣਾ ਚਾਹੀਦਾ ਹੈ। ਇਹ ਸਪਸ਼ਟ ਹੈ ਕਿ ਅਜਿਹੀ ਗਲਬਾਤ ਸ਼ਾਂਤੀ ਅਤੇ ਆਪਸੀ ਭਰੋਸੇ ਦੇ ਮਹੌਲ ਅਤੇ ਝੁਕਝੁਕਾ ਦੀ ਭਾਵਨਾ ਨਾਲ ਹੀ ਲਾਹੇਵੰਦ ਹੋ ਸਕਦੀ ਹੈ। ਜੇਕਰ ਇਕ ਪਾਸਾ ਇਸ ਗੱਲ ਉਤੇ ਅੜ ਜਾਵੇ ਕਿ ਉਸ ਦੀਆਂ ਸਾਰੀਆਂ ਮੰਗਾਂ ਪੂਰੀ ਤਰਾਂ ਮਨ ਲਈਆਂ ਜਾਣ, ਜਦ ਕਿ ਉਨ੍ਹਾਂ ਮੰਗਾਂ ਵਿਚ ਅਜਿਹੀਆਂ ਮੰਗਾਂ ਵੀ ਸ਼ਾਮਿਲ ਹੋਣ ਜਿਨ੍ਹਾਂ ਦਾ ਹੋਰ ਰਾਜਾਂ ਨਾਲ ਵੀ ਸਬੰਧ ਹੈ, ਉਸ ਹਾਲਤ ਵਿਚ ਸਮਝੌਤਾ ਹੋਣਾ ਸੰਭਵ ਨਹੀਂ ਹੈ। ਅਜਿਹਾ ਕੋਈ ਸਮਝੌਤਾ ਪੱਕਾ ਨਹੀਂ ਹੋ ਸਕਦਾ ਜਿਸ ਵਿਚ ਕਿਸੀ ਇਕ ਗਰੁਪ ਜਾਂ ਰਾਜ ਦੀਆਂ ਮੰਗਾਂ ਨੂੰ ਸਵਿਕਾਰ ਕਰਨ ਸਮੇਂ ਹੋਰ ਰਾਜ ਜਾਂ ਗਰੁਪਾਂ ਦੇ ਵਾਜਬ ਹਿਤਾਂ ਦੀ ਪਰਵਾਹ ਨਾਂ ਕੀਤੀ ਜਾਵੇ। ਕਿਸੀ ਵੀ ਸਮਝੌਤੇ ਉਤੇ ਪਹੁੰਚਣ ਦੇ ਲਈ ਕੁਝ ਝੁਕ-ਝੁਕਾ ਕਰਨਾ ਜ਼ਰੂਰੀ ਹੁੰਦਾ ਹੈ। ਸਭ ਤੋਂ ਵਡੀ ਗਲ ਇਸ ਬੁਨਿਆਦੀ ਅਸੂਲ ਲਈ ਵਚਨਬੱਧ ਰਹਿਣਾ ਹੈ ਕਿ ਦੇਸ਼ ਦੇ ਇਤ, ਕਿਸੀ ਵੀ ਰਾਜ ਜਾਂ ਗਰੁਪ ਦੇ ਹਿਤ ਨਾਲੋਂ ਵਧੇਰੇ ਮਹੱਤਵਪੂਰਨ ਹਨ।

14. ਸਰਕਾਰ ਨੂੰ ਪੂਰੀ ਆਸ ਹੈ ਕਿ ਸਾਰੀਆਂ ਜਮਾਤਾਂ ਦੇ ਲੋਕ ਆਪਸੀ ਵਿਸ਼ਵਾਸ ਅਤੇ ਏਕਤਾ ਦਾ ਮਹੌਲ ਬਣਾਉਣ ਵਿਚ ਆਪਣਾ ਹਿੱਸਾ ਪਾਣਗੇ

Digitized by Panjab Digital Library | www.panjabdigilib.org

ਅਨੈਕਸਚਰ—I

# ਸਿਤੰਬਰ 1981 ਵਿਚ ਅਕਾਲੀ ਦਲ ਵਲੋਂ ਸਰਕਾਰ ਨੂੰ ਭੇਜੀਆਂ ਗਈਆਂ 45 ਮੰਗਾਂ ਦੀ ਸੂਚੀ

## (ੳ) ਧਾਰਮਕ

1. ਸਿਖਾਂ ਦੇ ਧਾਰਮਕ ਮਾਮਲਿਆਂ ਵਿਚ ਦਖਲ।
2. ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੇ ਪ੍ਰਬੰਧ ਉਤੇ ਸਿੱਖਾਂ ਦੇ ਕੰਟਰੋਲ ਲਈ ਸਰਕਾਰ ਵਲੋਂ ਕੋਈ ਯਤਨ ਨਹੀਂ ਕੀਤਾ ਗਿਆ।
3. ਵਿਦੇਸ਼ਾਂ ਵਿਚ ਅਤੇ ਭਾਰਤ ਦੇ ਹੋਰ ਰਾਜਾਂ ਵਿਚ ਵਸਦੇ ਸਿਖਾਂ ਦੀ ਜਾਨ ਤੇ ਮਾਲ ਦੀ ਸੁਰਖਿਆ ਪ੍ਰਤੀ ਲਾਪ੍ਰਵਾਈ
4. 1971 ਵਿਚ ਦਿੱਲੀ ਗੁਰਦਵਾਰਿਆਂ ਉਤੇ ਜ਼ਬਰਦਸਤੀ ਕਬਜ਼ਾ ਕੀਤਾ ਜਾਣਾ।
5. ਹਰਿਆਣਾ ਵਿਚ ਗੁਰਦੁਆਰਿਆਂ ਉਤੇ ਜ਼ਮੀਨ ਦੀ ਵੱਧ ਤੋਂ ਵੱਧ ਹੱਦ ਬਾਰੇ ਕਾਨੂੰਨ ਲਾਗੂ ਕਰਨਾ।
6. ਕਿਸੇ ਗੱਡੀ ਦਾ ਨਾਂ ਗੋਲਡਨ ਟੈਮਪਲ ਐਕਸਪ੍ਰੈਸ ਰਖਣ ਵਿਚ ਅਸਫਲ ਹੋਣਾ ਜਦਕਿ 15 ਗੱਡੀਆਂ ਦਾ ਨਾਂ ਹੋਰ ਧਾਰਮਕ ਅਸਥਾਨਾਂ ਦੇ ਨਾਂ ਉਤੇ ਰਖਿਆ ਗਿਆ ਹੈ।
7. ਅੰਮ੍ਰਿਤਸਰ ਨੂੰ ਪਵਿਤਰ ਸ਼ਹਿਰ ਦਾ ਦਰਜਾ ਦੇਣ ਵਿਚ ਢਿੱਲ।
8. ਹਰਮੰਦਿਰ ਸਾਹਿਬ ਵਿਚ ਟਰਾਂਸਮਿਟਰ ਲਾਉਣ ਦੀ ਆਗਿਆ ਨਾ ਦੇਣਾ।
9. ਸਰਬ ਭਾਰਤੀ ਗੁਰਦੁਆਰਾ ਕਾਨੂੰਨ ਨਾ ਬਣਾਇਆ ਜਾਣਾ ।
10. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਖਾਂ ਦੀ ਇਕੋ ਇਕ ਜਥੇਬੰਦੀ ਦੇ ਰੂਪ ਵਿਚ ਮਾਨਤਾ ਨਾ ਦਿਤਾ ਜਾਣਾ।
11. ਤੀਰਥਯਾਤਰੀਆਂ ਨੂੰ ਪਾਕਿਸਤਾਨ ਭੇਜਣ ਦੇ ਖੇਤਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਕ ਹੜੱਪਣਾ ।
12. ਸਿੱਖ ਸਿਧਾਂਤਾਂ ਵਿਚ ਦਖਲ ਅਤੇ ਸਿੱਖ ਰਵਾਇਤਾਂ ਦੀ ਪਵਿਤਰਤਾ ਦੀ ਉਲੰਘਣਾ ।
13. ਪੁਲੀਸ ਦੀ ਸਹਾਇਤਾ ਨਾਲ ਦਿਲੀ ਗੁਰਦੁਆਰਿਆਂ ਉਤੇ ਗ਼ੈਰਕਾਨੂੰਨੀ ਅਤੇ ਜ਼ਬਰਦਸਤੀ ਕਬਜ਼ਾ ।
14. ਸਿੱਖਾਂ ਵਲੋਂ ਹਵਾਈਜਹਾਜ਼ਾਂ ਦੀਆਂ ਰਾਸ਼ਟਰੀ ਸੇਵਾਵਾਂ ਵਿਚ ਕਿਰਪਾਨ (ਤਲਵਾਰ) ਲਿਜਾਣ ਉਤੇ ਪਾਬੰਦੀ।

## (ਅ) ਰਾਜਸੀ

1. ਇਕ ਖੁਦਮੁਖਤਾਰ ਪ੍ਰਦੇਸ਼ ਲਈ ਸਿੱਖਾਂ ਨੂੰ ਦਿੱਤੇ ਗਏ ਭਰੋਸੇ ਦੀ ਉਲੰਘਣਾ ਅਤੇ ਏਸਦੀ ਥਾਂ ਸਿੱਖਾਂ ਨੂੰ ਅਪਰਾਧੀ ਕਰਾਰ ਦੇਣਾ ।
2. "ਪੰਜਾਬੀ ਸੂਬਾ" ਨਾਅਰੇ ਉਤੇ ਪਾਬੰਦੀ ।
3. ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲੀ ਵਾਲੇ ਇਲਾਕਿਆਂ ਨੂੰ ਪੰਜਾਬ ਤੋਂ ਬਾਹਰ ਰਖਣਾ ਅਤੇ ਵਾਟਰ-ਹੈਡ ਵਰਕਸ ਅਤੇ ਦਰਿਆਈ ਪਾਣੀ ਦੀ ਵੰਡ ਦਾ ਕੰਟਰੋਲ ਖੋਹ ਲੈਣਾ ।



Digitized by Panjab Digital Library | www.panjabdigilib.org

4. ਰਾਜ ਨੂੰ ਅੰਦਰੂਨੀ ਖੁਦਮੁਖਤਾਰੀ ਦੇਣ ਤੋਂ ਇਨਕਾਰ।
5. ਅਕਾਲੀ ਸਰਕਾਰਾਂ ਨੂੰ ਗੈਰ ਕਾਨੂੰਨੀ ਭ੍ਰਸ਼ਟ ਤਰੀਕਿਆਂ ਰਾਹੀਂ ਤੋੜਨਾ।
6. ਗੁਆਂਢੀ ਰਾਜਾਂ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਤੋਂ ਇਨਕਾਰ।
7. ਪੰਜਾਬੀਆਂ ਉਤੇ ਵਿਸ਼ਵਾਸ ਦੀ ਘਾਟ ਅਤੇ ਲਾਈਸੈਂਸ ਪ੍ਰਾਪਤ ਹਥਿਆਰ ਵਾਪਸ ਲੈਕੇ, ਉਹਨਾਂ ਨੂੰ ਨਿਹੱਥੇ ਕਰਨ
8. ਆਨੰਦਪੁਰ ਸਾਹਿਬ ਮੱਤੇ ਨੂੰ ਰੱਦ ਕਰਨਾ ਅਤੇ ਵੱਖ ਵੱਖ ਫਿਰਕਿਆਂ ਵਿਚਕਾਰ ਖਿਚਾਅ ਪੈਦਾ ਕਰਕੇ, ਵੰਡੋ ਅਤੇ ਰਾਜ ਕਰੋ ਦੀ ਨੀਤੀ ਅਪਨਾਉਣਾ।

## (ੲ) ਆਰਥਕ

1. ਹਥਿਆਰਬੰਦ ਫੌਜਾਂ ਵਿਚ ਸਿੱਖਾਂ ਦੀ ਭਰਤੀ ਦਾ ਕੋਟਾ 20% ਤੋਂ ਘਟਾਕੇ 2% ਕਰਨਾ।
2. ਪੰਜਾਬ ਤੇ ਸਿੰਧ ਬੈਂਕ ਨੂੰ ਰਾਸ਼ਟਰੀ ਅਧਿਕਾਰ ਹੇਠ ਲੈਣਾ।
3. ਅੰਮ੍ਰਿਤਸਰ ਵਿਚ ਇਕ ਖੁਸ਼ਕ ਬੰਦਰਗਾਹ ਕਾਇਮ ਕਰਨ ਵਿਚ ਅਸਫਲਤਾ।
4. ਪੰਜਾਬ ਨੂੰ ਘਟ ਤੋਂ ਘਟ ਕੇਂਦਰੀ ਸਹਾਇਤਾ ਮਨਜ਼ੂਰ ਕਰਨਾ।
5. ਆਰਥਕ ਸ਼ਕਤੀ ਦਾ 5% ਲੋਕਾਂ ਵਿਚ ਕੇਂਦਰੀਕਰਨ।
6. ਪੰਜਾਬ ਦੀ ਆਰਥਕ ਲੁਟ ਖਸੁੱਟ
7. ਕੀਮਤਾਂ ਵਿਚ ਵਾਧਾ।
8. ਪੰਜਾਬ ਵਿਚ ਭਾਰੀ ਸੱਨਅਤਾਂ ਦੀ ਕਮੀ।
9. ਉੱਤਰ ਪ੍ਰਦੇਸ਼ ਤੋਂ ਪੰਜਾਬੀ ਕਿਸਾਨਾਂ ਦੀ ਬੇਦਖ਼ਲੀ।
10. ਜ਼ਰਾਇਤੀ ਭੂਮੀ ਦੀ ਵੱਧ ਤੋਂ ਵੱਧ ਹੱਦ 7 ਹੈਕਟੇਅਰ ਨਿਸ਼ਚਿਤ ਕਰਨਾ ਪਰ ਸ਼ਹਿਰੀ ਜਾਇਦਾਦ ਦੀ ਕੋਈ ਹੱਦ ਨਹੀਂ ਮਿਥੀ ਗਈ।
11. ਪੰਜਾਬ ਵਿਚ ਸਮੂਹਕ ਬੀਮਾ ਸਕੀਮ ਲਾਗੂ ਨਾ ਕਰਨਾ।
12. ਕਿਸਾਨਾਂ ਨੂੰ ਕਰਜ਼ੇ ਸਨਅਤਕਾਰਾਂ ਨੂੰ ਦਿੱਤੇ ਜਾਂਦੇ ਦਰਾਂ ਉਤੇ ਦੇਣ ਤੋਂ ਇਨਕਾਰ।
13. ਜ਼ਰਾਇਤੀ ਉਪਜ ਲਈ ਲਾਹੇਵੰਦੀਆਂ ਕੀਮਤਾਂ ਨਾ ਦੇਣਾ।
14. ਜ਼ਰਾਇਤੀ ਪੈਦਾਵਾਰ ਸਸਤੇ ਭਾਅ ਉਤੇ ਖਰੀਦਣਾ ਅਤੇ ਖਪਤਕਾਰਾਂ ਨੂੰ ਉਹ ਮਹਿੰਗੀ ਵੇਚਣਾ।
15. ਹਰੀਜਨਾਂ ਅਤੇ ਹੋਰ ਕਮਜ਼ੋਰ ਸ਼੍ਰੇਣੀਆਂ ਦੇ ਹੱਕਾਂ ਦੀ ਰਖਿਆ ਕਰਨ ਵਿਚ ਅਸਫਲਤਾ।
16. ਭਾਰਤ-ਪਾਕ ਲੜਾਈ ਦਾ ਸ਼ਿਕਾਰ ਹੋਏ ਪੰਜਾਬ ਦੇ ਲੋਕਾਂ ਨੂੰ ਮੁਆਵਜ਼ਾ ਨਾ ਦਿੱਤਾ ਜਾਣਾ।
17. ਬੇਰੁਜ਼ਗਾਰੀ ਭੱਤਾ ਨਾ ਦਿੱਤਾ ਜਾਣਾ।
18. ਉਤਪਾਦਨ ਨੂੰ ਕੀਮਤਾਂ ਦੇ ਸੂਚਕ ਅੰਕ ਨਾਲ ਜੋੜਨਾ।
19. ਰੁਜ਼ਗਾਰ ਬੀਮਾ ਸਕੀਮ ਹੇਠ ਕਿਸਾਨਾਂ ਅਤੇ ਕਿਰਤੀਆਂ ਨੂੰ ਸਹੂਲਤਾਂ ਦੇਣ ਤੋਂ ਇਨਕਾਰ।
20. ਸ਼ਹਿਰੀ ਜ਼ਰਾਇਤੀ ਭੂਮੀ ਸਸਤਾ ਭਾ ਉਤੇ ਜ਼ਬਰਦਸਤੀ ਪ੍ਰਾਪਤ ਕੀਤਾ ਜਾਣਾ।
21. ਕਾਰਪੋਰੇਸ਼ਨ ਦੀਆਂ ਹੱਦਾਂ ਦੇ 5 ਕਿਲੋਮੀਟਰ ਦੇ ਘੇਰੇ ਵਿਚ ਦਿਹਾਤੀ ਜ਼ਮੀਨ ਦੀ ਵਿਕਰੀ ਉਤੇ ਪਾਬੰਦੀ।

## ਸ. ਸਮਾਜਕ

1. ਸਿੱਖ ਪਰਸਨਲ ਲਾਅ ਨੂੰ ਮਾਨਤਾ ਨਾ ਦੇਣਾ।
2. ਫਿਲਮਾਂ ਅਤੇ ਟੀ.ਵੀ. ਆਦਿ ਵਿਚ ਸਿੱਖਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨਾ, ਸਿੱਖਾਂ ਵਿਰੋਧੀ ਸਾਹਿਤ ਨੂੰ ਉਤਸ਼ਾਹ ਦੇਣਾ ਅਤੇ ਰੇਡੀਓ ਅਤੇ ਟੀ.ਵੀ. ਉਤੇ ਸਿੱਖ ਸਾਹਿਤ ਦੇ ਪ੍ਰਸਾਰਣ ਨੂੰ ਕਾਫੀ ਸਮਾਂ ਨਾ ਦੇਣਾ।

Digitized by Panjab Digital Library | www.panjabdigilib.org

ਅਨੈਕਸਚਰ II

# ਅਕਤੂਬਰ 1981 ਵਿਚ ਸਰਕਾਰ ਨੂੰ ਅਕਾਲੀ ਦਲ ਵਲੋਂ ਮਿਲੀਆਂ 15 ਮੰਗਾਂ ਦੀ ਸੋਧੀ ਹੋਈ ਸੂਚੀ

## ਧਾਰਮਕ ਮੰਗਾਂ

1. ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਬਿਨਾਂ ਸ਼ਰਤ ਰਿਹਾ ਕਰਨਾ ਅਤੇ ਦਿੱਲੀ ਰੈਲੀ (7 ਸਤੰਬਰ), ਚੌਕ ਮਹਿਤਾ ਅਤੇ ਚੰਦੋ ਕਲਾਂ ਦੇ ਸਬੰਧ ਵਿਚ ਪੁਲਿਸ ਕਾਰਵਾਈ ਦੀ ਅਦਾਲਤੀ ਪੜਤਾਲ ਕਰਵਾਉਣਾ।
2. ਦਿੱਲੀ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਰਕਾਰ ਦੀ ਕਥਿਤ ਮਨਮਾਨੀ ਖਤਮ ਕਰਨਾ, ਸਰਕਾਰ ਦੇ ਹੱਥਾਂ ਵਿਚ ਕਠਪੁਤਲੀ ਬਣੇ ਵਿਅਕਤੀਆਂ ਵਲੋਂ ਕੀਤੇ ਗਏ ਜ਼ਬਰਦਸਤੀ ਕਬਜ਼ੇ ਨੂੰ ਖਤਮ ਕਰਨ ਤੋਂ ਬਾਦ ਦਿਲੀ ਦੇ ਗੁਰਦੁਆਰਿਆਂ ਦੀਆਂ ਲੋਕਰਾਜੀ ਚੋਣਾਂ ਕਰਵਾਣਾ।
3. ਤੀਰਥਯਾਤਰੀਆਂ ਨੂੰ ਪਾਕਿਸਤਾਨ ਭੇਜਣ ਅਤੇ ਸਥਾਨਕ ਸਿੱਖ ਗੁਰਦੁਆਰਿਆਂ ਦੀ ਸੰਭਾਲ ਲਈ ਸੇਵਾਦਾਰ ਰਖਣ ਦੇ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਹਾਲ ਕਰਨਾ।
4. ਜਹਾਜ਼ਾਂ ਵਿਚ ਸਫ਼ਰ ਕਰਨ ਵਾਲੇ ਸਿੱਖ ਯਾਤਰੀਆਂ ਨੂੰ ਦੇਸ਼ ਅੰਦਰਲੀਆਂ ਅਤੇ ਅੰਤਰਰਾਸ਼ਟਰੀ ਉੜਾਨਾਂ ਵਿਚ ਕਿਰਪਾਨ ਪਾਉਣ ਦੀ ਆਗਿਆ ਦੇਣਾ।
5. ਇਕ ਸਰਬ ਭਾਰਤੀ ਗੁਰਦੁਆਰਾ ਕਾਨੂੰਨ ਪਾਸ ਕੀਤਾ ਜਾਏ।
6. ਅੰਮ੍ਰਿਤਸਰ ਨੂੰ ਹਰਦੁਆਰ, ਕੁਰਕਸ਼ੇਤਰ ਅਤੇ ਕਾਸ਼ੀ ਦੀਆਂ ਲੀਹਾਂ ਉਤੇ 'ਪਵਿਤਰ ਸ਼ਹਿਰ' ਦਾ ਦਰਜਾ ਦਿੱਤਾ ਜਾਣਾ।
7. ਕੀਰਤਨ ਪ੍ਰਸਾਰਣ ਕਰਨ ਲਈ ਅੰਮ੍ਰਿਤਸਰ ਵਿਚ ਹਰਮੰਦਿਰ ਸਾਹਿਬ ਵਿਖੇ 'ਹਰਮੰਦਿਰ ਰੇਡੀਓ' ਦੀ ਸਥਾਪਨਾ।
8. ਫਲਾਇੰਗ ਮੇਲ ਦਾ ਨਾਂ ਬਦਲ ਕੇ ਹਰਮੰਦਿਰ ਐਕਸਪ੍ਰੈਸ ਰਖਣਾ।

## ਰਾਜਸੀ, ਆਰਥਕ ਅਤੇ ਸਭਿਆਚਾਰਕ ਮੰਗਾਂ

9. ਆਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਗਲ ਦਾ ਪੂਰਾ ਯਕੀਨ ਹੈ ਕਿ ਰਾਜਾਂ ਦੀ ਤਰੱਕੀ ਨਾਲ ਕੇਂਦਰ ਖੁਸ਼ਹਾਲ ਬਣੇਗਾ ਜਿਸ ਵਾਸਤੇ ਰਾਜਾਂ ਨੂੰ ਵਧੇਰੇ ਅਧਿਕਾਰ ਅਤੇ ਪ੍ਰਾਂਤਕ ਖੁਦ ਮੁਖਤਾਰੀ ਦੇਣ ਵਾਸਤੇ ਸੰਵਿਧਾਨ ਵਿਚ ਢੁਕਵੀਂ ਤਰਮੀਮ ਕੀਤੀ ਜਾਣੀ ਚਾਹੀਦੀ ਹੈ। ਕੇਂਦਰ ਕੋਲ ਵਿਦੇਸ਼ੀ ਮਾਮਲੇ, ਰਖਿਆ, ਕਰੰਸੀ ਅਤੇ ਸੰਚਾਰ (ਆਵਾਜਾਈ ਦੇ ਸਾਧਨਾਂ ਸਮੇਤ) ਹੋਣੇ ਚਾਹੀਦੇ ਹਨ ਅਤੇ ਬਾਕੀ ਵਿਸ਼ੇ ਰਾਜਾਂ ਕੋਲ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਸਿੱਖਾਂ ਨੂੰ ਇਕ ਰਾਸ਼ਟਰ ਦੇ ਰੂਪ ਵਿਚ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣੇ ਚਾਹੀਦੇ ਹਨ।
10. ਪੰਜਾਬੀ ਬੋਲੀ ਵਾਲੇ ਇਲਾਕੇ ਅਤੇ ਚੰਡੀਗੜ੍ਹ ਨੂੰ ਪੰਜਾਬ ਵਿਚ ਮਿਲਾਉਣਾ।



Digitized by Panjab Digital Library | www.panjabdigilib.org

11. ਰਾਜ ਵਿਚ ਦੇ ਡੈਮ ਅਤੇ ਹੈਡ ਵਰਕਸ ਪੰਜਾਬ ਨੂੰ ਸੌਂਪਣਾ ਅਤੇ ਦਰਿਆਈ ਪਾਣੀ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨੇਮਾਂ ਅਨੁਸਾਰ ਫੇਰ ਤੋਂ ਵੰਡ।
12. ਪੰਜਾਬੀ ਬੋਲੀ ਨੂੰ ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿਚ ਦੂਜੀ ਭਾਸ਼ਾ ਦਾ ਦਰਜਾ ਦੇਣਾ।
13. ਉਤਰ ਪ੍ਰਦੇਸ਼ ਦੇ ਤਰਾਈ ਵਾਲੇ ਇਲਾਕੇ ਵਿਚੋਂ ਪੰਜਾਬੀ ਕਿਸਾਨਾਂ ਨੂੰ ਉਠਾਏ ਜਾਣ ਤੋਂ ਰੋਕਣਾ।
14. ਅੰਮ੍ਰਿਤਸਰ ਵਿਚ ਇਕ ਖੁਸ਼ਕ ਗੋਦੀ ਕਾਇਮ ਕਰਨਾ।
15. ਪੰਜਾਬ ਸਿੰਧ ਬੈਂਕ ਦੇ ਬਦਲੇ ਵਿਚ ਇਕ ਨਵੇਂ-ਬੈਂਕ ਦਾ ਲਾਈਸੈਂਸ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ ਜੋ ਸਿਖਾਂ ਦੇ ਕੰਟਰੋਲ ਹੇਠ ਹੋਏ ਅਤੇ ਜ਼ਰਾਇਤੀ ਜਿਨਸਾਂ ਨੂੰ ਸਨੱਅਤੀ ਉਤਪਾਦਨ ਦੇ ਸੂਚਕ ਅੰਕ ਨਾਲ ਜੋੜਕੇ ਲਾਹੇਵੰਦੀਆਂ ਕੀਮਤਾਂ ਨਿਸ਼ਚਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

Digitized by Panjab Digital Library | www.panjabdigilib.org

ਅਨੈਕਸਚਰ III

# ਸੰਤ ਹਰਚੰਦ ਸਿੰਘ ਵਲੋਂ ਪ੍ਰਮਾਣਕ੍ਰਿਤ ਕੀਤਾ ਗਿਆ ਅਨੰਦਪੁਰ ਸਾਹਿਬ ਦਾ ਮਤਾ

ੴ ਵਾਹਿਗੁਰੂ ਜੀ ਕੀ ਫਤਹਿ

## ਸ਼੍ਰੋਮਣੀ ਅਕਾਲੀ ਦਲ ਵਲੋਂ ਪ੍ਰਵਾਨ ਕੀਤੇ ਗਏ ਨਵੇਂ ਨੀਤੀ ਪ੍ਰੋਗਰਾਮ ਦਾ ਖਰੜਾ

ਇਹ ਖਰੜਾ ਜੋ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 16-17 ਅਕਤੂਬਰ 1973 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਚ ਹੋਈ ਬੈਠਕ ਵਿਚ ਪ੍ਰਵਾਨ ਕੀਤਾ ਹੈ, ਜਿਸਦੀ ਅਕਾਲੀ ਦਲ ਦੇ ਜਨਰਲ ਹਾਊਸ ਵਲੋਂ 28.8.1977 ਨੂੰ ਲੁਧਿਆਣੇ ਵਿਚ ਹੋਣ ਵਾਲੇ ਸਮਾਗਮ ਵਿਚ ਪੁਸ਼ਟੀ ਕੀਤੀ ਜਾਣੀ ਹੈ।

(ਬਾਦ ਵਿਚ 12 ਮਤਿਆਂ ਦੇ ਰੂਪ ਵਿਚ ਪਾਸ ਕੀਤਾ ਗਿਆ)

1-8-1977

ਗਿਆਨੀ ਅਜਮੇਰ ਸਿੰਘ
ਸਕਤੱਰ
ਸ਼੍ਰੋਮਣੀ ਅਕਾਲੀ ਦਲ



Digitized by Panjab Digital Library | www.panjabdigilib.org

## ਖਾਲਸਾ ਪੰਥ ਦੇ ਵਿਦਿਅਕ ਟੀਚੇ

ਸ਼੍ਰੋਮਣੀ ਅਕਾਲੀ ਦਲ ਦਾ ਉਦੇਸ਼ ਸਿੱਖਾਂ ਨੂੰ ਇਕ ਤਕੜੀ ਅਤੇ ਮਜ਼ਬੂਤ ਕੌਮ ਦੇ ਰੂਪ ਵਿਚ ਤਿਆਰ ਕਰਨਾ ਹੈ, ਜੋ ਉੱਚੀ ਵਿਦਿਆ ਪ੍ਰਾਪਤ ਹੋਏ, ਆਪਣੇ ਮੂਲ ਅਧਿਕਾਰਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋਏ, ਵੱਖ ਵੱਖ ਕਲਾਵਾਂ ਵਿਚ ਬਹੁਤ ਚੰਗੀ ਤਰ੍ਹਾਂ ਨਿਪੁੰਨ ਹੋਏ ਅਤੇ ਆਪਣੇ ਉੱਘੇ ਸਪੂਤਾਂ ਦਾ ਸਨਮਾਨ ਕਰਨ ਲਈ ਹਮੇਸ਼ਾਂ ਤਿਆਰ ਹੋਏ ।

ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਦੇ ਵਿਦਿਅਕ ਮਾਹਿਰਾਂ, ਵਿਗਿਆਨੀਆਂ, ਦਾਰਸ਼ਨਿਕਾਂ, ਕਵੀਆਂ, ਲੇਖਕਾਂ ਅਤੇ ਕਲਾਕਾਰਾਂ ਨੂੰ ਆਪਣੀ ਸਭ ਤੋਂ ਬਹੁਮੁਲੀ ਸੰਪਤੀ ਸਮਝਦਾ ਹੈ ।

ਸ਼੍ਰੋਮਣੀ ਅਕਾਲੀ ਦਲ ਪੇਂਡੂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਉਚੇਰੀ ਪੜ੍ਹਾਈ ਕਰਨ ਲਈ ਪੂਰੀ ਸਹਾਇਤਾ ਦੇਵੇਗਾ ।*

---

*ਇਹ ,ਖਰੜੇ ਵਿਚ ਉਪ ਸਿਰਲੇਖ 'ਵਿਦਿਆ ਅਤੇ ਸਭਿਆਚਾਰ', ਚੋਂ ਲਿਆ ਗਿਆ ਹੈ ।

Digitized by Panjab Digital Library | www.panjabdigilib.org

ੴ ਵਾਹਿਗੁਰ ਜੀ ਕੀ ਫਤਹਿ

ਆਨੰਦਪੁਰ ਸਾਹਿਬ ਵਿਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਲੋਂ ਪਾਸ ਕੀਤੇ ਗਏ ਮਤੇ ਦੇ ਮਜ਼ਮੂਨ ਬਾਰੇ ਕਾਫੀ ਅਸਪਸ਼ਟਤਾ ਅਤੇ ਗਲਤਫਹਿਮੀ ਪੈਦਾ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਮਤੇ ਦੀ ਭਾਵਨਾ ਅਤੇ ਵਿਸ਼ੇ ਵਸਤੂ ਨੂੰ ਸਪਸ਼ਟ ਕਰਨ ਦੀ ਲਗਾਤਾਰ ਕੋਸ਼ਿਸ਼ ਕਰਦਾ ਰਿਹਾ ਹੈ। ਹੁਣ ਪੰਜਾਬੀ ਨਾ ਜਾਨਣ ਵਾਲੇ ਦੇਸ਼ਵਾਸੀਆਂ ਦੇ ਫਾਇਦੇ ਲਈ ਇਕ ਪ੍ਰਮਾਣਿਕ ਅੰਗਰੇਜ਼ੀ ਰੂਪ ਜਾਰੀ ਕੀਤਾ ਜਾ ਰਿਹਾ ਹੈ।

ਸਹੀ/ਹਰਚੰਦ ਸਿੰਘ
(ਸੰਤ) ਹਰਚੰਦ ਸਿੰਘ ਲੌਂਗਵਾਲ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ

Digitized by Panjab Digital Library | www.panjabdigilib.org

੧ੴ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ

# ਮੁਖਬੰਧ

ਸ਼੍ਰੋਮਣੀ ਅਕਾਲੀ ਦਲ ਨਿਰਸੰਦੇਹ ਇਕ ਮਹਾਨ ਜਥੇਬੰਦੀ ਹੈ ਇਸਦਾ ਹੋਂਦ ਵਿਚ ਆਉਣਾ ਸਿੱਖਾਂ ਲਈ ਇਕ ਮਾਣ ਦੀ ਗਲ ਹੈ। ਇਸਦਾ ਸਮੁੱਚਾ ਇਤਿਹਾਸ ਜਦੋਜਹਿਦਾਂ ਅਤੇ ਅੰਦੋਲਨਾਂ, ਜਿੱਤਾਂ ਅਤੇ ਪ੍ਰਾਪਤੀਆਂ ਦਾ ਇਕ ਸ਼ਾਨਦਾਰ ਰੀਕਾਰਡ ਹੈ, ਜਿਸ ਉਤੇ ਇਹ ਠੀਕ ਹੀ ਮਾਣ ਕਰ ਸਕਦੀ ਹੈ। ਦਲ ਦਾ ਪਿਛਲਾ ਇਤਿਹਾਸ ਦਸਤਾ ਹੈ ਕਿ ਜਦੋਂ ਕਦੀ ਕਿਸੇ ਨੇ ਇਸ ਨਾਲ ਟੱਕਰ ਲੈਣ ਦੀ ਕੋਸ਼ਿਸ਼ ਕੀਤੀ, ਉਸਦਾ ਆਖਰ ਵਿਨਾਸ਼ ਹੋਇਆ ਹੈ। ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਇਸਨੇ ਜਿਹੜੀ ਸ਼ਾਨਦਾਰ ਭੂਮਿਕਾ ਨਿਭਾਈ ਹੈ ਉਹ ਸੁਨਿਹਰੀ ਅਖੱਰਾਂ ਵਿਚ ਲਿਖਿਆ ਇਤਿਹਾਸ ਦਾ ਇਕ ਅਮਿਟ ਅੰਗ ਹੋਏਗੀ।

ਸ਼੍ਰੋਮਣੀ ਅਕਾਲੀ ਦਲ ਸਿੱਖਾਂ ਨੂੰ ਉਹਨਾਂ ਦੇ ਹੱਕਾਂ ਲਈ ਅਤੇ ਦੇਸ਼ ਵਿਚ ਉਹਨਾਂ ਦੇ ਆਦਰਯੋਗ ਦਰਜੇ ਲਈ ਹਾਲਤ ਅਨੁਸਾਰ ਉਹਨਾਂ ਦੀ ਅਗਵਾਈ ਕਰਦਾ ਰਿਹਾ ਹੈ। ਇਸਦਾ ਉਦੇਸ਼ ਸਿੱਖ ਪੰਥ ਦੀ ਚੜਦੀ ਕਲਾ ਰਿਹਾ ਹੈ ਅਤੇ ਇਸ ਮਹਾਨ ਉਦੇਸ਼ ਦੀ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ ਵੱਖ ਵੱਖ ਤਰੀਕੇ ਅਪਣਾਉਂਦਾ ਰਿਹਾ ਹੈ।

ਕਾਂਗਰਸ ਸਰਕਾਰ ਦੀਆਂ ਸਿੱਖਾਂ ਵਿਰੋਧੀ ਨੀਤੀਆਂ ਅਤੇ ਦੇਸ਼ ਦੇ ਰਾਜਸੀ, ਸਮਾਜਕ ਅਤੇ ਆਰਥਕ ਹਾਲਾਤ ਨੂੰ ਧਿਆਨ ਵਿਚ ਰਖਦਿਆਂ, ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਪੰਥ ਦੇ ਉਦੇਸ਼ਾਂ ਅਤੇ ਮਨੋਰਥਾਂ ਨੂੰ ਫੇਰ ਤੋਂ ਤਿਆਰ ਕਰਨ ਅਤੇ ਉਹਨਾਂ ਦੀ ਪ੍ਰਾਪਤੀ ਲਈ ਵਧੇਰੇ ਜ਼ੋਰਦਾਰ ਅਗਵਾਈ ਦੇਣ ਦਾ ਫੈਸਲਾ ਕੀਤਾ ਹੈ ਤਾਂ ਜੋ ਇੰਜ ਕਰਦਿਆਂ ਹੋਇਆਂ ਇਹ ਪੰਥ, ਪੰਜਾਬ ਅਤੇ ਦੇਸ਼ ਦੇ ਵਡੇਰੇ ਹਿੱਤਾਂ ਲਈ ਕੰਮ ਕਰ ਸਕੇ ਅਤੇ ਸਿਖ ਪੰਥ ਦੀਆਂ ਆਸਾ ਉਮੀਦਾਂ ਅਨੁਸਾਰ ਕਾਇਮ ਰਹੇ।

ਇਸ ਮਨੋਰਥ ਲਈ ਸ਼੍ਰੋਮਣੀ ਅਕਾਲੀ ਦਲ ਨੇ 11-12-1972 ਨੂੰ ਵਰਕਿੰਗ ਕਮੇਟੀ ਦੀ ਬੈਠਕ ਵਿਚ 'ਇਕ ਨੀਤੀ ਪ੍ਰੋਗਰਾਮ' ਦਾ ਖਰੜਾ ਤਿਆਰ ਕਰਨ ਵਾਸਤੇ ਸਿਖ ਬੁਧੀਮਾਨਾਂ ਅਤੇ ਵਿਚਾਰਕਾਂ ਦੀ ਇਕ ਸਬ-ਕਮੇਟੀ ਕਾਇਮ ਕੀਤੀ, ।ਜਿਸਦੇ ਪ੍ਰਧਾਨ ਪਾਰਟੀ ਦੇ ਜਨਰਲ ਸਕਤਰ ਸ: ਸੁਰਜੀਤ ਸਿੰਘ ਬਰਨਾਲਾ ਸਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸ: ਗੁਰਚਰਨ ਸਿੰਘ ਟੌਹੜਾ, ਜਥੇਦਾਰ ਜੀਵਨ ਸਿੰਘ ਉਮਰਾਨੰਗਲ, ਸਾਬਕ ਮੰਤਰੀ ਸ: ਗੁਰਮੀਤ ਸਿੰਘ, ਸਾਬਕ ਮੰਤਰੀ ਡਾ: ਭਗਤ ਸਿੰਘ ਸਾਬਕ ਖਜ਼ਾਨਾ ਮੰਤਰੀ ਸ: ਬਲਵੰਤ ਸਿੰਘ, ਸ: ਗਿਆਨ ਸਿੰਘ ਰਾੜੇ ਵਾਲਾ, ਸ: ਪ੍ਰੇਮ ਸਿੰਘ ਲਾਲਪੁਰਾ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕਤਰ ਸ: ਜਸਵਿੰਦਰ ਸਿੰਘ ਬਰਾੜ, ਸਾਬਕ ਐਮ·ਐਲ ਏ ਸ: ਭਾਗ ਸਿੰਘ, ਮੇਜਰ ਜਨਰਲ ਗੁਰਬਖਸ਼ ਸਿੰਘ ਬਧਨੀ ਅਤੇ ਸ: ਅਮਰ ਸਿੰਘ ਅੰਬਾਲਾਵੀ, ਐਡਵੋਕੇਟ, ਇਸਦੇ ਮੈਂਬਰ ਸਨ।

ਇਸ ਸਬ ਕਮੇਟੀ ਦੀਆਂ 11 ਬੈਠਕਾਂ ਹੋਈਆਂ ਅਤੇ ਪਹਿਲੀ ਬੈਠਕ 23.12.1972 ਨੂੰ ਅੰਮ੍ਰਿਤਸਰ ਵਿਚ ਹੋਈ ਸੀ। ਇਸਦੀਆਂ ਬਹੁਤੀਆਂ ਬੈਠਕਾਂ ਸ਼ਾਂਤੀ ਪੂਰਣ ਅਤੇ ਸੁਖਾਵਾਂ ਮਾਹੌਲ ਹੋਣ ਕਾਰਣ ਚੰਡੀਗੜ੍ਹ ਵਿਚ ਹੋਈਆਂ।

ਸਬ ਕਮੇਟੀ ਦੇ ਸਾਰੇ ਮੈਬਰਾਂ ਨੇ ਇਸ ਦੇ ਕੰਮ ਵਿਚ ਡੂੰਘੀ ਦਿਲਚਸਪੀ ਵਿਖਾਈ ਅਤੇ ਬਹੁਤ ਦਿਲਚਸਪ ਅਤੇ ਲਾਹੇਵੰਦੀ ਸੋਚਵਿਚਾਰ ਵਿਚ ਹਿੱਸਾ ਲਿਆ, ਜਿਹੜੀ ਵੇਖਣ ਅਤੇ ਹਿੱਸਾ ਲੈਣ ਯੋਗ ਸੀ। ਮਾਮਲਿਆਂ ਦੇ ਹਰ ਪੱਖ ਉਤੇ ਬੜੀ



Digitized by Panjab Digital Library | www.panjabdigilib.org

ਬਾਰੀਕੀ ਨਾਲ ਵਿਚਾਰ ਕਰਨ ਤੋਂ ਬਾਦ ਸਰਬਸੰਮਤੀ ਨਾਲ ਇਕ ਰੀਪੋਰਟ ਤਿਆਰ ਕੀਤੀ ਗਈ। ਸਿਖ ਪੰਥ ਲਈ ਪਿਆਰ ਦੀ ਭਾਵਨਾ ਤੋਂ ਪ੍ਰੇਰਤ ਹੋਕੇ ਇਸ ਵਿਚ ਬਹੁਤ ਸਾਰੇ ਉੱਘੇ ਫੌਜੀ ਜਰਨੈਲਾਂ, ਕਾਨੂੰਨੀ ਮਾਹਿਰਾਂ, ਡਾਕਟਰਾਂ, ਰਾਜਸੀ ਵਿਚਾਰਕਾਂ, ਤਜਰਬਾਕਾਰ ਸਿਆਸਤਦਾਨਾਂ ਅਤੇ ਧਾਰਮਕ ਨੇਤਾਵਾਂ ਨੇ ਮਿਲਕੇ ਪੰਥ ਦੇ ਭਵਿਖ ਨੂੰ ਹੋਰ ਉੱਜਲਾ ਬਨਾਉਣ ਲਈ ਇਸ ਯੋਜਨਾਂ ਨੂੰ ਤਿਆਰ ਕਰਨ ਵਿਚ ਸਹਾਇਤਾ ਦਿੱਤੀ। ਸੋਚਵਿਚਾਰ ਦੇ ਦੌਰਾਨ ਪੰਥ ਅਤੇ ਦੇਸ਼ ਪ੍ਰਤੀ ਉਹਨਾਂ ਦਾ ਸੰਤੁਲਿਤ ਪਿਆਰ ਅਤੇ ਸਿਖਾਂ ਅਤੇ ਦੇਸ਼ ਦੇ ਹਿੱਤਾਂ ਦੀ ਰਖਿਆ ਲਈ ਉਹ[illegible] ਦੀ ਇੱਛਾ ਪ੍ਰਤਖ ਵਿਖਾਈ ਦੇ ਰਹੀ ਸੀ।

ਸ: ਸੁਰਜੀਤ ਸਿੰਘ ਸਬ ਕਮੇਟੀ ਦੀ ਬਹੁਤ ਹੀ ਸਾਵਧਾਨੀ ਨਾਲ ਤਿਆਰ ਕੀਤੀ ਗਈ ਰੀਪੋਰਟ ਦਸਵੀਂ ਪਾਤਸ਼ਾਹੀ ਦੀ ਪਵਿਤਰ ਅਤੇ ਇਤਿਹਾਸਕ ਗਦੀ ਸ੍ਰੀ ਆਨੰਦਪੁਰ ਸਾਹਿਬ ਵਿਚ ਹੋਈ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਬੈਠਕ ਵਿਚ ਪੇਸ਼ ਕੀਤੀ ਗਈ, ਅਤੇ ਦੋ ਦਿਨ ਏਸ ਉਤੇ ਸਾਵਧਾਨੀ ਨਾਲ ਸੋਚਵਿਚਾਰ ਕਰਨ ਤੋਂ ਬਾਦ, ਏਸ ਨੂੰ ਜਨਰਲ ਹਾਊਸ ਵਿਚ ਪੇਸ਼ ਕਰਨ ਲਈ ਪ੍ਰਵਾਨਗੀ ਦੇ ਦਿਤੀ ਗਈ।

ਇਸ ਲਈ ਇਹ ਖਰੜਾ ਤੁਹਾਨੂੰ ਭੇਜਿਆ ਜਾ ਰਿਹਾ ਹੈ ਤਾਂ ਜੋ ਤੁਸੀਂ ਇਸਦੀ ਡੂੰਘਾਈ ਨਾਲ ਘੋਖ ਕਰ ਸਕੋ ਅਤੇ ਜਨਰਲ ਹਾਊਸ ਦੀ ਬੈਠਕ ਤੁਹਾਡੀ ਕੀਮਤੀ ਰਾਏ ਤੋਂ ਫਾਇਦਾ ਉਠਾ ਸਕੇ।

ਪੰਥ ਪ੍ਰਤੀ ਪਿਆਰ ਅਤੇ ਆਦਰ ਸਹਿਤ,

ਨਿਰਮਾਣਤਾ ਨਾਲ ਤੁਹਾਡਾ<br>
ਅਜਮੇਰ ਸਿੰਘ<br>
ਸਕੱਤਰ<br>
ਸ਼੍ਰੋਮਣੀ ਅਕਾਲੀ ਦਲ

ਦਫਤਰ<br>
ਸ਼੍ਰੋਮਣੀ ਅਕਾਲੀ ਦਲ<br>
ਸ੍ਰੀ ਅੰਮ੍ਰਿਤਸਰ<br>
1-8-1977

Digitized by Panjab Digital Library | www.panjabdigilib.org

# ਮਤੇ

ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ 28-29 ਅਕਤੂਬਰ 1978 ਨੂੰ ਲੁਧਿਆਣੇ ਵਿਚ 18ਵੀਂ ਸਰਬਭਾਰਤੀ ਅਕਾਲੀ ਕਾਨਫਰੰਸ ਦੇ ਖੁਲ੍ਹੇ ਸਮਾਗਮ ਵਿਚ ਆਨੰਦਪੁਰ ਸਾਹਿਬ ਦੇ ਮਤੇ ਦੀ ਰੌਸ਼ਨੀ ਵਿਚ ਪਾਸ ਕੀਤੇ ਗਏ ਮਤੇ ਹੇਠਾਂ ਦਿੱਤੇ ਜਾਂਦੇ ਹਨ:—

(ਇਹ ਮਤੇ ਪਾਸ ਕਰਨ ਤੋਂ ਬਾਦ ਹੀ ਸ਼੍ਰੋਮਣੀ ਅਕਾਲੀ ਦਲ ਨੇ ਉਹਨਾਂ ਲਈ ਜਦੋਜਹਿਦ ਸ਼ੁਰੂ ਕਰ ਦਿੱਤੀ)

## ਮਤਾ ਨੰ: 1

ਇਹ ਮਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਨੇ ਪੇਸ਼ ਕੀਤਾ ਅਤੇ ਪੰਜਾਬ ਦੇ ਮੁਖਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਇਸਦੀ ਪੁਸ਼ਟੀ ਕੀਤੀ।

ਸ਼੍ਰੋਮਣੀ ਅਕਾਲੀ ਦਲ ਇਹ ਮੰਨਦਾ ਹੈ ਕਿ ਭਾਰਤ ਵੱਖ ਵੱਖ ਬੋਲੀਆਂ ਧਰਮਾਂ ਅਤੇ ਸਭਿਆਚਾਰਾਂ ਦੀ ਇਕ ਸੰਘੀ ਅਤੇ ਲੋਕਰਾਜੀ ਭੂਗੋਲਿਕ ਇਕਾਈ ਹੈ। ਧਾਰਮਕ ਅਤੇ ਭਾਸ਼ਾਈ ਘਟਗਿਣਤੀਆਂ ਦੇ ਮੂਲ ਅਧਿਕਾਰਾਂ ਦੀ ਰਖਿਆ ਕਰਨ, ਲੋਕਰਾਜੀ ਰਵਾਇਤਾਂ ਦੀਆਂ ਮੰਗਾਂ ਪੂਰੀਆਂ ਕਰਨ ਅਤੇ ਆਰਥਕ ਤਰੱਕੀ ਲਈ ਰਾਹ ਤਿਆਰ ਕਰਨ ਵਾਸਤੇ ਇਹ ਜ਼ਰੂਰੀ ਹੋ ਗਿਆ ਹੈ ਕਿ ਕੇਂਦਰ ਅਤੇ ਰਾਜਾਂ ਵਿਚਕਾਰ ਸਬੰਧਾਂ ਦੀ ਅਤੇ ਉਪਰ ਦਿਤੇ ਸਿਧਾਂਤਾਂ ਅਤੇ ਉਦੇਸ਼ਾਂ ਦੇ ਅਨੁਸਾਰ ਫੇਰ ਤੋਂ ਵਿਆਖਿਆ ਕਰਦਿਆਂ ਹੋਇਆਂ, ਭਾਰਤ ਦੇ ਸੰਵਿਧਾਨਕ ਢਾਂਚੇ ਨੂੰ ਇਕ ਵਾਸਤਵਿਕ ਸੰਘੀ ਸ਼ਕਲ ਦਿਤੀ ਜਾਵੇ।

ਲੋਕ ਨਾਇਕ ਸ੍ਰੀ ਜੈਪ੍ਰਕਾਸ਼ ਨਾਰਾਇਣ ਵਲੋਂ ਦਿਤਾ ਗਿਆ ਪੂਰਨ ਇਨਕਲਾਬ ਦਾ ਸਿਧਾਂਤ ਵੀ ਅਧਿਕਰਾਂ ਦੇ ਅਗਾਂਹਵਧੂ ਅਕੇਂਦਰੀਕਰਨ ਉਤੇ ਆਧਾਰਤ ਹੈ। ਕਾਂਗਰਸ ਹਕੂਮਤ ਦੇ ਦੌਹਰਾ ਸੰਵਿਧਾਨ ਵਿਚ ਲਗਾਤਾਰ ਤਰਮੀਮਾਂ ਰਾਹੀਂ ਰਾਜਾਂ ਦੇ ਅਧਿਕਾਰਾਂ ਦੇ ਕੇਂਦਰੀਕਰਨ ਏ ਅਮਲ ਦੀ ਚਰਮਸੀਮਾ, ਦੇਸ਼ ਵਾਸੀਆਂ ਸਾਹਮਣੇ ਹੰਗਾਮੀ ਹਾਲਤ ਦੇ ਰੂਪ ਵਿਚ ਆਈ, ਜਦੋਂ ਸਭਨਾਂ ਨਾਗਰਿਕਾਂ ਦੇ ਸਾਰੇ ਮੂਲ ਅਧਿਕਾਰ ਖੋਹ ਲਏ ਗਏ ਸਨ। ਉਸੇ ਵਕਤ ਅਧਿਕਾਰਾਂ ਦੇ ਅਕੇਂਦਰੀਕਰਨ ਦੇ ਪ੍ਰੋਗਰਾਮ ਨੂੰ, ਜਿਸਦੀ ਵਕਾਲਤ ਸ਼੍ਰੋਮਣੀ ਅਕਾਲੀ ਦਲ ਨੇ ਵੀ ਕੀਤੀ ਸੀ, ਖੁਲ੍ਹੇ ਤੌਰ ਉਤੇ ਪ੍ਰਵਾਨ ਕੀਤਾ ਗਿਆ ਅਤੇ ਜਨਤਾ ਪਾਰਟੀ, ਸੀ.ਪੀ.ਆਈ(ਐਮ.) ਏ.ਡੀ.ਐਮ.ਕੇ. ਆਦਿ ਸਮੇਤ ਹੋਰ ਰਾਜਸੀ ਪਾਰਟੀਆਂ ਨੇ ਏਸਨੂੰ ਸਵੀਕਾਰ ਕੀਤਾ ਸੀ।

ਸ਼੍ਰੋਮਣੀ ਅਕਾਲੀ ਦਲ ਸਦਾ ਇਸ ਸਿਧਾਂਤ ਉਤੇ ਕਾਇਮ ਰਿਹਾ ਹੈ ਅਤੇ ਇਸੇ ਕਾਰਣ, ਬੜੀ ਧਿਆਨ ਪੂਰਵਕ ਸੋਚਵਿਚਾਰ ਤੋਂ ਬਾਦ ਇਸਨੇ ਸਰਬਸੰਮਤੀ ਨਾਲ ਇਕ ਮਤਾ, ਪਹਿਲਾਂ ਬਟਾਲੇ ਵਿਚ ਇਕ ਸਰਬ ਭਾਰਤੀ ਅਕਾਲੀ ਕਾਨਫਰੰਸ ਵਿਚ, ਅਤੇ ਫੇਰ ਆਨੰਦਪੁਰ ਸਾਹਿਬ ਵਿਚ ਪਾਸ ਕੀਤਾ। ਇਸ ਵਿਚ ਸੰਘੀ ਪ੍ਰਣਾਲੀ ਦੇ ਅਨੁਕੂਲ ਰਾਜਾਂ ਦੀ ਖੁਦਮੁਖਤਾਰੀ ਦੇ ਅਮਲ ਦੀ ਪੁਸ਼ਟੀ ਕੀਤੀ ਗਈ ਸੀ।

ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਜਨਤਾ ਸਰਕਾਰ ਨੂੰ ਦ੍ਰਿੜਤਾ ਨਾਲ ਇਹ ਅਪੀਲ ਕਰਦਾ ਹੈ ਕਿ ਉਹ ਵੱਖ ਵੱਖ ਭਾਸ਼ਾਈ ਅਤੇ ਸਭਿਆਚਾਰਕ ਸ਼੍ਰੇਣੀਆਂ, ਧਾਰਮਕ ਘਟਗਿਣਤੀਆਂ ਅਤੇ ਕਰੋੜਾਂ ਲੋਕਾਂ ਦੀ ਆਵਾਜ਼ ਵਲ ਧਿਆਨ ਦੇਵੇ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਿਸੇ ਵੀ ਖਤਰੇ ਦੀ ਸੰਭਾਵਨਾਂ ਤੋਂ ਦੂਰ ਕਰਨ ਲਈ ਵਾਸਤਵਿਕ ਅਤੇ ਅਰਥਭਰਪੂਰ ਸੰਘੀ ਸਿਧਾਂਤਾਂ ਦੇ ਆਧਾਰ ਉਤੇ ਦੇਸ਼ ਦੇ ਸੰਵਿਧਾਨਕ ਢਾਂਚੇ ਦੀ ਮੁੜ ਉਸਾਰੀ ਕਰੇ ਤਾਂ ਜੋ ਰਾਜ ਆਪਣੇ ਅਧਿਕਾਰਾਂ ਦੀ ਅਰਥਭਰਪੂਰ ਵਰਤੋਂ ਕਰਕੇ ਆਪੋ ਆਪਣੇ ਇਲਾਕਿਆਂ ਵਿਚ ਭਾਰਤੀ ਲੋਕਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਲਾਹੇਬੰਦੀ ਭੂਮਿਕਾ ਨਿਭਾ ਸਕਣ।

Digitized by Panjab Digital Library | www.panjabdigilib.org

## ਮਤਾ ਨੰ: 2

ਸ਼੍ਰੋਮਣੀ ਅਕਾਲੀ ਦਲ ਦੀ ਇਹ ਮਹਤਵਪੂਰਣ ਬੈਠਕ ਭਾਰਤ ਸਰਕਾਰ ਨੂੰ ਇਹ ਅਪੀਲ ਕਰਦੀ ਹੈ ਕਿ ਉਹ ਪਿਛਲੀ ਕਾਂਗਰਸ ਸਰਕਾਰ ਵਲੋਂ ਖਾਸਕਰਕੇ ਹੰਗਾਮੀ ਹਾਲਤ ਵਿਚ ਕੀਤੀਆਂ ਗਈਆਂ ਵਧੀਕੀਆਂ, ਗਲਤ ਕੰਮਾਂ ਅਤੇ ਗੈਰਕਾਨੂੰਨੀ ਕਾਰਵਾਈਆਂ ਦੀ ਲੰਬੀ ਕਹਾਣੀ ਦੀ ਜਾਂਚ ਕਰੇ ਅਤੇ ਹੇਠਾਂ ਦਿਤੀਆਂ ਸਮਸਿਆਵਾਂ ਦਾ ਛੇਤੀ ਹਲ ਲਭਣ ਦੀ ਕੋਸ਼ਿਸ਼ ਕਰੇ:—

(ੳ) ਚੰਡੀਗੜ੍ਹ ਜਿਸਦੀ ਉਸਾਰੀ ਪੰਜਾਬ ਦੀ ਰਾਜਧਾਨੀ ਵਜੋਂ ਕੀਤੀ ਗਈ ਸੀ, ਪੰਜਾਬ ਦੇ ਹਵਾਲੇ ਕਰ ਦਿੱਤਾ ਜਾਏ।

(ਅ) ਭਾਸ਼ਾਈ ਮਾਹਿਰਾਂ ਵਲੋਂ ਪਿੰਡ ਨੂੰ ਇਕ ਇਕਾਈ ਮੰਨਦਿਆਂ ਹੋਇਆ, ਜਿਹੜੇ ਪੰਜਾਬੀ ਬੋਲੀ ਦੇ ਇਲਾਕਿਆਂ ਦਾ ਪਤਾ ਲਾਇਆ ਜਾਵੇ, ਉਹਨਾਂ ਨੂੰ ਪੰਜਾਬ ਨਾਲ ਰਲਾਉਣ ਦੀ ਸ਼੍ਰੋਮਣੀ ਅਕਾਲੀ ਦਲ ਦੀ ਲੰਮੇ ਸਮੇਂ ਤੋਂ ਚਲੀ ਆ ਰਹੀ ਮੰਗ ਮੰਨੀ ਜਾਏ।

(ੲ) ਹੈਡਵਰਕਸ ਦਾ ਕੰਟਰੋਲ ਪੰਜਾਬ ਕੋਲ ਹੀ ਰਹਿਣਾ ਦਿਤਾ ਜਾਏ ਅਤੇ ਜੇ ਲੋੜ ਹੋਏ ਤਾਂ ਪੁਨਰਗਠਨ ਕਾਨੂੰਨ ਵਿਚ ਤਰਮੀਮ ਕੀਤੀ ਜਾਏ।

(ਸ) ਰਾਵੀ-ਬਿਆਸ ਪਾਣੀ ਦੀ ਵੰਡ ਬਾਰੇ, ਹੰਗਾਮੀ ਹਾਲਤ ਵਿਚ ਸ਼੍ਰੀਮਤੀ ਇੰਦਰਾ ਗਾਂਧੀ ਵਲੋਂ ਦਿੱਤੇ ਗਏ ਮਨਮਾਨੀ ਵਾਲੇ ਤੇ ਬੇਇਨਸਾਫੀ ਵਾਲੇ ਫੈਸਲੇ ਵਿਚ, ਵਿਆਪਕ ਤੌਰ ਉਤੇ ਮੰਨੇ ਪ੍ਰਮੰਨੇ ਅਸੂਲਾਂ ਅਤੇ ਸਿਧਾਂਤਾਂ ਦੇ ਆਧਾਰ ਉਤੇ ਸੋਧ ਕੀਤੀ ਜਾਏ ਅਤੇ ਪੰਜਾਬ ਨਾਲ ਇਨਸਾਫ ਕੀਤਾ ਜਾਏ।

(ਹ) ਸਿਖਾਂ ਦੀਆਂ ਵਿਸ਼ੇਸ਼ ਰੁਚੀਆਂ ਅਤੇ ਉਹਨਾਂ ਦੇ ਬਹਾਦਰੀ ਨਾਲ ਲੜਨ ਦੇ ਗੁਣਾਂ ਨੂੰ ਧਿਆਨ ਵਿਚ ਰਖਦਿਆਂ ਫੌਜ ਵਿਚ ਉਹਨਾਂ ਦੀ ਗਿਣਤੀ ਦੀ ਵਰਤਮਾਨ ਨਿਸਬਤ ਨੂੰ ਕਾਇਮ ਰਖਿਆ ਜਾਵੇ।

(ਕ) ਭੂਮੀ ਸੁਧਾਰਾਂ ਦੇ ਨਾਂ ਹੇਠ ਉਤਰ ਪ੍ਰਦੇਸ਼ ਦੇ ਤਰਾਈ ਵਾਲੇ ਇਲਾਕੇ ਵਿਚ ਵਸੇ ਹੋਏ ਲੋਕਾਂ ਉਤੇ ਕੀਤੀਆਂ ਜਾ ਰਹੀਆਂ ਵਧੀਕੀਆਂ, ਕੇਂਦਰੀ ਹਦਾਇਤਾਂ ਉਤੇ, ਜ਼ਮੀਨ ਦੀ ਵਧ ਤੋਂ ਵਧ ਹਦ ਬਾਰੇ ਕਾਨੂੰਨ ਵਿਚ ਢੁਕਵੀਆਂ ਤਬਦੀਲੀਆਂ ਕਰਕੇ, ਖਤਮ ਕੀਤੀਆਂ ਜਾਣ।

Digitized by Panjab Digital Library | www.panjabdigilib.org

ਮਤਾ ਨੰ: 3

# (ਆਰਥਕ ਨੀਤੀ ਦਾ ਮਤਾ)

ਸ਼੍ਰੋਮਣੀ ਅਕਾਲੀ ਦਲ ਦੀਆਂ ਆਰਥਕ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਮੁੱਖ ਸੋਮੇ ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਰਮਨਿਰਪੱਖ, ਲੋਕਰਾਜੀ ਅਤੇ ਸਮਾਜਵਾਦੀ ਸਿਧਾਂਤ ਹਨ। ਸਾਡਾ ਆਰਥਕ ਪ੍ਰੋਗਰਾਮ ਤਿੰਨ ਬੁਨਿਆਦੀ ਅਸੂਲਾਂ ਉਤੇ ਆਧਾਰਤ ਹੈ:-

(ੳ) ਕਿਰਤ ਦਾ ਆਦਰ

(ਅ) ਇਕ ਅਜੇਹਾ ਆਰਥਕ ਅਤੇ ਸਮਾਜਕ ਢਾਂਚਾ, ਜਿਸ ਵਿਚ ਗਰੀਬਾਂ ਅਤੇ ਸਮਾਜ ਦੇ ਦਬੇ ਹੋਏ ਲੋਕਾਂ ਦੀ ਭਲਾਈ ਦਾ ਪ੍ਰਬੰਧ ਹੋਵੇ।

(ਸ) ਪੂੰਜੀਪਤੀਆਂ ਦੇ ਹੱਥਾਂ ਵਿਚ ਆਰਥਕ ਅਤੇ ਰਾਜਸੀ ਸ਼ਕਤੀ ਕੇਂਦਰਤ ਹੋਣ ਦਾ ਨਿਰੰਤਰ ਵਿਰੋਧ।

ਆਰਥਕ ਨੀਤੀਆਂ ਅਤੇ ਪ੍ਰੋਗਰਾਮ ਤਿਆਰ ਕਰਦਿਆਂ, ਸ਼੍ਰੋਮਣੀ ਅਕਾਲੀ ਦਲ ਨੇ ਆਨੰਦਪੁਰ ਸਾਹਿਬ ਦੇ ਆਪਣੇ ਇਤਿਹਾਸਕ ਮਤੇ ਵਿਚ ਭਾਰਤ ਵਿਚ ਕਾਂਗਰਸ ਹਕੂਮਤ ਦੇ 30 ਸਾਲਾਂ ਵਿਚ ਭਾਰਤ ਦੀ ਆਰਥਕਤਾ ਉਤੇ ਪੂੰਜੀਪਤੀਆਂ ਦੀ ਅਜਾਰੇਦਾਰੀ ਖਤਮ ਕਰਨ ਉਤੇ ਜੋਰ ਦਿਤਾ ਹੈ। ਇਸ ਪੂੰਜੀਵਾਦੀ ਗ਼ਲਬੇ ਨਾਲ ਕੇਂਦਰੀ ਸਰਕਾਰ ਨੇ ਮੁਗ਼ਲ ਸਾਮਰਾਜਵਾਦ ਵਾਂਗ ਸਾਰੇ ਅਧਿਕਾਰ ਆਪ ਸੰਭਾਲ ਲਏ। ਇਸ ਨਾਲ ਰਾਜਾਂ ਦੀ ਆਰਥਕ ਤਰਕੀ ਵਿਚ ਰੁਕਾਵਟ ਪੈਣੀ ਅਤੇ ਲੋਕਾਂ ਦੇ ਆਰਥਕ ਅਤੇ ਸਮਾਜਕ ਹਿਤਾਂ ਨੂੰ ਨੁਕਸਾਨ ਪਹੁੰਚਣਾ ਲਾਜ਼ਮੀ ਸੀ। ਸ਼੍ਰੋਮਣੀ ਅਕਾਲੀ ਦਲ, ਗੁਰੂ ਨਾਨਕ ਦੇਵ ਜੀ ਦੇ ਪਵਿਤਰ ਉਪਦੇਸ਼ਾਂ ਦੀ ਪਾਲਣਾ ਕਰਨ ਦਾ ਸੰਕਲਪ ਕਰਦਾ ਹੋਇਆ ਸਿਖ ਧਰਮ ਅਨੁਸਾਰ ਜੀਵਨ ਜੀਉਣ ਉਤੇ ਫੇਰ ਜ਼ੋਰ ਦੇਂਦਾ ਹੈ

ਇਸ ਪ੍ਰਕਾਰ ਦਾ ਜੀਵਨ ਢੰਗ ਤਿੰਨ ਬੁਨਿਆਦੀ ਅਸੂਲਾਂ ਉਤੇ ਆਧਾਰਤ ਹੈ :-

(i) ਧਰਮ ਦੀ ਕਿਰਤ ਕਰਨਾ

(ii) ਵੰਡ ਛਕਣਾ

(iii) ਨਾਮ ਜਪਣਾ।

Digitized by Panjab Digital Library | www.panjabdigilib.org

ਸ਼੍ਰੋਮਣੀ ਅਕਾਲੀਦਲ ਕੇਂਦਰ ਅਤੇ ਰਾਜ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਬੇਰੁਜ਼ਗਾਰੀ ਅਗਲੇ 10 ਸਾਲਾਂ ਵਿਚ ਖ਼ਤਮ ਕੀਤੀ ਜਾਵੇ। ਇਸ ਉਦੇਸ਼ ਦੀ ਪ੍ਰਾਪਤੀ ਲਈ ਕੰਮ ਕਰਦਿਆਂ ਕੰਮਜ਼ੋਰ ਵਰਗਾਂ, ਪਟੀਦਰਜ ਅਤੇ ਦਬੀਆਂ ਹੋਈਆਂ ਸ਼੍ਰੇਣੀਆਂ, ਕਿਰਤੀਆਂ, ਬੇਜ਼ਮੀਨੇ ਅਤੇ ਗ਼ਰੀਬ ਕਿਸਾਨਾਂ ਅਤੇ ਸ਼ਹਿਰੀ ਇਲਾਕਿਆਂ ਦੇ ਗ਼ਰੀਬਾਂ ਦੀ ਹਾਲਤ ਸੁਧਾਰਣ ਉਤੇ ਖ਼ਾਸ ਜ਼ੋਰ ਦਿਤਾ ਜਾਣਾ ਚਾਹੀਦਾ ਹੈ।

ਇਹਨਾਂ ਸਾਰਿਆਂ ਲਈ ਘਟੋਘੱਟ ਉਜਰਤਾਂ ਨਿਸਚਿਤ ਕੀਤੀਆਂ ਜਾਣ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਰਾਜ ਲਈ ਅਜੇਹੀਆਂ ਆਰਥਕ ਯੋਜਨਾਵਾਂ ਤਿਆਰ ਕੀਤੀਆਂ ਜਾਣ ਜਿਨ੍ਹਾਂ ਨਾਲ ਰਾਜ ਅਗਲੇ 10 ਸਾਲਾਂ ਵਿਚ ਇਕ ਮੋਢੀ ਰਾਜ ਬਣ ਜਾਏ ਅਤੇ ਫ਼ੀ ਵਿਅਕਤੀ ਆਮਦਨ 3000/- ਰੁਪਏ ਕਰਦਿਆਂ ਹੋਇਆਂ ਅਤੇ ਰਾਸ਼ਟਰੀ ਪੱਧਰ ਦੀ ਸਾਲਾਨਾ 4% ਆਰਥਕ ਵਾਧੇ ਦੀ ਦਰ ਦੇ ਮੁਕਾਬਲੇ ਇਸਦੀ ਆਰਥਕ ਵਾਧੇ ਦੀ ਦਰ 7% ਸਾਲਾਨਾ ਕੀਤੀ ਜਾ ਸਕੇ। ਸ਼੍ਰੋਮਣੀ ਅਕਾਲੀ ਦਲ ਟੈਕਸਾਂ ਸਬੰਧੀ ਢਾਂਚੇ ਨੂੰ ਅਜੇਹੇ ਤਰੀਕੇ ਨਾਲ ਫੇਰ ਤੋਂ ਤਿਆਰ ਕਰਨ ਨੂੰ ਪਹਿਲ ਦੇਂਦਾ ਹੈ, ਜਿਸ ਨਾਲ ਟੈਕਸਾਂ ਦਾ ਬੋਝ ਗਰੀਬਾਂ ਦੀ ਥਾਂ ਅਮੀਰਾਂ ਉਤੇ ਪਏ ਅਤੇ ਰਾਸ਼ਟਰੀ ਆਮਦਨ ਦੀ ਨਿਆਈਂ ਵੰਡ ਯਕੀਨੀ ਬਣ ਸਕੇ।

ਸ਼੍ਰੋਕਣੀ ਅਕਾਲੀ ਦਲ ਦੇ ਆਰਥਕ ਪ੍ਰੋਗਰਾਮ ਦਾ ਮੁਖ ਆਧਾਰ ਆਰਥਕ ਦਿਰਸ਼ਟੀਕੋਣ ਤੋਂ ਕਮਜ਼ੋਰ ਵਰਗਾਂ ਨੂੰ ਰਾਸ਼ਟਰੀ ਆਮਦਨ ਦੇ ਲਾਭ ਪ੍ਰਾਪਤ ਕਰਨ ਵਿਚ ਭਾਈਵਾਲ ਬਨਾਉਣਾ ਹੈ।

ਸ਼੍ਰੋਮਣੀ ਅਕਾਲੀ ਦਲ ਕੇਂਦਰੀ ਸਰਕਾਰ ਨੂੰ ਇਹ ਅਪੀਲ ਕਰਦਾ ਹੈ ਕਿ ਅੰਮ੍ਰਿਤਸਰ ਵਿਚ ਇਕ ਅੰਤਰਰਾਸ਼ਟਰੀ ਏਅਰ-ਫੀਲਡ ਬਣਾਇਆ ਜਾਏ, ਜਿਸ ਨੂੰ ਖੁਸ਼ਕ ਗੋਦੀ ਦੀਆਂ ਸਹੂਲਤਾਂ ਵੀ ਪ੍ਰਾਪਤ ਹੋਣ।

ਇਸੀ ਤਰਾਂ, ਰਾਜ ਵਿਚ ਸੰਨਅਤੀਕਰਨ ਅਤੇ ਆਰਥਕ ਤਰੱਕੀ ਦਾ ਅਮਲ ਤੇਜ਼ ਕਰਨ ਲਈ ਲੁਧਿਆਣੇ ਵਿਚ ਇਕ ਸਟਾਕ ਐਕਸਚੇਂਜ ਖੋਲ੍ਹਿਆ ਜਾਏ। ਸ਼੍ਰੋਮਣੀ ਅਕਾਲੀ ਦਲ ਵਿਦੇਸ਼ੀ ਸਿਕਿਆਂ ਦੇ ਮੁਕਤ ਵਟਾਂਦਰੇ ਲਈ ਵਿਦੇਸ਼ੀ ਸਿਕੇ ਸਬੰਧੀ ਨੇਮਾਂ ਵਿਚ ਢੁਕਵੀਆਂਤਬਦੀਲੀਆਂਚਾਹੁੰਦਾ ਹੈ ਤਾਂਜੋ ਭਾਰਤੀ ਪ੍ਰਵਾਸੀਆਂ ਨੂੰ ਪੇਸ਼ ਮੁਸ਼ਕਲਾਂ ਦੂਰ ਕੀਤੀਆਂ ਜਾ ਸਕਣ।

ਸ਼੍ਰੋਮਣੀ ਅਕਾਲੀ ਦਲ ਭਾਰਤ ਸਰਕਾਰ ਨੂੰ ਇਹ ਬੇਨਤੀ ਵੀ ਕਰਦਾ ਹੈ ਕਿ ਜ਼ਰਾਇਤੀ ਉਪਜ ਅਤੇ ਸਨੱਅਤੀ ਕੱਚੇ ਮਾਲ ਦੀਆਂ ਕੀਮਤਾਂ ਵਿਚ ਸਮਤਾ ਲਿਆਂਦੀ ਜਾਏ ਤਾਂ ਜੇ ਅਜੇਹੇ ਰਾਜਾਂ ਨਾਲ ਵਿਤਕਰਾ ਖਤਮ ਕੀਤਾ ਜਾ ਸਕੇ, ਜਿਨ੍ਹਾਂ ਵਿਚ ਇਹਨਾਂ ਕੱਚੇ ਮਾਲਾਂ ਦੀ ਥੁੜ ਏ।

ਸ਼੍ਰੋਮਣੀ ਅਕਾਲੀ ਦਲ ਇਹ ਮੰਗ ਕਰਦਾ ਹੈ ਕਿ ਕਪਾਹ ਕਨਕ, ਤੇਲੀ ਬੀਆਂ ਆਦਿ ਵਰਗੀਆਂ ਵਪਾਰਕ ਫ਼ਸਲਾਂ ਦੇ ਉਤਪਾਦਕਾਂ ਦੀ ਵਪਾਰੀਆਂ ਵਲੋਂ ਲੁਟਖਸੁੱਟ ਇਕ ਦਮ ਰੋਕੀ ਕਣਕ ਕੀਤੀ ਜਾਏ ਅਤੇ ਇਸ ਮਨੋਰਥ ਲਈ ਇਹ ਫਸਲਾਂ ਸਰਕਾਰ ਵਲੋਂ ਲਾਹੇਵੰਦੀਆਂ ਕੀਮਤਾਂ ਉਤੇ ਖਰੀਦਣ ਦੇ ਪ੍ਰਬੰਧ ਕੀਤੇ ਜਾਣ। ਏਸ ਤੋਂ ਇਲਾਵਾ ਸਰਕਾਰ ਨੂੰ ਕਪਾਹ ਕਾਰਪੋਰੇਸ਼ਨ ਰਾਹੀ ਕਪਾਹ ਖਰੀਦਣ ਲਈ ਅਸਰਦਾਰ ਉਪਾ ਕਰਨੇ ਚਾਹੀਦੇ ਹਨ।

ਸ਼੍ਰੋਮਣੀ ਅਕਾਲੀ ਦਲ ਦਾ ਇਹ ਪੱਕਾ ਖਿਆਲ ਹੈ ਕਿ ਲੁੱਟ ਖਸੁਟ ਦਾ ਸ਼ਿਕਾਰ ਹੋਏ ਪਟੀਦਰਜ ਜਾਤੀ ਦੇ ਲੱਖਾਂ ਲੋਕਾਂ ਦੀ ਹਾਲਤ ਸੁਧਾਰਣਾ ਇਕ ਫੌਰੀ ਰਾਸ਼ਟਰੀ ਸਮਸਿਆ ਹੈ।

Digitized by Panjab Digital Library | www.panjabdigilib.org

ਇਸ ਮਨੋਰਥ ਲਈ ਅਕਾਲੀ ਦਲ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਤੋਂ ਇਹ ਮੰਗ ਕਰਦਾ ਹੈ ਕਿ ਇਸ ਕੰਮ ਲਈ ਖਾਸ ਰਕਮਾਂ ਰਖੀਆਂ ਜਾਣ। ਇਸਤੋਂ ਇਲਾਵਾ ਰਾਜ ਸਰਕਾਰਾਂਨੂੰ ਪਟੀਦਰਜ ਜਾਤਾਂ ਦੇ ਲੋਕਾਂ ਨੂੰ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੋਹਾਂ ਵਿਚ ਮਕਾਨਾਂ ਲਈ ਥਾਵਾਂ ਦੇਣ ਵਾਸਤੇ ਆਪੋ ਆਪਣੇ ਬਜਟਾਂ ਵਿਚ ਚੋਖੀਆਂ ਰਕਮਾਂ ਰਖਣੀਆਂ ਚਾਹੀਦੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਖੇਤੀ ਵਿਚ ਤੇਜ਼ੀ ਨਾਲ ਵਨਸੁਵੰਨਤਾ ਲਿਆਂਦੇ ਜਾਣ ਦੀ ਵੀ ਮੰਗ ਕਰਦਾ ਹੈ। ਜ਼ਮੀਨੀ ਸੁਧਾਰਾਂ ਵਿਚ ਤਰੁੱਟੀਆਂ ਦੂਰ ਕੀਤੀਆਂ ਜਾਣ, ਰਾਜਾਂ ਦਾ ਤੇਜ਼ੀ ਨਾਲ ਸੱਨਅਤੀਕਰਨ ਯਕੀਨੀ ਬਣਾਇਆ ਜਾਏ, ਦਰਮਿਆਨੀ ਸੱਨਅਤਾ ਲਈ ਕਰਜ਼ਾ ਸਹੂਲਤਾਂ ਵਿਚ ਸੁਧਾਰ ਅਤੇ ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਏ। ਲਾਹੇਵੰਦੀ ਖੇਤੀ ਲਈ ਟ੍ਰੈਕਟਰਾਂ, ਟਿਊਬਵੈਲਾਂ ਵਰਗੀਆਂ ਖੇਤੀ ਲਈ ਵਰਤੀਆਂ ਜਾਂਦੀਆਂ ਮਸ਼ੀਨਾਂ ਅਤੇ ਖਾਦਾਂ, ਬੀਜਾਂ ਦੀਆਂ ਕੀਮਤਾਂ ਵਿਚ ਕਮੀ ਕੀਤੀ ਜਾਏ।

## ਮਤਾ ਨੰ: 4

ਸ਼੍ਰੋਮਣੀ ਅਕਾਲੀ ਦਲ ਦੇ ਵਡੇ ਸਮਾਗਮ ਨੇ, ਨਾਲ ਲਗਦੇ ਹਰਿਆਣਾ, ਹਿਮਾਚਲ ਪ੍ਰਦੇਸ਼, ਦਿਲੀ ਅਤੇ ਜੰਮੂ ਕਸ਼ਮੀਰ ਆਦਿ ਰਾਜਾਂ ਵਿਚ ਪੰਜਾਬੀ ਨਾਲ ਵਿਤਕਰੇ ਉਤੇ ਅਫਸੋਸ ਪ੍ਰਗਟ ਕੀਤਾ। ਇਸ ਦੀ ਇਹ ਦ੍ਰਿੜ ਮੰਗ ਹੈ ਕਿ ਨਹਿਰੂ ਭਾਸ਼ਾ ਫਾਰਮੂਲੇ ਅਨੁਸਾਰ ਪੰਜਾਬ ਦੇ ਗੁਆਢੀ ਰਾਜਾਂ ਵਿਚ ਪੰਜਾਬੀ ਬੋਲੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਤਾ ਜਾਏ ਕਿਉਂਕਿ ਇਹਨਾਂ ਰਾਜਾਂ ਦੀ ਕਾਫ਼ੀ ਵਡੀ ਵਸੋਂ ਪੰਜਾਬੀ ਬੋਲਦੀ ਹੈ।

## ਮਤਾ ਨੰ: 5

ਸਮਾਗਮ ਵਿਚ ਇਸ ਗਲ ਉਤੇ ਦੁਖ ਪ੍ਰਗਟ ਕੀਤਾ ਗਿਆ ਹੈ ਕਿ ਦੇਸ਼ ਦੀ ਵੰਡ ਕਾਰਣ ਜੰਮੂ ਕਸ਼ਮੀਰ ਵਿਚ ਵਸੇ ਹੋਏ ਸ਼ਰਨਾਰਥੀਆਂ ਦੇ ਦਾਅਵਿਆਂ ਦਾ ਏਨੇਂ ਲੰਮੇ ਸਮੇਂ ਬਾਦ ਵੀ ਕੋਈ ਮੁਆਵਜ਼ਾਂ ਨਹੀਂ ਦਿਤਾ ਗਿਆ ਅਤੇ ਇਹ ਬਦਕਿਸਮਤ ਸ਼ਰਨਾਰਥੀ ਅਜੇ ਵੀ ਕੈਂਪਾਂ ਵਿਚ ਸੜ ਰਹੇ ਹਨ।

ਅਕਾਲੀ ਦਲ ਦੇ ਇਸ ਸਮਾਗਮ ਵਿਚ ਇਹ ਜ਼ੋਰਦਾਰ ਮੰਗ ਕੀਤੀ ਜਾਂਦੀ ਹੈ ਕਿ ਉਹਨਾ ਦੇ ਦਾਅਵੇ ਛੇਤੀ ਨਿਪਟਾਏ ਜਾਣ ਅਤੇ ਉਹਨਾਂ ਨੂੰ ਮੁੜ ਵਸਾਉਣ ਲਈ ਤੁਰਤ ਕਾਰਵਾਈ ਕੀਤੀ ਜਾਏ, ਭਾਵੇਂ ਇਸ ਲਈ ਧਾਰਾ 370 ਵਿਚ ਤਰਮੀਮ ਕਰਨੀ ਪਵੇ।

## ਮਤਾ ਨੰ: 6

ਸਰਬ ਭਾਰਤੀ ਅਕਾਲੀ ਕਾਨਫਰੰਸ ਦਾ 18ਵਾਂ ਸਮਾਗਮ ਹੋਰ ਰਾਜਾਂ ਵਿਚ ਘਟਗਿਣਤੀਆਂ ਨਾਲ ਕੀਤੇ ਜਾਂਦੇ ਵਿਤਕਰੇ ਅਤੇ ਜਿਸ ਤਰਾਂ ਉਹਨਾਂ ਦੇ ਹਿੱਤਾਂ ਪ੍ਰਤੀ ਲਾਪ੍ਰਵਾਹੀ ਕੀਤੀ ਜਾਂਦੀ ਹੈ, ਉਸਦਾ ਜ਼ੋਰਦਾਰ ਵਿਰੋਧ ਕਰਦਾ ਹੈ।

ਇਸ ਲਈ ਸਮਾਗਮ ਮੰਗ ਕਰਦਾ ਹੈ ਕਿ ਹੋਰਨਾਂ ਰਾਜਾਂ ਵਿਚ ਸਿੱਖਾਂ ਨਾਲ ਕੀਤੇ ਜਾਂਦੇ ਵਿਤਕਰੇ ਨੂੰ ਖਤਮ ਕੀਤਾ ਜਾਏ ਅਤੇ ਉਹਨਾਂ ਨੂੰ ਸਰਕਾਰੀ ਨੌਕਰੀਆਂ, ਸਥਾਨਕ ਸੰਸਥਾਵਾਂ ਅਤੇ ਰਾਜ ਵਿਧਾਨਮੰਡਲਾਂ ਵਿਚ, ਜੇ ਲੋੜ ਪਏ ਤਾਂ ਨਾਮਜ਼ਦਗੀ ਰਾਹੀਂ ਯੋਗ ਪ੍ਰਤੀਨਿਧਤਾ ਦਿਤੀ ਜਾਏ।

Digitized by Panjab Digital Library | www.panjabdigilib.org

## ਮਤਾ ਨੰ: 7

ਸਰਬ ਭਾਰਤੀ ਅਕਾਲੀ ਕਾਨਫਰੰਸ ਦੇ ੧੮ਵੇਂ ਸਮਾਗਮ ਨੂੰ ਇਸ ਗਲ ਉਤੇ ਤਸੱਲੀ ਹੈ ਕਿ ਦੇਸ਼ ਵਿਚ ਖੇਤੀ ਦੇ ਮਸ਼ੀਨੀਕਰਨ ਨਾਲ ਜ਼ਰਾਇਤੀ ਉਤਪਾਦਨ ਵਧਿਆ ਹੈ ਅਤੇ ਇਸਦੇ ਫਲਸਰੂਪ ਦੇਸ਼ ਆਤਮਨਿਰਭਰਤਾ ਵਲ ਵਧ ਰਿਹਾ ਹੈ।

ਪਰ ਸਮਾਗਮ ਮਹਿਸੂਸ ਕਰਦਾ ਹੈ ਕਿ ਗਰੀਬ ਕਿਸਾਨ, ਖੇਤੀ ਦੀਆਂ ਮਸ਼ੀਨਾਂ ਦੀ ਵਰਤੋਂ ਨਹੀਂ ਕਰ ਸਕਦੇ ਕਿਉਂਕਿ ਇਹਨਾਂ ਉਤੇ ਬਹੁਤ ਜ਼ਿਆਦਾ ਖਰਚਾ ਹੁੰਦਾ ਹੈ।

ਇਸ ਲਈ ਸ਼੍ਰੋਮਣੀ ਅਕਾਲੀ ਦਲ ਭਾਰਤ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਉਹ ਟ੍ਰੈਕਟਰਾਂ ਉਤੇ ਪੈਦਾਵਾਰੀ ਮਹਿਸੂਲ ਹਟਾ ਦੇਵੇ ਤਾਂ ਜੋ ਆਮ ਕਿਸਾਨ ਵੀ ਇਨਾਂ ਦੀਆਂ ਕੀਮਤਾਂ ਘਟ ਜਾਣ ਕਾਰਣ ਖੇਤੀ ਦੀਆਂ ਮਸ਼ੀਨਾਂ ਤੋਂ ਲਾਭ ਉਠਾ ਸਕਣ ਅਤੇ ਦੇਸ਼ ਦੀ ਕੁਲ ਜ਼ਰਾਇਤੀ ਉਪਜ ਵਧਾਉਣ ਵਿਚ ਹਿੱਸਾ ਪਾ ਸਕਣ।

## ਮਤਾ ਨੰ: 8

ਸ਼੍ਰੋਮਣੀ ਅਕਾਲੀ ਦਲ ਦੀ ਬੈਠਕ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਅਪੀਲ ਕਰਦੀ ਹੈ ਕਿ ਉਹ ਗਰੀਬਾਂ ਅਤੇ ਕਿਰਤੀ ਸ਼੍ਰੇਣੀ ਵਲ ਖਾਸ ਧਿਆਨ ਦੇਣ ਅਤੇ ਮੰਗ ਕਰਦੀ ਹੈ ਕਿ ਘਟੋਘਟ ਉਜਰਤਾਂ ਬਾਰੇ ਕਾਨੂੰਨ ਵਿਚ ਢੁਕਵੀਆਂ ਤਰਮੀਮਾਂ ਕਰਨ ਤੋਂ ਇਲਾਵਾ ਕਿਰਤੀ ਸ਼੍ਰੇਣੀ ਦੀ ਆਰਥਕ ਹਾਲਤ ਸੁਧਾਰਣ ਲਈ ਯੋਗ ਕਾਨੂੰਨੀ ਕਾਰਵਾਈਆਂ ਕੀਤੀਆਂ ਜਾਣ ਤਾਂ ਜੋ ਇਹ ਲੋਕ ਇਕ ਆਦਰ ਮਾਣ ਵਾਲਾ ਜੀਵਨ ਜੀ ਸਕਣ ਤੇ ਦੇਸ਼ ਦੇ ਤੇਜ਼ੀ ਨਾਲ ਸਨਅਤੀਕਰਨ ਵਿਚ ਲਾਹੇਵੰਦੀ ਭੂਮਿਕਾ ਨਿਭਾ ਸਕਣ।

## ਮਤਾ ਨੰ: 9

ਸਮਾਗਮ ਭਾਰਤ ਸਰਕਾਰ ਤੋਂ ਹਰਮੰਦਿਰ ਸਾਹਿਬ ਅੰਮ੍ਰਿਤਸਰ ਵਿਚ ਇਕ ਪ੍ਰਸਾਰਣ ਕੇਂਦਰ ਕਾਇਮ ਕਰਨ ਦੀ ਮਨਜ਼ੂਰੀ ਚਾਹੁੰਦਾ ਹੈ ਤਾਂ ਜੋ ਵਿਦੇਸ਼ਾਂ ਵਿਚ ਰਹਿੰਦੇ ਸਿਖਾਂ ਦੀ ਆਤਮਕ ਤਸੱਲੀ ਲਈ ਗੁਰਬਾਣੀ-ਕੀਰਤਨ ਪ੍ਰਸਾਰਤ ਕੀਤਾ ਜਾ ਸਕੇ।

ਸਮਾਗਮ ਇਸ ਗਲ ਨੂੰ ਸਪਸ਼ਟ ਕਰ ਦੇਣਾ ਚਾਹੁੰਦਾ ਹੈ ਕਿ ਤਜਵੀਜ਼ ਹੋਇਆ ਪ੍ਰਸਾਰਣ ਕੇਂਦਰ ਲਾਉਣ ਉਤੇ ਸਾਰਾ ਖਰਚ ਖਾਲਸਾ ਪੰਥ ਕਰੇਗਾ ਅਤੇ ਇਸਦਾ ਸਮੁਚਾ ਕੰਟਰੋਲ ਭਾਰਤ ਸਰਕਾਰ ਕੋਲ ਹੋਵੇਗਾ। ਸਾਨੂੰ ਪੂਰੀ ਉਮੀਦ ਹੈ ਕਿ ਯੋਗ ਵਿਚਾਰ ਤੋਂ ਬਾਦ ਸਰਕਾਰ ਨੂੰ ਇਹ ਮੰਗ ਮੰਨਣ ਵਿਚ ਕੋਈ ਝਿਜਕ ਨਹੀਂ ਹੋਏਗੀ।

## ਮਤਾ ਨੰ: 10

ਸ਼੍ਰੋਮਣੀ ਅਕਾਲੀ ਦਲ ਦਾ ਇਹ ਭਾਰੀ ਸਮਾਗਮ ਭਾਰਤ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਜ਼ਰਾਇਤੀ ਸ਼੍ਰੇਣੀਆਂ ਦੇ, ਜਿਨ੍ਹਾਂ ਨੇ ਰਾਸ਼ਟਰ ਦੇ ਵਡੇਰੇ ਹਿਤਾਂ ਲਈ ਸਖਤ ਮੇਹਨਤ ਕੀਤੀ ਹੈ, ਫਾਇਦੇ ਲਈ, ਹੇਠ ਲਿਖੇ ਕਾਨੂੰਨਾਂ ਵਿਚ ਲੋੜੀਂਦੀਆਂ ਤਰਮੀਮਾਂ ਕੀਤੀਆਂ ਜਾਣ :–

1. ਹਿੰਦੂ ਵਿਰਾਸਤ ਕਾਨੂੰਨ ਦੀ ਸਬੰਧਤ ਧਾਰਾ ਵਿਚ ਤਰਮੀਮ ਕਰਕੇ, ਇਕ ਇਸਤਰੀ ਨੂੰ ਉਸਦੇ ਪਿਤਾ ਦੀ ਜਾਇਦਾਦ ਦੀ ਬਜਾਇ ਉਸਦੇ ਸਹੁਰੇ ਦੀ ਜਾਇਦਾਦ ਵਿਚ ਵਾਰਸ ਹੋਣ ਦਾ ਹੱਕ ਦਿਤਾ ਜਾਣਾ ਚਾਹੀਦਾ ਹੈ।

– ਕਿਸਾਨਾਂ ਦੀ ਜ਼ਰਾਇਤੀ ਭੂਮੀ ਨੂੰ ਧਨ ਟੈਕਸ ਅਤੇ ਅਸਟੇਟ ਡਿਊਟੀ ਤੋਂ ਮੁਕੰਮਲ ਛੋਟ ਹੋਣੀ ਚਾਹੀਦੀ ਹੈ।

Digitized by Panjab Digital Library | www.panjabdigilib.org

## ਮਤਾ ਨੰ: 11

ਸ਼੍ਰੋਮਣੀ ਅਕਾਲੀ ਦਲ ਦਾ ਇਹ ਵੱਡਾ ਸਮਾਗਮ ਭਾਰਤ ਸਰਕਾਰ ਨੂੰ ਏਸ ਗਲ ਲਈ ਜ਼ੋਰ ਦੇਂਦਾ ਹੈ ਕਿ ਪਟੀਦਰਜ ਜਾਤਾਂ ਅਤੇ ਗੈਰ-ਪਟੀਦਰਜ ਜਾਤਾਂ ਦੇ ਆਰਥਕ ਪਛੜੇਪਨ ਦਾ ਖਿਆਲ ਕਰਦਿਆਂ ਉਹਨਾਂ ਦੀ ਵਸੋਂ ਦੀ ਨਿਸਬਤ ਅਨੁਸਾਰ ਬਜਟ ਵਿਚ ਰਕਮਾਂ ਦਾ ਪ੍ਰਬੰਧ ਕੀਤਾ ਜਾਏ, ਜਿਨਾਂ ਦੀ ਵਰਤੋਂ ਉਹਨਾਂ ਦੀ ਭਲਾਈ ਲਈ ਕੀਤੀ ਜਾਏ। ਉਨਾਂ ਲਈ ਸੀਟਾਂ ਰਾਖਵੀਆਂ ਰਖਣ ਦੇ ਆਧਾਰ ਉਤੇ ਉਹਨਾਂ ਨਾਲ ਇਨਸਾਫ ਕਰਨਲਈ ਅਮਲੀ ਕਾਰਵਾਈ ਵਜੋਂ ਕੇਂਦਰ ਵਿਚ ਇਕ ਖਾਸ ਵਿਭਾਗ ਕਾਇਮ ਕੀਤਾ ਜਾਏ।

ਸਮਾਗਮ ਸਰਕਾਰ ਤੋਂ ਇਹ ਮੰਗ ਵੀ ਕਰਦਾ ਹੈ ਕਿ ਪਹਿਲਾਂ ਹੋ ਚੁਕੇ ਸਮੱਝੌਤਿਆਂ ਮੁਤਾਬਕ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਸਿੱਖ ਹਰੀਜਨਾਂ ਅਤੇ ਹਿੰਦੂ ਹਰੀਜਨਾਂ ਵਿਚਕਾਰ ਕੋਈ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ।

## ਮਤਾ ਨੰ: 12

ਕਾਂਗਰਸ ਸਰਕਾਰ ਤੋਂ ਇਹ ਮੰਗ ਵੀ ਕੀਤੀ ਜਾਂਦੀ ਹੈ ਕਿ ਰਾਵੀ-ਬਿਆਸ ਦੇ ਪਾਣੀ ਦੀ ਵੰਡ ਵਿਚ ਪੰਜਾਬ ਨਾਲ ਜਿਹੜੀ ਘੋਰ ਬੇਇਨਸਾਫੀ ਅਤੇ ਵਿਤਕਰਾ ਕੀਤਾ ਗਿਆ ਹੈ, ਉਹ ਦੂਰ ਕੀਤਾ ਜਾਏ। ਕੇਂਦਰੀ ਸਰਕਾਰ ਪੰਜਾਬ ਵਿਚ 6 ਖੰਡ ਮਿਲਾਂ ਅਤੇ 4 ਕਪੜਾ ਮਿਲਾਂ ਲਾਉਣ ਦੀ ਤੁਰਤ ਪ੍ਰਵਾਨਗੀ ਦਏ ਤਾਂ ਜੋ ਰਾਜ ਆਪਣੀ ਜ਼ਰਾਇਤੀ-ਸਨੱਅਤੀ ਨੀਤੀ ਉਤੇ ਅਮਲ ਕਰ ਸਕੇ।

## ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਸਿਧਾਂਤ

ਅਕਾਲੀ ਦਲ ਦੇ ਬੁਨਿਆਦੀ ਸਿਧਾਂਤ ਸ੍ਰੀ ਆਨੰਦਪੁਰ ਸਾਹਿਬ ਵਿਚ 16-17 ਅਕਤੂਬਰ 1973 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਬੈਠਕ ਵਿਚ ਪਾਸ ਕੀਤੇ ਗਏ।

### (ੳ) ਸਿਧਾਂਤ

1. ਸ਼੍ਰੋਮਣੀ ਅਕਾਲੀ ਦਲ ਸਿਖ ਕੌਮ ਦੀਆਂ ਆਸਾਂ ਤੇ ਉਮੰਗਾਂ ਦਾ ਪ੍ਰਤੱਖ ਰੂਪ ਹੈ ਅਤੇ ਇਸ ਲਈ ਇਹਨੂੰ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦਾ ਪੂਰਾ ਅਖ਼ਤਿਆਰ ਹੈ। ਇਸ ਜਥੇਬੰਦੀ ਦੇ ਬੁਨਿਆਦੀ ਅਸੂਲ ਹਨ ਮਨੁਖੀ ਸਹਿਚੋਂਦ, ਮਨੁਖੀ ਤਰੱਕੀ ਅਤੇ ਆਖਰ ਸਭ ਮਨੁਖਾਂ ਦਾ ਪਰਮ ਆਤਮਾ ਨਾਲ ਮੇਲ। ਇਹ ਬੁਨਿਆਦੀ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਿੰਨ ਮਹਾਨ ਅਸੂਲਾਂ ਉਤੇ ਆਧਾਰਤ ਹਨ। ਇਹ ਨੇ ਨਾਮ ਜਪੋ, ਕਿਰਤ ਕਰੋ, ਵੰਡਕੇ ਛਕੋ।

### (ਅ) ਉਦੇਸ਼

ਸ਼੍ਰੋਮਣੀ ਅਕਾਲੀ ਦਲ ਹੇਠਾਂ ਲਿਖੇ ਉਦੇਸ਼ਾਂ ਲਈ ਸਦਾ ਯਤਨ ਕਰਦਾ ਰਹੇਗਾ—

ਸਿੱਖ ਮਤ ਅਤੇ ਇਸ ਦੇ ਵਿਹਾਰ ਦੇ ਜ਼ਾਬਤੇ ਦਾ ਪ੍ਰਚਾਰ ਅਤੇ ਨਾਸਤਿਕਤਾ ਦੀ ਨਿੰਦਾ।

Digitized by Panjab Digital Library | www.panjabdigilib.org

2. ਪੰਥ ਦੀ ਨਵੇਕਲੀ ਅਤੇ ਖੁਦ ਮੁਖਤਾਰ ਹੋਂਦ ਦੀ ਵਿਚਾਰਧਾਰਾ ਨੂੰ ਕਾਇਮ ਅਤੇ ਜੀਉਂਦੇ ਰਖਣਾ, ਅਤੇ ਅਜੇਹਾ ਵਾਤਾਵਰਣ ਤਿਆਰ ਕਰਨਾ, ਜਿਸ ਵਿਚ ਸਿੱਖ ਪੰਥ ਦੀਆਂ ਆਸਾਂ ਅਤੇ ਰਾਸ਼ਟਰੀ ਭਾਵਨਾਵਾਂ ਦਾ ਪੂਰਾ ਪ੍ਰਗਟਾਵਾ, ਤਸੱਲੀ ਅਤੇ ਵਾਧਾ ਹੋਏ।

3. ਗਰੀਬੀ ਅਤੇ ਭੁੱਖ ਨੂੰ ਉਤਪਾਦਨ ਵਧਾਕੇ ਅਤੇ ਧੰਨ ਦੀ ਵਧੇਰੇ ਨਿਆਈ ਵੰਡ ਕਰਕੇ ਦੂਰ ਕਰਨਾ ਅਤੇ ਲੁਟ ਖਸੁਟ ਰਹਿਤ ਇਕ ਨਿਆਂਸ਼ੀਲ ਸਮਾਜਕ ਨਿਜ਼ਾਮ ਕਾਇਮ ਕਰਨਾ।

4. ਜ਼ਾਤ, ਧਰਮ ਜਾਂ ਅਗਿਆਨਤਾ ਦੇ ਆਧਾਰ ਉਤੇ ਵਿਤਕਰੇ ਨੂੰ ਸਿਖ ਧਰਮ ਦੇ ਅਸੂਲਾ ਮੁਤਾਬਕ ਦੂਰ ਕਰਨਾ।

5. ਰੋਗਾਂ ਅਤੇ ਬੀਮਾਰੀਆਂ ਨੂੰ ਦੂਰ ਕਰਨ ਦੇ ਯਤਨ ਕਰਨਾ, ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਨਿੰਦਾ, ਅਤੇ ਰਾਸ਼ਟਰ ਦੀ ਸੁਰਖਿਆ ਲਈ ਤਿਆਰੀ ਅਤੇ ਉਤਸ਼ਾਹ ਪੈਦਾ ਕਰਨ ਵਾਸਤੇ ਸਰੀਰਕ ਭਲਾਈ ਲਈ ਸਹੂਲਤਾਂ ਦੇਣਾ।

# ਪਹਿਲਾ ਭਾਗ

ਸ਼੍ਰੋਮਣੀ ਅਕਾਲੀ ਦਲ ਆਪਣਾ ਇਹ ਪਰਮ ਧਰਮ ਸਮਝਦਾ ਹੈ ਕਿ ਸਿੱਖਾਂ ਵਿਚ ਧਾਰਮਕ ਜਜ਼ਬਾ ਅਤੇ ਉਹਨਾਂ ਦੇ ਅਮੀਰ ਧਾਰਮਕ ਵਿਰਸੇ ਲਈ ਮਾਣ ਦੀ ਭਾਵਨਾ ਪੈਦਾ ਕੀਤੇ ਜਾਣ ਜਿਸ ਲਈ ਅਕਾਲੀ ਦਲ ਹੇਠਾਂ ਲਿਖੇ ਪ੍ਰੋਗਰਾਮ ਉਤੇ ਅਮਲ ਕਰਨਾ ਚਾਹੁੰਦਾ ਹੈ :—

(ੳ) "ਪ੍ਰਮਾਤਮਾ ਇਕ ਹੈ" ਦੇ ਸਿਧਾਂਤ ਉਤੇ ਜ਼ੋਰ, ਉਸਦੀ ਭਗਤੀ ਕਰਨਾ, ਗੁਰਬਾਣੀ ਦਾ ਪਾਠ ਕਰਨਾ, ਸਿੱਖਾਂ ਦੇ 10 ਮਹਾਨ ਗੁਰੂਆ ਅਤੇ ਪਵਿਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਵਾਂ ਵਿਸ਼ਵਾਸ ਪੈਦਾ ਕਰਨਾ ਅਤੇ ਇਕ ਅਜੇਹੇ ਉਦੇਸ਼ ਲਈ ਹੋਰ ਢੁਕਵੇਂ ਉਪਾ ਕਰਨਾ।

(ਅ) ਦੇਸ਼ ਅਤੇ ਵਿਦੇਸ਼ਾਂ ਵਿਚ, ਸਕੂਲਾਂ ਤੇ ਕਾਲਜਾਂ ਵਿਚ, ਪਿੰਡਾਂ ਤੇ ਸ਼ਹਿਰਾਂ ਵਿਚ ਬਲਕਿ ਹਰ ਥਾਂ ਉਤੇ ਸਿੱਖ ਧਰਮ, ਸਿੱਖ ਫਲਸਫੇ, ਸਿੱਖਾਂ ਦੀ ਰਹਿਤ-ਮਰਯਾਦਾ ਅਤੇ ਕੀਰਤਨ ਆਦਿ ਦੇ ਹੋਰ ਅਸਰਦਾਰ ਪ੍ਰਚਾਰ ਲਈ, ਸਿੱਖ ਮਿਸ਼ਨਰੀ ਕਾਲਜ ਵਿਚ ਨਿਪੁੰਨ ਪ੍ਰਚਾਰਕਾਂ, ਰਾਗੀਆਂ, ਢਾਡੀਆਂ ਅਤੇ ਕਵੀਆਂ ਨੂੰ ਤਿਆਰ ਕਰਨਾ।

(ੲ) ਵੱਡੇ ਪੈਮਾਨੇ ਉਤੇ ਸਿਖਾਂ ਵਿਚ ਅੰਮ੍ਰਿਤ ਪ੍ਰਚਾਰ, ਜਿਸ ਵਿਚ ਸਕੂਲਾਂ ਅਤੇ ਕਾਲਜਾਂ ਉਤੇ ਖ਼ਾਸ ਜ਼ੋਰ ਦਿਤਾ ਜਾਏ, ਜਿਥੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਬਾਕਾਇਦਾ ਅਧਿਅੰਨ ਮੰਡਲਾਂ ਰਾਹੀਂ ਪ੍ਰੇਰਨਾ ਦਿਤੀ ਜਾਏਗੀ।

(ਸ) ਸਿੱਖਾਂ ਵਿਚ ਦਸਵੰਧ (ਆਪਣੀ ਆਮਦਨ ਦਾ ਦਸਵਾਂ ਹਿੱਸਾ ਆਪਣੇ ਭਾਈਚਾਰੇ ਦੀ ਭਲਾਈ ਲਈ ਦੇਣਾ) ਦੀ ਧਾਰਮਕ ਰੀਤੀ ਫੇਰ ਤੋਂ ਸ਼ੁਰੂ ਕਰਨਾ।

Digitized by Panjab Digital Library | www.panjabdigilib.org

(ਹ) ਸਿਖ ਬੁਧੀਮਾਨਾਂ, ਲੇਖਕਾਂ, ਪ੍ਰਚਾਰਕਾਂ, ਗ੍ਰੰਥੀਆਂ ਆਦਿ ਪ੍ਰਤੀ ਸਤਿਕਾਰ ਪੈਦਾ ਕਰਨਾ ਅਤੇ ਉਹ ਵੀ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਅਤੇ ਰਵਾਇਤਾਂ ਉਤੇ ਚਲਦਿਆਂ ਹੋਇਆਂ, ਆਪਣੇ ਆਪਣੇ ਹੁਨਰ ਵਿਚ ਸੁਧਾਰ ਕਰਨ ਦੀ ਪ੍ਰੇਰਨਾ ਪੈਦਾ ਕਰਨਗੇ।

(ਕ) ਮੁਲਾਜ਼ਮਾਂ ਨੂੰ ਸਿਖਲਾਈ ਦੇਕੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸੁਯੋਗਤਾ ਲਿਆਉਣਾ, ਗੁਰਦੁਆਰਿਆ ਦੀਆਂ ਇਮਾਰਤਾਂ ਨੂੰ ਠੀਕ ਹਾਲਤ ਵਿਚ ਰਖਣ ਲਈ ਢੁਕਵੇਂ ਉਪਾ ਕੀਤੇ ਜਾਣਗੇ। ਇਸ ਮਨੋਰਥ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਥਾਨਕ ਕਮੇਟੀਆਂ ਦੇ ਪਾਰਟੀ ਪ੍ਰਤੀਨਿਧਾਂ ਨੂੰ ਸਮੇਂ ਸਮੇਂ ਆਪਣਾ ਪੂਰਾ ਅਸਰ ਰਸੂਖ ਵਰਤਣ ਲਈ ਕਿਹਾ ਜਾਏਗਾ।

(ਖ) ਗੁਰਬਾਣੀ ਸ਼ੁਧ ਛਾਪਣ ਲਈ ਯੋਗ ਪ੍ਰਬੰਧ ਕਰਨਾ, ਪ੍ਰਾਚੀਨ ਤੇ ਆਧੁਨਿਕ ਸਿਖ ਇਤਿਹਾਸ ਵਿਚ ਖੋਜ ਨੂੰ ਅਤੇ ਏਸ ਦੇ ਪ੍ਰਕਾਸ਼ਨ ਨੂੰ ਉਤਸ਼ਾਹ ਦੇਣਾ, ਗੁਰਬਾਣੀ ਦਾ ਦੂਜੀਆਂ ਬੋਲੀਆਂ ਵਿਚ ਅਨੁਵਾਦ ਕਰਵਾਉਣਾ ਅਤੇ ਸਿੱਖ ਧਰਮ ਉਤੇ ਉਚ ਕੋਟੀ ਦਾ ਸਾਹਿਤ ਤਿਆਰ ਕਰਵਾਉਣਾ।

(ਗ) ਦੇਸ਼ ਭਰ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸੁਧਾਰ ਕਰਨ ਲਈ ਇਕ ਸਰਬ ਭਾਰਤੀ ਗੁਰਦੁਆਰਾ ਕਾਨੂੰਨ ਪਾਸ ਕਰਾਉਂਣ ਲਈ ਯੋਗ ਕਾਰਵਾਈ ਕਰਨਾ ਅਤੇ ਸਿੱਖ ਮੱਤ ਦੇ ਪੁਰਾਣੇ ਪ੍ਰਚਾਰਕਾਂ ਜਿਵੇਂ ਉਦਾਸੀ ਅਤੇ ਨਿਰਮਲੇ ਪੰਥਾਂ ਨੂੰ ਉਨਾਂ ਦੀਆਂ ਆਪਣੀਆਂ ਆਪਣੀਆਂ ਮਤਾਂ ਦੀ ਜਾਇਦਾਦ ਉਤੇ ਅਨੁਚਿਤ ਅਧਿਕਾਰ ਕੀਤੇ ਬਿਨਾਂ, ਸਿੱਖ ਧਰਮ ਦੀ ਮੁਖ ਧਾਰਾ ਵਿਚ ਰਲਾਉਣਾ।

(ਘ) ਸੰਸਾਰ ਭਰ ਵਿਚ ਗੁਰਦੁਆਰਿਆਂ ਨੂੰ, ਬੁਨਿਆਦੀ ਸਿਖ ਅਸੂਲਾਂ ਅਨੁਸਾਰ ਚਲਾਉਣ ਲਈ ਇਕ ਪ੍ਰਬੰਧ ਹੇਠ ਲਿਆਉਣਾ ਅਤੇ ਸਿੱਖ ਧਰਮ ਦੇ ਵਿਆਪਕ ਅਤੇ ਵਧੇਰੇ ਅਸਰਦਾਰ ਪ੍ਰਚਾਰ ਕਰਨ ਲਈ, ਗੁਰਦੁਆਰਿਆਂ ਦੇ ਸਾਧਨਾਂ ਨੂੰ ਇਕਤਰ ਕਰਨ ਲਈ ਲੋੜੀਦੀਆਂ ਕਾਰਵਾਈਆਂ ਕਰਨਾਂ।

(ਙ) ਤੀਰਥ ਯਾਤਰਾ ਅਤੇ ਉਚਿਤ ਦੇਖਭਾਲ ਲਈ ਨਨਕਾਣਾ ਸਾਹਿਬ ਸਮੇਤ ਸਿੱਖਾਂ ਦੀ ਉਹਨਾਂ ਸਾਰੇ ਪਵਿਤਰ ਅਸਥਾਨਾਂ ਤਕ ਬਿਨਾ ਰੋਕ ਟੋਕ ਦੇ ਪਹੁੰਚ ਲਈ ਯਤਨ ਕਰਨਾ ਜਿਨ੍ਹਾਂ ਤੋਂ ਸਿਖ ਪੰਥ ਨੂੰ ਵਿਛੋੜਿਆ ਗਿਆ ਹੈ।

## ਰਾਜਸੀ ਉਦੇਸ਼

ਪੰਥ ਦਾ ਰਾਜਸੀ ਉਦੇਸ਼ ਨਿਰਸੰਦੇਹ ਦਸਵੀਂ ਪਾਤਸ਼ਾਹੀ ਦੇ ਧਾਰਮਕ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ ਅੰਦਰ ਸਮਾਇਆ ਹੋਇਆ ਹੈ ਜਿਸਦਾ ਅੰਤਮ ਉਦੇਸ਼ ਖ਼ਾਲਸੇ ਦੀ ਪ੍ਰਮੁੱਖਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਬੁਨਿਆਦੀ ਨੀਤੀ, ਇਕ ਸੁਖਾਵਾਂ ਵਾਤਾਵਰਣ ਅਤੇ ਇਕ ਰਾਜਸੀ ਸਿਲਸਲਾ ਕਾਇਮ ਕਰਕੇ, ਖਾਲਸੇ ਦੇ ਜਨਮ ਸਿਧ ਅਧਿਕਾਰ ਨੂੰ ਪ੍ਰਾਪਤ ਕਰਨਾ ਹੈ।

Digitized by Panjab Digital Library | www.panjabdigilib.org

# ਇਸ ਉਦੇਸ਼ ਦੀ ਪ੍ਰਾਪਤੀ ਲਈ

ਸ਼੍ਰੋਮਣੀ ਅਕਾਲੀ ਦਲ ਹਰ ਸੰਭਵ ਤਰੀਕਿਆਂ ਰਾਹੀਂ ਹੇਠਾਂ ਦਿੱਤੇ ਯਤਨਾਂ ਲਈ ਵਚਨ ਬੱਧ ਹੈ :—

(ੳ) ਪੰਜਾਬੀ ਬੋਲੀ ਵਾਲੇ ਸਾਰੇ ਉਹਨਾਂ ਇਲਾਕਿਆਂ ਨੂੰ ਜਿਹੜੇ ਜਾਣ ਬੁਝ ਕੇ ਬਾਹਰ ਰਖੇ ਹਨ ਜਿਵੇਂ ਕਿ ਗੁਰਦਾਸਪੁਰ ਜ਼ਿਲੇ ਵਿਚ ਡਲਹੌਜ਼ੀ, ਚੰਡੀਗੜ੍ਹ,ਅੰਬਾਲਾ ਜ਼ਿਲੇ ਵਿਚ ਪਿੰਜੋਰ,ਕਾਲਕਾ ਅਤੇ ਅੰਬਾਲਾ ਸਦਰ ਆਦਿ, ਹੁਸ਼ਿਆਰਪੁਰ ਜ਼ਿਲੇ ਦੀ ਪੂਰੀ ਊਨਾ ਤਹਿਸੀਲ, ਨਾਲਾਗੜ, ਦਾ 'ਦੇਸ਼' ਇਲਾਕਾ, ਕਰਨਾਲ ਜ਼ਿਲੇ ਵਿਚ ਸ਼ਾਹਬਾਦ ਅਤੇ ਗੁਲਹਾ ਬਲਾਕ, ਹਿਸਾਰ ਜ਼ਿਲੇ ਵਿਚ ਟੋਹਾਨਾ ਸਬ-ਤਹਿਸੀਲ, ਰਤੀਆਂ ਬਲਾਕ ਅਤੇ ਸਿਰਸਾ ਤਹਿਸੀਲ, ਅਤੇ ਰਾਜਸਥਾਨ ਦੇ ਗੰਗਾ ਨਗਰ ਜ਼ਿਲੇ ਦੀਆਂ 6 ਤਹਿਸੀਲਾਂ, ਪੰਜਾਬ ਵਿਚ ਮਿਲਾਕੇ, ਇਕ ਅਜੇਹੀ ਪ੍ਰਬੰਧਕ ਇਕਾਈ ਬਣਾਈ ਜਾਸਕੇ, ਜਿਸ ਵਿਚ ਸਿੱਖਾਂ ਅਤੇ ਸਿਖ ਧਰਮ ਦੇ ਹਿੱਤਾਂ ਦੀ ਖ਼ਾਸ ਤੌਰ ਉਤੇ ਰਖਿਆ ਕੀਤੀ ਜਾ ਸਕੇ।

(ਅ) ਇਸ ਨਵੇਂ ਪੰਜਾਬ ਅਤੇ ਹੋਰ ਰਾਜਾਂ ਵਿਚ ਕੇਂਦਰ ਦਾ ਦਖ਼ਲ ਸਿਰਫ ਰਖਿਆ, ਵਿਦੇਸ਼ੀ ਮਾਮਲਿਆਂ, ਕਰੰਸੀ ਅਤੇ ਆਮ ਸੰਚਾਰ ਦੇ ਮਾਮਲਿਆਂ ਤਕ ਸੀਮਤ ਰਹੇਗਾ ਅਤੇ ਬਾਕੀ ਸਾਰਾ ਵਿਭਾਗ, ਪੰਜਾਬ (ਅਤੇ ਹੋਰ ਰਾਜਾਂ) ਦੇ ਅਧਿਕਾਰਖੇਤਰ ਵਿਚ ਹੋਣਗੇ, ਜੋ ਪ੍ਰਬੰਧ ਲਈ ਇਹਨਾਂ ਵਿਸ਼ਿਆਂ ਬਾਰੇ ਆਪਣੇ ਕਾਨੂੰਨ ਬਨਾਉਣ ਦੇ ਹੱਕ ਦਾਰ ਹੋਣਗੇ। ਉਪਰ ਦਿੱਤੇ ਗਏ ਕੇਂਦਰ ਦੇ ਵਿਭਾਗਾਂ ਲਈ ਪੰਜਾਬ ਅਤੇ ਹੋਰ ਰਾਜ ਪਾਰਲੀਮੈਂਟ ਵਿਚ ਆਪਣੇ ਪ੍ਰਤੀਨਿਧਾਂ ਦੀ ਨਿਸਬਤ ਅਨੁਸਾਰ ਰਕਮਾਂ ਦੇਣਗੇ।

(ੲ) ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਅਤੇ ਹੋਰ ਧਾਰਮਕ ਘਟਗਿਣਤੀਆਂ ਦੀ ਹਰ ਤਰ੍ਹਾਂ, ਦੇ ਵਿਤਕਰੇ ਤੋਂ ਯੋਗ ਰਖਿਆ ਕੀਤੀ ਜਾਣੀ ਚਾਹੀਦੀ ਹੈ।

2. ਸ਼੍ਰੋਮਣੀ ਅਕਾਲੀ ਦਲ ਇਹ ਕੋਸ਼ਿਸ਼ ਵੀ ਕਰੇਗਾ ਕਿ ਭਾਰਤ ਦੇ ਸੰਵਿਧਾਨ ਨੂੰ ਸਹੀ ਅਰਥਾਂ ਵਿਚ ਸੰਘੀ ਸਿਧਾਂਤਾਂ ਉਤੇ ਨਵਾਂ ਰੂਪ ਦਿੱਤਾ ਜਾਏ, ਜਿਸ ਵਿਚ ਸਾਰੇ ਰਾਜਾਂ ਨੂੰ ਕੇਂਦਰ ਵਿਚ ਬਰਾਬਰ ਦੀ ਪ੍ਰਤੀਨਿਧਤਾ ਮਿਲੇ।

3. ਸ਼੍ਰੋਮਣੀ ਅਕਾਲੀ ਦਲ ਕਾਂਗਰਸ ਪਾਰਟੀ ਵਲੋਂ ਤਿਆਰ ਕੀਤੀ ਗਈ ਵਿਦੇਸ਼ੀ ਨੀਤੀ ਦੀ ਜ਼ੋਰਦਾਰ ਨਿਖੇਧੀ ਕਰਦਾ ਹੈ। ਇਹ ਨੀਤੀ ਵਿਅਰਥ, ਨਿਰਾਸ਼ਾਜਨਕ ਅਤੇ ਦੇਸ਼, ਕੌਮ ਤੇ ਮਨੁਖਤਾ ਦੇ ਹਿੱਤ ਵਿਚ ਬਹੁਤ ਹੀ ਹਾਨੀਕਾਰਕ ਹੈ। ਸ਼੍ਰੋਮਣੀ ਅਕਾਲੀ ਦਲ ਭਾਰਤ ਦੀ ਕੇਵਲ ਉਸ ਨੀਤੀ ਦੀ ਹਮਾਇਤ ਕਰੇਗਾ, ਜੋ ਸ਼ਾਂਤੀ ਅਤੇ ਰਾਸ਼ਟਰੀ ਹਿੱਤਾਂ ਦੇ ਸਿਧਾਂਤਾਂ ਉਤੇ ਆਧਾਰਤ ਹੋਏ। ਇਹ ਸਾਰੇ ਗੁਆਂਢੀ ਦੇਸ਼ਾਂ, ਖਾਸ ਕਰਕੇ ਉਹਨਾਂ ਦੇਸ਼ਾ ਨਾਲ, ਜਿੰਨ੍ਹਾਂ ਵਿਚ ਸਿਖ ਵਸਦੇ ਹਨ ਅਤੇ ਸਿਖਾਂ ਦੇ ਧਾਰਮਕ ਸਥਾਨ ਹਨ, ਨਾਲ ਅਮਨ ਦੀ ਨੀਤੀ ਦੀ ਜ਼ੋਰਦਾਰ ਹਮਾਇਤ ਕਰਦਾ ਹੈ। ਅਕਾਲੀ ਦਲ ਦਾ ਪੱਕਾ ਵਿਚਾਰ ਹੈ ਕਿ ਸਾਡੀ ਵਿਦੇਸ਼ੀ ਨੀਤੀ ਨੂੰ ਕਿਸੇ ਦੂਸਰੇ ਦੇਸ਼ ਦੀ ਨੀਤੀ ਦੇ ਇਸ਼ਾਰੇ ਉਤੇ ਕਿਸੇ ਵੀ ਹਾਲਤ ਵਿਚ ਨਹੀ ਨਚਣਾ ਚਾਹੀਦਾ।

4. ਸ਼੍ਰੋਮਣੀ ਅਕਾਲੀ ਦਲ ਕੇਂਦਰੀ ਸਰਕਾਰ ਜਾਂ ਰਾਜਸਰਕਾਰਾਂ ਦੇ ਸਿੱਖ ਕਰਮਚਾਰੀਆਂ (ਜਾਂ ਹੋਰ ਕਰਮਚਾਰੀਆਂ ਦੇ ਵੀ) ਵਿਰੁਧ ਕਿਸੇ ਕਿਸਮ ਦੇ ਵਿਤਕਰੇ ਵਿਰੁਧ ਜ਼ੋਰਦਾਰ ਆਵਾਜ਼ ਉਠਾਏਗਾ। ਰਖਿਆ ਵਿਭਾਗ ਦੇ ਸਾਰੇ ਅੰਗਾਂ ਵਿਚ ਸਿਖਾਂ ਨੂੰ ਰਵਾਇਤੀ ਸਥਾਨ ਦੁਆਣ ਲਈ ਯਤਨ ਕਰੇਗਾ ਅਤੇ ਪੰਥ, ਸਿਖ ਫੌਜੀਆਂ ਦੀਆਂ ਲੋੜਾਂ ਵਲ ਵਿਸ਼ੇਸ਼ ਧਿਆਨ ਦੇਵੇਗਾ। ਸ਼੍ਰੋਮਣੀ ਅਕਾਲੀ ਦਲ ਇਸ ਲਈ ਵੀ ਕੋਸ਼ਿਸ਼ ਕਰੇਗਾ ਕਿ ਕਿਰਪਾਨ, ਫੌਜ ਵਿਚ ਸਿਖਾਂ ਦੀ ਵਰਦੀ ਦਾ ਇਕ ਅਟੁਟ ਹਿੱਸਾ ਮੰਨਿਆ ਜਾਏ।

Digitized by Panjab Digital Library | www.panjabdigilib.org

5. ਸ਼੍ਰੋਮਣੀ ਅਕਾਲੀ ਦਲ ਦਾ ਇਹ ਪਰਮ ਫਰਜ਼ ਹੋਏਗਾ ਕਿ ਉਹ ਰਖਿਆ ਮਹਿਕਮਿਆਂ ਦੇ ਸਾਬਕ ਫੌਜੀਆਂ ਨੂੰ ਸਿਵਲ ਜੀਵਨ ਵਿਚ ਕੰਮਧੰਦੇ ਸ਼ੁਰੂ ਕਰਨ ਵਿਚ ਮਦਦ ਦੇਵੇਗਾ ਜਾਂ ਇਸ ਕੰਮ ਵਿਚ ਉਹਨਾਂ ਨੂੰ ਹਰ ਮਦਦ ਦੇਵੇਗਾ ਕਿ ਉਹ ਆਪਣੇ ਆਪ ਨੂੰ ਸੰਗੰਠਤ ਕਰਕੇ ਆਦਰਮਾਣ ਵਾਲੇ ਜੀਵਣ ਲਈ ਚੋਖੀਆਂ ਰਿਆਇਤਾਂ ਅਤੇ ਯੋਗ ਰਖਿਆ ਪ੍ਰਾਪਤ ਕਰ ਸਕਣ।

6. ਸ਼੍ਰੋਮਣੀ ਅਕਾਲੀ ਦਲ ਦਾ ਇਹ ਪੱਕਾ ਖਿਆਲ ਹੈ ਕਿ ਸਭ ਲੋਕਾਂ ਨੂੰ ਚਾਹੇ ਉਹ ਮਰਦ ਜਾਂ ਇਸਤਰੀਆਂ ਹੋਣ, ਜਿੰਨ੍ਹਾਂ ਨੂੰ ਕਿਸੇ ਕਾਨੂੰਨੀ ਅਦਾਲਤ ਵਲੋਂ ਕਿਸੇ ਫੌਜਦਾਰੀ ਅਪਰਾਧ ਵਿਚ ਸਜ਼ਾ ਨਹੀਂ ਹੋਈ ਹੈ, ਸਭ ਤਰਾਂ, ਦੇ ਛੋਟੇ ਛੋਟੇ ਹਥਿਆਰ ਜਿਵੇਂ ਕਿ ਰੀਵਾਲਵਰ, ਬੰਦੂਕ, ਪਿਸਤੌਲ, ਰਾਈਫਲਾਂ, ਕਾਰਬਾਈਨ ਆਦਿ, ਬਿਨਾ ਕਿਸੇ ਲਾਈਸੈਂਸ ਦੇ ਰਖਣ ਦੀ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ। ਉਹਨ੍ਹਾਂ ਦੀ ਜ਼ਿੰਮੇਵਾਰੀ ਸਿਰਫ ਹਥਿਆਰਾਂ ਨੂੰ ਰਜਿਸਟਰ ਕਰਾਉਣ ਦੀ ਹੋਵੇਗੀ।

7. ਸ਼੍ਰੋਮਣੀ ਅਕਾਲੀ ਦਲ ਸ਼ਰਾਬ ਅਤੇ ਨਸ਼ੀਲੀਆਂ ਵਸਤਾਂ ਦੀ ਵਿਕਰੀ ਉਤੇ ਪਾਬੰਦੀ ਚਾਹੁੰਦਾ ਹੈ ਅਤੇ ਸਰਵਜਨਕ ਸਥਾਨਾ ਉਤੇ ਨਸ਼ੀਲੀਆਂ ਵਸਤਾਂ ਦੀ ਵਰਤੋਂ ਅਤੇ ਸਿਗਰਟ ਪੀਣ ਦੀ ਮਨਾਹੀ ਲਈ ਜ਼ੋਰ ਪਾਏਗਾ।

## ਸ਼੍ਰੋਮਣੀ ਅਕਾਲੀ ਦਲ ਦੀ ਆਰਥਕ ਨੀਤੀ ਅਤੇ ਪ੍ਰੋਗਰਾਮ

ਸ੍ਰੀ ਆਨੰਦਪੁਰ ਸਾਹਿਬ ਵਿਚ 17 ਅਕਤੂਬਰ 1973 ਨੂੰ ਵਰਕਿੰਗ ਕਮੇਟੀ ਦੀ ਬੈਠਕ ਵਿਚ ਪਾਸ ਕੀਤਾ ਗਿਆ।

ਭਾਰਤੀ ਆਰਥਕਤਾ ਦਾ ਮੁਖ ਆਧਾਰ ਭਾਵੇਂ ਖੇਤੀਬਾੜੀ ਹੈ, ਏਸ ਸਚਾਈ ਨੂੰ ਉਹ ਸਾਰੀਆਂ ਰਾਜਸੀ ਪਾਰਟੀਆਂ ਅਖੋਂ ਉਹਲੇ ਨਹੀਂ ਕਰ ਸਕਦੀਆਂ, ਜੋ ਨਿਆਂ ਦੇ ਆਧਾਰ ਉਤੇ ਸਮਾਜਕ ਢਾਂਚੇ ਦੇ ਨਿਰਮਾਣ ਦਾ ਦਾਅਵਾ ਕਰਦੀਆਂ ਹਨ, ਫੇਰ ਵੀ ਇਹ ਇਕ ਪਰਮ ਸਚਾਈ ਹੈ ਕਿ ਆਰਥਕ ਸ਼ਕਤੀਆਂ, ਵੱਡੇ ਵਪਾਰੀਆਂ, ਪੂੰਜੀਪਤੀਆਂ ਅਤੇ ਇਜਾਰੇਦਾਰਾਂ ਦੇ ਹੱਥਾਂ ਵਿਚ ਹੀ ਹਨ। ਹੋਰ ਸ਼੍ਰੇਣੀਆਂ ਨੂੰ ਥੋਹੜਾ ਬਹੁਤ ਲਾਭ ਮਿਲਿਆ ਹੋਵੇਗਾ ਪਰ ਆਜ਼ਾਦੀ ਦੇ ਬਾਦ ਪਿਛਲੇ 26 ਸਾਲਾ ਵਿਚ ਆਰਥਕ ਵਿਕਾਸ ਦਾ ਅਸਲ ਲਾਭ ਇਹਨਾਂ ਸ਼੍ਰੇਣੀਆਂ ਨੇ ਹੀ ਪ੍ਰਾਪਤ ਕੀਤਾ ਹੈ। ਇਹਨਾਂ ਸ਼੍ਰੇਣੀਆਂ ਨੇ ਰਾਜਸੀ ਸ਼ਕਤੀ ਦੀ ਵੀ ਕੁਵਰਤੋਂ ਕੀਤੀ ਹੈ, ਜਿਸ ਨੂੰ ਉਹ ਆਪਣੇ ਫਾਇਦੇ ਲਈ ਆਪਣੇ ਹੀ ਅਧਿਕਾਰ ਵਿਚ ਰਖਣਾ ਚਾਹੁੰਦੀਆ ਹਨ। ਇਸ ਲਈ ਸਮਾਜਕ ਨਿਆਂ ਦੇ ਨਵੇਂ ਯੁਗ ਵਿਚ ਦਾਖਲ ਹੋਣ ਲਈ, ਕਿਸੇ ਵੀ ਸ਼ਾਂਤੀ ਪੂਰਣ ਯਤਨ ਨਾਂਲ ਲੋਕਾਂ ਦੀਆਂ ਇਹਨਾਂ ਸ਼੍ਰੇਣੀਆਂ ਦੀ ਆਰਥਕ ਤੇ ਰਾਜਸੀ ਕਿਲੇਬੰਦੀ ਤੋੜਨੀ ਪਏਗੀ। ਸ਼੍ਰੋਮਣੀ ਅਕਾਲੀ ਦਲ ਏਸ ਗਲ ਦੀ ਜ਼ੋਰਦਾਰ ਹਮਾਇਤ ਕਰਦਾ ਹੈ ਕਿ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੋਹਾਂ ਵਿਚ ਅਮੀਰਾਂ ਅਤੇ ਗਰੀਬਾ ਵਿਚਕਾਰ ਵਧਦਾ ਹੋਇਆ ਖੱਪਾ ਭਰਿਆ ਜਾਏ ਪਰ ਏਸਦਾ ਪੱਕਾ ਵਿਚਾਰ ਹੈ ਕਿ ਏਸ ਮਨੋਰਥ ਲਈ ਪਹਿਲਾਂ ਉਹਨਾਂ ਸ਼੍ਰੇਣੀਆਂ ਉਤੇ ਵਾਰ ਕਰਨਾ ਹੋਏਗਾ ਜਿਨ੍ਹਾਂ ਨੇ ਆਰਥਕ ਸਕਤੀ ਦੀ ਪੂਰੀ ਵਾਗਡੋਰ ਸੰਭਾਲੀ ਹੋਈ ਹੈ। ਪੇਂਡੂ ਇਲਾਕਿਆਂ ਵਿਚ ਅਕਾਲੀ ਦਲ ਨੇ ਕਮਜ਼ੋਰ ਵਰਗਾਂ ਜਿਵੇਂ ਕਿ ਪਟੀਦਰਜ ਜਾਤਾਂ, ਪਛੜੀਆ ਸ਼੍ਰੇਣੀਆਂ, ਬੇਜ਼ਮੀਨੇ ਪੱਟੇਦਾਰਾਂ, ਸਾਧਾਰਣ ਕਿਰਤੀਆਂ, ਗ਼ਰੀਬਾਂ, ਅਤੇ ਮਧ ਸ਼੍ਰੇਣੀ ਦੇ ਕਿਸਾਨਾਂ ਦੀ ਮਦਦ ਲਈ ਦ੍ਰਿੜ ਨਿਸਚਾ ਕੀਤਾ ਹੋਇਆ ਹੈ। ਏਸ ਮਨੋਰਥ ਲਈ ਇਹ ਅਜੇਹੇ ਸਾਰੰਥਕ ਜ਼ਮੀਨੀ ਸੁਧਾਰਾਂ ਦੀ ਹਮਾਇਤ ਕਰਦਾ ਹੈ ਜਿੰਨ੍ਹਾਂ ਹੇਠ ਜ਼ਮੀਨ ਦੀ ਮਾਲਕੀ ਦੀ ਵਧ ਤੋਂ ਵਧ ਹੱਦ 30, ਸਟੈਂਡਅਰਡ ਏਕੜ ਕੀਤੀ ਜਾਏ ਅਤੇ ਵਾਧੂ ਜ਼ਮੀਨ ਗ਼ਰੀਬ ਕਿਸਾਨਾਂ ਵਿਚ ਵੰਡੀ ਜਾਏ।

ਸ਼੍ਰੋਮਣੀ ਅਕਾਲੀ ਦਲ ਦਾ ਉਦੇਸ਼ ਸਾਰਿਆਂ ਲਈ ਰੁਜ਼ਗਾਰ, ਪੇਟਭਰ ਭੋਜਨ ਅਤੇ ਕਪੜਾ, ਰਹਿਣ ਲਈ ਮਕਾਨ, ਯੋਗ ਟਰਾਂਸਪੋਰਟ ਦਾ ਪ੍ਰਬੰਧ ਕਰਨਾ ਹੈ ਤੇ ਜੀਵਨ ਨਿਰਬਾਹ, ਲਈ ਉਹਨਾਂ ਸਾਰੀਆਂ ਲੋੜਾ ਨੂੰ ਪੂਰਾ ਕਰਨ ਲਈ ਸਾਧਨ ਪੈਦਾ ਕਰਨਾ ਹੈ, ਜਿੰਨਾਂ ਦੇ ਬਿਨਾਂ ਜੀਵਨ ਅਧੂਰਾ ਜਾਪਦਾ ਹੈ।

ਇੰਜ, ਸ਼੍ਰੋਮਣੀ ਅਕਾਲੀ ਦਲ ਦੀ ਆਰਥਕ ਨੀਤੀ ਹੇਠਾਂ ਲਿਖੇ ਉਦੇਸ਼ਾਂ ਦੀ ਪ੍ਰਾਪਤੀ ਲਈ ਯਤਨ ਕਰੇਗੀ—

Digitized by Panjab Digital Library | www.panjabdigilib.org

# ਜ਼ਰਾਇਤੀ ਖੇਤਰ

ਹਾਲ ਹੀ ਦੇ ਸਾਲਾਂ ਵਿਚ ਜ਼ਰਾਇਤੀ ਖੇਤਰ ਨੇ ਭੂਮੀ ਸੁਧਾਰ ਅਤੇ ਹਰਾ ਇਨਕਲਾਬ ਵੇਖਿਆ ਹੈ। ਸ਼੍ਰੋਮਣੀ ਅਕਾਲੀ ਦਲ ਫੀ ਏਕੜ ਉਤਪਾਦਨ ਵਧਾਕੇ ਹਰੇ ਇਨਕਲਾਬ ਨੂੰ ਹੋਰ ਭਰਪੂਰ ਬਣਾਉਣ ਦਾ ਵਚਨ ਦੇਂਦਾ ਹੈ। ਉਹ ਸਾਰੇ ਪੇਂਡੂ ਵਰਗਾਂ ਖਾਸਕਰਕੇ ਗਰੀਬਾਂ ਅਤੇ ਮਧਸ਼੍ਰੇਣੀ ਦੇ ਕਿਸਾਨਾਂ ਅਤੇ ਬੇਜ਼ਮੀਨੇ ਕਾਮਿਆਂ ਦੇ ਰਹਿਣੀ ਸਹਿਣੀ ਦੇ ਮਿਆਰ ਵਿਚ ਪ੍ਰਤਖ ਸੁਧਾਰ ਯਕੀਨੀ ਬਣਾਏਗਾ। ਏਸ ਮਨੋਰਥ ਲਈ ਉਸਦੀ ਹੇਠ ਲਿਖੀਆਂ ਕਾਰਵਾਈਆਂ ਕਰਨ ਦੀ ਤਜਵੀਜ਼ ਏ:

(ੳ) ਅਮੀਰਾਂ ਅਤੇ ਗਰੀਬਾਂ ਵਿਚਕਾਰ ਵਧਰਿਹਾ ਖਿਚਾ ਦੂਰ ਕਰਨ ਲਈ ਜ਼ਰਾਇਤੀ ਉਪਜ ਵਧਾਉਣ ਵਾਸਤੇ ਭੂਮੀ ਸੁਧਾਰ ਅਤੇ ਹੋਰ ਕਾਰਵਾਈਆਂ ਉਤੇ ਅਮਲ ਕਰਨਾ। ਏਸ ਮਨੋਰਥ ਲਈ ਜ਼ਮੀਨ ਦੀ ਮਾਲਕੀ ਦੀ ਵਧ ਤੋਂ ਵਧ ਹੱਦ ਬਾਰੇ ਕਾਨੂੰਨ ਵਿਚ ਸੋਧ ਕੀਤੀ ਜਾਏਗੀ ਅਤੇ ਇਕ ਪ੍ਰਵਾਰ ਲਈ 30 ਸਟੈਂਡਰਡ ਏਕੜ ਜ਼ਮੀਨ ਦੀ ਵਧ ਤੋਂ ਵਧ ਹੱਦ ਦੀ ਦ੍ਰਿੜਤਾ ਨਾਲ ਪਾਲਣਾ ਕਰਨੀ ਹੋਏਗੀ, ਜਿਸ ਵਿਚ ਅਸਲ ਵਾਹਕ ਨੂੰ ਮਾਲਕੀ ਦੇ ਅਧਿਕਾਰ ਹੋਣਗੇ। ਫਾਲਤੂ ਜ਼ਮੀਨ ਬੇਜ਼ਮੀਨੇ ਕਾਮਿਆਂ ਅਤੇ ਗਰੀਬ ਕਿਸਾਨਾਂ ਵਿਚ ਵੰਡੀ ਜਾਏਗੀ ਜਦਕਿ ਵਾਹੀਯੋਗ, ਪਰ ਬੇਕਾਰ ਪਈ ਜ਼ਮੀਨ ਦੀ ਬੇਜ਼ਮੀਨੇ ਵਰਗਾਂ ਖਾਸਕਰਕੇ ਪਟੀਦਰਜ ਜਾਤੀਆਂ ਅਤੇ ਕਬਾਇਲੀਆਂ ਵਿਚ ਵੰਡ ਕੀਤੀ ਜਾਏਗੀ। ਅਜੇਹੀ ਜ਼ਮੀਨ ਵੰਡਣ ਲਗਿਆਂ ਹਰੀਜਨਾਂ ਅਤੇ ਬੇਜ਼ਮੀਨੇ ਕਾਮਿਆਂ ਦੇ ਹਿੱਤਾਂ ਦਾ ਖਾਸ ਧਿਆਨ ਰਖਿਆ ਜਾਏਗਾ। ਅਕਾਲੀ ਦਲ ਅਜੇਹੀਆਂ ਸੰਭਾਵਨਾਵਾਂ ਉਤੇ ਵੀ ਵਿਚਾਰ ਕਰੇਗਾ ਕਿ ਪਟੇਦਾਰ ਕਿਸਾਨਾਂ ਨੂੰ ਆਪਣੀ ਵਾਹੀ ਹੋਈ ਜ਼ਮੀਨ ਨੂੰ ਗਿਰਵੀ ਰਖ ਕੇ ਜ਼ਰਾਇਤੀ ਕਰਜ਼ੇ ਲੈਣ ਦਿਤੇ ਜਾਣ ਅਤੇ ਉਹ ਏਸ ਬਾਰੇ ਵੀ ਵਿਚਾਰ ਕਰੇਗਾ ਕਿ ਪਟੀਦਰਜ ਜਾਤੀਆਂ, ਕਬਾਇਲੀਆਂ ਅਤੇ ਪਛੜੀਆਂ ਸ਼੍ਰੇਣੀਆਂ ਵਿਚ ਵੰਡੀ ਗਈ ਜ਼ਮੀਨ ਗਿਰਵੀ ਨਾ ਰਖੀ ਜਾ ਸਕੇ।

(ਅ) ਸ਼੍ਰੋਮਣੀ ਅਕਾਲੀ ਦਲ ਖੇਤੀ ਦੇ ਨਵੀਂਕਰਨ ਲਈ ਕੰਮ ਕਰੇਗਾ ਅਤੇ ਇਹ ਕੋਸ਼ਿਸ਼ ਵੀ ਕਰੇਗਾ ਕਿ ਮਧ ਸ਼੍ਰੇਣੀ ਦੇ ਅਤੇ ਗਰੀਬ ਕਿਸਾਨਾਂ ਦੀ ਵੱਖ ਵੱਖ ਏਜੰਸੀਆਂ ਰਾਹੀਂ ਦਿਤੇ ਜਾਂ ਰਹੇ ਕਰਜੇ ਅਤੇ ਖਾਦਾਂ ਆਦਿ ਪ੍ਰਾਪਤ ਕਰਨ ਵਿਚ ਮਦਦ ਕੀਤੀ ਜਾਏ।

(ੲ) ਸ਼੍ਰੋਮਣੀ ਅਕਾਲੀ ਦਲ ਜਰਾਇਤੀ ਪੈਦਾਵਾਰ ਦੀਆਂ ਕੀਮਤਾਂ ਮਧ ਸ਼੍ਰੇਣੀ ਦੇ ਕਿਸਾਨਾਂ ਦੀ ਭੂਮੀ ਤੋਂ ਕਮਾਈ ਦੇ ਆਧਾਰ ਉਤੇ ਨਿਸਚਿਤ ਕਰਾਉਣ ਦਾ ਕੋਸ਼ਿਸ਼ ਕਰੇਗਾ। ਇਹ ਕੀਮਤਾਂ ਬਿਜਾਈ ਦੀ ਰੁੱਤ ਤੋਂ ਕਾਫੀ ਪਹਿਲਾਂ ਨਿਸਚਿਤ ਕਰ ਦਿੱਤੀਆਂ ਜਾਣਗੀਆਂ ਅਤੇ ਇਹ ਕੀਮਤਾਂ ਨਿਸਚਿਤ ਕਰਨ ਦਾ ਅਧਿਕਾਰ ਕੇਵਲ ਰਾਜ ਸਰਕਾਰਾਂ ਨੂੰ ਹੋਏਗਾ।

)ਸ( ਸ਼੍ਰੋਮਣੀ ਅਕਾਲੀ ਦਲ ਅਨਾਜ ਦੇ ਵਪਾਰ ਦੇ ਮੁਕੰਮਲ ਰਾਸ਼ਟਰੀਕਰਨ ਦੀ ਹਮਾਇਤ ਕਰਦਾ ਹੈ। ਏਸ ਲਈ ਉਹ ਸਰਕਾਰੀ ਏਜੰਸੀਆਂ ਰਾਹੀਂ ਅਨਾਜ ਦਾ ਰਾਸ਼ਟਰੀਕਰਨ ਲਈ ਕੋਸ਼ਿਸ਼ ਕਰੇਗਾ।

)ਹ( ਸ਼੍ਰੋਮਣੀ ਅਕਾਲੀ ਦਲ ਅਨਾਜ ਦੇ ਵਖ ਵਖ ਹਲਕਿਆਂ ਦਾ ਅਤੇ ਉਹਨਾਂ ਕਾਰਣ ਅਨਾਜ ਦੀ ਆਵਾਜਾਈ ਉਤੇ ਰੋਕ ਦਾ ਜ਼ੋਰਦਾਰ ਵਿਰੋਧ ਕਰਦਾ ਹੈ। ਸਮੁੱਚਾ ਦੇਸ਼ ਅਨਾਜ ਦਾ ਇਕੋ ਇਕ ਹਲਕਾ ਹੋਣਾ ਚਾਹੀਦਾ ਹੈ।

ਅਕਾਲੀ ਦਲ ਥੀਨ ਬੰਨ੍ਹ ਅਤੇ ਬਠਿੰਡਾ ਤਪਤ ਬਿਜਲੀ ਘਰ ਨੂੰ ਛੇਤੀ ਮੁਕੰਮਲ ਕਰਾਉਣ ਦੇ ਵਿਸ਼ੇਸ਼ ਯਤਨ ਕਰੇਗਾ ਤਾਂ ਜੋ ਸਹੂਲਤਾਂ ਮਿਲ ਸਕਣ। ਰਾਜ ਵਿਚ ਇਕ ਪ੍ਰਮਾਣੂ ਬਿਜਲੀ ਘਰ ਲਾਉਣ ਲਈ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਪੇਂਡੂ ਇਲਾਕਿਆਂ ਵਿਚ ਸਹਿਕਾਰੀ ਸਭਾਵਾਂ ਕਾਇਮ ਕੀਤੀਆਂ ਜਾਣਗੀਆਂ। ਉਹਨਾਂ ਸਾਰੇ ਇਲਾਕਿਆਂ ਵਿਚ ਜਿਥੇ ਨਹਿਰੀ ਪਾਣੀ ਪ੍ਰਾਪਤ ਨਹੀਂ, ਛੋਟੀਆਂ ਸਿੰਜਾਈ ਸਕੀਮਾਂ ਸ਼ੁਰੂ ਕੀਤੀਆਂ ਜਾਣਗੀਆਂ।

Digitized by Panjab Digital Library | www.panjabdigilib.org

## ਸੱਨਅਤੀ ਖੇਤਰ

ਸ਼੍ਰੋਮਣੀ ਅਕਾਲੀ ਦਲ ਦਾ ਇਹ ਪੱਕਾ ਵਿਚਾਰ ਹੈ ਕਿ ਮਹੱਤਵਪੂਰਣ ਸੱਨਅਤਾਂ ਸਰਕਾਰੀ ਖੇਤਰ ਦੇ ਅਧੀਨ ਲਿਆਂਦੀਆਂ ਜਾਣ।

ਇਸਦਾ ਇਹ ਵੀ ਵਿਚਾਰ ਹੈ ਕਿ ਬੁਨਿਆਦੀ ਖਪਤਕਾਰ ਸੱਨਅਤਾਂ ਦਾ ਤੁਰਤ ਰਾਸ਼ਟਰੀਕਰਨ ਕੀਤਾ ਜਾਏ ਤਾਂ ਜੋ ਆਮ ਖਪਤ ਦੀਆਂ ਚੀਜ਼ਾਂ ਦੀਆਂ ਕੀਮਤਾਂ ਸਥਿਰ ਹੋ ਸਕਣ ਅਤੇ ਖਪਤਕਾਰਾਂ ਨੂੰ, ਸਨੱਅਤਕਾਰਾਂ ਅਤੇ ਵਿਚੋਲਿਆਂ ਦੀ ਲੁਟਖਸੁਟ ਤੋਂ ਬਚਾਇਆ ਜਾ ਸਕੇ।

ਸਰਕਾਰੀ ਖੇਤਰ ਦੀਆਂ ਸੱਨਅਤਾਂ ਏਸ ਤਰੀਕੇ ਨਾਲ ਲਾਈਆਂ ਜਾਣ ਕਿ ਵਖ ਵਖ ਰਾਜਾਂ ਵਿਚ ਅਸਾਵਾਂਪਨ ਦੂਰ ਹੋ ਜਾਏ।

ਸ਼ਹਿਰੀ ਇਲਾਕਿਆਂ ਵਿਚ ਆਬਾਦੀ ਦੇ ਵਧਦੇ ਹੋਏ, ਦਬਾਅ ਨੂੰ ਘਟ ਕਰਨ ਲਈ ਜ਼ਰਾਇਤੀ ਸੱਨਅਤਾਂ, ਪੇਂਡੂ ਇਲਾਕਿਆਂ ਵਿਚ ਲਾਉਣ ਲਈ ਇਕ ਵਿਉਂਤਬੰਦ ਯਤਨ ਕੀਤਾ ਜਾਣਾ ਚਾਹੀਦਾ ਹੈ। ਸਨੱਅਤਾ ਦੇ ਪ੍ਰਬੰਧ ਵਿਚ ਕਿਰਤੀਆਂ ਨੂੰ ਆਪਣੀ ਗਲ ਮਨਵਾ ਸਕਣ ਦਾ ਅਧਿਕਾਰ ਦੇਕੇ ਅਤੇ ਸੱਨਅਤਕਾਰਾਂ ਅਤੇ ਕਿਰਤੀਆਂ ਵਿਚ ਲਾਭ ਦੀ ਨਿਆਈਂ ਵੰਡ ਰਾਹੀਂ, ਸੱਨਅਤੀ ਪ੍ਰਬੰਧ ਦਾ ਲੋਕਰਾਜੀਕਰਨ ਕੀਤਾ ਜਾਏ। ਕਰਜ਼ਾ ਸੰਸਥਾਵਾਂ ਖ਼ਾਸ ਕਰਕੇ ਰਾਸ਼ਟਰੀ ਅਧਿਕਾਰ ਹੇਠਲੇ ਬੈਂਕਾਂ ਨੂੰ ਇਹ ਹਦਾਇਤ ਦਿਤੀ ਜਾਏ ਕਿ ਉਹ ਆਪਣੀ ਜਮ੍ਹਾਂ ਰਕਮ ਦੀ ਇਕ ਨਿਸਚਿਤ ਨਿਸਬਤ ਪੇਂਡੂ ਇਲਾਕਿਆਂ ਵਿਚ ਲਾਉਣ। ਇਕ ਕਰੋੜ ਰੁਪਏ ਤੋਂ ਵਧ ਅਸਾਸੇ ਵਾਲੀ ਹਰ ਸਨੱਅਤ ਨੂੰ ਸਰਕਾਰੀ ਖੇਤਰ ਹੇਠ ਲਿਆਂਦਾ ਜਾਣਾ ਚਾਹੀਦਾ ਹੈ। ਅਕਾਲੀ ਦਲ ਟਰਾਂਸਪੋਰਟ ਦੇ ਪ੍ਰਗਤੀਸ਼ੀਲ ਰਾਸ਼ਟਰੀਕਰਨ ਦੀ ਹਮਾਇਤ ਕਰਦਾ ਹੈ।

## ਆਰਥਕ ਨੀਤੀ

ਸ਼੍ਰੋਮਣੀ ਅਕਾਲੀ ਦਲ ਮੰਗ ਕਰਦਾ ਹੈ ਕਿ ਟੈਕਸਾਂ ਸਬੰਧੀ ਢਾਂਚੇ ਨੂੰ ਏਸ ਤਰ੍ਹਾਂ ਬਦਲਿਆ ਜਾਏ ਕਿ ਟੈਕਸਾਂ ਦੀ ਦਾਅਘੁਸਾਈ ਅਤੇ ਕਾਲੇ ਧਨ ਦਾ ਵਹਾ ਪੂਰੀ ਤਰ੍ਹਾਂ ਖਤਮ ਹੋ ਜਾਏ। ਇਹ ਟੈਕਸਾਂ ਦੇ ਇਕ ਸਰਲ ਅਤੇ ਸਪਸ਼ਟ ਸਿਲਸਲੇ ਦੇ ਹੱਕ ਵਿਚ ਹੈ। ਟੈਕਸਾਂ ਦੇ ਵਰਤਮਾਨ ਢਾਂਚੇ ਵਿਚ ਟੈਕਸਾਂ ਦਾ ਭਾਰ ਗ਼ਰੀਬਾਂ ਉਤੇ ਪੈਂਦਾ ਹੈ ਅਤੇ ਏਸ ਵਿਚ ਅਮੀਰ ਆਦਮੀ ਨੂੰ ਇਸ ਤੋਂ ਬਚਣ ਦਾ ਮੌਕਾ ਮਿਲ ਜਾਂਦਾ ਹੈ। ਅਕਾਲੀ ਦਲ ਏਸ ਸਬੰਧ ਵਿਚ ਇਕ ਵਧੇਰੇ ਵਾਸਤਵਿਕ ਨੀਤੀ ਦੇ ਹੱਕ ਵਿਚ ਹੈ ਤਾਂ ਜੋ ਸਮਾਂਨੰਤਰ ਆਰਥਕਤਾ ਨੂੰ ਚਲਾਣ ਵਾਲੇ ਕਾਲੇ ਧਨ ਨੂੰ ਲਾਭਕਾਰੀ ਤਰੀਕੇ ਨਾਲ ਵਰਤਿਆ ਜਾ ਸਕੇ।

## ਕਿਰਤੀ, ਮਧਸ਼੍ਰੇਣੀ ਦੇ ਮੁਲਾਜ਼ਮ ਅਤੇ ਜ਼ਰਾਇਤੀ ਕਾਮੇ

ਇਹਨਾਂ ਦੀ ਭਲਾਈ ਲਈ ਸ਼੍ਰੋਮਣੀ ਅਕਾਲੀ ਦਲ ਹੇਠ ਲਿਖੀਆਂ ਕਾਰਵਾਈਆਂ ਕਰਨਾ ਚਾਹੁੰਦੀ ਹੈ :—

1. ਸਨੱਅਤੀ ਕਿਰਤੀਆਂ ਲਈ ਲੋੜਾਂ ਉਤੇ ਆਧਾਰਤ ਉਜਰਤਾਂ ਮਿਥਣਾ।

2. ਸਰਕਾਰੀ ਮੁਲਾਜ਼ਮਾਂ ਦੀ ਰਹਿਣੀ ਸਹਿਣੀ ਦੇ ਮਿਆਰ ਵਿਚ ਅਗਾਂਹਵਧੂ ਸੁਧਾਰ ਲਿਆਉਣਾ।

Digitized by Panjab Digital Library | www.panjabdigilib.org

3. ਜ਼ਰਾਇਤੀ ਕਾਮਿਆਂ ਦੀਆਂ ਘਟੋਘਟ ਜਰਤਾਂ ਦਾ ਮੁੜ ਜਾਇਜ਼ਾ ਲੈਣਾ ਅਤੇ ਲੋੜ ਅਨੁਸਾਰ ਉਸ ਵਿਚ ਸੁਧਾਰ ਕਰਨਾ ।

4. ਕਿਰਤੀਆਂ ਦੇ ਰਹਿਣੀ ਸਹਿਣੀ ਦੇ ਮਿਆਰ ਵਿਚ ਉਚਿਤ ਸੁਧਾਰ ਕਰਨ ਲਈ ਕਿਰਤੀਆਂ ਨੂੰ ਕਰਜ਼ੇ ਦੇਣ ਵਿਚ ਤਰੁਟੀਆਂ ਦੂਰ ਕਰਨਾ ।

5. ਪੇਂਡੂ ਅਤੇ ਸ਼ਹਿਰੀ ਇਲਾਕਿਆਂ ਦੇ ਗਰੀਬ ਲੋਕਾਂ ਲਈ ਮਕਾਨਾਂ ਦਾ ਪ੍ਰਬੰਧ ਕਰਨ ਵਾਸਤੇ ਲੋੜੀਂਦੀ ਕਾਰਵਾਈ ਕਰਨਾ ।

## ਬੇਰੁਜ਼ਗਾਰੀ

ਸ਼੍ਰੋਮਣੀ ਅਕਾਲੀ ਦਲ ਦੇਸ਼ ਵਿਚ ਪੂਰਣ ਰੁਜ਼ਗਾਰ ਚਾਹੁੰਦਾ ਹੈ। ਏਸ ਮਨੋਰਥ ਲਈ, ਏਸਦਾ ਪੱਕਾ ਵਿਚਾਰ ਹੈ ਕਿ ਸਰਕਾਰ ਨੂੰ ਪੜ੍ਹੇ-ਲਿਖੇ ਅਤੇ ਸਿਖਲਾਈ ਪ੍ਰਾਪਤ ਵਿਅਕਤੀਆਂ ਨੂੰ ਤੁਰਤ ਰੁਜ਼ਗਾਰ ਦਿੱਤਾ ਜਾਏ ਨਹੀਤਾਂ ਉਹਨਾਂ ਨੂੰ ਉਚਿਤ ਬੇਰੁਜ਼ਗਾਰੀ ਭੱਤਾ ਦਿੱਤਾ ਜਾਣਾ ਚਾਹੀਦਾ ਹੈ। ਇਹ ਰਕਮ ਕੇਂਦਰ ਅਤੇ ਰਾਜਸਰਕਾਰਾਂ ਨੂੰ ਮਿਲਕੇ ਦੇਣੀ ਚਾਹੀਦੀ ਹੈ। ਬੇਰੁਜ਼ਗਾਰੀ ਭੱਤੇ ਦੇ ਘਟੋਘਟ ਦਰ* ਇਹ ਹੋਣੇ ਚਾਹੀਦੇ ਹਨ:—

| | | |
|---|---|---|
| 1. | ਦਸਵੀਂ ਪਾਸ ਜਾਂ ਸਿਖਲਾਈ ਪ੍ਰਾਪਤ ਵਿਅਕਤੀ | ਰੁ: 50 ਫੀ ਮਹੀਨਾ |
| 2. | ਬੀ.ਏ. | ਰੁ: 75 ,, ,, |
| 3. | ਐਮ.ਏ. | ਰੁ: 100 ,, ,, |
| 4. | ਇੰਜੀਨੀਅਰ ਤੇ ਡਾਕਟਰ | ਰੁ: 150 ,, ,, |
| 5. | ਹੋਰ ਸਿਖਲਾਈ ਪ੍ਰਾਪਤ ਕਿਰਤੀ | ਰੁ: 50 ,, ,, |

65 ਸਾਲ ਤੋਂ ਵਧ ਉਮਰ ਦੇ ਸਾਰੇ ਵਿਅਕਤੀਆਂ ਨੂੰ ਬਿਰਧ ਅਵਸਥਾ ਦੀ ਪੈਨਸ਼ਨ ਦਿੱਤੀ ਜਾਏ ।

*ਇਹ ਦਰ 1973 ਵਿਚ ਮਿਥੇ ਗਏ ਸਨ ।

## ਕਮਜ਼ੋਰ ਵਰਗ ਅਤੇ ਪਛੜੀਆਂ ਸ਼੍ਰੇਣੀਆਂ

ਸ਼੍ਰੋਮਣੀ ਅਕਾਲੀ ਦਲ ਸਮਾਜ ਦੀਆਂ ਕਮਜ਼ੋਰ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਵਿਦਿਆ, ਰੋਜ਼ਗਾਰ ਅਤੇ ਹੋਰ ਰਿਆਇਤਾਂ ਕੁਆਕੇ, ਉਹਨਾਂ ਦੀ ਆਰਥਕ ਹਾਲਤ ਸੁਧਾਰਣ ਦੀ ਕੋਸ਼ਿਸ਼ ਕਰੇਗਾ ਤਾਂ ਜੋ ਉਹਵੀ ਸਮਾਜ ਦੀਆਂ ਹੋਰ ਸ਼੍ਰੇਣੀਆਂ ਦੇ ਬਰਾਬਰ ਹੋ ਸਕਣ। ਉਹਨਾਂ ਨੂੰ ਸਸਤੇ ਭਾਅ ਉਤੇ ਅਨਾਜ ਸਪਲਾਈ ਕਰਾਇਆਜਾਏਗਾ।

## ਵਿਦਿਅਕ ਅਤੇ ਸਭਿਆਚਾਰਕ

ਸ਼੍ਰੋਮਣੀ ਅਕਾਲੀ ਦਲ ਸਿਖਾਂ ਨੂੰ ਇਕ ਮਜ਼ਬੂਤ ਅਤੇ ਤਕੜੀ ਕੌਮ ਵਜੋਂ ਤਿਆਰ ਕਰਨਾ ਚਾਹੁੰਦਾ ਹੈ, ਜੋ ਉੱਚੀ ਵਿਦਿਆ ਪ੍ਰਾਪਤ ਹੋਏ ਅਤੇ ਆਪਣੇ ਬੁਨਿਆਦੀ ਹੱਕਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋਏ, ਵੱਖ ਵੱਖ ਕਲਾਵਾਂ ਵਿਚ ਚੰਗੀ ਤਰ੍ਹਾਂ ਨਿਪੁੰਨ ਹੋਏ ਅਤੇ ਆਪਣੇ ਉੱਘੇ ਸਪੂਤਾਂ ਦਾ ਸਨਮਾਨ ਕਰਨ ਲਈ ਹਮੇਸ਼ਾਂ ਤਿਆਰ ਹੋਏ।
ਏਸ ਮਨੋਰਥ ਲਈ:—

Digitized by Panjab Digital Library | www.panjabdigilib.org

1. ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਦੇ ਵਿਦਿਅਕ ਮਾਹਿਰਾਂ,ਵਿਗਿਆਨੀਆਂ, ਦਾਰਸ਼ਨਿਕਾਂ.ਕਵੀਆਂ, ਲੇਖਕਾਂ ਅਤੇ ਕਲਾਕਾਰਾਂ ਨੂੰ ਆਪਣੀ ਬਹੁਤ ਹੀ ਕੀਮਤੀ ਸੰਪਤੀ ਸਮਝਦਾ ਹੈ।

2 ਸ਼੍ਰੋਮਣੀ ਅਕਾਲੀ ਦਲ ਦਸਵੀਂ ਜਮਾਤ ਤਕ ਲਾਜ਼ਮੀ ਅਤੇ ਮੁਫਤ ਵਿਦਿਆ ਦੇ ਹੱਕ ਵਿਚ ਹੈ।

3. ਵਧ ਰਹੀ ਬੇਰੁਜ਼ਗਾਰੀ ਨੂੰ ਰੋਕਣ ਲਈ ਸ਼੍ਰੋਮਣੀ ਅਕਾਲੀ ਦਲ ਪੜ੍ਹਾਈ ਦੇ ਅਜੇਹੇ ਕੋਰਸ ਸ਼ੁਰੂ ਕਰਨ ਦੀ ਕੋਸ਼ਿਸ਼ ਕਰੇਗਾ ਜਿਨ੍ਹਾਂ ਨਾਲ ਵਿਦਿਆਰਥੀ ਕੋਰਸ ਮੁਕੰਮਲ ਹੋਣ ਉਤੇ ਤੁਰਤ ਨੌਕਰੀ ਉਤੇ ਲਗ ਸਕਣਗੇ।

4. ਸ਼੍ਰੋਮਣੀ ਅਕਾਲੀ ਦਲ ਪੇਂਡੂ ਅਤੇ ਕਮਜ਼ੋਰ ਸ਼੍ਰੇਣੀਆਂ ਦੀ ਪੜ੍ਹਾਈ ਦਾ ਪ੍ਰਬੰਧ ਕਰੇਗਾ ਅਤੇ ਉਹਨਾਂ ਵਿਚੋਂ ਵਧੇਰੇ ਹੋਣਹਾਰ ਵਿਦਿਆਰਥੀਆਂ ਲਈ ਉਚੇਰੀ ਪੜ੍ਹਾਈ ਦਾ ਪ੍ਰਬੰਧ ਵੀ ਕਰੇਗਾ।

5. ਦਸਵੀਂ ਜਾਮਾਤ ਦੀ ਪੜ੍ਹਾਈ ਤਕ, ਪੰਜਾਬੀ ਸਾਰੇ ਵਿਦਿਆਰਥੀਆਂ ਲਈ ਲਾਜ਼ਮੀ ਵਿਸ਼ਾ ਹੋਏਗੀ।

6. ਵਿਗਿਆਨਕ ਅਤੇ ਤਕਨੀਕੀ ਪੜ੍ਹਾਈ, ਖਾਸ ਤੌਰ ਉਤੇ ਯੂਨੀਵਰਸਟੀਆਂ ਵਿਚ ਪ੍ਰਮਾਣੂ ਭੌਤਿਕ ਅਤੇ ਪੁਲਾੜ ਵਿਗਿਆਨ ਦੀ ਅਧਿਐਨ ਵਲ ਖਾਸ ਧਿਆਨ ਦਿੱਤਾ ਜਾਏਗਾ।

7. ਸ਼੍ਰੋਮਣੀ ਅਕਾਲੀ ਦਲ ਖੇਡਾਂ ਦੇ ਮਿਆਰ ਵਿਚ ਸੁਧਾਰ ਕਰਨ ਅਤੇ ਏਸ ਨੂੰ ਅੰਤੌਰਰਾਸ਼ਟਰੀ ਮਿਆਰਾਂ ਦੀ ਪੱਧਰ ਉਤੇ ਲਿਆਉਣ ਦੀ ਕੋਸ਼ਿਸ਼ ਕਰੇਗਾ।

(ਦਸਖਤ)
ਗਿਆਨੀ ਅਜਮੇਰ ਸਿੰਘ
ਸਕੱਤਰ
ਸ਼੍ਰੋਮਣੀ ਅਕਾਲੀ ਦਲ

ਤਾਰੀਕ 1-8-1977

Digitized by Panjab Digital Library | www.panjabdigilib.org

ਅਨੈਕਸਚਰ IV

# ਅਕਾਲੀ ਦਲ ਦੇ ਪ੍ਰਤਿਨਿਧਾਂ ਨਾਲ ਹੋਈਆਂ ਮੀਟਿੰਗਾਂ ਦੀ ਸੂਚੀ— 1981-84

## ੳ. ਪ੍ਰਧਾਨ ਮੰਤਰੀ ਵਲੋਂ ਕੀਤੀਆਂ ਗਈਆਂ ਮੀਟਿੰਗਾਂ

| | ਤਾਰੀਖ | ਥਾਂ | ਮੀਟਿੰਗ ਵਿਚ ਸ਼ਾਮਲ ਹੋਣ ਵਾਲੇ |
|---|---|---|---|
| 1. | 16.10.1981 | ਸਾਊਥ ਬਲਾਕ, ਨਵੀਂ ਦਿੱਲੀ | ਸ੍ਰਵਸ਼੍ਰੀ ਐਚ.ਐਸ. ਲੌਂਗੋਵਾਲ, ਜੀ.ਐਸ. ਟੌਹਰਾ, ਪੀ.ਐਸ. ਬਾਦਲ, ਐਸ.ਐਸ. ਬਰਨਾਲਾ, ਬਲਵੰਤ ਸਿੰਘ।<br>ਸ਼੍ਰੀਮਤੀ ਇੰਦਰਾ ਗਾਂਧੀ<br>ਸ਼੍ਰੀ ਸੀ.ਆਰ. ਕਰਿਸ਼ਨਾਂਸਵਾਮੀ ਰਾਓ ਸਾਹਿਬ, ਮੰਤ੍ਰੀ ਮੰਡਲ ਸਕੱਤਰ<br>ਸ਼੍ਰੀ ਪੀ.ਸੀ. ਅਲੈਗਜ਼ੈਂਡਰ, ਪ੍ਰਧਾਨ ਮੰਤਰੀ ਦੇ ਪ੍ਰਮੁਖ ਸਕੱਤਰ<br>ਸ਼੍ਰੀ ਟੀ.ਐਨ. ਚਤੁਰਵੇਦੀ, ਗ੍ਰਹਿ ਸਕੱਤਰ। |
| 2. | 26.11.1981 | ਪਾਰਲੀਮੈਂਟ ਹਾਊਸ, ਨਵੀਂ ਦਿੱਲੀ | ਸ੍ਰਵਸ਼੍ਰੀ ਐਚ.ਐਸ. ਲੌਂਗੋਵਾਲ, ਜੀ.ਐਸ. ਟੋਹਰ, ਪੀ.ਐਸ. ਬਾਦਲ, ਐਸ.ਐਸ. ਬਰਨਾਲਾ, ਬਲਵੰਤ ਸਿੰਘ।<br>ਸ਼੍ਰੀਮਤੀ ਇੰਦਰਾ ਗਾਂਧੀ<br>ਸ਼੍ਰੀ ਪੀ.ਵੀ. ਨਰਸਿੰਘ ਰਾਵ, (ਕੇਂਦਰੀ ਮੰਤ੍ਰੀ)<br>ਸ੍ਰਵਸ਼੍ਰੀ ਸੀ.ਆਰ. ਕਰਿਸ਼ਨਾ ਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ਸੈਡਰ, ਟੀ.ਐਨ. ਚਤੁਰਵੇਦੀ। |
| 3. | 5.4.1982 | ਪਾਰਲੀਮੈਂਟ ਹਾਊਸ ਨਵੀਂ ਦਿੱਲੀ | ਸ੍ਰਵਸ਼੍ਰੀ ਐਚ.ਐਸ. ਲੌਂਗੋਵਾਲ, ਜੀ.ਐਸ. ਟੌਹਰਾ, ਪੀ.ਐਸ. ਬਾਦਲ, ਬਲਵੰਤ ਸਿੰਘ, ਭਾਨ ਸਿੰਘ, ਆਰ.ਐਸ. ਭਾਟੀਆ, ਪੀ.ਐਸ. ਓਬਰਾਏ, ਰਵੀ ਇੰਦਰ ਸਿੰਘ।<br>ਸ਼੍ਰੀਮਤੀ ਇੰਦਰਾ ਗਾਂਧੀ<br>ਸ੍ਰਵਸ਼੍ਰੀ ਜ਼ੈਲ ਸਿੰਘ, ਪ੍ਰਨਾਬ ਮੁਕਰਜੀ (ਦੋਵੇਂ ਕੇਂਦਰੀ ਮੰਤ੍ਰੀ)<br>ਸ੍ਰਵਸ਼੍ਰੀ ਸੀ.ਆਰ. ਕਰਿਸ਼ਨਾਸਵਾਮੀ ਰਾਓ ਸਾਹਿਬ, ਪੀ.ਸੀ. ਐਲਗਜ਼ੈਂਡਰ ਟੀ.ਐਨ. ਚਤੁਰਵੇਦੀ। |

Digitized by Panjab Digital Library | www.panjabdigilib.org

## (ਅ) ਕੇਂਦਰੀ ਮੰਤ੍ਰੀਮੰਡਲ ਦੇ ਮੈਂਬਰਾਂ ਵਲੋਂ ਕੀਤੀਆਂ ਗਈਆਂ ਮੀਟਿੰਗਾਂ

| | ਤਾਰੀਖ | ਥਾਂ | ਮੀਟਿੰਗ ਵਿਚ ਸ਼ਾਮਲ ਹੋਣ ਵਾਲੇ |
|---|---|---|---|
| 1. | 23.10.1981 | ਵਿਦੇਸ਼ ਮੰਤ੍ਰੀ ਦਾ ਦਫਤਰ | ਸ੍ਰੁਵਸ਼੍ਰੀ ਐਸ.ਐਸ. ਬਰਨਾਲਾ, ਬਲਵੰਤ ਸਿੰਘ, ਅਜੀਤ ਸਿੰਘ ਸਰਹੱਦੀ, ਭਾਨ ਸਿੰਘ |
| 2. | 24.10.1981 | ਨਵੀਂ ਦਿੱਲੀ | ਸ਼੍ਰੀ ਪੀ.ਵੀ. ਨਰਸਿੰਘ ਰਾਵ। |
| 3. | 11.1.1983<br>18.1.1983 | ਰਾਜਭਵਨ<br>ਚੰਡੀਗੜ੍ਹ | ਸ੍ਰੁਵਸ਼੍ਰੀ ਐਸ.ਐਸ਼. ਬਰਨਾਲਾ, ਸੁਖਜਿੰਦਰ ਸਿੰਘ, ਬਲਵੰਤ ਸਿੰਘ, ਜੀ.ਐਸ. ਟੌਹਰ, ਪੀ.ਐਸ. ਬਾਦਲ, ਜੇ.ਐਸ. ਤਲਵੰਡੀ, ਰਵੀ ਇੰਦਰ ਸਿੰਘ ।<br>ਸ੍ਰੁਵਸ਼੍ਰੀ ਪੀ.ਸੀ. ਸੇਠੀ, ਆਰ ਵੈਂਨਕਟਰਮਨ, ਸ਼ਿਵ ਸ਼ੰਕਰ (ਸਾਰੇ ਕੇਂਦਰੀ ਮੰਤ੍ਰੀ)।<br>ਸ੍ਰੀ ਟੀ.ਐਨ. ਚਤੁਰਵੇਦੀ । |

## ੲ. ਗੁਪਤ ਮੀਟਿੰਗਾਂ

| | ਤਾਰੀਖ | ਥਾਂ | ਮੀਟਿੰਗ ਵਿਚ ਸ਼ਾਮਲ ਹੋਣ ਵਾਲੇ |
|---|---|---|---|
| 1.<br>2. | 16.11.1982<br>17.11.1982 | 27 ਸਫਦਰਜੰਗ ਰੋਡ, ਨਵੀ ਦਿੱਲੀ। | ਸ੍ਰੁਵ ਸ਼੍ਰੀ ਪੀ,ਐਸ, ਬਾਦਲ, ਬਲਵੰਤ ਸਿੰਘ, ਰਵੀ ਇੰਦਰ ਸਿੰਘ, ਆਰ. ਐਸ. ਭਾਟੀਆ<br>ਸ੍ਰੁਵ ਸ਼੍ਰੀ ਆਰ ਵੈਂਨਕਟਰਮਨ, ਪੀ.ਸੀ, ਸੇਠੀ, ਸ਼ਿਵ ਸ਼ਕਰ (ਸਾਰੇ ਕੇਂਦਰੀ ਮੰਤ੍ਰੀ)<br>ਸ਼੍ਰੀ ਅਮਰਿੰਦਰ ਸਿੰਘ, ਐਮ.ਪੀ. ।<br>ਸ੍ਰੁਵ ਸ਼੍ਰੀ ਪੀ.ਸੀ. ਅਲੈਗਜ਼ੈਂਡਰ, ਟੀ.ਐਨ. ਚਤੁਰਵੇਦੀ। |
| 3. | 17.1.1983 | 27 ਸਫਦਰਜੰਗ ਰੋਡ, ਨਵੀਂ ਦਿੱਲੀ । | ਸ੍ਰੁਵਸ਼੍ਰੀ ਜੀ.ਐਸ. ਟੌਹਰਾ, ਪੀ.ਐਸ. ਬਾਦਲ, ਰਵੀ ਇੰਦਰ ਸਿੰਘ<br>ਸ੍ਰੁਵਸ਼੍ਰੀ ਰਾਜੀਵ ਗਾਂਧੀ ਐਮ.ਪੀ।<br>ਅਮਰਿੰਦਰ ਸਿੰਘ, ਐਮ.ਪੀ. ।<br>ਸ੍ਰੁਵਸ਼੍ਰੀ ਕਰਿਸ਼ਨਾ ਸਵਾਮੀ ਰਾਵ ਸਾਹਿਬ, ਪੀ.ਸੀ. ਅਲੈਗਜ਼ੈਂਡਰ |
| 4. | 24.1.1984 | ਨਵੀਂ ਦਿੱਲੀ ਵਿਚ ਇਕ ਗੈਸਟ ਹਾਉਸ। | ਸ੍ਰੁਵਸ਼੍ਰੀ ਜੀ.ਐਸ. ਟੌਹਰਾ, ਪੀ.ਐਸ. ਬਾਦਲ, ਰਵੀ ਇੰਦਰ ਸਿੰਘ।<br>ਸ੍ਰੁਵਸ਼੍ਰੀ ਰਾਜੀਵ ਗਾਂਧੀ, ਐਮ.ਪੀ. ਅਮਰਿੰਦਰ ਸਿੰਘ ਐਮ.ਪੀ.।<br>ਸ੍ਰੁਵਸ਼੍ਰੀ ਸੀ.ਆਰ. ਕਰੀਸ਼ਨਾਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ । |

Digitized by Panjab Digital Library | www.panjabdigilib.org

| | | | |
|---|---|---|---|
| 5. | 27.3.1984 | ਚੰਡੀਗੜ੍ਹ ਵਿਚ ਇਕ ਨਿਜੀ ਮਕਾਨ | ਸ੍ਰਵਸ੍ਰੀ ਜੀ.ਐਸ. ਟੌਹੜਾ, ਐਸ.ਐਸ. ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ, ਆਰ.ਐਸ. ਚੀਮਾ।<br>ਸ੍ਰੀ ਪੀ.ਵੀ. ਨਰਸਿੰਘ ਰਾਵ<br><br>ਸ੍ਰਵਸ੍ਰੀ ਸੀ.ਆਰ. ਕਰਿਸ਼ਨਾਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ, ਐਮ.ਐਮ.ਕੇ ਵਲੀ, (ਗ੍ਰਹਿਸਕੱਤਰ) |
| 6. | 28.3.1984 | ਨਵੀਂ ਦਿਲੀ ਵਿਚ ਇਕ ਗੈਸਨ ਹਾਊਸ | ਸ੍ਰੀ ਪੀ.ਐਸ. ਬਾਦਲ<br>ਸ੍ਰੀ ਪੀ.ਵੀ. ਨਰਸਿੰਘਰਾਵ,<br><br>ਸ੍ਰਵਸ੍ਰੀ ਸੀ.ਆਰ. ਕਰਿਸ਼ਨਾ ਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ, ਐਮ.ਐਮ.ਕੇ ਵਲੀ,। |
| 7. | 29.3.1984 | ਚੰਡੀਗੜ੍ਹ ਵਿਚ ਇਕ ਨਿਜੀ ਮਕਾਨ | ਸ੍ਰਵਸ੍ਰੀ ਜੀ.ਐਸ. ਟੌਹੜਾ, ਪੀ.ਐਸ. ਬਾਦਲ, ਐਸ.ਐਸ. ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ, ਆਰ.ਐਸ. ਚੀਮਾ।<br><br>ਸ੍ਰੀ ਪੀ.ਵੀ. ਨਰਸਿੰਘ ਰਾਵ,<br><br>ਸ੍ਰਵਸ੍ਰੀ ਸੀ.ਆਰ. ਕਰਿਸ਼ਨਾ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ, ਐਮ.ਐਮ.ਕੇ ਵਲੀ, ਪ੍ਰੇਮ ਕੁਮਾਰ (ਸਪੈਸ਼ਲ ਸਕੱਤਰ ਗ੍ਰਹਿ) |
| 8. | 21.4.1984 | ਹਵਾਈ ਅੱਡਾ ਲਾਜ, ਚੰਡੀਗੜ੍ਹ | ਸ੍ਰਵਸ੍ਰੀ ਜੀ.ਐਸ. ਟੌਹੜਾ, ਪੀ.ਐਸ. ਬਾਦਲ, ਐਸ.ਐਸ. ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ, ਆਰ.ਐਸ. ਚੀਮਾ।<br><br>ਸ੍ਰਵਸ੍ਰੀ ਪੀ.ਵੀ. ਨਰਸਿੰਘ ਰਾਵ, ਪ੍ਰਨਾਬ ਮੁਕਰਜੀ।<br><br>ਸ੍ਰਵਸ੍ਰੀ ਸੀ.ਆਰ. ਕਰਿਸ਼ਨਾ ਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ, ਐਮ.ਐਮ.ਕੇ. ਵਲੀ, ਪ੍ਰੇਮ ਕੁਮਾਰ |
| 9. | 26.5.1984 | ਨਵੀਂ ਦਿੱਲੀ ਵਿਚ ਇਕ ਗੈਸਟ ਹਾਊਸ | ਸ੍ਰਵਸ੍ਰੀ ਜੀ.ਐਸ. ਟੌਹੜਾ, ਪੀ.ਐਸ. ਬਾਦਲ, ਐਸ.ਐਸ ਬਰਨਾਲਾ।<br><br>ਸ੍ਰਵਸ੍ਰੀ ਪੀ.ਵੀ. ਨਰਸਿੰਘ ਰਾਵ, ਪ੍ਰਨਾਬ ਮੁਕਰਜੀ, ਸ਼ਿਵ ਸ਼ੰਕਰ |

Digitized by Panjab Digital Library | www.panjabdigilib.org

## ਸ. ਤ੍ਰੈਧਿਰੀ ਮੀਟਿੰਗ

| | | | |
|---|---|---|---|
| 1. | 24.1.1983 | ਪਾਰਲੀਮੈਂਟ ਅਨੈਕਸੀ<br>ਨਵੀਂ ਦਿੱਲੀ | ਸ੍ਰਵਸ੍ਰੀ ਐਸ.ਐਸ. ਬਰਨਾਲਾ, ਬਲਵੰਤ ਸਿੰਘ,<br>ਰਵੀ ਇੰਦਰ ਸਿੰਘ।<br><br>ਸ੍ਰਵਸ੍ਰੀ ਰਾਮ ਵਿਲਾਸ ਪਾਸਵਾਨ, ਕੇ.ਪੀ. ਉੱਨੀ ਕਰਿਸ਼ਨਨ,<br>ਐਚ.ਐਸ. ਸੁਰਜੀਤ, ਯੋਗਿੰਦਰ ਸ਼ਰਮਾ, ਸੀ.ਟੀ. ਡੰਡਪਾਨੀ,<br>ਮਧੂ ਦੰਡਵਤੇ, ਚੰਦਰਜੀਤ ਯਾਦਵ, ਰਾਮ ਲਾਲ ਰਾਹੀ,<br>ਇਬਰਾਹੀਮ ਸੁਲੇਮਾਨ ਸੇਟ, ਭਾਈ ਮਹਾਵੀਰ, ਸਰੂਪ ਸਿੰਘ ਅਤੇ<br>ਗੁਲਾਮ ਰਸੂਲ ਕੱਚਕ (ਵਿਰੋਧੀ ਨੇਤਾ)<br><br>ਸ੍ਰਵਸ੍ਰੀ ਪੀ.ਸੀ. ਸੇਠੀ, ਆਰ. ਵੈਨਕਟਰਮਨ,<br>ਪੀ.ਵੀ. ਨਰਸਿੰਘ ਰਾਵ, ਸੀ.ਐਮ. ਸਟੀਫਨ, ਸ਼ਿਵ ਸ਼ੰਕਰ ਅਤੇ<br>ਭੀਸ਼ਮ ਨਰਾਇਣ ਸਿੰਘ। (ਕੇਂਦਰੀ ਮੰਤਰੀ)<br><br>ਸ੍ਰਵਸ੍ਰੀ ਕਰਿਸ਼ਨਾ ਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ,<br>ਟੀ.ਐਨ ਚਤੁਰਵੇਦੀ, ਪੀ.ਪੀ. ਨਈਅਰ, ਵਿਸ਼ੇਸ਼ ਸਕੱਤਰ (ਗ੍ਰਹਿ),<br>ਐਮ.ਜੀ. ਪਾਧੀਏ, ਸਕੱਤਰ (ਸਿੰਜਾਈ) |
| 2. | 25.1.1983 | ਪਾਰਲੀਮੈਂਟ ਅਨੈਕਸੀ<br>ਨਵੀਂ ਦਿਲੀ | ਸ੍ਰਵਸ੍ਰੀ ਐਸ.ਐਸ. ਬਰਨਾਲਾ, ਬਲਵੰਤ ਸਿੰਘ,<br>ਰਵੀ ਇੰਦਰ ਸਿੰਘ।<br>ਸ੍ਰਵਸ੍ਰੀ ਸੀ.ਟੀ. ਦੰਡਪਾਨੀ, ਚੰਦਰਜੀਤ ਯਾਦਵ,<br>ਵਿਲਾਸ ਪਾਸਵਾਨ, ਕੇ.ਪੀ. ਉੱਨੀ ਕਰਿਸ਼ਨਨ,<br>ਐਚ.ਐਸ. ਸੁਰਜੀਤ, ਯੋਗੰਦਰ ਸ਼ਰਮਾ, ਮਧੂ ਦੰਡਵਤੇ,<br>ਰਾਮ ਲਾਲ ਰਾਹੀਂ ਕਿਉ.ਐ.ਮ. ਬਨਾਤਵਾਲਾ, ਭਾਈ ਮਹਾਵੀਰ,<br>ਸਰੂਪ ਸਿੰਘ, ਗੁਲਾਮ ਰਸੂਲ ਕੱਚੱਕ (ਵਿਰੋਧੀ ਨੇਤਾ)<br>ਸ੍ਰਵਸ੍ਰੀ ਪੀ.ਸੀ. ਸੇਠੀ ਆਰ ਵੈਨਕਟਰਮਨ,ਸੀ.ਐਮ. ਸਟੀਫਨ,<br>ਸ਼ਿਵ ਸ਼ੰਕਰ, ਭੀਸ਼ਮ ਨਰਾਇਣ ਸਿੰਘ।<br><br>ਸ੍ਰਵਸ੍ਰੀ ਕਰਿਸ਼ਨਾਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ,<br>ਟੀ.ਐਨ. ਚਤੁਰਵੇਦੀ, ਐਮ.ਜੀ. ਪਾਧਿਏ। |
| 3. | 8.2.1983 | ਪਾਰਲੀਮੈਂਟ ਅਨੈਕਸੀ<br>ਨਵੀਂ ਦਿਲੀ | ਸ੍ਰਵਸ੍ਰੀ ਐਸ.ਐਸ. ਬਰਨਾਲਾ, ਬਲਵੰਤ ਸਿੰਘ,<br>ਰਵੀ ਇੰਦਰ ਸਿੰਘ<br><br>ਸ੍ਰਵਸ੍ਰੀ ਸੁਸ਼ੀਲ ਚੰਦ ਮੋਹਤਾ, ਯੋਗੇਨਦਰ ਸ਼ਰਮਾ,<br>ਭਾਈ ਮਹਾਵੀਰ, ਐਲ.ਕੇ. ਅਡਵਾਨੀਂ, ਸਰੂਪ ਸਿੰਘ,<br>ਮਧੂ ਦੰਡਵਤੇ, ਗੁਲਾਮ ਰਸੂਲ ਕੋਚਕ, ਐਚ ਐਸ. ਸੁਰਜੀਤ,<br>ਚੰਦਰਜੀਤ ਯਾਦਵ, ਹਰਿਕੇਸ਼ ਬਹਾਦੁਰ (ਵਿਰੋਧੀ ਨੇਤਾ)।<br><br>ਸ੍ਰਵਸ੍ਰੀ ਪੀ.ਸੀ. ਸੇਠੀ, ਆਰ ਵੈਨਕਰਮਨ, ਪੀ.ਵੀ. ਨਰਸਿੰਘ<br>ਰਾਵ, ਸ਼ਿਵ ਸ਼ਕਰ, ਬੂਟਾ ਸਿੰਘ, ਭੀਸ਼ਮ ਨਰਾਇਣ ਸਿੰਘ।<br><br>ਸ੍ਰਵਸ੍ਰੀ ਕਰਿਸ਼ਨਾਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ,<br>ਟੀ.ਐਨ. ਚਤੁਰਵੇਦੀ ਐਮ.ਜੀ. ਪਾਧਿਏ। |

Digitized by Panjab Digital Library | www.panjabdigilib.org

| | | | |
|---|---|---|---|
| 4. | 10.2.1983 | ਪਾਰਲੀਮੈਂਟ ਅਨੈਕਸੀ, ਨਵੀਂ ਦਿੱਲੀ | ਸ੍ਰਵਸ਼੍ਰੀ ਐਸ.ਐਸ. ਬਰਨਾਲਾ, ਬਲਵੰਤ ਸਿੰਘ, ਰਵੀ ਇੰਦਰ ਸਿੰਘ ।<br>ਸ੍ਰਵਸ਼੍ਰੀ ਸੁਸ਼ੀਲ ਚੰਦ ਮੋਹਤਾ, ਯੋਗੇਨਦਰ ਸ਼ਰਮਾ, ਐਲ.ਕੇ. ਅਡਵਾਨੀ, ਸਰੂਪ ਸਿੰਘ, ਮਧੂ ਦੰਡਵਤੇ, ਐਚ.ਐਸ.ਸੁਰਜੀਤ, ਚੰਦਰਜੀਤ ਯਾਦਵ, ਹਰਿਕੇਸ਼ ਬਹਾਦੁਰ, ਸ੍ਰੀਮਤੀ ਐਸ ਮੁਖੂ । (ਵਿਰੋਧੀ ਨੇਤਾ)<br>ਸ੍ਰਵਸ਼੍ਰੀ ਪੀ.ਸੀ. ਸੇਠੀ, ਆਰ. ਵੈਨਕਟਰਮਨ, ਸ਼ਿਵ ਸੈਂਕਰ, ਬੂਟਾ ਸਿੰਘ, ਭੀਸ਼ਮ ਨਰਾਇਣ ਸਿੰਘ ।<br>ਸ੍ਰਵਸ਼੍ਰੀ ਕਰਿਸ਼ਨਾਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ ਟੀ.ਐਨ. ਚਤੁਰਵੇਦੀ, ਐਮ.ਜੀ. ਪਾਧਿਏ । |
| 5. | 15.2.1983 | ਪਾਰਲੀਮੈਂਟ ਅਨੈਕਸੀ, ਨਵੀਂ ਦਿਲੀ | ਸ੍ਰਵਸ਼੍ਰੀ ਐਸ.ਐਸ. ਬਰਨਾਲਾ, ਬਲਵੰਤ ਸਿੰਘ, ਰਵੀ ਇੰਦਰ ਸਿੰਘ ।<br>ਸ੍ਰਵਸ਼੍ਰੀ ਸੁਸ਼ੀਲ ਚੰਦਰ ਮੋਹਤਾ, ਕੇ.ਪੀ. ਉੱਨੀਕਰਿਸ਼ਨਨ, ਐਚ.ਐਸ. ਸੁਰਜੀਤ, ਯੋਗੇਨਦਰ ਸ਼ਰਮਾ, ਚਰਨਜੀਤ ਯਾਦਵ ਮਧੂ ਦੰਡਵਤੇ, ਹਰਿਕੇਸ਼ ਬਹਾਦੁਰ, ਐਲ.ਕੇ. ਅਡਵਾਨੀ, ਸਰੂਪ ਸਿੰਘ, ਗੁਲਾਮ ਰਸੂਲ ਕੋਚਕ (ਵਿਰੋਧੀ ਨੇਤਾ) ।<br>ਸ੍ਰਵਸ਼੍ਰੀ ਪੀ.ਸੀ. ਸੇਠੀ, ਆਰ ਵੈਨਕਟਰਮਨ, ਪੀ.ਵੀ. ਨਰਸਿੰਘ ਰਾਵ, ਬੂਟਾ ਸਿੰਘ, ਸ੍ਰਵਸ਼੍ਰੀ ਕਰਿਸ਼ਨਾਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ ਟੀ.ਐਨ. ਚਤੁਰਵੇਦੀ, ਪੀ.ਪੀ. ਨਇਅਰ, ਐਮ.ਜੀ. ਪਾਧਿਏ । |
| 6. | 18.2.83 | ਪਾਰਲੀਮੈਂਟ ਅਨੈਕਸੀ ਨਵੀਂ ਦਿੱਲੀ | ਸ੍ਰਵਸ਼੍ਰੀ ਐਸ.ਐਸ. ਬਰਨਾਲਾ, ਬਲਵੰਤ ਸਿੰਘ, ਰਵੀ ਇੰਦਰ ਸਿੰਘ ।<br>ਸ੍ਰਵਸ਼੍ਰੀ ਚਿੱਤਾਬਸੁ, ਕੇ.ਪੀ. ਉੱਨੀਕਰਿਸ਼ਨਨ, ਐਚ.ਐਸ. ਸੁਰਜੀਤ, ਯੋਗੇਨਦਰ ਸ਼ਰਮਾ, ਮਧੂ ਦੰਡਵਤੇ, ਚੰਦਰਜੀਤ ਯਾਦਵ, ਹਰਿਕੇਸ਼ ਬਹਾਦੁਰ, ਐਲ.ਕੇ. ਅਡਵਾਨੀ ਸਰੂਪ ਸਿੰਘ । (ਵਿਰੋਧੀ ਨੇਤਾ)<br>ਸ੍ਰਵਸ਼੍ਰੀ ਪੀ.ਸੀ. ਸੇਠੀ, ਆਰ ਵੈਨਕਟਰਮਨ, ਸ਼ਿਵਸ਼ੰਕਰ ।<br>ਸ੍ਰਵਸ਼੍ਰੀ ਕਰਿਸ਼ਨਾਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ ਟੀ.ਐਨ. ਚਤੁਰਵੇਦੀ, ਐਮ.ਜੀ. ਪਾਧਿਏ । |
| 7. | 19.2.1983 | ਪਾਰਲੀਮੈਂਟ ਅਨੈਕਸੀ ਨਵੀਂ ਦਿੱਲੀ | ਸ੍ਰਵਸ਼੍ਰੀ ਐਚ.ਐਸ. ਬਰਨਾਲਾ, ਬਲਵੰਤ ਸਿੰਘ, ਰਵੀ ਇੰਦਰ ਸਿੰਘ । |

Digitized by Panjab Digital Library | www.panjabdigilib.org

| | | | |
|---|---|---|---|
| | | | ਸ੍ਰਵਸ੍ਰੀ ਕੇ.ਪੀ.ਕੇ. ਉੱਨੀ ਕਰਿਸ਼ਨਨ, ਐਚ.ਐਸ. ਸੁਰਜੀਤ, ਯੋਗੇਨਦਰ ਸ਼ਰਮਾ, ਚੰਦਰਜੀਤ ਯਾਦਵ, ਚਿੱਤਾ ਬੱਸੂ, ਮਧੂ ਦੰਡਵਤੇ, ਸੁਸ਼ੀਲ ਚੰਦ ਮੋਹੰਤਾ, ਹਰਿਕੇਸ਼ ਬਹਾਦੁਰ, ਐਲ.ਕੇ. ਅਡਵਾਨੀ, ਸਰੂਪ ਸਿੰਘ (ਵਿਰੋਧੀ ਨੇਤਾ)<br>ਸ੍ਰਵਸ੍ਰੀ ਪੀ.ਸੀ. ਸੇਠੀ, ਆਰ.ਵੈਨਕਟਰਮਨ, ਸ਼ਿਵਸ਼ੰਕਰ, ਬੂਟਾ ਸਿੰਘ।<br>ਸ੍ਰਵਸ੍ਰੀ ਕਰਿਸ਼ਨਾ ਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ ਟੀ.ਐਨ. ਚਤੁਰਵੇਦੀ, ਐਮ.ਜੀ. ਪਾਧਿਏ, ਪੀ.ਪੀ. ਨਈਅਰ। |
| 8. | 20.2.1983 | ਪਾਰਲੀਮੈਂਟ ਅਨੈਕਸੀ ਨਵੀਂ ਦਿੱਲੀ | ਸ੍ਰਵਸ੍ਰੀ ਐਸ.ਐਸ. ਬਰਨਾਲਾ, ਬਲਵੰਤ ਸਿੰਘ, ਰਵੀ ਇੰਦਰ ਸਿੰਘ।<br>ਸ੍ਰਵਸ੍ਰੀ ਕੇ.ਪੀ. ਉੱਨੀਕਰਿਸ਼ਨਨ, ਐਚ.ਐਸ. ਸੁਰਜੀਤ, ਯੋਗੇਨਦਰ ਸ਼ਰਮਾ, ਚੰਦਰਜੀਤ ਯਾਦਵ, ਮਧੂ ਦੰਡਵਤੇ, ਸਰੂਪ ਸਿੰਘ, ਚਿੱਤਾ ਬਸੂ, ਸੁਸ਼ੀਲ ਚੰਦ ਮੋਹੰਤਾ, ਹਰਿਕੇਸ਼ ਬਹਾਦੁਰ, ਐਲ.ਕੇ. ਅਡਵਾਨੀ (ਵਿਰੋਧੀ ਨੇਤਾ)<br>ਸ੍ਰਵਸ੍ਰੀ ਪੀ.ਸੀ. ਸੇਠੀ, ਪ੍ਰਨਾਬ ਮੁਕਰਜੀ, ਬੂਟਾ ਸਿੰਘ।<br>ਸ੍ਰਵਸ੍ਰੀ ਕਰਿਸ਼ਨਾ ਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ ਟੀ.ਐਨ.ਚਤੁਰਵੇਦੀ, ਐਮ.ਜੀ. ਪਾਧਿਏ, ਪੀ.ਪੀ. ਨਇਅਰ। |
| 9. | 14.2.1984 | ਪਾਰਲੀਮੈਂਟ ਅਨੈਕਸੀ ਨਵੀਂ ਦਿੱਲੀ | ਸ੍ਰਵਸ੍ਰੀ ਐਸ.ਐਸ. ਬਰਨਾਲਾ, ਜੀ.ਐਸ. ਟੌਹੜਾ, ਪੀ.ਐਸ. ਬਾਦਲ, ਬਲਵੰਤ ਸਿੰਘ, ਆਰ.ਐਸ. ਚੀਮਾ।<br>ਸ੍ਰਵਸ੍ਰੀ ਜਗਜੀਵਨ ਰਾਮ, ਏ.ਬੀ. ਵਾਜਪੇਈ, ਐਲ.ਕੇ. ਅਡਵਾਨੀ, ਚੰਦਰ ਸ਼ੇਖਰ, ਬੀਜੂ ਪੱਟਨਾਇਕ, ਐਸ.ਸੀ. ਮੋਹੰਤਾ, ਮਧੂ ਦੰਡਵਤੇ, ਐਸ.ਐਨ. ਮਿਸ਼ਰਾ, ਸਰੂਪ ਸਿੰਘ, ਐਚ.ਐਸ. ਸੁਰਜੀਤ, ਚੰਦਰਜੀਤ ਯਾਦਵ, ਲੋਕ ਨਾਥ ਜੋਸ਼ੀ, ਧਰਮ ਵੀਰ ਸਿਨਹਾ, ਗੁਲਾਮ ਰਸੂਲ ਕੋਚਕ, ਚਿੱਤਾ ਬਸੂ (ਵਿਰੋਧੀ ਨੇਤਾ)<br>ਸ੍ਰਵਸ੍ਰੀ ਪੀ.ਸੀ. ਸੇਠੀ, ਪ੍ਰਨਾਬ ਮੁਕਰਜੀ, ਸ਼ਿਵਸ਼ੰਕਰ, ਬੂਟਾ ਸਿੰਘ<br>ਸ੍ਰਵਸ੍ਰੀ ਕਰਿਸ਼ਨਾਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ ਟੀ.ਐਨ. ਚਤੁਰਵੇਦੀ, ਪੀ.ਪੀ. ਨਇਅਰ, ਪ੍ਰੇਮ ਕੁਮਾਰ। |

Digitized by Panjab Digital Library | www.panjabdigilib.org

| | | | |
|---|---|---|---|
| 10. | 15.2.1984 | ਪਾਰਲੀਮੈਂਟ ਅਨੈਕਸੀ ਨਵੀਂ ਦਿੱਲੀ | ਸ੍ਰੀਵਸ੍ਰੀ ਐਸ.ਐਸ. ਬਰਨਾਲਾ, ਜੀ.ਐਸ. ਟੌਹੜਾ, ਪੀ.ਐਸ. ਬਾਦਲ, ਬਲਵੰਤ ਸਿੰਘ, ਆਰ.ਐਸ. ਚੀਮਾ । |
| | | | ਸ੍ਰੀਵਸ੍ਰੀ ਜਗਜੀਵਨ ਰਾਮ, ਐਲ.ਕੇ. ਅਡਵਾਨੀ, ਚੰਦਰ ਸ਼ੇਖਰ, ਬੀਜੂ ਪਟਨਾਇਕ, ਮਧੂ ਦੰਡਵਤੇ, ਐਸ.ਸੀ. ਮੋਹੰਤਾ, ਐਸ.ਐਨ. ਮਿਸ਼ਰਾ, ਸਰੂਪ ਸਿੰਘ, ਐਚ.ਐਸ. ਸੁਰਜੀਤ, ਸਮਰ ਮੁਖਰਜੀ, ਲੋਕ ਨਾਥ ਜੋਸ਼ੀ, ਧਰਮਬੀਰ ਸਿਨਹਾ, ਗੁਲਾਮ ਰਸੂਲ ਕੋਸ਼ਕ, ਇੰਦਰ ਦੀਪ ਸਿਨਹਾ, ਚਿੱਤਾ ਬੱਸੂ । |
| | | | ਸ੍ਰੀਵਸ੍ਰੀ ਪੀ.ਸੀ. ਸੇਠੀ, ਪੀ.ਵੀ. ਨਰਸਿੰਘਰਾਵ, ਪ੍ਰਨਾਬ ਮੁਕਰਜੀ, ਬੂਟਾ ਸਿੰਘ, ਸ਼ਿਵ ਸ਼ੰਕਰ । |
| | | | ਸ੍ਰੀਵਸ੍ਰੀ ਕਰਿਸ਼ਨਾਸਵਾਮੀ ਰਾਓ ਸਾਹਿਬ, ਪੀ.ਸੀ. ਅਲੈਗਜ਼ੈਂਡਰ ਟੀ.ਐਨ. ਚਤੁਰਵੇਦੀ, ਪੀ.ਪੀ. ਨਈਅਰ, ਪ੍ਰੇਮ ਕੁਮਾਰ । |

Digitized by Panjab Digital Library | www.panjabdigilib.org

ਅਨੈਕਸਚਰ V

# 28 ਫਰਵਰੀ 1984 ਨੂੰ ਪਾਰਲੀਮੈਂਟ ਵਿਚ ਗ੍ਰਹਿ ਮੰਤ੍ਰੀ ਦਾ ਬਿਆਨ
# ਪੰਜਾਬ ਵਿਚ ਹਾਲਤ

ਸ਼੍ਰੀ ਮਾਨ ਜੀ,

ਸਭਾ ਵਿਚ ਪੰਜਾਬ ਦੀ ਹਾਲਤ ਉਤੇ ਬਹਿਸ ਨਿਰਦੋਸ਼ ਲੋਕਾਂ ਵਿਰੁਧ ਹਿੰਸਾ ਦੀ ਦੁਖਦਾਈ ਪਿਛੋਕੜ ਵਿਚ ਕੀਤੀ ਜਾਵੇਗੀ। ਇਹ ਬੜੇ ਹੀ ਦੁਖ ਦੀ ਗੱਲ ਹੈ ਕਿ ਇਹ ਹਿੰਸਾ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਕੁੜਤਣ ਅਤੇ ਬੇਵਸਾਹੀ ਪੈਦਾ ਕਰਨ ਲਈ ਜਾਣਬੁੱਝ ਕੇ ਫੈਲਾਈ ਜਾ ਰਹੀ ਹੈ। ਸਰਕਾਰ ਹੀ ਨਹੀਂ ਸਗੋਂ ਸਾਰਾ ਦੇਸ਼ ਇਨ੍ਹਾਂ ਪ੍ਰਵਿਰਤੀਆਂ ਬਾਰੇ ਚਿੰਤਾਤੁਰ ਹੈ ਜਿਹੜੀ ਰਾਸ਼ਟਰੀ ਏਕਤਾ ਨੂੰ ਖਰਾਬ ਕਰ ਰਹੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਸਭਾ ਵਿਚ ਬਹਿਸ ਕਰਦਿਆਂ ਏਕਤਾ ਨੂੰ ਧਿਆਨ ਵਿਚ ਰਖਿਆ ਜਾਵੇ ਤਾਂ ਜੁ ਜਿਹੜੀਆਂ ਸਮਿਸਆਵਾਂ ਅਜ ਸਾਡੇ ਸਾਹਮਣੇ ਹਨ ਉਨ੍ਹਾਂ ਦੇ ਹੱਲ ਕਰਨ ਵਿਚ ਇਹ ਸਹਾਈ ਸਕੇ।

**ਸੰਖੇਪ ਪਿਛੋਕੜ**

ਇਸ ਤੋਂ ਪਹਿਲਾਂ ਕਿ ਮੈਂ ਪੰਜਾਬ ਦੀਆਂ ਹਾਲ ਦੀਆਂ ਦੁਖਦਾਈ ਘਟਨਾਵਾਂ ਦੇ ਬਾਰੇ ਵਿਚ ਵਿਚਾਰ ਪੇਸ਼ ਕਰਾਂ, ਮੈਂ ਸਭਾ ਨੂੰ ਉਨ੍ਹਾਂ ਵਾਰਦਾਤਾਂ ਦੀ ਸੰਖੇਪ ਪਿਛੋਕੜ ਦਸਣਾ ਚਾਹਵਾਂਗਾ ਜਿਹੜੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਤਿਨਿਧਾਂ ਨਾਲ ਉਨ੍ਹਾਂ ਦੀਆਂ ਵੱਖ ਵੱਖ ਮੰਗਾਂ ਦੇ ਬਾਰੇ ਕਰਦੀ ਰਹੀ ਹੈ।

ਸਰਕਾਰ ਕਾਫ਼ੀ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਉਨ੍ਹਾਂ ਦੀਆਂ ਅੱਡ ਅੱਡ ਮੰਗਾਂ ਤਿੰਨ ਮੁੱਖ ਸ਼੍ਰੇਣੀਆਂ ਵਿਚ ਆਂਦੀਆਂ ਹਨ ਜਿਵੇਂ: (1) ਉਹ ਜਿਹੜੀ ਸਿੱਖ ਭਾਈਚਾਰੇ ਨਾਲ ਇਕ ਧਾਰਮਕ ਫਿਰਕੇ ਦੇ ਰੂਪ ਵਿਚ ਸੰਬੰਧਤ ਹਨ। (2) ਉਹ ਜਿਨ੍ਹਾਂ ਦਾ ਸੰਬੰਧ ਪੰਜਾਬ ਰਾਜ ਅਤੇ ਹੋਰ ਰਾਜਾਂ ਨਾਲ ਹੈ ਅਤੇ (3) ਉਹ ਜਿਨ੍ਹਾਂ ਦਾ ਸੰਬੰਧ ਕੁਝ ਆਮ ਮਾਮਲਿਆਂ ਨਾਲ ਹੈ।

**ਧਾਰਮਕ ਮੰਗਾਂ ਪ੍ਰਵਾਨ ਹੋ ਚੁਕੀਆਂ ਹਨ।**

ਦਰਅਸਲ ਸਰਕਾਰ ਨੇ ਅਕਾਲੀ ਦਲ ਦੀਆਂ ਸਾਰੀਆਂ ਧਾਰਮਕ ਮੰਗਾਂ ਨੂੰ ਪ੍ਰਵਾਨ ਕਰ ਲਿਆ ਹੈ। ਸਰਕਾਰ ਨੇ ਪਹਿਲਾਂ ਹੀ ਇਹ ਐਲਾਨ ਕਰ ਦਿਤਾ ਹੈ ਕਿ ਅਮ੍ਰਿਤਸਰ ਸ਼ਹਿਰ ਅੰਦਰਲੇ ਇਲਾਕੇ ਜਿਸ ਵਿਚ ਹਰਮੰਦਰ ਸਾਹਿਬ, ਦੁਰਗਿਆਨਾ ਮੰਦਿਰ ਦੇ ਆਸ-ਪਾਸ ਦਾ ਇਲਾਕਾ ਸ਼ਾਮਿਲ ਹੈ, ਤਮਾਕੂ, ਸ਼ਰਾਬ, ਮਾਸ ਉਤੇ ਇਕ ਨਿਸ਼ਚਿਤ ਇਲਾਕੇ ਵਿਚ ਮਨਾਹੀ ਹੋਵੇਗੀ। ਸਰਕਾਰ ਨੇ ਅਕਾਸ਼ਵਾਣੀ ਦੇ ਜਲੰਧਰ ਕੇਂਦਰ ਤੋਂ ਹਰਮੰਦਰ ਸਾਹਿਬ ਦਾ ਸਵੇਰੇ ਡੇਢ ਘੰਟਾ ਅਤੇ ਸ਼ਾਮੀਂ

Digitized by Panjab Digital Library | www.panjabdigilib.org

ਅੱਧਾ ਘੰਟਾ ਗੁਰਬਾਣੀ ਦਾ ਸਿੱਧਾ ਰਿਲੇ ਕਰਨਾ ਮਨ ਲਿਆ ਹੈ। ਘਰੇਲੂ ਹਵਾਈ ਉੜਾਨਾਂ ਦੇ ਦੌਰਾਨ ਸਿੱਖਾਂ ਵਲੋਂ, ਕੁਝ ਵਿਸ਼ਿਸ਼ਟਤਾ ਅਨੁਸਾਰ, ਕ੍ਰਿਪਾਨ ਧਾਰਨ ਕਰਨ ਦੀ ਵੀ ਸੰਮਤੀ ਦੇ ਦਿਤੀ ਗਈ ਹੈ। ਸਰਬ ਭਾਰਤੀ ਗੁਰਦਵਾਰਾ ਐਕਟ ਦੇ ਬਾਰੇ ਵੀ, ਜਿਸ ਦਾ ਸੰਬੰਧ ਪੰਜਾਬ ਤੋਂ ਇਲਾਵਾ ਹੋਰ ਰਾਜਾਂ ਅਤੇ ਉਨ੍ਹਾਂ ਰਾਜਾਂ ਵਿਚ ਵਸਦੇ ਸਿੱਖ ਭਾਈਚਾਰੇ ਨਾਲ ਹੈ, ਸਰਕਾਰ ਨੇ ਸੰਕੇਤ ਦਿਤਾ ਹੈ ਕਿ ਉਹ ਇਕ ਅਜੇਹੇ ਬਿਲ ਦੇ ਤਿਆਰ ਕੀਤੇ ਜਾਣ ਬਾਰੇ ਰਾਜ਼ੀ ਹੈ ਜਿਸ ਵਿਚ ਖਾਸ ਖਾਸ ਇਤਿਹਾਸਕ ਗੁਰਦਵਾਰੇ ਸ਼ਾਮਿਲ ਹੋਣਗੇ ਅਤੇ ਜਿਹੜਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸੰਬੰਧਤ ਰਾਜ ਸਰਕਾਰਾਂ ਅਤੇ ਇਸ ਮਾਮਲੇ ਵਿਚ ਦਿਲਚਸਪੀ ਲੈਣ ਵਾਲੇ ਹੋਰ ਧੜਿਆਂ ਨਾਲ ਮਸ਼ਵਰੇ ਨਾਲ ਤਿਆਰ ਕੀਤਾ ਜਾਵੇਗਾ। ਪਰ ਅਕਾਲੀ ਦਲ ਇਸ ਗਲ ਉਤੇ ਜ਼ੋਰ ਦੇ ਰਿਹਾ ਹੈ ਕਿ ਮਸ਼ਵਰਾ ਸਿਰਫ਼ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨਾਲ ਹੀ ਕੀਤਾ ਜਾਵੇ ਅਤੇ ਇਹ ਸਰਕਾਰ ਦਾ ਕੰਮ ਹੈ ਕਿ ਬਿਲ ਨੂੰ ਕਾਨੂੰਨ ਬਣਾਉਂਣ ਤੋਂ ਪਹਿਲਾਂ ਬਾਕੀ ਦੇ ਸਾਰੇ ਸੰਬੰਧਤ ਧਿਰਾਂ ਦੀ ਸਹਮਤੀ ਹਾਸਿਲ ਕਰੇ। ਅਕਾਲੀ ਦਲ ਦੇ ਇਤਿਹਾਸਕ ਗੁਰਦਵਾਰਿਆਂ ਦੀ ਸੂਚੀ ਪੇਸ਼ ਨਹੀਂ ਕੀਤੀ ਹੈ ਅਤੇ ਵੱਖ ਵੱਖ ਮੀਟਿੰਗਾਂ ਵਿਚ 10 ਤੋਂ 30 ਤਕ ਦੀ ਗਿਣਤੀ ਦਸੀ ਗਈ ਹੈ।

ਜਿਥੋਂ ਤਕ ਹਰਮੰਦਿਰ ਸਾਹਿਬ ਤੋਂ ਗੁਰਬਾਣੀ ਨੂੰ ਰਿਲੇ ਕਰਨ ਦਾ ਤੱਲਕ ਹੈ, ਅਕਾਲੀ ਵਧੇਰੇ ਸਮੇਂ ਦੀ ਮੰਗ ਕਰ ਰਹੇ ਹਨ। ਹਾਲਾਂਕਿ ਸਰਕਾਰ ਨੇ ਗੁਰਬਾਣੀ ਨੂੰ ਰਿਲੇ ਕਰਨ ਦੇ ਲਈ ਲੋੜੀਂਦੇ ਸ਼ਾਜਸਮਾਨ ਦੀਆਂ ਸਹੂਲਤਾਂ ਦਾ ਪ੍ਰਬੰਧ ਕਰ ਲਿਆ ਹੈ ਅਤੇ ਇਸ ਉਪਰਾਲੇ ਲਈ ਅਮਲੇ ਨੂੰ ਨਿਯੁਕਤ ਕੀਤਾ ਹੈ ਪਰ ਸਰਕਾਰ ਨੂੰ ਇਸ ਸਾਜ਼ਸਮਾਨ ਦੀ ਉਸਾਰੀ ਲਈ ਲੋੜੀਂਦਾ ਮਿਲਵਰਤਨ ਨਹੀਂ ਮਿਲਿਆ।

**ਦਰਿਆਈ ਪਾਣੀਆਂ ਦਾ ਮਾਮਲਾ**

ਦਰਿਆਈ ਪਾਣੀਆਂ ਦੇ ਝਗੜੇ ਦੇ ਮਾਮਲੇ ਵਿਚ ਸਰਕਾਰ ਦਾ ਹਮੇਸ਼ਾ ਇਹ ਰਵਈਆ ਰਿਹਾ ਹੈ ਕਿ ਇਹ ਪੰਜਾਬ ਅਤੇ ਹਰਿਆਣਾ ਦੇ ਸਾਰੇ ਲੋਕਾਂ ਨਾਲ ਸੰਬੰਧਤ ਹੈ ਅਤੇ ਇਸ ਲਈ ਇਸ ਝਗੜੇ ਨੂੰ ਦੋਹਾਂ ਰਾਜਾਂ ਦੇ ਹਿਤਾਂ ਨੂੰ ਧਿਆਨ ਵਿਚ ਰਖਦਿਆਂ ਸੁਲਝਾਇਆ ਜਾਣਾ ਚਾਹੀਦਾ ਹੈ।

ਸਰਕਾਰ ਪੰਜਾਬ ਅਤੇ ਹਰਿਆਣਾ ਵਿਚਕਾਰ ਦਰਿਆਈ ਪਾਣੀਆਂ ਦੇ ਝਗੜੇ ਨੂੰ ਰਾਜਾਂ ਦੇ ਆਪੋ ਵਿਚ ਪਾਣੀਆਂ ਦੇ ਝਗੜਿਆਂ ਬਾਰੇ ਕਾਨੂੰਨ ਅਧੀਨ ਕਾਇਮ ਕੀਤੇ ਗਏ ਜਾਣ ਵਾਲੇ ਇਕ ਟਰਿਬਿਊਨਲ ਨੂੰ ਸੌਂਪਣਾ ਚਾਹੁੰਦੀ ਸੀ ਜਿਸ ਦੀ ਪ੍ਰਧਾਨਗੀ ਸੁਪਰੀਮ ਕੋਰਟ ਦਾ ਕੋਈ ਜੱਜ ਕਰੇ। ਅਕਾਲੀ ਦਲ ਮਾਮਲੇ ਉਤੇ ਕਿਸੀ ਇਕ ਪੱਕੇ ਸਟੈਂਡ ਉਤੇ ਕਾਇਮ ਨਹੀਂ ਰਿਹਾ ਹੈ। ਕਿਸੀ ਵੇਲੇ ਇਹ ਸਿਰਫ ਰਾਵੀ ਬਿਆਸ ਦਾ ਹੀ ਸਵਾਲ ਸੀ। ਮਗਰੋਂ ਅਕਾਲੀ ਦਲ ਵਲੋਂ ਜਮਨਾ ਦੇ ਪਾਣੀ ਦਾ ਸਵਾਲ ਚੁਕਿਆ ਗਿਆ। ਉਨ੍ਹਾਂ ਨੇ ਰਾਜਸਥਾਨ ਨੂੰ ਦਿਤੇ ਜਾਂਦੇ ਪਾਣੀ ਦਾ ਮਾਮਲਾ ਵੀ ਮੁੜ ਤੋਂ ਖੋਲ੍ਹੇ ਜਾਣ ਦੀ ਮੰਗ ਕੀਤੀ ਹੈ। ਜਿਸ ਦੇ ਬਾਰੇ ਵਿਚ ਸਭਾ ਨੂੰ ਯਾਦ ਹੋਵੇਗਾ ਕਿ ਕਾਫ਼ੀ ਪਹਿਲਾਂ ਹੀ ਹੱਲ ਕੀਤਾ ਜਾ ਚੁਕਿਆ ਸੀ। ਸਰਕਾਰ ਦਾ ਰਵਈਆ ਸਪੱਸ਼ਟ ਹੈ। ਇਹ ਸਿਰਫ਼ ਪੰਜਾਬ ਅਤੇ ਹਰਿਆਣਾ ਵਿਚਕਾਰ ਰਾਵੀ-ਬਿਆਸ ਦੇ ਵਾਧੂ ਪਾਣੀ ਨਾਲ ਸੰਬੰਧਤ ਝਗੜਾ ਹੈ, ਜਿਹੜਾ ਪੰਜਾਬ ਦੇ ਪੁਨਰਗਠਨ ਐਕਟ ਕਾਰਨ ਪੈਦਾ ਹੋਇਆ ਅਤੇ ਇਸ ਬਾਰੇ ਫੈਸਲੇ ਨੂੰ ਇਕ ਟਰੀਬੀਊਨਲ ਕੋਲ ਸੌਂਪਿਆ ਜਾਣਾ ਚਾਹੀਦਾ ਹੈ। ਇਸ ਸੰਬੰਧ ਵਿਚ ਰਾਜਸਥਾਨ ਦੇ ਹਿੱਸੇ ਅਤੇ ਜਮਨਾ ਪਾਣੀ ਦੇ ਮਾਮਲਿਆਂ ਨੂੰ ਨਵੇਂ ਸਿਰਿਓਂ ਵਿਚਾਰ ਲਈ ਨਹੀਂ ਖੋਹਲਿਆ ਜਾ ਸਕਦਾ।

## ਇਲਾਕਾਈ ਝਗੜੇ

ਜਿਥੋਂ ਤਕ ਇਲਾਕਾਈ ਝਗੜਿਆਂ ਦਾ ਸੰਬੰਧ ਹੈ, ਮੈਂਬਰਾਂ ਨੂੰ ਯਾਦ ਹੋਵੇਗਾ ਕਿ ਸ਼ਾਹ ਕਮਿਸ਼ਨ ਨੇ ਚੰਡੀਗੜ੍ਹ ਹਰਿਆਣਾ ਨੂੰ ਦਿਤਾ ਸੀ ਅਤੇ 1970 ਵਿਚ ਇਹ ਹੋਇਆ ਕਿ ਸ਼੍ਰੀਮਤੀ ਇੰਦਰਾ ਗਾਂਧੀ ਨੇ ਪ੍ਰਧਾਨ

Digitized by Panjab Digital Library | www.panjabdigilib.org

ਮੰਤਰੀ ਦੇ ਰੂਪ ਵਿਚ ਇਹ ਫੈਸਲਾ ਕੀਤਾ ਕਿ ਚੰਡੀਗੜ੍ਹ ਪੰਜਾਬ ਨੂੰ, ਅਤੇ ਅਬੋਹਰ ਅਤੇ ਫ਼ਾਜ਼ਿਲਕਾ ਹਰਿਆਣਾ ਨੂੰ ਦਿਤਾ ਜਾਣਾ ਚਾਹੀਦਾ ਹੈ ਅਤੇ ਬਾਕੀ ਦੇ ਸਾਰੇ ਦਾਅਵੇ ਅਤੇ ਜਵਾਬੀ ਦਾਅਵੇ ਇਕ ਕਮਿਸ਼ਨ ਨੂੰ ਸੌਂਪੇ ਜਾਣਗੇ। ਅਕਾਲੀ ਦਲ ਦੀ ਮੰਗ ਹੈ ਕਿ ਚੰਡੀਗੜ੍ਹ ਫੌਰਨ ਪੰਜਾਬ ਨੂੰ ਦੇ ਦਿਤਾ ਜਾਵੇ ਅਤੇ ਅਬੋਹਰ ਅਤੇ ਫਾਜ਼ਿਲਕਾ ਸਮੇਤ ਬਾਕੀ ਦੇ ਸਾਰੇ ਦਾਅਵੇ ਅਤੇ ਜਵਾਬੀ ਦਾਅਵੇ ਕਿਸੀ ਕਮਿਸ਼ਨ ਨੂੰ ਸੌਂਪੇ ਜਾਣੇ ਚਾਹੀਦੇ ਹਨ। ਹਰਿਆਣਾ ਦੇ ਸਾਰੀਆਂ ਸ਼੍ਰੇਣੀਆਂ ਦੇ ਲੋਕੀ ਇਸ ਦਾ ਵਿਰੋਧ ਕਰਦੇ ਹਨ।

ਸਰਕਾਰ ਨੇ ਕਿਸੀ ਵੀ ਰਾਜ ਦੀ ਤਰਫਦਾਰੀ ਕੀਤੇ ਬਿਨ੍ਹਾਂ ਸਹਾਇਤਾ ਕਰਨ ਲਈ ਵੱਧ ਤੋਂ ਵੱਧ ਯਤਨ ਕੀਤੇ ਹਨ ਅਤੇ ਹੇਠ ਲਿਖੇ ਚਾਰ ਬਦਲਵੇਂ ਸੁਝਾਵਾਂ ਚੋਂ ਕਿਸੀ ਇਕ ਨੂੰ ਮੰਨ ਲੈਣ ਦੀ ਇੱਛਾ ਦਾ ਐਲਾਨ ਕੀਤਾ ਹੈ :—

(i) 1970 ਦੇ ਫੈਸਲੇ ਉਤੇ ਅਮਲ।

(ii) ਚੰਡੀਗੜ੍ਹ ਦੇ ਸਵਾਲ ਸਮੇਤ ਸਾਰੇ ਝਗੜਿਆਂ ਅਤੇ ਦਾਅਵਿਆਂ ਨੂੰ ਇਕ ਨਵੇਂ ਕਮਿਸ਼ਨ ਦੇ ਸਪੁਰਦ ਕਰਨਾ।

(iii) ਪੰਜਾਬ ਅਤੇ ਹਰਿਆਣਾ ਵਿਚਕਾਰ ਚੰਡੀਗੜ੍ਹ ਦੀ ਵੰਡ ਅਤੇ ਬਾਕੀ ਦੇ ਝਗੜਿਆਂ ਨੂੰ ਇਕ ਕਮਿਸ਼ਨ ਕੋਲ ਭੇਜਣਾਂ। ਅਤੇ

(iv) ਕੋਈ ਵੀ ਬਦਲਵਾਂ ਹੱਲ ਜਿਹੜਾ ਦੋਹਾਂ ਰਾਜਾਂ ਨੂੰ ਪ੍ਰਵਾਨ ਹੋਵੇ।

ਅਕਾਲੀ ਦਲ ਇਨ੍ਹਾਂ ਬਦਲਵੇਂ ਸੁਝਾਵਾਂ ਚੋਂ ਕੋਈ ਵੀ ਮਨਣ ਨੂੰ ਤਿਆਰ ਨਹੀਂ।

## ਕੇਂਦਰ ਰਾਜ ਸਬੰਧ

ਆਮ ਮਾਮਲਿਆਂ ਵਿਚ ਅਕਾਲੀ ਦਲ ਦੀ ਮੁਖ ਮੰਗ ਇਹ ਰਹੀਂ ਹੈ ਕਿ ਕੇਂਦਰ-ਰਾਜ ਸਬੰਧਾਂ ਦੇ ਸਵਾਲ ਦਾ ਜਾਇਜ਼ਾ ਲੈਣ ਲਈ ਕਾਨੂੰਨੀ ਮਾਹਿਰਾਂ ਦੀ ਇਕ ਕਮੇਟੀ ਕਾਇਮ ਕੀਤੀ ਜਾਵੇ। ਇਹ ਮੰਗ ਉਨ੍ਹਾਂ ਆਪਣੇ ਆਨੰਦਪੁਰ ਸਾਹਿਬ ਮਤੇ ਵਿਚ ਕੀਤੀ ਸੀ। ਸਰਕਾਰ ਪਹਿਲਾਂ ਹੀ ਸਰਕਾਰੀਆ ਕਮਿਸ਼ਨ ਕਾਇਮ ਕਰ ਚੁਕੀ ਹੈ ਜਿਹੜੀ ਕੇਂਦਰ ਅਤੇ ਰਾਜਾਂ ਵਿਚਕਾਰ ਸਬੰਧਾਂ ਦੀ, ਰਾਸਟਰੀ ਏਕਤਾ ਅਤੇ ਅਖੰਡਤਾਂ ਦੀਆਂ ਲੋੜਾਂ ਦੇ ਅਨੁਰੂਪ ਵਿਚ ਘੋਖ ਕਰੇਗੀ। ਅਗਾਲੀ ਦਲ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਸਰਕਾਰ ਨੂੰ ਇਹ ਮਾਮਲਾ ਸਰਕਾਰੀਆ ਕਮਿਸ਼ਨ ਦੇ ਕੋਲ ਭੇਜਦੇ ਸਮੇਂ ਆਨੰਦਪੁਰ ਸਾਹਿਬ ਮਤੇ ਦਾ ਖਾਸ਼ ਤੌਰ ਤੇ ਜ਼ਿਕਰ ਕਰਨਾ ਚਾਹੀਦਾ ਹੈ। ਸਤਿਕਾਰ ਯੋਗ ਮੈਂਬਰ ਇਸ ਗੱਲ ਨਾਲ ਸਹਿਮੱਤ ਹੋਣ ਗੇ ਕਿ ਆਨੰਦਪੁਰ ਸਾਹਿਬ ਮਤੇ ਦੀਆਂ ਗੱਲਾਂ ਨਾਲ ਉਹ ਲੋਕੀ ਸਹਿਮਤ ਨਹੀਂ ਹੋ ਸਕਦੇ ਜਿਨ੍ਹਾਂ ਦੇ ਮਨ ਵਿਚ ਕੌਮ ਦੀ ਏਕਤਾ ਅਤੇ ਅਖੰਡਤਾ ਦੀ ਭਾਵਨਾ ਹੈ। ਇਕ ਵੇਲੇ ਅਕਾਲੀ ਦਲ ਇਸ ਮੰਗ ਨੂੰ ਛੋੜਨ ਲਈ ਤਿਆਰ ਹੋ ਗਿਆ ਸੀ, ਪਰ ਮਗਰੋਂ ਇਸ ਨੂੰ ਫਿਰ ਸੁਰਜੀਤ ਕਰ ਦਿਤਾ ਹੈ। ਅਕਾਲੀ ਦਲ ਨੂੰ ਕੋਈ ਵੀ ਮਤਾ, ਜਿਸ ਨੂੰ ਉਹ ਚਾਹੁੰਦਾ ਹੋਵੇ, ਅਤੇ ਜਿਹੜਾ ਇਸ ਕਮਿਸ਼ਨ ਦੇ ਵਿਚਾਰ ਅਧੀਨ ਵਿਸ਼ਿਆ ਦੇ ਘੇਰੇ ਵਿਚ ਆਉਂਦਾ ਹੋਵੇ, ਸਰਕਾਰੀਆ ਕਮਿਸ਼ਨ ਸਾਹਮਣੇ ਪੇਸ਼ ਕਰਨ ਦੀ ਆਜ਼ਾਦੀ ਹੈ।

## ਅਕਾਲੀ ਦਲ ਨੇ ਕੋਈ ਭਰੋਸਾ ਨਹੀਂ ਦਵਾਇਆ

ਗਲਬਾਤ ਦੇ ਦੌਰਾਨ ਸਰਕਾਰ ਨੇ ਅਕਾਲੀ ਦੱਲ ਨੂੰ ਕਿਹਾ ਹੈ ਕਿ ਉਹ ਇਹ ਭਰੋਸਾ ਦੁਆਏ ਕਿ ਧਾਰਮਕ ਥਾਵਾਂ ਦੀ ਵਰਤੋਂ ਹਥਿਆਰ ਜਮਾਂ ਕਰਨ ਅਤੇ ਉਨ੍ਹਾਂ ਲੋਕਾਂ ਨੂੰ ਸ਼ਰਨ ਦੇਣ ਲਈ ਨਹੀਂ ਕੀਤੀ ਜਾਵੇਗੀ ਜਿਨ੍ਹਾਂ ਦੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਲੋੜ ਹੈ। ਇਹ ਭਰੋਸਾ ਦਵਾਉਣ ਲਈਂ ਵੀ ਆਖਿਆ ਗਿਆ ਸੀ ਕਿ ਧਾਰਮਕ ਗੁੱਟਾਂ ਵਿਚਕਾਰ ਝਗੜਿਆਂ ਨੂੰ ਸ਼ਾਂਤੀਪੂਰਣ ਅਤੇ ਹਿੰਸਾ ਤੋਂ ਬਿਨ੍ਹਾਂ ਹੱਲ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਭਰੋਸੇ ਨਹੀਂ ਦਵਾਏ ਗਏ। ਇਸ ਦੇ ਉਲਟ ਹਿੰਸਾ ਭੜਕ ਉਠੀ ਹੈ ਅਤੇ ਹਰਮੰਦਿਰ ਸਾਹਿਬ ਦੇ ਅਹਾਤੇ ਵਿਚ ਕਥਿਤ ਖਾਲਿਸਤਾਨ ਦੇ ਝੰਡੇ ਨੂੰ

Digitized by Panjab Digital Library | www.panjabdigilib.org

ਲਹਿਰਾਉਣ ਦੀ ਇਜਾਜ਼ਤ ਦੇ ਦਿਤੀ ਗਈ ਹੈ। ਦੇਸ਼ਧਰੋਹੀ ਦੇ ਕੰਮ ਕਰਨ ਵਾਲਿਆਂ ਨੇ ਹਾਲੀਂ ਆਤਮਸਮਰਪਣ ਕਰਨਾ ਹੈ ਤਾਂ ਜੁ ਉਨ੍ਹਾਂ ਵਿਰੁਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾ ਸਕੇ।

ਅਤੇ ਹੁਣ ਅਕਾਲੀ ਦਲ ਨੇ ਇਕ ਨਵੀਂ ਮੰਗ ਚੁਕੀ ਹੈ, ਜਿਸ ਵਿਚ ਸੰਵਿਧਾਨ ਦੀ ਧਾਰਾ 25 ਵਿਚ ਤਰਮੀਮ ਕਰਨ ਲਈ ਆਖਿਆ ਗਿਆ ਹੈ। ਇਸ ਤੋਂ ਵੀ ਵੱਧ ਸੰਵਿਧਾਨਕ ਤਰੀਕਿਆਂ ਦੇ ਮਾਧਿਅਮ ਲਾਲ ਕਿਸੀ ਤਰਮੀਮ ਦੀ ਮੰਗ ਕਰਨ ਦੀ ਬਜਾਏ ਉਨ੍ਹਾਂ ਨੇ ਸੰਵਿਧਾਨ ਦੇ ਹਿੱਸੇ ਨੂੰ ਜਲਾਉਣ ਦੇ ਪ੍ਰੋਗਰਾਮ ਦਾ ਸਹਾਰਾ ਲਿਆ ਹੈ। ਜਾਣਬੁਝ ਕੇ ਸੰਵਿਧਾਨ ਦੇ ਅਨਾਦਰ ਨਾਲ ਸਾਰੀ ਕੌਮ ਨੂੰ ਧੱਕਾ ਲਗਿਆ ਹੈ।

## ਸਰਕਾਰ ਗੱਲਬਾਤ ਲਈ ਤਿਆਰ ਹੈ

ਸਰਕਾਰ ਨੇ ਸਦਾ ਹੀ ਗੱਲਬਾਤ ਰਾਹੀਂ ਹੱਲ ਲਭੱਣ ਲਈ ਆਪਣੀ ਸਹਿਮਤੀ ਪ੍ਰਗਟ ਕੀਤੀ ਹੈ। ਇਸੀ ਭਾਵਨਾ ਨਾਲ ਸਰਕਾਰ ਨੇ ਅਕਾਲੀ ਦਲ ਨਾਲ ਗਲਬਾਤ ਵਿਚ ਸ਼ਾਮਿਲ ਹੋਣ ਦੇ ਲਈ ਵਿਰੋਧੀ ਦਲਾਂ ਦੇ ਨੇਤਾਵਾਂ ਨੂੰ ਸੱਦਾ ਦਿਤਾ ਸੀ। 14 ਫਰਵਰੀ ਨੂੰ ਹੋਇਆ ਤ੍ਰੈਧਿਰੀ ਸੰਮੇਲਨ ਇਸ ਪਾਸੇ ਵਲ ਚੁਕਿਆ ਗਿਆ ਅਜਿਹਾ ਇਕ ਹੋਰ ਕਦਮ ਸੀ।

ਤ੍ਰੈਧਿਰੀ ਗਲਬਾਤ ਵਿਚ ਜਿਸ ਮੁਖ ਮੁੱਦੇ ਉਤੇ ਗਲਬਾਤ ਹੋਈ ਸੀ ਉਹ ਇਲਾਕਿਆਂ ਨਾਲ ਸੰਬੰਧਤ ਸੀ। ਕੁਝ ਲਾਹੇਵੰਦ ਸੁਝਾ ਦਿਤੇ ਗਏ ਸਨ ਅਤੇ ਮੀਟਿੰਗ ਨੂੰ ਅਗਲੇ ਦਿਨ ਉਨ੍ਹਾਂ ਉਤੇ ਵਿਚਾਰ ਕਰਨ ਲਈ ਮੁਲਤਵੀ ਕੀਤਾ ਗਿਆ ਸੀ। ਇਸ ਦੌਰਾਨ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿਚ ਹਿੰਸਾ ਭੜਕ ਉਠੀ ਸੀ ਅਤੇ ਬੈਠਕ ਨੂੰ ਵਿਰੋਧੀ ਨੇਤਾਵਾਂ ਅਤੇ ਅਕਾਲੀ ਪ੍ਰਤਿਨਿਧਾਂ ਵਲੋਂ ਦਿਤੇ ਗਏ ਸੁਝਾਵਾਂ ਅਨੁਸਾਰ ਥੋੜ੍ਹੇ ਸਮੇਂ ਲਈ ਅੱਗੇ ਪਾ ਦਿਤਾ ਗਿਆ ਸੀ ਤਾਂ ਜੁ ਅਕਾਲੀ ਨੇਤਾ ਪੰਜਾਬ ਪਰਤ ਸਕਣ ਅਤੇ ਉਸ ਰਾਜ ਵਿਚ ਸ਼ਾਂਤੀ ਅਤੇ ਆਮ ਵਰਗੀ ਹਾਲਤ ਬਹਾਲ ਕਰਨ ਵਿਚ ਸਹਾਇਤਾ ਦੇ ਸਕਣ।

ਆਮ ਉਮੀਦ ਇਹ ਸੀ ਕਿ ਮੀਟਿੰਗ ਤਿੰਨ ਜਾਂ ਚਾਰ ਦਿਨ ਮਗਰੋਂ ਫਿਰ ਹੋਵੇਗੀ। ਅਸਲੀਅਤ ਵਿਚ ਬੈਠਕ 20 ਤਰੀਕ ਨੂੰ ਬੁਲਾਉਣ ਦੀ ਤਜਵੀਜ਼ ਸੀ ਪਰ ਸਰਕਾਰ ਨੂੰ ਉਸ ਦਿਨ ਅਕਾਲੀ ਦਲ ਦੇ ਕਥਿਤ ਫੈਸਲੇ ਦਾ ਪਤਾ ਲਗਣ ਉਤੇ ਦੁਖ ਹੋਇਆ ਕਿ ਉਹ ਅਗੋਂ ਤ੍ਰੈਧਿਰੀ ਗਲਬਾਤ ਵਿਚ ਸ਼ਾਮਿਲ ਨਹੀਂ ਹੋਵੇਗਾ। ਇਸ ਦੌਰਾਨ ਪੰਜਾਬ ਵਿਚ ਹਿੰਸਕ ਘਟਨਾਵਾਂ ਹੋਰ ਵੀ ਵਧੇਰੇ ਗਿਣਤੀ ਵਿਚ ਹੁੰਦੀਆਂ ਰਹੀਆਂ। ਹਰਿਆਣਾ ਵਿਚ ਅਨੇਕਾਂ ਥਾਵਾਂ ਤੇ ਅਚਾਨਕ ਹਿੰਸਾ ਫੈਲਣ ਨਾਲ ਹਾਲਤ ਹੋਰ ਵੀ ਵਿਗੜ ਗਈ।

## ਮੋਰਚਾ ਜਾਰੀ

ਸਤਿਕਾਰ ਯੋਗ ਮੈਂਬਰਾਂ ਨੂੰ ਪਤਾ ਹੈ ਕਿ ਅਕਾਲੀ ਦਲ ਨੇ 8 ਫਰਵਰੀ ਨੂੰ ਪੰਜਾਬ ਬੰਦ ਦਾ ਸੱਦਾ, ਆਪਣੇ ਚਲ ਰਹੇ ਮੋਰਚੇ ਦੇ ਹਿੱਸੇ ਵਜੋਂ ਦਿਤਾ ਸੀ। ਹਾਲਾਂਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਬੰਧ ਨਾਲ ਸੜਕੀ ਅਤੇ ਰੇਲ ਆਵਾਜਾਈ ਵਿਚ ਬੜਾ ਵਿਘਨ ਪਿਆ ਅਤੇ ਜਨਤਾ ਨੂੰ ਬੜੀ ਤਕਲੀਫ ਹੋਈ।

ਹਿੰਦੂ ਸੁਰਖਿਆ ਸੰਮਤੀ ਨੇ ਕੁਝ ਹੋਰ ਜਥੇਬੰਧੀਆਂ ਦੀ ਹਿਮਾਇਤ ਨਾਲ, 14 ਫਰਵਰੀ ਨੂੰ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਬੰਦ ਦਾ ਸੱਦਾ ਦਿਤਾ। ਕੁਝ ਜਥੇਬੰਧੀਆਂ ਨੇ ਬੰਦ ਦਾ ਵਿਰੋਧ ਕੀਤਾ ਅਤੇ ਕਈ ਵਾਰਦਾਤਾਂ ਅਤੇ ਹਿੰਸਾ ਦੀਆਂ ਘਟਨਾਵਾਂ ਹੋਇਆਂ। ਇਨ੍ਹਾਂ ਚੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਭੀੜ ਵਲੋਂ ਗੁੰਡਾਗਰਦੀ ਦੀ ਇਕ ਘਟਨਾ ਹੋਈ ਜਿਸ ਕਾਰਨ ਚੀਜ਼ਾਂ ਵਸਤਾਂ ਦਾ ਨੁਕਸਾਨ ਹੋਇਆ, ਜਿਸ ਨਾਲ ਇਕ ਫਿਰਕੇ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ। ਇਕ ਹੋਰ ਘਟਨਾ ਵਿਚ ਹਰਮੰਦਿਰ ਸਾਹਿਬ ਦੇ ਅਹਾਤੇ ਚੋਂ ਬਿਨ੍ਹਾਂ ਕਿਸੀ ਕਾਰਨ ਦੇ ਗੋਲੀਆਂ ਚਲਾਈਆਂ ਗਈਆਂ ਜਿਸ ਨਾਲ ਚਾਰ ਬੰਦੇ, ਜਿਨ੍ਹਾਂ ਵਿਚ ਇਕ ਬੰਦਾ ਪੁਲਿਸ ਦਾ ਵੀ ਸੀ, ਮਾਰੇ ਗਏ। ਉਸ ਦਿਨ ਹੋਏ ਝਗੜਿਆਂ ਵਿਚ 11 ਬੰਦੇ ਮਾਰੇ ਗਏ ਅਤੇ 76 ਫੱਟੜ ਹੋਏ, ਜਿਨ੍ਹਾਂ ਵਿਚ 18 ਬੰਦੇ ਪੁਲਿਸ ਦੇ ਸਨ। ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਵਿਚ ਹਾਲਤ ਵਧੇਰੇ ਕਰ ਕੇ ਸ਼ਾਂਤ ਰਹੀ।

ਪੰਜਾਬ ਅਤੇ ਹਰਿਆਣੇ ਵਿਚ ਹੋਰ ਥਾਵਾਂ ਤੇ ਕੁਝ ਵਾਰਤਾਤਾਂ ਹੋਈਆਂ। ਕਈ ਥਾਵਾਂ ਤੋਂ ਬੰਧ, ਹੜਤਾਲ ਅਤੇ ਇੱਕਾ-ਦੁੱਕਾ ਹਿੰਸਾ ਦੀਆਂ ਖਬਰਾਂ ਮਿਲੀਆਂ। 17 ਤਰੀਖ ਨੂੰ ਅੰਮ੍ਰਿਤਸਰ ਵਿਚ ਇਕ ਬੜੀ ਗੰਭੀਰ ਵਾਰਦਾਤ ਹੋਈ।

Digitized by Panjab Digital Library | www.panjabdigilib.org

ਹਰਮੰਦਿਰ ਸਾਹਿਬ ਦੇ ਅਹਾਤੇ ਤੋਂ ਡਿਊਟੀ ਉਤੇ ਤੈਨਾਤ ਪੁਲਿਸ ਦੇ ਬੰਦਿਆਂ ਉੱਪਰ ਅਕਾਰਨ ਗੋਲੀਆਂ ਚਲਾਈਆਂ ਗਈਆਂ। ਪੁਲਿਸ ਵਾਲਿਆਂ ਨੇ ਆਤਮ ਰਖਿਆ ਲਈ ਜਵਾਬੀ ਗੋਲੀਆਂ ਚਲਾਈਆਂ, ਕਾਫੀ ਸਮੇਂ ਤਕ ਰੁਕ ਰੁਕ ਕੇ ਗੋਲੀਆਂ ਚਲਾਈਆਂ ਗਈਆਂ ਜਿਸ ਕਾਰਨ ਇਲਾਕੇ ਦੇ ਲੋਕਾਂ ਵਿਚ ਗੰਭੀਰ ਤਨਾਅ ਅਤੇ ਡਰ ਪੈਦਾ ਹੋ ਗਿਆ। ਗ੍ਰਹਿ ਸਕੱਤਰ ਨੂੰ ਹਰਿਆਣਾ ਅਤੇ ਪੰਜਾਬ ਵਿਚ ਵਧੇਰੇ ਗੰਭੀਰ ਰੂਪ ਨਾਲ ਪ੍ਰਭਾਵਤ ਥਾਵਾਂ ਦਾ ਦੌਰਾ ਕਰਨ ਲਈ ਭੇਜਿਆ ਗਿਆ।

19 ਤਰੀਖ ਨੂੰ ਪਾਨੀਪਤ ਵਿਚ ਦੋ ਫਿਰਕਿਆਂ ਵਿਚਕਾਰ ਝੜਪਾਂ ਦੀ ਇਕ ਨਵੀਂ ਗੰਭੀਰ ਘਟਨਾ ਹੋਈ ਜਿਸ ਵਿਚ 8 ਬੰਦੇ ਮਾਰੇ ਗਏ। ਇਕ ਪੂਜਾ ਦੇ ਸਥਾਨ ਤੋਂ ਪੁਲਿਸ ਨੇ 46 ਬੰਦਿਆਂ ਨੂੰ ਬਚਾਇਆ। ਹਾਲਤ ਨੂੰ ਕਾਬੂ ਵਿਚ ਕਰਨ ਲਈ ਪੁਲਿਸ ਨੂੰ ਗੋਲੀ ਚਲਾਣੀ ਪਈ। ਹਰਿਆਣੇ ਵਿਚ ਅਨਿਯਮਿਤ ਫ਼ੌਜ ਛੇਤੀ ਨਾਲ ਭੇਜੀ ਗਈ। ਮੈਂ 20 ਤਰੀਖ ਨੂੰ ਹਰਿਆਣੇ ਦਾ ਦੌਰਾ ਕੀਤਾ ਅਤੇ ਮੁਖ ਮੰਤ੍ਰੀ ਅਤੇ ਲੋਕਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਦੇ ਪ੍ਰਤਿਨਿਧਾਂ ਨਾਲ ਹਾਲਤ ਦਾ ਜਾਇਜ਼ਾ ਲਿਆ। ਊਰਜਾ ਮੰਤ੍ਰੀ ਨੇ ਅੰਮ੍ਰਿਤਸਰ ਦਾ ਦੌਰਾ ਕੀਤਾ ਅਤੇ ਉਥੇ ਇਸ ਪ੍ਰਕਾਰ ਦਾ ਵਿਚਾਰ ਵਟਾਂਦਰਾ ਕੀਤਾ।

## ਅੱਤਵਾਦੀ ਅੰਸਰ

ਬਦਕਿਸਮਤੀ ਦੀ ਗੱਲ ਹੈ ਕਿ ਅੱਤਵਾਦੀ ਅੰਸਰਾਂ ਵਲੋਂ ਕੀਤੀ ਗਈ ਹਿੰਸਾ ਅਤੇ ਕਤਲਾਂ ਦੇ ਲੜੀਵਾਰ ਹਾਦਸਿਆਂ ਕਾਰਨ ਪੰਜਾਬ ਵਿਚ ਹਾਲਤ ਹੋਰ ਵੀ ਵਿਗੜ ਗਈ। 21 ਫਰਵਰੀ ਤੋਂ ਲਗਭਗ ਹਰ ਰੋਜ਼ ਕਤਲ ਹੋਏ ਅਤੇ ਹੁਣ ਤਕ ਮਿਲੀਆਂ ਖਬਰਾਂ ਅਨੁਸਾਰ 44 ਬੰਦਿਆਂ ਦੀਆਂ ਜਾਨਾਂ ਗਈਆਂ। ਫੱਟੜ ਬੰਦਿਆਂ ਦੀ ਗਿਣਤੀ 58 ਤੋਂ ਵੱਧ ਹੈ।

ਮਾਸੂਮ ਬੰਦਿਆਂ ਦੇ ਅਕਾਰਣ ਕਤਲ ਨਾਲ ਜਿੰਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਿਲ ਹਨ, ਰਾਸ਼ਟਰ ਨੂੰ ਧੱਕਾ ਲੱਗਾ ਹੈ। ਮੈਨੂੰ ਭਰੋਸਾ ਹੈ ਕਿ ਇਹ ਸਭਾ, ਮਾਰੇ ਗਏ ਬੰਦਿਆਂ ਦੇ ਪਰਵਾਰਾਂ ਦੇ ਨਾਲ ਇਕ ਵਾਰ ਫਿਰ ਹਮਦਰਦੀ ਪ੍ਰਗਟ ਕਰਨ ਅਤੇ ਆਤੰਕ ਫੈਲਾਣ ਦੀ ਕੋਸ਼ਿਸ਼ ਕਰਨ ਵਾਲੀਆਂ ਤਾਕਤਾਂ ਦੀ ਨਖੇਧੀ ਕਰਨ ਵਿਚ ਮੇਰਾ ਸਾਥ ਦੇਵੇਗੀ। ਮੈਨੂੰ ਕੋਈ ਸ਼ਕ ਨਹੀਂ ਹੈ ਕਿ ਇਹ ਸਭਾ ਹਥਿਆਰਾਂ ਨੂੰ ਰਖਣ ਅਤੇ ਕਾਨੂੰਨ ਉਤੇ ਅਮਲ ਕਰਨ ਵਾਲੀਆਂ ਏਜੰਸੀਆਂ ਵਲੋਂ ਲੋੜੀਂਦੇ ਬੰਦਿਆਂ ਨੂੰ ਸ਼ਰਨ ਦੇਣ ਲਈ ਧਾਰਮਕ ਸਥਾਨਾਂ ਦੀ ਵਰਤੋਂ ਬਾਰੇ ਨਿਖੇਧੀ ਨੂੰ ਫਿਰ ਦੋਹਰਾਏਗੀ।

## ਫਿਰਕੂ ਹਿੰਸਾ ਦੀ ਨਖੇਧੀ

ਫਿਰਕੂ ਹਿੰਸਾ, ਜਾਇਦਾਦ ਦੇ ਨੁਕਸਾਨ ਅਤੇ ਪੂਜਾ ਦੀਆਂ ਥਾਵਾਂ ਨੂੰ ਅਪਵਿੱਤਰ ਕਰਨ ਦੀ, ਭਾਵੇਂ ਉਹ ਹਿੰਦੂਆਂ ਵਲੋਂ ਕੀਤੀ ਗਈ ਹੋਵੇ ਜਾਂ ਸਿੱਖਾਂ ਵਲੋਂ ਸਖਤ ਤੋਂ ਸਖਤ ਨਖੇਧੀ ਕੀਤੀ ਜਾਣੀ ਚਾਹੀਦੀ ਹੈ। ਨਾਂ ਹੀ ਜਵਾਬੀ ਹਿੰਸਾ ਜਾਂ ਬਦਲੇ ਦੇ ਲਈ ਕੀਤੀ ਗਈ ਹਿੰਸਾ ਨੂੰ ਜਾਇਜ਼ ਕਰਾਰ ਦਿਤਾ ਜਾ ਸਕਦਾ ਹੈ। ਮੈਂ ਸਭਾ ਨੂੰ ਭਰੋਸਾ ਦਵਾਉਣਾ ਚਾਹੁੰਦਾ ਹਾਂ ਕਿ ਸਰਕਾਰ, ਹਿੰਸਾ ਨੂੰ ਖਤਮ ਕਰਨ ਲਈ ਹਰ ਸੰਭਵ ਕਦਮ ਚੁਕੇਗੀ, ਭਾਵੇਂ ਉਸ ਦੀ ਕੀਮਤ ਕੁਝ ਵੀ ਹੋਵੇ। ਪੰਜਾਬ ਵਿਚ ਅਮਨ ਕਾਨੂੰਨ ਦੇ ਢਾਂਚੇ ਨੂੰ ਸੁਆਰਨ ਅਤੇ ਮਜ਼ਬੂਤ ਕਰਨ ਲਈ ਕਾਰਵਾਈਆਂ ਕੀਤੀਆਂ ਵੀ ਜਾ ਚੁਕੀਆਂ ਹਨ ਅਤੇ ਹਿੰਸਾ ਨਾਲ, ਭਾਵੇਂ ਪੰਜਾਬ, ਹਰਿਆਣਾ ਜਾਂ ਹੋਰ ਕਿਧਰੇ ਵੀ ਹੋਵੇ, ਪੂਰੀ ਸਖਤੀ ਨਾਲ ਪੇਸ਼ ਆਉਣ ਲਈ ਸਖਤ ਹੁਕਮ ਜਾਰੀ ਕੀਤੇ ਗਏ ਹਨ। ਹਰਿਆਣੇ ਵਿਚ ਹਾਲਤ ਵਿਚ ਸੁਧਾਰ ਹੋਇਆ ਹੈ ਅਤੇ ਮੈਨੂੰ ਭਰੋਸਾ ਹੈ ਕਿ ਇਹ ਸ਼ਾਂਤ ਹੀ ਰਹੇਗੀ।

ਸਰਕਾਰ ਨੇ ਹਮੇਸ਼ਾਂ ਹੀ ਆਖਿਆ ਹੈ ਕਿ ਗਲਬਾਤ ਰਾਹੀਂ ਕਿਸੀ ਸਮਝੌਤੇ ਉਤੇ ਪਹੁੰਚਣ ਲਈ ਤਿਆਰ ਹੈ। ਫਿਰ ਵੀ ਮੈਨੂੰ ਪੂਰਾ ਭਰੋਸਾ ਹੈ ਕਿ ਸਭਾ ਅਤੇ ਰਾਸ਼ਟਰ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਝਗੜਿਆਂ ਨੂੰ ਹੱਲ ਕਰਨ ਵਿਚ ਆਤੰਕ ਅਤੇ ਹਿੰਸਾ ਤੋਂ ਕੋਈ ਫ਼ਾਇਦਾ ਨਹੀਂ ਹੋਣ ਦਿਤਾ ਜਾਵੇਗਾ।

Digitized by Panjab Digital Library | www.panjabdigilib.org

**ਅਨੈਕਸਚਰ—VI**

# 2 ਜੂਨ, 1984 ਨੂੰ ਪ੍ਰਧਾਨ ਮੰਤ੍ਰੀ ਦਾ ਕੌਮ ਦੇ ਨਾਂ ਪ੍ਰਸਾਰਣ

ਦੇਸ਼ ਵਾਸੀਓ,

ਇਨ੍ਹਾਂ ਗੁਜ਼ਰੇ ਮਹੀਨਿਆਂ ਵਿਚ ਮੇਰਾ ਦਿਲ ਬੜਾ ਦੁਖੀ ਰਿਹਾ ਹੈ। ਹਰ ਰੋਜ਼ ਵਾਪਰਦੀਆਂ ਘਟਨਾਵਾਂ ਏਸ ਦੁਖ ਵਿਚ ਵਾਧਾ ਕਰਦੀਆਂ ਹਨ। ਸਭ ਦਾ ਧਿਆਨ ਪੰਜਾਬ ਵਲ ਲਗਾ ਹੋਇਆ ਹੈ। ਸਾਰੇ ਦੇਸ਼ ਨੂੰ ਬੜੀ ਚਿੰਤਾ ਹੈ। ਇਸ ਮਾਮਲੇ ਤੇ ਵਾਰ ਵਾਰ ਚਰਚਾ ਹੋਈ ਹੈ ਤੇ ਇਹਦੇ ਤੇ ਵਿਚਾਰ ਕੀਤੀ ਗਈ ਹੈ ਪਰ ਫੇਰ ਵੀ ਇਹ ਪ੍ਰਭਾਵ ਪੈਦਾ ਕੀਤਾ ਗਿਆ ਹੈ ਕਿ ਇਹਦੇ ਨਾਲ ਨਜਿਠਿਆ ਨਹੀਂ ਜਾ ਰਿਹਾ। ਮੇਰੇ ਸਾਥੀਆਂ ਨੇ ਤੇ ਮੈਂ, ਪਾਰਲੀਮੈਂਟ ਵਿਚ ਤੇ ਬਾਹਰ ਵਾਰ ਵਾਰ ਇਹ ਸਪੱਸ਼ਟ ਕੀਤਾ ਕਿ ਸਰਕਾਰ ਅਕਾਲੀ ਦਲ ਵਲੋਂ ਐਜ਼ੀਟੇਸ਼ਨ ਸ਼ੁਰੂ ਕਰਨ ਸਮੇਂ ਪੇਸ਼ ਕੀਤੀਆਂ ਗਈਆਂ ਸਭ ਵਾਜਬੀ ਮੰਗਾਂ ਮੰਨਣ ਨੂੰ ਤਿਆਰ ਹੈ ਪਰ ਨਿੱਤ ਨਵੀਆਂ ਮੰਗਾਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਮੰਦੇ ਭਾਗਾਂ ਨੂੰ ਜਾਪਦਾ ਹੈ ਕਿ ਐਜ਼ੀਟੇਸ਼ਨ ਦੀ ਅਗਵਾਈ ਕੁਝ ਕੱਟੜ ਪੰਥੀਆਂ ਤੇ ਦਹਿਸ਼ਤ ਪਸੰਦਾਂ ਦੇ ਹੱਥ ਵਿਚ ਆ ਗਈ ਹੈ, ਜਿਨ੍ਹਾਂ ਦੇ ਅਪਣਾ ਮਕਸਦ ਪੂਰਾ ਕਰਨ ਦੇ ਸਾਧਨ ਹਨ ਕਤਲ ਕਰਨੇ, ਅਗਾਂ ਲਾਣੀਆਂ ਤੇ ਲੁੱਟ ਮਾਰ ਕਰਨੀ। ਰਾਜ ਵਿਚ ਵੱਡੇ ਪੈਮਾਨੇ ਤੇ ਤਸ਼ੱਦਦ ਅਤੇ ਦਹਿਸ਼ਤਵਾਦ ਦੀਆਂ ਵਾਰਦਾਤਾਂ ਹੋ ਰਹੀਆਂ ਹਨ।

ਆਓ ਅਸੀਂ ਇਨ੍ਹਾਂ ਮਾਮਲਿਆਂ ਤੇ ਸਵਾਲਾਂ ਨੂੰ ਠੀਕ ਪਿਛੋਕੜ ਵਿਚ ਵੇਖੀਏ। 1981 ਵਿਚ ਅਕਾਲੀ ਦਲ ਨੇ ਬਹੁਤ ਸਾਰੀਆਂ ਮੰਗਾਂ ਪੇਸ਼ ਕੀਤੀਆਂ। ਉਨ੍ਹਾਂ ਦਾ ਮੈਮੋਰੈਂਡਮ ਮਿਲਦਿਆਂ ਸਾਰ ਮੈਂ ਉਨ੍ਹਾਂ ਨਾਲ ਗੱਲਬਾਤ ਸ਼ੁਰੂ ਕੀਤੀ। ਉਦੋਂ ਤੋਂ ਲੈ ਕੇ ਗੱਲਬਾਤ ਤੇ ਸਲਾਹ ਮਸ਼ਵਰੇ ਦੇ ਸਿਲਸਿਲੇ ਵਿਚ ਸਰਕਾਰ ਵਲੋਂ ਵਿਘਨ ਨਹੀਂ ਪਿਆ। ਸ਼ੁਰੂ ਤੋਂ ਅਸੀਂ ਇਨ੍ਹਾਂ ਸਵਾਲਾਂ ਨੂੰ ਕੌਮੀ ਨਜ਼ਰੀਏ ਨਾਲ ਵੇਖਿਆ ਜੋ ਪਾਰਟੀਆਂ ਦੇ ਸੌੜੇ ਹਿਤਾਂ ਤੋਂ ਉਤੇ ਹੈ। ਅਸੀਂ ਵਿਰੋਧੀ ਪਾਰਟੀਆਂ ਨੂੰ ਵਿਸ਼ਵਾਸ ਵਿਚ ਲਿਆ ਤੇ ਇਕ ਐਸਾ ਹੱਲ ਲੱਭਣ ਦੇ ਯਤਨ ਵਿਚ, ਜੋ ਵੱਧ ਤੋਂ ਵੱਧ ਲੋਕਾਂ ਨੂੰ ਪਰਵਾਨ ਹੋਵੇ, ਉਨ੍ਹਾਂ ਨੂੰ ਵੀ ਗੱਲਬਾਤ ਨਾਲ ਸੰਬੰਧਿਤ ਕੀਤਾਂ।

ਗੱਲਬਾਤ ਦੇ ਇਸ ਸਿਲਸਿਲੇ ਦੇ ਦੌਰਾਨ ਸਾਡਾ ਰਵੱਈਆ ਇਹੋ ਰਿਹਾ ਕਿ ਸਭ ਵਾਜਬੀ ਮੰਗਾਂ ਮੰਨੀਆਂ ਜਾਣ। ਪੰਜਾਬ ਵਿਚ ਅਸ਼ਾਂਤੀ ਤੇ ਤੱਸ਼ਦਦ ਦਾ ਕਿਸੇ ਨੂੰ ਫਾਇਦਾ ਨਹੀਂ, ਸਿਵਾਏ ਉਨ੍ਹਾਂ ਲੋਕਾਂ ਦੇ ਜੋ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਢਾਹ ਲਾਣਾ ਚਾਹੁੰਦੇ ਹਨ। ਇਹਨਾਂ ਕੌਮੀ ਹਿੱਤਾਂ ਦੇ ਪਿਛੋਕੜ ਵਿੱਚ ਅਸੀਂ ਝਗੜੇ ਵਾਲੇ ਦਾਅਵਿਆਂ ਤੇ ਜਵਾਬੀ ਦਾਅਵਿਆਂ ਬਾਰੇ ਇਕ ਆਮ ਰਾਏ ਪੈਦਾ ਕਰਨ ਦੇ ਯਤਨ ਕਰਦੇ ਰਹੇ ਹਾਂ।

ਕੁਝ ਲੋਕ ਪੁੱਛਦੇ ਹਨ ਕਿ ਫੇਰ ਕੋਈ ਆਖਰੀ ਹਲ ਕਿਉਂ ਨਹੀਂ ਲੱਭਾ? ਅਸਲ ਵਿਚ ਇਹ ਸਵਾਲ ਉਨ੍ਹਾਂ ਲੋਕਾਂ ਕੋਲੋਂ ਪੁਛਿਆ ਜਾਣਾ ਚਾਹੀਦਾ ਹੈ ਜੋ ਮੋਰਚੇ ਅਤੇ ਬੰਦ ਛੱਡਣ ਨੂੰ ਤਿਆਰ ਨਹੀਂ। ਜਿਹੜੀਆਂ ਮੰਗਾਂ ਦਾ ਦੂਜੇ ਰਾਜਾਂ ਦੇ ਹੱਕਾਂ ਉਤੇ ਕੋਈ ਅਸਰ ਨਹੀਂ ਪੈਂਦਾ ਹੈ ਜਾਂ ਜੋ ਵੱਡੇ ਢਾਂਚੇ ਅੰਦਰ ਆ ਸਕਦੀਆਂ ਹਨ, ਉਹ ਮੰਗਾਂ ਮੰਨਣ ਵਿੱਚ ਸਰਕਾਰ ਨੂੰ ਕੋਈ ਝਿਜਕ ਨਹੀਂ। ਮਿਸਾਲ ਵਜੋਂ ਸਰਕਾਰ ਨੇ ਅਕਾਲੀ ਦਲ ਦੀਆਂ ਉਹ ਸੱਭ ਮੰਗਾਂ ਮੰਨ ਲਈਆਂ ਹਨ ਜਿਨ੍ਹਾਂ ਨੂੰ ਆਮ ਕਰਕੇ "ਧਾਰਮਕ" ਆਖਿਆ ਜਾਂਦਾ ਹੈ। ਤੇ ਇਸ ਉਤੇ ਅਮਲ ਵਾਸਤੇ ਕਾਰਵਾਈ ਸ਼ੁਰੂ ਕੀਤੀ ਗਈ ਹੈ। ਅੰਮ੍ਰਿਤਸਰ ਸ਼ਹਿਰ ਦੇ ਅੰਦਰਲੇ ਨਿਸਚਿਤ ਇਲਾਕਿਆਂ ਵਿਚ ਤਮਾਕੂ, ਸ਼ਰਾਬ ਤੇ ਮਾਂਸ ਵੇਚਣ ਦੀ ਮਨਾਹੀ ਕਰ ਦਿੱਤੀ ਗਈ ਹੈ। ਸਰਕਾਰ ਨੇ ਇਹ

Digitized by Panjab Digital Library | www.panjabdigilib.org

ਮੰਨ ਲਿਆ ਹੈ ਕਿ ਦਰਬਾਰ ਸਾਹਿਬ ਅੰਦਰ ਹੁੰਦਾ ਕੀਰਤਨ ਅਕਾਸ਼ਵਾਣੀ ਤੋਂ ਸਿਧਾ ਰਿਲੇ ਕਰਨ ਦੇ ਪ੍ਰਬੰਧ ਕੀਤੇ ਜਾਣਗੇ। ਪਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਅਜੇ ਤਕ ਇਹਦੇ ਲਈ ਦਰਬਾਰ ਸਾਹਿਬ ਅੰਦਰ ਲੋੜੀਦੀਆਂ ਸਹੂਲਤਾਂ ਦੇਣਾ ਨਹੀਂ ਮੰਨਿਆ। ਸਿੱਖ ਯਾਤਰੀਆਂ ਨੂੰ ਦੇਸ਼ ਅੰਦਰਲੀਆਂ ਹਵਾਈ ਉਡਾਨਾਂ ਤੇ ਸਭ ਦੀ ਸਹਿਮਤੀ ਨਾਲ ਭਾਹਿ ਹੋਏ ਸਾਈਜ਼ ਦੀ ਕਿਰਪਾਨ ਲੈ ਜਾਣ ਦੀ ਖੁੱਲ ਦਿੱਤੀ ਗਈ ਹੈ। ਸਰਕਾਰ ਨੇ ਇਹ ਵੀ ਮੰਨ ਲਿਆ ਹੈ ਕਿ ਭਾਰਤ ਵਿਚ ਇਤਿਹਾਸਕ ਗੁਰਦਵਾਰਿਆਂ ਲਈ ਇਕ ਸਰਬ ਭਾਰਤੀ ਗੁਰਦਵਾਰਾ ਬਿਲ ਤਿਆਰ ਕਰਨ ਬਾਰੇ ਵਿਚਾਰ ਕੀਤੀ ਜਾਏਗੀ ਤੇ ਵੱਖ ਵੱਖ ਸੰਬੰਧਿਤ ਧਿਰਾਂ ਨਾਲ ਸੋਚ ਵਿਚਾਰ ਸ਼ੁਰੂ ਕੀਤੀ ਗਈ।

ਸੰਵਿਧਾਨ ਦੀ ਧਾਰਾ 25 ਵਿਚ ਤਰਮੀਮ ਦੀ ਮੰਗ ਅਸਲ ਲਿਸਟ ਵਿਚ ਸ਼ਾਮਲ ਨਹੀਂ ਸੀ। ਪਰ ਅਸੀਂ ਕਾਨੂੰਨੀ ਰਵੱਈਆ ਨਹੀਂ ਅਪਨਾਣਾਂ ਚਾਹੁੰਦੇ ਸਾਂ। ਜਦੋਂ ਬਾਅਦ ਵਿਚ ਇਹ ਮੰਗ ਪੇਸ਼ ਕੀਤੀ ਗਈ ਤਾਂ ਇਹਦੇ ਤੇ ਜ਼ੋਰ ਦੇਣ ਲਈ ਸੰਵਿਧਾਨ ਦੀਆਂ ਕਾਪੀਆਂ ਸਾੜੇ ਜਾਣ ਦੀ ਬਹੁਤ ਅਫਸੋਸਨਾਕ ਐਜੀਟੇਸ਼ਨ ਸ਼ੁਰੂ ਕੀਤੇ ਜਾਣ ਦੇ ਬਾਵਜੂਦ ਸਰਕਾਰ ਨੇ ਪੇਸ਼ਕਸ਼ ਕੀਤੀ ਕਿ ਉਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਸਿੱਖਾਂ ਦੇ ਹੋਰਨਾਂ ਨੁਮਾਇੰਦਿਆਂ ਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਧਾਰਾ 25(2) (ਬੀ) ਵਿਚ ਤਰਮੀਮ ਰਾਹੀਂ ਐਸਾ ਕਾਨੂੰਨ ਪਾਸ ਕਰਨ ਨੂੰ ਤਿਆਰ ਹੈ, ਜਿਸ ਨਾਲ ਇਸ ਸਿਲਸਿਲੇ ਵਿਚ ਸ਼ੱਕ ਸ਼ੁਬੇ ਦੂਰ ਹੋ ਸਕਣ।

ਕੇਂਦਰੀ ਸਰਕਾਰ ਤੇ ਰਾਜਾਂ ਦੇ ਸੰਬੰਧਾਂ ਦੇ ਸਵਾਲ ਤੇ ਜਸਟਿਸ ਰਣਜੀਤ ਸਿੰਘ ਸਰਕਾਰੀਆ ਅਧੀਨ ਇਕ ਉੱਚਪੱਧਰੀ ਕਮਿਸ਼ਨ ਕਾਇਮ ਕੀਤਾ ਜਾ ਚੁੱਕਾ ਹੈ। ਅਸੀਂ ਅਕਾਲੀ ਦਲ ਨੂੰ ਆਖਿਆ ਹੈ ਕਿ ਉਹ ਇਸ ਵਿਸ਼ੇ ਤੇ ਕੋਈ ਵੀ ਸੁਝਾਅ, ਜੋ ਕਮਿਸ਼ਨ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੋਵੇ, ਉਸਨੂੰ ਪੇਸ਼ ਕਰ ਸਕਦੇ ਹਨ।

ਬਾਕੀ ਦੀਆਂ ਦੋ ਮੰਗਾਂ ਨਾਲ ਪੰਜਾਬ ਤੋਂ ਇਲਾਵਾ ਹੋਰ ਰਾਜ ਵੀ ਸੰਬੰਧਿਤ ਹਨ। ਇਹ ਦਰਿਆਈ ਪਾਣੀ ਤੇ ਇਲਾਕਿਆਂ ਬਾਰੇ ਹਨ। ਦਰਿਆਈ ਪਾਣੀ ਦੇ ਸਵਾਲ ਬਾਰੇ ਸਰਕਾਰ ਨੇ ਇਹ ਮੰਨ ਲਿਆ ਕਿ ਰਾਵੀ ਬਿਆਸ ਦੇ ਵਾਧੂ ਪਾਣੀ ਬਾਰੇ ਪੰਜਾਬ ਤੇ ਹਰਿਆਣੇ ਵਿਚਕਾਰ ਝਗੜਾ ਸੁਪਰੀਮ ਕੋਰਟ ਦੇ ਜੱਜ ਦੀ ਪ੍ਰਧਾਨਗੀ ਹੇਠ ਇਕ ਟਰੀਬਿਊਨਲ ਨੂੰ ਸੌਂਪਿਆ ਜਾਏ। ਸਰਕਾਰ, ਅਕਾਲੀ ਦਲ ਤੇ ਵਿਰੋਧੀ ਧਿਰ ਦੇ ਨੁਮਾਇੰਦਿਆਂ ਵਿਚਕਾਰ ਇਕ ਤਿੰਨ ਧਿਰੀ ਮੀਟਿੰਗ ਵਿਚ ਇਸ ਬਾਰੇ ਸਹਿਮਤੀ ਹੋ ਗਈ। ਪਰ ਅਕਾਲੀ ਦਲ ਹੁਣ ਰਾਜਸਥਾਨ ਨਾਲ ਪਾਣੀ ਦੀ ਵੰਡ ਬਾਰੇ 1955 ਵਿਚ ਹੋਏ ਫੈਸਲਿਆਂ ਨੂੰ ਵੀ ਫੇਰ ਖੋਲਣਾ ਚਾਹੁੰਦਾ ਹੈ ਤੇ ਉਸਨੇ ਜਮਨਾ ਦੇ ਪਾਣੀ ਦਾ ਸਵਾਲ ਵੀ ਉਠਾਇਆ ਹੈ।

ਇਲਾਕਾਈ ਝਗੜਿਆਂ ਬਾਰੇ ਮੈਂ ਵਾਰ ਵਾਰ ਇਹ ਆਖ ਚੁੱਕੀ ਹਾਂ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ, ਬਸ਼ਰਤੇ ਕਿ ਹਰਿਆਣਾ ਨੂੰ ਹਿੰਦੀ ਬੋਲਦੇ ਇਲਾਕਿਆਂ ਦਾ ਉਹਦਾ ਜਾਇਜ਼ ਹਿੱਸਾ ਮਿੱਲੇ। ਸਾਡੀ ਪੂਰੀ ਕੋਸ਼ਿਸ਼ ਦੇ ਬਾਵਜੂਦ ਦੋਵੇਂ ਰਾਜ ਇਧਰ ਉਧਰ ਦਿੱਤੇ ਜਾਣ ਵਾਲੇ ਇਲਾਕਿਆਂ ਬਾਰੇ ਕਿਸੇ ਸਮਝੌਤੇ ਤੇ ਨਹੀਂ ਪਹੁੰਚ ਸਕੇ। ਸਰਕਾਰ ਨੇ ਸੁਝਾਅ ਦਿਤਾ ਸੀ ਕਿ ਚੰਡੀਗੜ੍ਹ ਤੇ ਅਬੋਹਰ ਫਾਜ਼ਿਲਕਾ ਸਮੇਤ, ਸਮੁੱਚਾ ਇਲਾਕਾਈ ਝਗੜਾ ਇਕ ਕਮਿਸ਼ਨ ਦੇ ਸਪੁਰਦ ਕੀਤਾ ਜਾਏ ਜਿਸਦਾ ਫੈਸਲਾ ਦੋਹਾਂ ਰਾਜਾਂ ਲਈ ਮੰਨਣਾ ਲਾਜ਼ਮੀ ਹੋਵੇ। ਮੰਦੇ ਭਾਗਾਂ ਨੂੰ ਅਕਾਲੀ ਦਲ ਨੇ ਚੰਡੀਗੜ੍ਹ ਬਦਲੇ ਕੁਝ ਇਲਾਕੇ ਹਰਿਆਣੇ ਨੂੰ ਦੇਣ ਜਾ ਇਹ ਸਮੁੱਚਾ ਝਗੜਾ ਇਕ ਕਮਿਸ਼ਨ ਦੇ ਸਪੁਰਦ ਕੀਤੇ ਜਾਣ ਸੰਬੰਧੀ ਸਾਡੇ ਸੁਝਾਅ ਪ੍ਰਵਾਨ ਨਹੀਂ ਕੀਤੇ।

ਮੈਂ ਅਕਾਲੀ ਦਲ ਦੀਆਂ ਵੱਖ ਵੱਖ ਮੰਗਾਂ ਅਤੇ ਉਨ੍ਹਾਂ ਬਾਰੇ ਸਰਕਾਰ ਦੇ ਪੱਖ ਦਾ ਵਿਸਥਾਰਪੂਰਵਕ ਜ਼ਿਕਰ ਸਿਰਫ ਇਸ ਲਈ ਕੀਤਾ ਹੈ ਤਾਂ ਜੋ ਕੁਝ ਲੋਕਾਂ ਅੰਦਰ ਪੈਦਾ ਹੋਇਆ ਇਹ ਪ੍ਰਭਾਵ ਦੂਰ ਕੀਤਾ ਜਾਏ ਕਿ ਸਰਕਾਰ ਨੇ ਕਿਸੇ ਸਮਝੌਤੇ ਤੇ ਪਹੁੰਚਣ ਲਈ ਕਾਫੀ ਯਤਨ ਨਹੀਂ ਕੀਤੇ। ਕੀ ਮੈਂ ਇਹ ਪੁੱਛ ਸਕਦੀ ਹਾਂ ਕਿ ਜਦੋਂ ਝਗੜਿਆਂ ਦਾ ਇਕ ਤੋਂ ਬਹੁਤੇ ਰਾਜਾਂ ਨਾਲ ਸਬੰਧ ਹੋਵੇ ਤਾਂ ਕੋਈ ਵੀ ਸਰਕਾਰ ਇਸ ਤੋਂ ਵੱਧ ਹੋਰ ਕੀ ਕਰ ਸਕਦੀ ਹੈ। ਜੋ ਹਕੀਕਤ ਸਾਹਮਣੇ ਆਈ ਹੈ ਉਹ ਇਹ ਨਹੀਂ ਕਿ ਅਕਾਲੀ ਦਲ ਦੀਆਂ ਵੱਖ ਵੱਖ ਮੰਗਾਂ ਬਾਰੇ ਸਰਕਾਰ ਵਲੋਂ ਪੇਸ਼ ਕੀਤੀਆਂ ਗਈਆਂ ਨਬੇੜੇ ਦੀਆਂ ਸ਼ਰਤਾਂ ਵਾਜਬੀ ਹਨ ਜਾਂ ਨਹੀਂ। ਹਕੀਕਤ ਇਹ ਹੈ ਕਿ ਇਹ ਐਜੀਟੇਸ਼ਨ ਹੁਣ ਉਨ੍ਹਾਂ ਲੋਕਾਂ ਦੇ ਹੱਥ ਵਿਚ ਆ ਗਈ ਹੈ ਜਿਨ੍ਹਾਂ ਨੂੰ ਸਾਡੇ ਦੇਸ਼ ਦੀ ਏਕਤਾ

Digitized by Panjab Digital Library | www.panjabdigilib.org

ਤੇ ਅਖੰਡਤਾ ਦਾ ਕੋਈ ਖਿਆਲ ਨਹੀਂ ਤੇ ਨਾ ਹੀ ਜਨਤਾ ਅਮਨ ਤੇ ਮਿਲ-ਰਹਿਣੀ ਦੀ ਜਾਂ ਪੰਜਾਬ ਦੀ ਲਗਾਤਾਰ ਆਰਥਕ ਉੱਨਤੀ ਦੀ ਕੋਈ ਚਿੰਤਾ ਹੈ। ਹਰ ਤੀਜੇ ਚੌਥੇ ਮਹੀਨੇ ਇਕ ਨਵਾਂ ਮੋਰਚਾ ਸ਼ੁਰੂ ਕੀਤਾ ਜਾਂਦਾ ਹੈ ਅਤੇ ਪੰਜਾਬ ਵਿਚ ਦੁਖ ਅਤੇ ਝਗੜੇ ਵਾਲਾ ਮਾਹੌਲ ਬਣ ਜਾਂਦਾ ਹੈ। ਦਹਿਸ਼ਤਪਸੰਦਾਂ ਤੇ ਕੌਮ ਵਿਰੋਧੀ ਅਨਸਰਾਂ ਦਾ ਬੋਲਬਾਲਾ ਹੈ। ਨਿਰਦੋਸ਼ ਲੋਕ ਹਿੰਦੂ ਤੇ ਸਿੱਖ ਮਾਰੇ ਗਏ ਹਨ। ਅਗਾਂ ਲਾਉਣ ਆਤਸ਼ਜਨੀ, ਲੁੱਟਮਾਰ ਤੇ ਭੰਨਤੋੜ ਦੀਆਂ ਕਾਰਵਾਈਆਂ ਹੋ ਰਹੀਆਂ ਹਨ। ਪਵਿਤੱਰ ਧਾਰਮਿਕ ਅਸਥਾਨ ਮੁਜਰਮਾਂ ਤੇ ਕਾਤਲਾਂ ਲਈ ਪਨਾਹ - ਥਾਹਵਾਂ ਬਣ ਗਏ ਹਨ। ਪੂਜਾ ਦੇ ਇਕ ਸਥਾਨ ਵਜੋਂ ਉਨ੍ਹਾਂ ਦੀ ਪਵਿਤਰਤਾ ਭੰਗ ਹੋ ਰਹੀ ਹੈ। ਇਕ ਗਿਣ ਸਿਥ ਕੇ ਕੀਤੀ ਬਾਕਾਇਦਾ ਮੁਹਿੰਮ ਰਾਹੀਂ ਹਿੰਦੂਆਂ ਤੇ ਸਿੱਖਾਂ ਵਿਚਕਾਰ ਨਫ਼ਰਤ ਫੈਲਾਈ ਜਾ ਰਹੀ ਹੈ। ਸਭ ਤੋਂ ਮਾੜੀ ਗੱਲ ਇਹ ਹੈ ਕਿ ਪਵਿੱਤਰ ਅਸਥਾਨਾਂ ਵਿਚ ਲੁੱਕੇ ਹੋਏ ਕੁਝ ਲੋਕ ਸਾਡੀ ਮਾਤ ਭੂਮੀ ਦੀ ਏਕਤਾ ਤੇ ਅਖੰਡਤਾ ਨੂੰ ਖੁਲ੍ਹੇਆਮ ਵੰਗਾਰ ਰਹੇ ਹਨ।

ਇਸ ਵਿਗੜੇ ਹੋਏ ਮਾਹੌਲ ਦੇ ਬਾਵਜੂਦ ਅਸੀਂ ਅਕਾਲੀ ਲੀਡਰਾਂ ਨਾਲ ਇਸ ਆਸ ਤੇ ਗੱਲਬਾਤ ਜਾਰੀ ਰੱਖੀ ਕਿ ਕੋਈ ਸਮਝੌਤਾ ਹੋ ਜਾਏਗਾ। ਪਰ ਸਾਨੂੰ ਬੜੀ ਮਾਯੂਸੀ ਹੋਈ ਕਿ ਮਾਮਲਾ ਹੱਲ ਨਹੀਂ ਹੋ ਸਕਿਆ। ਜਦੋਂ ਵੀ ਕੋਈ ਫੈਸਲਾ ਹੁੰਦਾ ਨਜ਼ਰ ਆਇਆ ਇਨ੍ਹਾਂ ਨਵੀਆਂ ਮੰਗਾਂ ਲੈ ਆਉਂਦੀਆਂ ਜਾਂ ਪਹਿਲਾਂ ਤੈਅ ਹੋ ਚੁੱਕੇ ਮਾਮਲਿਆਂ ਬਾਰੇ ਆਪਣਾ ਰਵੱਈਆਂ ਸਖਤ ਬਣਾ ਲਿਆ। ਜਿਨ੍ਹਾਂ ਲੀਡਰਾਂ ਨੇ ਇਹ ਐਜੀਟੇਸ਼ਨ ਸ਼ੁਰੂ ਕੀਤੀ ਸੀ ਜਾਪਦਾ ਹੈ ਉਨ੍ਹਾਂ ਅੰਦਰ ਇਹਦੇ ਸਿੱਟਿਆਂ ਨੂੰ ਕਾਬੂ ਵਿਚ ਰੱਖਣ ਦੀ ਇੱਛਾ ਤੇ ਸ਼ਕਤੀ ਨਹੀਂ ਰਹੀ।

ਏਸ ਨਵੀਂ ਹਾਲਤ ਵਿਚ ਅਸੀਂ ਕੀ ਕਰੀਏ? ਮੈਂ ਦੋ ਨੁਕਤੇ ਸਪਸ਼ਟ ਕਰਨਾ ਚਾਹੁੰਦੀ ਹਾਂ। ਪਹਿਲਾ ਇਹ ਕਿ ਪਿਛਲੇ ਦੋ ਵਰ੍ਹੇ ਅਕਾਲੀ ਦਲ ਦੇ ਨੁਮਾਇੰਦਿਆਂ ਨਾਲ ਗਲਬਾਤ ਤੇ ਸੋਚ ਵਿਚਾਰ ਦੇ ਦੌਰਾਨ ਹੋਈ ਨਿਰਾਸਤਾ ਦੇ ਬਾਵਜੂਦ ਮੈਂ ਅਜੇ ਵੀ ਉਹਨਾਂ ਨੂੰ ਅਪੀਲ ਕਰਦੀ ਹਾਂ ਕਿ ਉਹ ਸਰਕਾਰ ਵਲੋਂ ਤਜਵੀਜ਼ ਕੀਤਾ ਗਿਆ ਫ਼ੈਸਲੇ ਦਾ ਢਾਂਚਾ ਪਰਵਾਨ ਕਰ ਲੈਣ। ਜੇ ਕਿਸੇ ਸਵਾਲ ਬਾਰੇ ਕੋਈ ਭੁਲੇਖੇ ਜਾਂ ਸ਼ੱਕ ਰਹਿ ਜਾਂਦੇ ਨੇ ਤਾਂ ਸਾਨੂੰ ਮਿਲਬਹਿ ਕੇ ਗੱਲਬਾਤ ਰਾਹੀਂ ਉਹਨਾਂ ਦਾ ਕੋਈ ਹੱਲ ਲੱਭਣਾ ਚਾਹੀਦਾ ਹੈ। ਇਕ ਲੋਕਰਾਜ ਵਿਚ ਮਸਲੇ ਹੱਲ ਕਰਨ ਦਾ ਇੱਕੋ ਇਕ ਠੀਕ ਰਾਹ ਸੋਚ ਵਿਚਾਰ ਹੀ ਹੈ। ਦੂਜਾ ਸਰਕਾਰ ਅਣ-ਨਜਿੱਠੇ ਸਭ ਮਸਲੇ ਗਲ ਬਾਤ ਰਾਹੀਂ ਨਜਿੱਠਣ ਲਈ ਪਾਬੰਦ ਹੈ। ਪਰ ਇਹ ਗੱਲ ਸਮਝ ਲਈ ਜਾਣੀ ਚਾਹੀਦੀ ਹੈ ਕਿ ਕੋਈ ਵੀ ਸਰਕਾਰ ਮਸਲੇ ਹੱਲ ਕਰਨ ਵਿਚ ਤਸ਼ਦੱਦ ਤੇ ਦਹਿਸ਼ਤ-ਪ੍ਰਸਤੀ ਦੇ ਦਬਾਅ ਹੇਠ ਕੋਈ ਗੱਲ ਨਹੀਂ ਮੰਨ ਸਕਦੀ। ਅਜਿਹੀਆਂ ਸਮਾਜ ਵਿਰੋਧੀ ਤੇ ਕੌਮ ਵਿਰੋਧੀ ਕਾਰਵਾਈਆਂ ਕਰਨ ਵਾਲਿਆਂ ਨੂੰ ਏਸ ਬਾਰੇ ਕਿਸੇ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ।

ਆਪਣੇ ਸਿੱਖ ਭਰਾਵਾਂ ਤੇ ਭੈਣਾਂ ਨੂੰ ਭਾਵੇਂ ਉਹ ਪੰਜਾਬ ਵਿਚ ਨੇ, ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਨੇ ਜਾਂ ਭਾਰਤ ਤੋਂ ਬਾਹਰ ਨੇ ਮੈਂ ਇਕ ਖਾਸ ਗੱਲ ਆਖਣਾ ਚਾਹੁੰਦੀ ਹਾਂ। ਭਾਰਤ ਦੇਸ਼, ਹਿੰਦੂਆਂ, ਮੁਸਲਮਾਨਾਂ, ਈਸਾਈਆਂ, ਸਿੱਖਾਂ, ਬੋਧੀਆਂ, ਜੈਨੀਆਂ, ਪਾਰਸੀਆਂ ਤੇ ਹੋਰਨਾਂ ਸਭ ਦਾ ਇੱਕੋ ਜਿਹਾ ਹੈ। ਇਹਨਾਂ ਸਭ ਤੇ ਇੱਕੋ ਜਿਹੇ ਹੱਕ ਨੇ ਤੇ ਸਭ ਇੱਕੋ ਜਿਹੀ ਇੱਜ਼ਤ ਤੇ ਹਿਫਾਜ਼ਤ ਮੁਹੱਈਆ ਹੋਣੀ ਚਾਹੀਦੀ ਹੈ। ਸਿੱਖ ਮੱਤ ਵੱਖ ਵੱਖ ਧਰਮਾਂ ਦੇ ਲੋਕਾਂ ਨੂੰ ਇਕ ਕਰਨ ਲਈ ਹੀ ਪੈਦਾ ਹੋਇਆ ਸੀ। ਗੁਰੂ ਨਾਨਕ ਦੇਵ ਜੀ ਦਾ ਜੀਵਨ ਸਹਿਨ ਸ਼ੀਲਤਾ ਦਾ ਪ੍ਰਤੀਕ ਸੀ। ਮਹਾਨ ਗੁਰੂ ਨੇ ਪਿਆਰ ਤੇ ਭਾਈਚਾਰੇ ਦੀ ਸਿੱਖਿਆ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਵੀ ਸੱਚ ਤੇ ਦਇਆ ਹੈ। ਕੌਮੀ ਆਜ਼ਾਦੀ ਦੇ ਲੰਮੇ ਤੇ ਸ਼ਾਨਦਾਰ ਘੋਲ ਵਿਚ ਪੰਜਾਬ ਨੇ ਤੇ ਸਿੱਖਾਂ ਨੇ ਵੱਡਾ ਹਿੱਸਾ ਪਾਇਆ। ਇਹ ਨਹੀਂ ਹੋਣਾ ਚਾਹੀਦਾ ਕਿ ਸਿੱਖਾਂ ਦੀ ਇਕ ਬਹੁਤ ਥੋੜੀ ਜਹੀ ਘੱਟ ਗਿਣਤੀ ਉਹਨਾਂ ਸਭ ਅਸੂਲਾਂ ਨੂੰ ਪੈਰਾਂ ਹੇਠ ਮਧੋਲ ਦਏ ਜਿਨ੍ਹਾ ਲਈ ਸਿੱਖ ਮੱਤ ਪ੍ਰਸਿੱਧ ਹੈ ਤੇ ਇਕ ਬਹਾਦਰ ਤੇ ਦੇਸ਼ ਭਗਤ ਕੌਮ ਦਾ ਨਾਂ ਬਦਨਾਮ ਕਰੇ।

ਇਹ ਗੁਸੇ ਵਿਚ ਆਉਣ ਦਾ ਵਕਤ ਨਹੀਂ। ਬੜਾ ਲਹੂ ਡੁੱਲ੍ਹ ਚੁੱਕਾ ਹੈ। ਤਸ਼ੱਦਦ ਦਾ ਸਿੱਟਾ ਜਵਾਬੀ ਤਸ਼ੱਦਦ ਹੁੰਦਾ ਹੈ ਅਤੇ ਜਾਪਦਾ ਹੈ ਕਿ ਕੁਝ ਗੁਮਰਾਹ ਹਿੰਦੂ ਇਹ ਸੋਚਦੇ ਨੇ ਕਿ ਦਹਿਸ਼ਤ ਪ੍ਰਸਤੀ ਦਾ ਮੁਕਾਬਲਾ ਇਵੇਂ ਹੀ ਕੀਤਾ ਜਾ ਸਕਦਾ ਹੈ। ਅਜਿਹੇ ਵਿਚਾਰਾਂ ਤੇ ਅਮਲਾਂ ਤੋਂ ਵਧੇਰੇ ਬੇਸਮਝੀ ਵਾਲੀ ਤੇ ਖਤਰਨਾਕ ਹੋਰ ਕੋਈ ਗੱਲ ਨਹੀਂ। ਅਸਾਂ ਭਵਿੱਖ ਬਾਰੇ ਆਪਣੀ ਜ਼ੁੰਮੇਵਾਰੀ ਨੂੰ ਨਵੇਂ ਸਿਰਿਉਂ ਸਮਝਣਾ ਹੈ—ਇਕ ਐਸਾ ਭਵਿੱਖ ਜਿਸ ਤੇ ਸਭ ਮਾਣ ਕਰ ਸਕਣ। ਅੱਜ ਮੈਂ ਤੁਹਾਨੂੰ ਸਭ ਨੂੰ ਆਖਦੀ ਹਾਂ, ਕਿ ਤੁਸੀਂ ਏਸ ਭਵਿੱਖ ਲਈ ਕੰਮ ਕਰੋ। ਪੰਜਾਬ ਦੇ ਲੋਕਾਂ ਨੂੰ ਜਿਨ੍ਹਾਂ ਤੇ ਇਤਿਹਾਸ ਨੇ ਬੜੀਆਂ ਭਾਰੀ ਜ਼ੁਮੇਵਾਰੀਆਂ ਪਾਈਆਂ ਨੇ, ਭਵਿੱਖ ਬਾਰੇ ਸਾਫ ਤਰ੍ਹਾਂ ਸੋਚਣਾ ਚਾਹੀਦਾ ਹੈ। ਕੀ ਤੁਹਾਨੂੰ ਅਣਭੋਲ ਹੀ ਉਹਨਾਂ ਲੋਕਾਂ ਦੀਆਂ ਮੰਦੀਆਂ ਸਾਜ਼ਿਸ਼ਾਂ ਵਿਚ ਇਕ ਧਿਰ ਬਣਨਾ ਚਾਹੀਦਾ ਹੈ ਜੋ ਭਾਰਤ ਨੂੰ ਕਮਜ਼ੋਰ ਕਰਨਾ ਤੇ ਬਦਅਮਨੀ ਤੇ ਅਸਥਿਰਤਾ ਵਿਚ ਗ਼ਰਕ ਹੁੰਦਾ ਵੇਖਣਾ ਚਾਹੁੰਦੇ ਨੇ? ਮੈਨੂੰ ਸਰਕਾਰ ਦੀਆਂ ਜ਼ੁੰਮੇਵਾਰੀਆਂ ਦਾ ਪੂਰਾ ਅਹਿਸਾਸ ਹੈ ਪਰ ਜਦੋਂ ਜਜ਼ਬਾਤ ਭੜਕੇ ਹੋਏ ਹੋਣ ਤੇ ਇੱਨਾਂ ਕੁਝ ਖਤਰੇ ਵਿਚ ਹੋਏ ਤਾ ਹਰ ਨਾਗਰਿਕ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਤਸ਼ੱਦਦ ਨੂੰ ਜੋ ਪੰਜ ਦਰਿਆਵਾਂ ਦੀ ਏਸ ਧਰਤੀ ਦੇ ਨੇਕ ਨਾਂ ਨੂੰ ਬਦਨਾਮ ਕਰਦਾ ਏ ਦਬਾਉਣ ਵਿਚ ਤੇਕੱਟੜ ਪੰਥੀਆਂ ਤੇ ਦਹਿਸ਼ਤ ਪ੍ਰਸਤਾਂ ਦਾ ਦਲੇਰੀ ਨਾਲ ਮੁਕਾਬਲਾ ਕਰਨ ਵਿਚ, ਸਰਕਾਰ ਦਾ ਸਾਥ ਦਏ। ਐਸ ਵੇਲੇ ਇਕ ਹੋਰ ਐਜੀਟੇਸ਼ਨ ਨਾਲ ਅਸੀਂ ਕਿਸੇ ਫੈਸਲੇ ਦੇ ਨੇੜੇ ਨਹੀਂ ਪਹੁੰਚਾਂਗੇ ਬਲਕਿ ਇਹਦੇ ਨਾਲ ਕੌਮ ਵਿਰੋਧੀ ਅਨਸਰਾਂ ਨੂੰ ਵਧੇਰੇ ਬਲ ਮਿਲੇਗਾ। ਅਜੇ ਵੀ ਮੈਂ ਅਕਾਲੀ ਲੀਡਰਾਂ ਨੂੰ ਅਪੀਲ ਕਰਦੀ ਹਾਂ ਕਿ ਉਹ ਆਪਣਾ ਐਜੀਟੇਸ਼ਨ ਬੰਦ ਕਰ ਦੇਣ ਅਤੇ ਸਾਡੇ ਵਲੋਂ ਤਜਵੀਜ ਕੀਤਾ ਗਿਆ ਪੁਰਅਮਨ ਫੈਸਲੇ ਦਾ ਢਾਂਚਾ ਪਰਵਾਨ ਕਰ ਲੈਣ।

ਆਓ ਅਸੀਂ ਰਲਕੇ ਜ਼ਖਮਾਂ ਤੇ ਮਲ੍ਹਮ ਲਾਈਏ। ਮਾਰੇ ਗਏ ਲੋਕਾਂ ਦੀ ਬੇਹਤਰੀਨ ਯਾਦਗਾਰ ਇਹ ਹੋਏਗੀ ਕਿ ਪੰਜਾਬ ਵਿਚ, ਜਿਸਨੂੰ ਉਹ ਪਿਆਰ ਕਰਦੇ ਸਨ ਤੇ ਜਿਸਦੀ ਉਹਨਾਂ ਸੇਵਾ ਕੀਤੀ, ਆਮ ਵਰਗੇ ਹਾਲਾਤ ਤੇ ਏਕਤਾ ਬਹਾਲ ਕੀਤੀ ਜਾਏ। ਸਭ ਪੰਜਾਬੀਆਂ ਨੂੰ ਮੈਂ ਅਪੀਲ ਕਰਦੀ ਹਾਂ, "ਲਹੂ ਨਾ ਡੋਲ੍ਹੋ, ਨਫਰਤ ਡੋਲ੍ਹੋ"।

ਜੈ ਹਿੰਦ

Digitized by Panjab Digital Library | www.panjabdigilib.org

**ਅਨੈਕਸਚਰ VII**

## ਪੰਜਾਬ ਵਿਚ ਹਿੰਸਾ ਦੀਆਂ ਮੁਖ ਘਟਨਾਵਾਂ ਦੀ ਸੂਚੀ

| | |
|---|---|
| 20 ਮਾਰਚ, 1981 | ਆਨੰਦਪੁਰ ਸਾਹਿਬ, ਜ਼ਿਲਾ ਰੋਪੜ ਵਿਚ ਹੋਲਾ ਮਹੱਲਾ ਮੇਲੇ ਦੇ ਮੌਕੇ ਉਤੇ ਇਕ ਕੇਸਰੀ ਝੰਡਾ ਲਹਿਰਾਇਆ ਗਿਆ ਜਿਸ ਦੇ ਬਾਰੇ ਵਿਚ ਕਿਹਾ ਜਾਂਦਾ ਹੈ ਕਿ ਉਹ ਨਵੇਂ ਖ਼ਾਲਿਸਤਾਨ ਗਣਰਾਜ ਦਾ ਝੰਡਾ ਸੀ। ਉਸ ਵੇਲੇ ਇਕ ਨਿਹੰਗ ਨੇ ਸਲਾਮੀ ਦੇ ਤੌਰ ਤੇ ਪੰਜ ਗੋਲੀਆਂ ਚਲਾਈਆਂ। |
| 8 ਅਪ੍ਰੈਲ, 1981 | ਦੋ ਬੰਦੇ ਹਜ਼ਾਰਾ ਸਿੰਘ ਅਤੇ ਉਜਾਗਰ ਸਿੰਘ, ਸ੍ਰੀ ਬਲਬੀਰ ਸਿੰਘ ਸੰਧੂ ਵਲੋਂ ਦਸਖਤ ਕੀਤੇ ਇਕ ਅਧਿਕਾਰ-ਪਤਰ ਨੂੰ ਲੈਕੇ ਪਾਕਿਸਤਾਨ ਗਏ। ਸਮਝਿਆ ਜਾਂਦਾ ਹੈ ਕਿ ਇਹ ਚਿੱਠੀ ਵਸਾਖੀ ਦੇ ਮੌਕੇ ਤੇ ਪਾਕਿਸਤਾਨ ਵਿਚ ਪੰਜਾ ਸਾਹਿਬ ਜਾ ਰਹੇ ਸਿੱਖ ਤੀਰਥ ਯਾਤਰੀਆਂ ਦੇ ਸੰਬੰਧ ਵਿਚ ਵਿਰੋਧ ਪ੍ਰਗਟ ਕਰਨ ਦੇ ਲਈ ਸੀ। |
| 13 ਅਪ੍ਰੈਲ, 1981 | ਸ੍ਰੀ ਬਲਬੀਰ ਸਿੰਘ ਸੰਧੂ ਨੇ ਅਕਾਲ ਤਖਤ, ਅੰਮ੍ਰਿਤਸਰ ਦੇ ਸਾਹਮਣੇ ਸ੍ਰੀ ਗੋਪਾਲ ਸਿੰਘ ਸ਼ਹੀਦ ਨੂੰ ਇਕ ਦਸਤਾਵੇਜ਼ ਦਿਤੀ। ਕਿਹਾ ਜਾਂਦਾ ਹੈ ਕਿ ਇਹ ਅਖੌਤੀ 'ਖਾਲਿਸਤਾਨ ਗਣਰਾਜ' ਦੇ ਨਾਂ ਵਿਚ ਪਾਸਪੋਰਟ ਸੀ। |
| 16 ਅਪ੍ਰੈਲ, 1981 | ਅਨੰਦਪੁਰ ਸਾਹਿਬ ਵਿਚ ਸ਼੍ਰੋਮਣੀ ਅਕਾਲੀ ਦਲ (ਤਲਵੰਡੀ ਗਰੁਪ) ਦੇ ਪ੍ਰਬੰਧ ਹੇਠ ਹੋਏ ਇਕ ਸੰਮੇਲਨ ਵਿਚ ਰੁਪਿੰਦਰ ਸਿੰਘ ਨੇ ਭਾਰਤੀ ਸੰਵਿਧਾਨ ਦੇ ਸਫ਼ੇ ਫਾੜੇ। |
| 31 ਮਈ, 1981 | ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਵਲੰਟੀਅਰਾਂ, ਸ੍ਰੀ ਭਿੰਡਰਾਂਵਾਲੇ ਦੇ ਚੇਲਿਆਂ ਅਤੇ ਹੋਰਨਾਂ ਨੇ ਇਕ ਜਲੂਸ ਕਢਿਆ। ਕੁਝ ਸ਼ਰਾਰਤੀ ਅੰਸਰਾਂ ਨੇ ਹਿੰਸਕ ਵਾਰਦਾਤਾ ਕੀਤੀਆਂ ਅਤੇ ਕੁਝ ਖੋਖਿਆਂ ਨੂੰ ਅੱਗ ਲਾਈ। |
| 26 ਜੁਲਾਈ, 1981 | ਸ਼੍ਰੋਮਣੀ ਅਕਾਲੀ ਦਲ (ਲੋਂਗੋਵਾਲ ਗਰੁਪ) ਨੇ ਅੰਮ੍ਰਿਤਸਰ ਵਿਚ ਵਿਸ਼ਵ ਸਿੱਖ ਸੰਮੇਲਨ ਦਾ ਪ੍ਰਬੰਧ ਕੀਤਾ ਜਿਸ ਵਿਚ ਸਿੱਖਾਂ ਵਿਰੁੱਧ ਅਖੌਤੀ ਭੇਦਭਾਵ ਦਾ ਖਾਸ ਜ਼ਿਕਰ ਕੀਤਾ। |
| 5 ਅਗਸਤ, 1981 | ਸ੍ਰੀ ਸ਼ਾਦੀ ਲਾਲ ਆਂਗਰਾ ਮਿਊਂਸਿਪਲ ਕਮੇਟੀ ਦੇ ਪ੍ਰਧਾਨ ਅਤੇ ਆਨੰਦਪੁਰ ਸਾਹਿਬ ਦੇ ਨਿਰੰਕਾਰੀ ਪ੍ਰਧਾਨ ਦੀ ਆਨੰਦਪੁਰ ਸਾਹਿਬ ਜ਼ਿਲਾ ਰੋਪੜ ਵਿਚ ਹਤਿਆ। |
| 9 ਸਿਤੰਬਰ 1981 | ਪਟਿਆਲਾ ਤੋਂ ਜਲੰਧਰ ਜਾਂਦੇ ਹੋਏ ਲਾਲਾ ਜਗਤ ਨਾਰਾਇਣ ਦੀ ਹਤਿਆ। |
| 13-14 ਸਿਤੰਬਰ, 1981 | ਲਾਲਾ ਜਗਤ ਨਾਰਾਇਣ ਦੀ ਹਤਿਆ ਦੇ ਮਾਮਲੇ ਵਿਚ ਸ੍ਰੀ ਭਿੰਡਰਾਂਵਾਲੇ ਨੂੰ ਗਿਰਫਤਾਰ ਕਰਨ ਲਈ ਪੁਲਿਸ ਚੰਦੂਕਲਾਂ ਗਈ ਪਰ ਭਿੰਡਰਾਂਵਾਲੇ ਪਹਿਲਾਂ ਹੀ ਉਥੋਂ ਜਾ ਚੁਕੇ ਸਨ। ਬਾਦ ਵਿਚ ਉਥੇ ਹਿੰਸਕ ਘਟਨਾ ਉਸ ਵੇਲੇ ਹੋਈ ਜਦ ਭਿੰਡਰਾਂਵਾਲੇ ਦੇ ਕੁਝ ਸਮਰਥਕਾਂ ਨੇ ਪੁਲਿਸ ਪਾਰਟੀ ਤੇ ਗੋਲੀ ਚਲਾਈ। ਉਥੇ ਇਕ ਦੂਜੇ ਤੇ ਗੋਲੀ ਚਲੀ ਤੇ ਅੱਗ ਲਾਣ ਦੀਆਂ ਘਟਨਾਵਾਂ ਹੋਈਆਂ। |

Digitized by Panjab Digital Library | www.panjabdigilib.org

| | |
|---|---|
| 20 ਸਿਤੰਬਰ, 1981 | ਲਾਲ ਜਗਤ ਨਾਰਾਇਣ ਦੀ ਹਤਿਆ ਦੇ ਮਾਮਲੇ ਦੇ ਸੰਬੰਧ ਵਿਚ ਸ੍ਰੀ ਭਿੰਡਰਾਂਵਾਲੇ ਦੇ ਸਮਰਥਕ ਹਿੰਸਾ ਤੇ ਉਤਰ ਆਏ ਤੇ ਹਥਿਆਰਾਂ ਨਾਲ ਪੁਲਿਸ ਤੇ ਹਮਲਾ ਕੀਤਾ, ਅੱਗ ਲਾਈ ਤੇ ਲੁਟਮਾਰ ਕੀਤੀ। ਪੁਲਿਸ ਨੂੰ ਗੋਲੀ ਚਲਾਣੀ ਪਈ। 11 ਬੰਦੇ ਮਰੇ। |
| 20 ਸਿਤੰਬਰ 1981 | ਚੌਂਕ ਮਹਿਤਾ ਵਿਚ ਸ੍ਰੀ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਮਗਰੋਂ ਜਲੰਧਰ ਦੇ ਬਾਜ਼ਾਰ ਵਿਚ ਤਿੰਨ ਮੋਟਰ ਸਾਇਕਲ ਸਵਾਰ ਜਵਾਨਾਂ ਨੇ ਹਿੰਦੂਆਂ ਤੇ ਗੋਲੀ ਚਲਾਈ।ਚਾਰ ਬੰਦੇ ਮਰੇ ਤੇ 12 ਫਟੜ ਹੋਏ। |
| 21 ਸਿਤੰਬਰ, 1981 | ਤਰਨਤਾਰਨ ਦੇ ਬਾਜ਼ਾਰ ਵਿਚ 6 ਅਣਪਛਾਤੇ ਜਵਾਨਾਂ ਨੇ ਗੋਲੀ ਚਲਾਈ ਜਿਸ ਵਿਚ ਇਕ ਹਿੰਦੂ ਮਰਿਆ ਤੇ ਦੋ ਸਿਖਾਂ ਸਮੇਤ 13 ਬੰਦੇ ਫਟੜ ਹੋਏ। |
| 26 ਸਿਤੰਬਰ, 1981 | ਪਟਿਆਲਾ ਦੇ ਤਾਰਘਰ ਵਿਚ ਬੰਬ ਧਮਾਕਾ। |
| 26 ਸਿਤੰਬਰ, 1981 | ਅੰਮ੍ਰਿਤਸਰ ਜ਼ਿਲੇ ਵਿਚ ਰੱਯਾ ਤੇ ਬੁਟਾਰੀ ਰੇਲਵੇ ਸਟੇਸ਼ਨਾਂ ਦੇ ਵਿਚਕਾਰ ਰੇਲ ਪਟੜੀ ਦੀ ਤੋੜ ਫੋੜ, ਜਿਸਦੇ ਨਤੀਜੇ ਵਜੋਂ ਇਕ ਮਾਲਗਡੀ ਦੇ ਕੁਝ ਡਬੇ ਪਟੜੀ ਤੋਂ ਉਤਰ ਗਏ। ਉਸੇ ਦਿਨ ਹਿਮਾਚਲ ਪ੍ਰਦੇਸ਼ (ਪਠਾਨਕੋਟ-ਜਲੰਧਰ ਸੈਕਸ਼ਨ) ਵਿਚ ਮਿਰਥਲ ਰੇਲਵੇ ਸਟੇਸ਼ਨ ਦੇ ਨੇੜੇ ਰੇਲ ਪਟੜੀ ਨੂੰ ਨੁਕਸਾਨ। |
| 28 ਸਿਤੰਬਰ, 1981 | ਹੁਸ਼ਿਆਰਪੁਰ ਜ਼ਿਲੇ ਦੇ ਨਸਰਾਲਾ ਅਤੇ ਸ਼ਾਮ ਚੁਰਾਸੀ ਰੇਲਵੇ ਸਟੇਸ਼ਨਾਂ ਦੇ ਵਿਚਕਾਰ ਰੇਲ ਪਟੜੀ ਕਟੀ ਗਈ। |
| 29 ਸਿਤੰਬਰ, 1981 | ਇੰਡੀਅਨ ਏਅਰਲਾਈਨਜ਼ ਦੇ ਇਕ ਹਵਾਈ ਜਹਾਜ਼ ਨੂੰ ਅਗਵਾ ਕਰਕੇ ਲਾਹੌਰ ਲਿਜਾਇਆ ਗਿਆ। |
| 3 ਅਕਤੂਬਰ, 1981 | ਸਰਹਿੰਦ ਨੰਗਲ ਸੈਕਸ਼ਨ ਤੇ ਰੋਪੜ ਜ਼ਿਲੇ ਦੇ ਨਾਗਾਵਾਰੀ ਰੇਲਵੇ ਸਟੇਸ਼ਨ ਕੋਲ ਰੇਲ ਪਟੜੀ ਦੀ ਤੋੜ ਫੋੜ। |
| ੬-੭ ਅਕਤੂਬਰ, 1981 | ਵੱਖ ਵੱਖ ਥਾਵਾਂ ਤੇ ਬੰਬ ਧਮਾਕੇ, ਜਿਨ੍ਹਾਂ ਚੋਂ ਅੰਮ੍ਰਿਤਸਰ ਵਿਚ ਚਾਰ ਥਾਵਾਂ ਤੇ, ਅੰਮ੍ਰਿਤਸਰ ਜ਼ਿਲੇ ਦੇ ਤਰਨਤਾਰਨ ਵਿਚ ਸਬਡਿਵਜ਼ਨਡ ਮੈਜਿਸਟਰੇਟ ਦੀ ਅਦਾਲਤ, ਖੰਡ ਵਿਕਾਸ ਅਧਿਕਾਰੀ ਬਠਿੰਡਾ ਦਾ ਘਰ, ਸਬਡਿਵਜ਼ਨਡ ਅਫ਼ਸਰ, ਹੁਸ਼ਿਆਰਪੁਰ, ਦਾ ਘਰ ਅਤੇ ਜ਼ਿਲਾ ਫਰੀਦਕੋਟ ਵਿਚ ਮੋਗਾ ਦੇ ਸਬਡਿਵਜ਼ਨਡ ਮੈਜਿਸਟਰੇਨ ਦੇ ਘਰ ਸ਼ਾਮਿਲ ਨੇ। |
| 9-10 ਅਕਤੂਬਰ 1981 | ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਜਨਰਲ ਅਸਿਸਟੈਂਟ ਦੇ ਘਰ ਵਿਚ ਦੋ ਦੇਸੀ ਬੰਬ ਸੁਟੇ ਗਏ। ਮੋਗਾਂ ਜ਼ਿਲਾ ਫ਼ਰੀਦਕੋਟ ਵਿਚ ਇਕ ਪੁਲਿਸ ਦੇਸਹਾਇਕਸਬ ਇੰਸਪੈਕਟਰ ਦੇ ਘਰ ਤੇ ਇਕ ਬੰਬ ਫੱਟਿਆ। ਗੁਰਦਾਸਪੁਰ ਜ਼ਿਲੇ ਵਿਚ ਚੂਸ਼ਾ ਦੇ ਸਥਾਨ ਤੇ ਇਕ ਪਟਰੋਲ ਪੰਪ ਤੇ ਧਮਾਕਾ। |
| 15 ਅਕਤੂਬਰ 1981 | ਸ੍ਰੀ ਭਿੰਡਰਾਂਵਾਲਾ ਹਿਰਾਸਤ ਤੋਂ ਰਿਹਾ। |
| 16 ਅਕਤੂਬਰ 1981 | ਇਕ ਨਿਰੰਕਾਰੀ ਸ੍ਰੀ ਨਿਰਜੰਨ ਸਿੰਘ ਆਈ. ਏ. ਐਸ. ਤੇ ਹਮਲਾ ਅਤੇ ਚੰਡੀਗੜ੍ਹ ਵਿਚ ਪੰਜਾਬ ਸਰਕਾਰ ਦੇ ਸਚਿਵਾਲੇਂ ਵਿਚ ਉਸ ਦੇ ਭਰਾ ਦੀ ਹਤਿਆ ਕਰ ਦਿਤੀ ਗਈ। |
| 23 ਅਕਤੂਬਰ 1981 | ਕਪੂਰਥਲਾ ਜ਼ਿਲਾ ਦੇ ਪਿੰਡ ਪੰਚਵਟੀ ਦੇ ਇਕ ਹਿਦੂੰ ਸਰਪੰਚ ਮਹਿੰਦਰ ਪਾਲ ਦੀ ਹਤਿਆ। |
| 1 ਨਵੰਬਰ 1981 | ਡਿਪਟੀ ਇੰਸਪੈਕਟਰ ਜ਼ਨਰਲ ਪੁਲਿਸ ਪਟਿਆਲਾ ਰੇਂਜ ਦੇ ਦਫਤਰ ਵਿਚ ਧਮਾਕਾ। |

Digitized by Panjab Digital Library / www.panjabdigilib.org

| | |
|---|---|
| 14 ਨਵੰਬਰ 1981 | ਚੰਡੀਗੜ੍ਹ ਦੇ ਪਿਕਾਅਡਲੀ ਸਿਨਮਾ ਦੀ ਟੱਟੀ ਵਿਚ ਬੰਬ ਧਮਾਕਾ। |
| 16 ਨਵੰਬਰ 1981 | ਕਪੂਰਥਲਾ ਵਿਚ ਦੋ ਸਿਖ ਮੋਟਰਸਾਈਕਲ ਸਵਾਰਾਂ ਨੇ ਇਕ ਨਿਰੰਕਾਰੀ ਪ੍ਰਮੁਖ ਪ੍ਰਹਲਾਦ ਚੰਦ ਅਤੇ ਉਸ ਦੇ ਪਿਤਾ ਦੀ ਗੋਲੀ ਮਾਰ ਕੇ ਹਤਿਆ ਕੀਤੀ ਅਤੇ ਪ੍ਰਹਲਾਦ ਚੰਦ ਦਾ ਭਰਾ ਫੱਟੜ । |
| 19 ਨਵੰਬਰ 1981 | ਜ਼ਿਲਾ ਲੁਧਿਆਣਾ ਦੇ ਪਿੰਡ ਡਾਹੇੜ ਵਿਚ ਇਕ ਪੁਲਿਸ ਪਾਰਟੀ ਤੇ ਗੋਲੀ ਚਲਾਈ ਗਈ। ਜਿਸ ਨਾਲ ਇਕ ਪੁਲਿਸ ਇੰਸਪੈਕਟਰ ਤੇ ਇਕ ਸਿਪਾਹੀ ਮਾਰੇ ਗਏ। |
| 29 ਨਵੰਬਰ 1981 | ਗੁਰਦਵਾਰਾ ਚੌਂਕ ਮਹਿਤਾ ਵਿਚ ਇਕ ਵਡਾ ਧਮਾਕਾ ਹੋਇਆ ਜਿਸ ਵਿਚ ਗੁਰਦਵਾਰੇ ਵਿਚ ਰਹਿਣ ਵਾਲੇ ਤਿੰਨ ਬੰਦੇ ਮਰੇ। |
| 27 ਦਿਸੰਬਰ 1981 | ਪੁਲਿਸ ਸਟੇਸ਼ਨ ਜੰਡਿਆਲਾ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਮਛਾਲ ਵਿਚ ਇਕ ਨਿਰੰਕਾਰੀ ਗੋਲੀ ਚਲਣ ਨਾਲ ਫੱਟੜ। |
| 21 ਜਨਵਰੀ 1982 | ਜ਼ਿਲਾ ਗੁਰਦਾਸਪੁਰ ਦੇ ਪਿੰਡ ਮਹੇਸ਼ ਵਿਚ ਗੁਰਦਵਾਰਾ ਰਾਮਸਰਣ ਵਿਚ ਇਕ ਧਮਾਕਾ। |
| 23 ਫਰਵਰੀ 1982 | ਫਰੀਦਕੋਟ ਜ਼ਿਲੇ ਵਿਚ ਮੋਗੇ ਵਿਚ ਗੋਲੀ ਚਲਣ ਨਾਲ ਇਕ ਨਿਰੰਕਾਰੀ ਸੂਰਜ ਪ੍ਰਕਾਸ਼ ਸਖਤ ਜ਼ਖਮੀ। |
| 30 ਮਾਰਚ 1982 | ਦੋ ਸਿਖਾਂ ਨੇ ਇਕ ਨਿਰੰਕਾਰੀ ਪ੍ਰਕਾਸ਼ ਸਿੰਘ ਤੇ ਗੋਲੀ ਚਲਾਈ ਫੱਟਾ ਕਾਰਣ ਬਾਦ ਵਿਚ ਉਸਦੀ ਮੌਤ ਹੋ ਗਈ। |
| 13 ਅਪ੍ਰੈਲ 1982 | ਆਨੰਦਪੁਰ ਸਾਹਿਬ ਮਤੇ ਅਤੇ ਇਸ ਮਾਮਲੇ ਤੇ ਵਿਚਾਰ ਕਰਨ ਲਈ ਕਿ ਸਿੱਖ ਇਕ ਵੱਖ ਕੌਮ ਹਨ ਸ਼ਰੋਮਣੀ ਅਕਾਲੀ ਦੱਲ (ਤਲਵੰਡੀ ਗਰੁਪ)ਵਲੋਂ ਇਕ ਵਿਸ਼ਵ ਸਿੱਖ ਸਮੇਲਨ ਕੀਤਾ ਗਿਆ। |
| 24 ਅਪ੍ਰੈਲ 1982 | ਸ਼ਰੋਮਣੀ ਅਕਾਲੀ ਦਲ ਵਲੋਂ 'ਨਹਿਰ ਰੋਕੋ' ਅੰਦੋਲਨ। |
| 25-26 ਅਪ੍ਰੈਲ 1982 | ਕੁਝ ਸ਼ਰਾਰਤੀਆਂ ਵਲੋਂ ਅਮ੍ਰਿਤਸਰ' ਮੰਦਿਰਾਂ ਦੇ ਸਾਮਣੇ ਗਾਵਾਂ ਦੇ ਕਟੇ ਹੋਏ ਸਿਰ ਸੁਟੇ ਗਏ। ਇਸ ਘਟਨਾਂ ਦੀ ਜ਼ਿਮੇਵਾਰੀ ਦਲ ਖਾਲਸਾ ਨੇ ਅਪਣੇ ਸਿਰ ਲਈ। |
| 27 ਅਪ੍ਰੈਲ 1982 | ਜ਼ਿਲਾ ਅੰਮ੍ਰਿਤਸਰਦੇ ਚੌਰਸਤੀ ਅਟਾਰੀ ਦੇ ਗੁਰਦਵਾਰੇ ਵਿਚ ਗ੍ਰੰਥ ਸਾਹਿਬ ਨੂੰ ਅੱਗ ਲਾਣ ਦੀ ਖਬਰ। |
| 1 ਮਈ 1982 | ਦਲ ਖਾਲਸਾ ਅਤੇ ਖਾਲਿਸਤਾਨ ਦੀ ਨੈਸ਼ਨਲ ਕੌਂਸਲ ਨੂੰ ਗ਼ੈਰ ਕਾਨੂੰਨੀ ਸਰਗਰਮੀਆਂ ਦੀ ਰੋਕਥਾਮ ਦੇ 1967 ਦੇ ਕਾਨੂੰਨ ਹੇਠ ਇਕ ਗ਼ੈਰ ਕਾਨੂੰਨੀ ਜਥੇਬੰਦੀ ਕਰਾਰ ਦਿਤਾ ਗਿਆ। |
| ਮਈ 1982 | ਇਸ ਮਹੀਨੇ ਵਿਚ ਖਾਸ ਕਰਕੇ ਅੰਮ੍ਰਿਤਸਰ ਜ਼ਿਲੇ ਵਿਚ ਗੁਰਦਵਾਰਿਆਂ ਤੇ ਹਿੰਦੂ ਮੰਦਿਰਾਂ ਨੂੰ ਅਪਵਿਤਰ ਕਰਨ ਦੀਆਂ ਘਟਨਾਵਾਂ। |
| 22 ਮਈ 1982 | ਪੱਟੀ, ਜ਼ਿਲਾ ਅੰਮ੍ਰਿਤਸਰ ਦੇ ਵਡੇ ਬਾਜ਼ਾਰ ਵਿਚ ਚਾਰ ਸਿਖਾਂ ਨੇ ਅੰਧਾਧੁੰਦ ਗੋਲੀ ਚਲਾਈ ਜਿਸ ਨਾਲ ਚਾਰ ਬੰਦੇ ਮਰੇ ਤੇ ਕਈ ਫਟੜ ਹੋਏ। |
| 24 ਮਈ 1982 | ਸ਼ਰੋਮਣੀ ਅਕਾਲੀ ਦਲ ਵਲੋਂ ਫਿਰ 'ਨਹਿਰ ਰੋਕੋ' ਅੰਦੋਲਨ। |
| 17 ਜੂਨ 1982 | ਅੰਮ੍ਰਿਤਸਰ ਵਿਚ ਮੋਟਰਸਾਈਕਲ ਸਵਾਰ ਤਿੰਨ ਸਿੱਖ ਨੌਜਵਾਨਾਂ ਨੇ ਤਿੰਨ ਹਿੰਦੂਆਂ ਤੇ ਗੋਲੀ ਚਲਾਈ। |

Digitized by Panjab Digital Library | www.panjabdigilib.org

| | |
|---|---|
| 27 ਜੂਨ 1982 | ਧਾਬੂਜੀ ਜ਼ਿਲਾ ਅੰਮ੍ਰਿਤਸਰ ਵਿਚ ਗੋਲੀ ਚਲਾਣ ਨਾਲ ਨਿਰੰਕਾਰੀ ਮੰਡਲ ਦੇ ਪ੍ਰਚਾਰ ਸਕਤਰ ਜੋਗਿੰਦਰਸਿੰਘ ਸ਼ੰਤ ਫਟੜ। |
| 18 ਜੁਲਾਈ 1982 | ਜ਼ਿਲਾ ਅਮ੍ਰਿਤਸਰ ਵਿਚ ਪੁਲਿਸ ਥਾਣਾ ਬਿਆਸ ਦੀ ਇਕ ਪੁਲਿਸ ਪਾਰਟੀ ਨੇ ਇਕ ਜੀਪ ਨੂੰ ਚੈਕਿੰਗ ਲਈ ਰੋਕਿਆ ਪਰ ਜੀਪ ਵਿਚ ਬੈਠੇ ਬੰਦਿਆਂ ਨੇ ਜਿਨਾਂ ਵਿਚ ਚੌਕ ਮਹਿਤਾ ਦੇ ਗੁਰਦਵਾਰੇ ਗੁਰਦਰਸ਼ਨ ਪ੍ਰਕਾਸ਼ ਦਾ ਰਸੋਈਆ ਜਾਗੀਰ ਸਿੰਘ ਵੀ ਸੀ, ਪੁਲਿਸ ਤੇ ਹਮਲਾ ਕਰ ਦਿਤਾ। ਹਮਲਾਵਰ ਗ੍ਰਿਫਤਾਰ। |
| 19 ਜੁਲਾਈ 1982 | ਸ੍ਰੀ ਜੋਗਿੰਦਰ ਸਿੰਘ ਸ਼ਾਂਤ ਦੀ ਹਤਿਆ ਦੇ ਯਤਨ ਦੇ ਮਾਮਲੇ ਵਿਚ ਅਖਲ ਭਾਰਤੀ ਸਿੱਖ ਛਾਤਰ ਸੰਘ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅੰਮ੍ਰਿਤਸਰ ਵਿਚ ਗ੍ਰਿਫਤਾਰ। ਸ੍ਰੀ ਭਿੰਡਰਾਂਵਾਲੇ ਨੇ ਅਪਣੇ ਸਮਰਥਕਾਂ ਸਮੇਤ ਗੁਰਦਵਾਰਾ ਗੁਰਦਰਸ਼ਨ ਪ੍ਰਕਾਸ਼ ਛਡ ਦਿਤਾ ਤੇ ਅਮ੍ਰਿਤਸਰ ਆ ਗਏ। ਉਹਨਾਂ ਡਿਪਟੀ ਕਮਿਸ਼ਨਰ ਦੇ ਘਰ ਸਾਹਮਣੇ ਵਾਲੰਟਿਅਰਾਂ ਦੀ ਗ੍ਰਿਫਤਾਰੀ ਦੇਣ ਦੇ ਨਾਲ ਇਕ ਮੋਰਚੇ ਦਾ ਐਲਾਨ ਕੀਤਾ। |
| 21 ਜੁਲਾਈ 1982 | ਮੋਗਾ ਜ਼ਿਲਾ ਫ਼ਰੀਦਕੋਟ ਦੇ ਵਡੇ ਬਾਜ਼ਾਰ ਵਿਚ ਕੁਝ ਸਿਖ ਨੌਜਵਾਨਾਂ ਨੇ ਇਕ ਬੰਬ ਸੁਟਿਆ। ਇਕ ਰਿਕਸ਼ਾਂ ਚਲਾਣ ਵਾਲਾ ਮਾਰਿਆ ਗਿਆ ਅਤੇ ਪੰਜ ਬੰਦੇ ਫਟੜ ਹੋਏ। |
| 22 ਜੁਲਾਈ 1982 | ਸ੍ਰੀ ਭਿੰਡਰਾਂਵਾਲੇ ਦੇ ਸਮਰਥਕਾਂ ਨੇ ਪੰਜਾਬ ਪੁਲਿਸ ਦੇ ਇਕ ਹੈਡ ਕਾਂਸਟੇਬਲ ਨੂੰ ਗੁਰੂ ਰਾਮਦਾਸ ਸਰਾਂ, ਅੰਮ੍ਰਿਤਸਰ ਵਲ ਲਿਜਾ ਕੇ ਕੁਟਿਆ। |
| 22-23 ਜੁਲਾਈ 1982 | ਪੰਜਾਬ ਦੇ ਉਸ ਵੇਲੇ ਦੇ ਮੁਖ ਮੰਤਰੀ ਸ੍ਰੀ ਦਰਬਾਰਾ ਸਿੰਘ ਦੇ ਜਨਮ ਸਥਾਨ ਪਿੰਡ ਜੰਡਿਆਲਾ ਜ਼ਿਲਾ ਜਲੰਧਰ ਵਿਚ ਉਹਨਾਂ ਦੇ ਘਰ ਤੇ ਦੋ ਦੇਸੀ ਬੰਬ ਸੁਟੇ ਗਏ। ਇਕ ਬੰਬ ਫਟਿਆ, ਜਿਸ ਨਾਲ ਘਰ ਦਾ ਥੋੜਾ ਨੁਕਸਾਨ ਹੋਇਆ। |
| 4 ਅਗਸਤ 1982 | ਸ਼ਰੋਮਣੀ ਅਕਾਲੀ ਦਲ ਵਲੋਂ ਜ਼ੋਰਦਾਰ ਮੋਰਚਾ ਸ਼ੁਰੂ ਅਤੇ ਉਸਨੂੰ ਧਰਮ ਯੁੱਧ ਦਾ ਨਾਂ ਦਿਤਾ ਗਿਆ। ਸ੍ਰੀ ਭਿਡਰਾਂਵਾਲੇ ਨੇ ਉਸੇ ਦਿਨ ਆਪਣਾ ਐਲਾਨਕੀਤਾ ਮੋਰਚਾ ਵਾਪਸ ਲੈ ਲਿਆ। |
| 4 ਅਗਸਤ 1982 | ਅੰਮ੍ਰਿਤਸਰ ਰਾਹੀਂ ਦਿੱਲੀ ਤੋਂ ਸ੍ਰੀਨਗਰ ਦੀ ਉੜਾਨ ਤੇ ਜਾਂਦੇ ਹੋਏ ਇੰਡੀਅਨ ਏਅਰਲਾਈਨਜ਼ ਦਾ ਇਕ ਹਵਾਈ ਜਹਾਜ਼ ਅਗਵਾ ਕਰ ਲਿਆ ਗਿਆ। ਜਿਸ ਵਿਚ 126 ਯਾਤਰੀ ਸਨ। ਹਵਾਈ ਜਹਾਜ਼ ਨੂੰ ਲਾਹੌਰ ਵਲ ਲਿਜਾਇਆ ਗਿਆ ਪਰ ਉੱਥੇ ਉਤਰਨ ਦੀ ਇਜ਼ਾਜ਼ਤ ਨਾ ਮਿਲਣ ਤੇ ਇਹ ਜਹਾਜ਼ ਅੰਮ੍ਰਿਤਸਰ ਹਵਾਈ ਅੱਡੇ ਤੇ ਉਤਾਰਿਆ ਜਿਥੇ ਅਗਵਾ ਕਰਨ ਵਾਲੇ ਨੂੰ ਗਿਰਫਤਾਰ ਕਰ ਲਿਆ ਗਿਆ। |
| 20 ਅਗਸਤ 1982 | ਜੋਧਪੁਰ ਤੋਂ ਦਿੱਲੀ ਜਾਂਦੇ ਹੋਏ ਇੰਡੀਅਨ ਏਅਰਲਾਈਨਜ਼ ਦੇ ਇਕ ਹੋਰ ਹਵਾਈ ਜਹਾਜ਼ ਨੂੰ ਅਗਵਾ ਕਰ ਲਿਆ ਗਿਆ। ਇਸ ਜਹਾਜ਼ ਨੂੰ ਲਾਹੌਰ ਉਤਰਨ ਦੀ ਇਜ਼ਾਜ਼ਤ ਨਾ ਦਿਤੀ ਗਈ ਇਸ ਲਈ ਇਹ ਅਮ੍ਰਿਤਸਰ ਹਵਾਈ ਅੱਡੇ ਤੇ ਓਤਰਿਆ। ਜਿਥੇ ਗੋਲੀਬਾਰੀ ਵਿਚ ਅਗਵਾ ਕਰਣ ਵਾਲਾ ਮਾਰਿਆ ਗਿਆ। |
| 20 ਅਗਸਤ 1982 | ਰੋਹਾਨ ਜ਼ਿਲਾ ਜਲੰਧਰ ਦੇ ਦੋ ਆਤੰਕਵਾਦੀਆਂ ਨੇ ਹਥਗੋਲਿਆਂ ਨਾਲ ਤਤੱਕਾਲੀਨ ਮੁਖ ਮੰਤਰੀ ਸ੍ਰੀ ਦਰਬਾਰਾ ਸਿੰਘ ਤੇ ਹਮਲਾ ਕੀਤਾ। ਸ੍ਰੀ ਦਰਬਾਰਾ ਸਿੰਘ ਨੂੰ ਕੋਈ ਸੱਟ ਨਾ ਲਗੀ ਪਰ 18 ਬੰਦੇ ਫੱਟੜ ਹੋਏ ਜਿਨਾਂ ਵਿਚ ਸਿਖਿਆ ਮੰਤਰੀ ਤੇ ਮੁਖ ਮੰਤਰੀ ਦੇ ਰਖਿਆ ਦਲ ਦੇ ਕੁਝ ਮੈਂਬਰ ਸ਼ਾਮਿਲ ਸਨ। |

Digitized by Panjab Digital Library | www.panjabdigilib.org

| | |
|---|---|
| 11 ਸਿਤੰਬਰ 1982 | ਤਰਨਤਾਰਨ ਵਿਚ ਬਿਨਾ ਗੇਟਮੈਨ ਵਾਲੇ ਰੇਲ ਕਰਾਸਿੰਗ ਤੇ ਉਸ ਵੇਲੇ ਦੁਰਘਟਨਾ ਹੋਈ ਜਦ ਇਕ ਰੇਲ ਗੱਡੀ ਦੀ ਇਕ ਵਾਹਨ ਨਾਲ ਟਕਰ ਹੋਈ ਜਿਸ ਵਿਚ ਕੁਝ ਅਕਾਲੀ ਆਂਦੋਲਨਕਾਰੀਆਂ ਨੂੰ ਲਿਜਾਇਆ ਜਾ ਰਿਹਾ ਸੀ। ਕਈ ਆਂਦੋਲਨਕਾਰੀ ਮਾਰੇ ਗਏ। |
| 11 ਅਕਤੂਬਰ 1982 | 11 ਸਿਤੰਬਰ ਦੀ ਰੇਲ ਦੁਰਘਟਨਾ ਵਿਚ ਮਰੇ ਬੰਦਿਆਂ ਦੀਆਂ ਅਸਥੀਆਂ ਨੂੰ ਲੈ ਕੇ ਆਨੰਦਪੁਰ ਸਾਹਿਬ ਤੋਂ ਗੁਰਦਵਾਰਾ ਰਕਾਬਗੰਜ ਨਵੀ ਦਿੱਲੀ ਆਏ ਮਾਤਮੀ ਜਲੂਸ ਦੀ ਸਮਾਪਤੀ ਤੇ ਪਾਰਲੀਮੈਂਟ ਹਾਊਸ ਦੇ ਸਾਹਮਣੇ ਸ਼੍ਰੋਮਣੀ ਅਕਾਲੀ ਦਲ ਦਾ ਹਿਸਕ ਪ੍ਰਦਰਸ਼ਨ। |
| 26 ਅਕਤੂਬਰ 1982 | ਰਾਮ ਨੌਮੀਂ ਦੇ ਜਲੂਸ ਸਮੇਂ ਹਰਮੰਦਿਰ ਸਾਹਿਬ, ਅੰਮ੍ਰਿਤਸਰ ਦੇ ਨੇੜੇ ਚੌਕ ਵਿਚ ਦੋ ਹਥਗੋਲੇ ਸੁਟੇ ਗਏ। ਇਕ ਹਥਗੋਲਾ ਫਟਿਆ ਜਿਸ ਨਾਲ ਇਕ ਹਿੰਦੂ ਨੌਜਵਾਨ ਅਤੇ ਸੀ.ਆਰ.ਪੀ. ਦਾ ਇਕ ਸਿਪਾਹੀ ਮਾਰਿਆ ਗਿਆ। ਤੇ ਕਈ ਹੋਰ ਬੰਦੇ ਫੱਟੜ ਹੋਏ। |
| 27 ਅਕਤੂਬਰ 1982 | ਨੰਗਲ-ਖੰਨਾ ਜ਼ਿਲਾ ਹੋਸ਼ਿਆਰਪੁਰ ਵਿਚ ਮੋਟਰਸਾਈਕਲ ਸਵਾਰ ਤਿੰਨ ਸਿਖਾਂ ਨੇ ਨਿਰੰਕਾਰੀ ਰੇਸ਼ਮ ਸਿੰਘ ਦੀ ਗੋਲੀ ਮਾਰਕੇ ਹਤਿਆ ਕਰ ਦਿੱਤੀ। |
| 29 ਅਕਤੂਬਰ 1982 | ਜਲੰਧਰ ਵਿਚ ਸੈਦਾਂ ਗੇਟ ਦੇ ਨੇੜੇ ਗੁਰੂ ਨਾਨਕ ਸਾਹਿਬ ਦੇ ਜਨਮ ਦੇ ਸਿਲਸਲੇ ਵਿਚ ਕਢੇ ਗਏ ਜਲੂਸ ਦੀ ਸਮਾਪਤੀ ਪਿਛੋਂ ਇਕ ਪਟਾਖਾ ਫਟਿਆ 19 ਬੰਦੇ ਫੱਟੜ ਹੋਏ ਜਿਨਾਂ ਵਿਚ ਔਰਤਾਂ ਦੇ ਬੱਚੇ ਵੀ ਸ਼ਾਮਲ ਸਨ। |
| 12-13 ਨਵੰਬਰ 1982 | ਕਈ ਥਾਵਾਂ ਤੇ ਧਮਾਕੇ। ਇੱਨਾਂ ਵਿਚ ਜ਼ਿਲਾ ਜਲਧੰਰ ਦੀ ਰਾਹੋਂ ਪੁਲਿਸ ਚੋਂਕੀ, ਅਥਵਾਲ, ਸ੍ਰੀ ਹਰਗੋਬਿੰਦਪੁਰ ਵਿਚ ਕੈਨਾਲ ਰੈਸਟ ਹਾਊਸ, ਚੁਮਨ ਵਿਚ ਨਿਰੰਕਾਰੀ ਸ੍ਰੀ ਅਜਾਇਬ ਸਿੰਘ ਦਾ ਘਰ, ਜ਼ਿਲਾ ਫ਼ਰੀਦਕੋਟ ਦੇ ਮੋਗਾ ਦੇ ਪੁਸ਼ੋਕ ਪਲੇਸ ਦੇ ਵਡੇ ਬਾਜ਼ਾਰ ਵਿਚ, ਲੁਧਿਆਣੇ ਦੀ ਸੁੰਦਰ ਨਗਰ ਕਾਲੋਨੀ ਵਿਚ ਮਹਿੰਦਰ ਪਾਲ ਦਾ ਮਕਾਨ, ਡੀ. ਏ. ਵੀ. ਹਾਈ ਸਕੂਲ ਕਾਦੀਆਂ ਜ਼ਿਲਾ ਗੁਰਦਾਸਪੁਰ ਤੇ ਜਲੰਧਰ ਦੇ ਐਸ. ਡੀ. ਐਮ. ਦੀ ਕਚੈਹਰੀ ਦਾ ਰਿਟਾਇਰਿੰਗ ਰੂਮ ਸ਼ਾਮਿਲ ਹਨ। |
| 14 ਨਵੰਬਰ 1982 | ਤਰਨਤਾਰਨ ਜ਼ਿਲਾ ਅਮ੍ਰਿਤਸਰ ਵਿਚ ਸੀ० ਆਰ० ਪੀ० ਦੇ ਇਕ ਟਰੱਕ ਦੇ ਨੇੜੇ ਇਕ ਧਮਾਕਾ ਹੋਇਆ ਪਰ ਉਸ ਤੋਂ ਕੋਈ ਨੁਕਸਾਨ ਨਹੀਂ ਹੋਇਆ। |
| 14-15 ਨਵੰਬਰ 1982 | ਇਕ ਬੰਬ ਧਮਾਕੇ ਨਾਲ ਅੰਮ੍ਰਿਤਸਰ ਦੇ ਤਰਿਸੱਕਾ ਪਿੰਡ ਵਿਚ, ਦਿਲਬਾਗ ਸਿੰਘ ਦੇ ਮਕਾਨ ਨੂੰ ਨੁਕਸਾਨ ਪੁਜਾ। |
| 22-23 ਨਵੰਬਰ 1982 | ਪੰਜਾਬ ਦੇ ਤਤਕਾਲੀਨ ਸਿਖਿਆ ਮੰਤਰੀ ਸ੍ਰੀ ਹਰਚਰਨ ਸਿੰਘ ਅਜਨਾਲਾ ਦੇ ਘਰ ਦੇਸੀ ਬੰਬ ਸੁਟੇ ਗਏ। ਜਿਸ ਨਾਲ ਕੁਝ ਨੁਕਸਾਨ ਹੋਇਆ। |
| 16-17 ਦਿਸੰਬਰ 1982 | ਪਿੰਡ ਸੁਲਤਾਨ ਵਿੰਡ, ਜ਼ਿਲਾ ਅੰਮ੍ਰਿਤਸਰ ਵਿਚ ਕਾਂਗਰਸ (ਆਈ) ਦੇ ਵਿਧਾਇਕ ਸ੍ਰੀ ਲੱਖਾ ਸਿੰਘ ਦੇ ਮਕਾਨ ਦੇ ਅਹਾਤੇ ਵਿਚ ਇਕ ਦੇਸੀ ਬੰਬ ਦਾ ਧਮਾਕਾ ਹੋਇਆ। |
| 24 ਦਿਸੰਬਰ 1982 | ਨਿਰੰਕਾਰੀ ਮਿਸ਼ਨ ਬਠਿੰਡਾ ਦੇ ਸਕੱਤਰ ਪ੍ਰਭੂ ਦਿਆਲ ਦੀ ਤਲਵੰਡੀ ਸਾਬੋ ਬਠਿੰਡਾ ਵਿਚ ਹਤਿਆ। |
| 10 ਜਨਵਰੀ 1983 | ਸ੍ਰੀ ਸ਼ਵਰਨ ਸਿੰਘ ਲਹਿਰੀ ਨਿਰੰਕਾਰੀ ਦੀ ਲਾਸ਼ ਘੋਲ ਭਾਟੀਆ, ਗੁਰਦਾਸਪੁਰ ਵਿਚ ਮਿਲੀ। |

Digitized by Panjab Digital Library | www.panjabdigilib.org

| | |
|---|---|
| 26 ਜਨਵਰੀ 1983 | ਅੰਮ੍ਰਿਤਸਰ ਵਿਚ ਚਾਰ ਬੰਬ ਧਮਾਕੇ ਹੋਏ। ਲਕੜੀ ਦਾ ਇਕ ਖੋਖਾ ਸਾੜ ਦਿਤਾ ਗਿਆ। ਅਤੇ ਅਧਜਲਿਆ ਇਕ ਤਿਰੰਗਾ ਝੰਡਾ ਇਕ ਦੁਕਾਨ ਦੇ ਸਾਹਮਣੇ ਸੁਟਿਆ ਗਿਆ। ਅੰਮ੍ਰਿਤਸਰ ਦੇ ਗਣਰਾਜ ਦਿਵਸ ਮਨਾਉਂਣ ਦੀ ਥਾਂ ਗੁਰੂ ਨਾਨਕ ਸਟੇਡਿਅਮ ਵਿਚੋਂ ਇਕ ਹਥਗੋਲਾ ਮਿਲਿਆ। |
| 27 ਜਨਵਰੀ 1983 | ਸਿੰਡਿਕੇਟ ਬੈਂਕ ਅੰਮ੍ਰਿਤਸਰ ਦੀ ਇਕ ਸ਼ਾਖ ਵਿਚ 7 ਲੱਖ ਅੱਸੀ ਹਜਾਰ ਰੁਪਏ ਦੀ ਬੈਂਕ ਡਕੈਤੀ। |
| 31 ਜਨਵਰੀ 1983 | ਕਾਂਗਰਸ (ਆਈ) ਵਿਧਾਇਕ ਸ੍ਰੀ ਜੋਗਿੰਦਰ ਨਾਥ ਦੇ ਵੱਡੇ ਭਰਾ ਸ੍ਰੀ ਮਹਿੰਦਰ ਪਾਲ ਦੀ ਅੰਮ੍ਰਿਤਸਰ ਵਿਚ ਗੋਲੀ ਮਾਰਕੇ ਹਤਿਆ। |
| 16 ਫਰਵਰੀ 1983 | ਪਿੰਡ ਕਰਿਆਲੀ ਜ਼ਿਲਾ ਅੰਮ੍ਰਿਤਸਰ ਵਿਚ ਇਕ ਪੁਲਿਸ ਇੰਸਪੈਟਰ ਦੀ ਗੋਲੀ ਮਾਰ ਕੇ ਹਤਿਆ। |
| 8 ਮਾਰਚ 1983 | ਦਿੱਲੀ ਦੇ ਪਾਲਿਕਾ ਬਾਜ਼ਾਰ ਅਤੇ ਅੰਤਰਰਾਜ਼ੀ ਬੱਸ ਅਡੇ ਤੇ ਬੰਬ ਧਮਾਕਾ। |
| 11 ਮਾਰਚ 1983 | ਅੰਮ੍ਰਿਤਸਰ ਨੇੜੇ ਆਤੰਕਵਾਦੀਆਂ ਅਤੇ ਪੁਲਿਸ ਦੀ ਮੁਠਭੇੜ ਵਿਚ ਇਕ ਪੁਲਿਸ ਸੁਪਰਿਡੈਂਨਟ ਸਖਤ ਜ਼ਖਮੀ। ਸਿਖ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇਕ ਆਤੰਕਵਾਦੀ ਦੀ ਲਾਸ਼ ਜੋ ਇਸ ਝੜਪ ਵਿਚ ਮਾਰਿਆ ਗਿਆ ਸੀ ਪੁਲਿਸ ਦੇ ਹਵਾਲੇ ਕੀਤੀ। ਤਿੰਨ ਹੋਰ ਆਤੰਕਵਾਦੀਜੋ ਜ਼ਖਮੀ ਹੋ ਗਏ ਸਨ ਗੁਰੂ ਨਾਨਕ ਨਿਵਾਸ ਵਿਚ ਲੁਕ ਗਏ। |
| 21 ਮਾਰਚ 1983 | ਕੁਝ ਨਿਹੰਗ ਰਾਤ ਦੇ ਸਾਢੇ ਅੱਠ ਵਜੇ ਦੇ ਨੇੜੇ ਜ਼ਿਲਾ ਗੁਰਦਾਸਪੁਰ ਵਿਚ ਕਾਦੀਆਂ ਦੇ ਬਜ਼ਾਰ ਗਏ ਤੇ ਅਨ੍ਹੇ ਵਾਹ ਗੋਲਿਆਂ ਚਲਾਣੀਆਂ ਸ਼ੁਰੂ ਕਰ ਦਿਤੀਆਂ। ਇਸ ਨਾਲ 9 ਬੰਦੇ ਫਟੜ ਹੋਏ। |
| 25 ਮਾਰਚ 1983 | ਪਟਿਆਲੇ ਦੇ ਇਕ ਜੱਜ ਸ੍ਰੀ ਕੇ. ਕੇ. ਗਰਗ ਦੇ ਘਰ ਦੇ ਅਹਾਤੇ ਵਿਚ ਦ ਬੰਬ ਸੁਟੇ ਗਏ। ਇਕ ਬੰਬ ਫਟਿਆ। ਜਿਸ ਨਾਲ ਖਿੜਕੀਆਂ ਦੇ ਸ਼ੀਸ਼ੇ ਟੁਟੇ। |
| 30 ਮਾਰਚ 1983 | ਮੁਕੇਰਿਆਂ ਵਿਚ ਤਿੰਨ ਵਖ ਵਖ ਥਾਂਵਾਂ ਤੇ ਬੰਬ ਸੁਟੇ ਗਏ ਜਿਨਾਂ ਨਾਲ ਪੰਜਾਬ ਦੇ ਇਕ ਸਾਬਕ ਖਜ਼ਾਨਾ ਮੰਤਰੀ ਦਾ ਪੁਤਰ ਤੇ ਇਕ ਹੋਰ ਬੰਦਾ ਆਪਣੀਆਂ ਦੁਕਾਨਾ ਦੇ ਫੱਟੜ ਹੋਏ। |
| 4 ਅਪਰੈਲ 1983 | ਅਕਾਲੀ ਦਲ ਵਲੋਂ ਚਲਾਏ ਗਏ "ਰਸਤਾ ਰੋਕੋ" ਅੰਦੋਲਨ ਵਿਚ ਮਜ਼ਾਹਰਾ ਕਰਨ ਵਾਲਿਆਂ ਨੇ ਹਿੰਸਾਤੇ ਅੱਗ ਲਾਣ ਦੀਆਂ ਵਾਰਦਾਤਾਂ ਕੀਤਿਆਂ ਤੇ ਪੁਲਿਸ ਤੇ ਹਮਲਾ ਕੀਤਾ। ਦੋ ਕਾਰਜਕਾਰੀ ਮਜਿਸਟਰੇਟ, 175 ਪੁਲਿਸ ਅਫਸਰਾਂ ਤੇ ਕਰਮਚਾਰੀਆਂ ਨੂੰ ਸਟਾਂ ਲਗੀਆਂ। ਹਿੰਸਕ ਭੀੜ ਤੇ ਕਾਬੂ ਪਾਣ ਲਈ ਪੁਲਿਸ ਨੂੰ ਗਾਰਦ ਦੀ ਵਰਤੋਂ ਕਰਨੀ ਪਈ ਜਿਸ ਵਿਚ ਅਸ਼ਰੂ ਗੈਸ, ਲਾਠੀ ਚਾਰਜ, ਅਤੇ ਗੋਲੀ ਬਾਰੀ ਸ਼ਾਮਿਲ ਸੀ ਇਸ ਨਾਲ 21 ਬੰਦੇ ਮਰੇ। |
| 6 ਅਪਰੈਲ 1983 | ਫ਼ਿਰੋਜਪੁਰ ਦੇ ਹੋਮ ਗਾਰਡ ਅਸਲਾਘਰ ਵਿਚ ਚੋਰੀ। ਕਈ ਰਾਇਫਲਾਂ, ਸਟੇਨ ਗਨਾਂ ਅਤੇ ਗੋਲੀ ਸਿਕਾ ਚੋਰੀ ਹੋਇਆ। |
| 17 ਅਪਰੈਲ 1983 | ਇਕ ਨਿਰੰਕਾਰੀ ਦੀ ਹਤਿਆ ਦੇ ਮੁਕਦਮੇ ਦੇ ਗਵਾਹ ਨੂੰ ਜਲੰਧਰ ਦੇ ਇਕ ਹਸਪਤਾਲ ਵਿਚ ਗੋਲੀ ਮਾਰ ਕੇ ਮਾਰ ਦਿਤਾ ਗਿਆ। |

Digitized by Panjab Digital Library | www.panjabdigilib.org

| | |
|---|---|
| 18 ਅਪਰੈਲ 1983 | ਇਕ ਨਿਰੰਕਾਰੀ ਸ੍ਰੀ ਅਮਰ ਸਿੰਘ ਪਿੰਡ ਨਾਗੋਕੇ ਜਲੰਧਰ ਵਿਚ ਗੋਲੀ ਚਲਾਣ ਨਾਲ ਜ਼ਖਮੀ। |
| 20 ਅਪਰੈਲ 1983 | ਜ਼ਿਲਾ ਜੰਲਧਰ ਵਿਚ ਪੰਜਾਬ ਅਤੇ ਸਿੰਧ ਬੈਂਕ ਦੀ ਇਕ ਬਰਾਂਚ ਵਿਚੋਂ ਤਿਨ ਲੱਖ ਰੁਪਏ ਲੁਟੇ ਗਏ। |
| 21 ਅਪਰੈਲ 1983 | ਸੁਲਤਾਨ ਪੁਰ ਲੋਧੀ, ਕਪੂਰਥਲਾ ਵਿਚ ਇਕ ਬੰਦੇ ਦੀ ਗੋਲੀ ਮਾਰਕੇ ਹਤਿਆ। |
| 22ਅਪਰੈਲ 1983 | ਸ੍ਰੀ ਪਰੇਮ ਨਾਥ, ਕਿਰਿਆਨਾ ਵਪਾਰੀ ਅਤੇ ਮਿਉਂਸਪਲ ਕਮਿਸ਼ਨਰ ਦੀ ਮੰਡੀ ਰੋਡ, ਸੁਲਤਾਨ ਪੁਰ ਲੋਧੀ, ਜ਼ਿਲਾ ਕਪੂਰਥਲਾ ਵਿਚ ਦੁਕਾਨ ਤੇ ਗੋਲੀ ਮਾਰ ਕੇ ਹਤਿਆ। |
| 25 ਅਪਰੈਲ 1983 | ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁਖ ਪਰਵੇਸ਼ ਦਰਵਾਜ਼ੇ ਦੇ ਬਾਹਰ ਪੁਲਿਸ ਡੀ. ਆਈ. ਜੀ. ਜਲੰਧਰ ਦੀ ਗੋਲੀ ਮਾਰਕੇ ਹਤਿਆ। ਇਕ 11 ਸਾਲ ਦੇ ਮੁੰਡੇ ਦੀ ਵੀ ਗੋਲੀ ਮਾਰਕੇ ਹਤਿਆ ਤੇ ਇਕ ਹੋਰ ਬੰਦਾ ਵੀ ਜ਼ਖਮੀ। |
| 29 ਅਪਰੈਲ 1983 | ਚੋਤਨਪੁਰ,ਜ਼ਿਲਾ ਅੰਮ੍ਰਿਤਸਰ ਵਿਚ ਪੰਜਾਬ ਨੇਸ਼ਨਲ ਬੈਂਕ ਦੀ ਇਕ ਸ਼ਾਖ ਵਿਚੋਂ 22 ਹਜ਼ਾਰ ਰੁਪਏ ਅਤੇ ਇਕ ਬੰਦੂਕ ਲੁਟੀ ਗਈ। |
| 4 ਮਈ 1983 | ਹਰਮੰਦਿਰ ਸਾਹਿਬ ਦੇ ਨੇੜੇ ਇਕ ਲਾਸ਼ ਮਿਲੀ। |
| 21 ਮਈ 1983 | ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਬੁਲੋਵਾਲ ਵਿਚ ਨਿਰੰਕਾਰੀ ਕਰਤਾਰ ਸਿੰਘ ਦੀ ਗੋਲੀ ਮਾਰ ਕੇ ਹਤਿਆ। |
| 23 ਮਈ 1983 | ਗੁਰੂ ਨਾਨਕ ਨਿਵਾਸ ਦੇ ਪਿਛੇ ਨਾਲੀ ਵਿਚੋਂ ਇਕ ਲਾਸ਼ ਮਿਲੀ। |
| 28 ਮਈ 1983 | ਗੁਰਦਾਸਪੁਰ ਦੇ ਪਿੰਡ ਵਿਚ ਇਕ ਸਕੂਲ ਅਧਿਆਪਕ ਦੀ ਗੋਲੀ ਮਾਰ ਕੇ ਹਤਿਆ। |
| 30 ਮਈ 1983 | ਸੁਲਤਾਨਪੁਰ ਲੋਧੀ ਜ਼ਿਲਾ ਕਪੂਰਥਲਾ ਵਿਚ ਸਟੇਟ ਬੈਂਕ ਨੂੰ ਲੁਟਣ ਦਾ ਯਤਨ। ਇਕ ਸਹਾਇਕ ਸਬ ਇੰਸਪੈਕਟਰ ਪੁਲਿਸ ਦੀ ਮੌਤ ਅਤੇ ਇਕ ਸਿਪਾਹੀ ਤੇ ਦੋ ਗਨਮੈਨ ਜ਼ਖਮੀ। |
| 6 ਜੂਨ 1983 | ਜ਼ਿਲਾ ਅੰਮ੍ਰਿਤਸਰ ਦੇ ਪਿੰਡ ਮੁਚਾਲ ਵਿਚ ਇਕ ਨਿਰੰਕਾਰੀ ਨੂੰ ਮਾਰਿਆ ਗਿਆ। |
| 10 ਜੂਨ 1983 | ਬਹਿਰਾਮਪੁਰ, ਜ਼ਿਲਾ ਗੁਰਦਾਸਪੁਰ ਤੋ ਪੰਜਾਬ ਨੇਸ਼ਨਲ ਬੈਂਕ ਵਿਚੋਂ 27 ਹਜ਼ਾਰ ਰੁਪਏ ਲੁੱਟੇ ਗਏ। |
| 11 ਜੂਨ 1983 | ਗੁਰੂ ਨਾਨਕ ਨਿਵਾਸ ਦੇ ਸੀਵਰ ਵਿਚੋਂ ਇਕ ਲਾਸ਼ ਮਿਲੀ। |
| 15 ਜੂਨ 1983 | ਜ਼ਿਲਾ ਜਲੰਧਰ ਦੇ ਨਿਊ ਬੈਂਕ ਆਫ ਇੰਡੀਆ ਲੈਗਰੋਆ ਵਿਚੋਂ ਲਗਭਗ 98 ਹਜ਼ਾਰ ਰੁਪਏ ਲੁਟੇ ਗਏ। |
| 15 ਜੂਨ 1983 | ਉਰਾਪੁਰ, ਜ਼ਿਲਾ ਜਲੰਧਰ, ਦੇ ਸਹਿਕਾਰੀ ਬੈਂਕ ਵਿਚੋਂ 70 ਹਜ਼ਾਰ ਰੁਪਏ ਲੁਟੇ ਗਏ। |
| 16 ਜੂਨ 1983 | ਨਿਰੰਕਾਰੀ ਭਵਨ, ਫਰੀਦਕੋਟ ਤੇ ਬੰਬ ਸੁਟਿਆ ਗਿਆ। |
| 17 ਜੂਨ 1983 | ਅਕਾਲੀ ਦਲ ਨੇ 'ਰੇਲ ਰੋਕੋ' ਪ੍ਰੋਗਰਾਮ ਚਲਾਇਆ। ਯਾਤਰੂਆਂ ਅਤੇ ਰੇਲ ਜਾਇਦਾਦ ਦੀ ਰੁਖਿਆ ਅਤੇ ਹਿਫਾਜ਼ਤ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਪੰਜਾਬ ਵਿਚ ਰੇਲ ਬੰਦ ਕਰ ਦਿਤੀ ਗਈ। ਰਾਜ ਸਰਕਾਰ ਦੀਆਂ ਬਸਾਂ ਵੀ ਨਾ ਚਲੀਆਂ। ਅੰਦੋਲਨਕਾਰੀਆਂ ਨੇ ਭੰਨ ਤੋੜ ਦੀਆਂ ਕਾਰਵਾਈਆਂ ਕੀਤੀਆਂ। ਜਿਸ ਵਿਚ ਸਿਗਨਲ, |

Digitized by Panjab Digital Library | www.panjabdigilib.org

ਟੈਲਿਫੋਨ ਅਤੇ ਟੈਲਿਗਰਾਫ਼ ਤਾਰਾਂ ਨੂੰ ਕਟਣਾਂ, ਫਿਸ਼ ਪਲੇਟਾਂ ਨੂੰ ਹਟਾਣਾ, ਲੱਕੜ ਦੇ ਲੱਠ ਰਖ ਕੇ ਰੇਲ ਪਟੜੀ ਤੇ ਰੁਕਾਵਟ ਪਾਣੀ ਅਤੇ ਨਹਿਰਾਂ ਦੇ ਕੰਡੇ ਤੋੜ ਕੇ ਰੇਲ ਪਟੜੀਆਂ ਨੂੰ ਤੋੜਨਾ ਸ਼ਾਮਿਲ ਸੀ।

| | |
|---|---|
| 18 ਜੂਨ 1983 | ਫਗਵਾੜਾ ਜ਼ਿਲਾ ਕਪੂਰਥਲਾ ਵਿਚ ਪੁਲਿਸ ਇੰਸਪੈਕਟਰ ਸ਼੍ਰੀ ਰਤਨ ਚੰਦ ਦੀ ਗੋਲੀ ਮਾਰ ਕੇ ਹਤਿਆ। |
| 20 ਜੂਨ 1983 | ਪਿੰਡ ਨਾਗੋਕੇ, ਜ਼ਿਲਾ ਅੰਮ੍ਰਿਤਸਰ ਵਿਚ ਇਕ ਨਿਰੰਕਾਰੀ ਗੋਲੀ ਚਲਣ ਨਾਲ ਫਟੜ। |
| 24 ਜੂਨ 1983 | ਜਲੰਧਰ ਦੇ ਦੈਨਿਕ ਪਰਤਾਪ ਦੇ ਦਫਤਰ ਵਿਚ ਇਕ ਪਾਰਸਲ ਬੰਬ ਦਾ ਧਮਾਕਾ ਜਿਸ ਨਾਲ ਦੋ ਕਰਮਚਾਰੀ ਮਾਰੇ ਗਏ ਤੇ ਇਕ ਜ਼ਖਮੀ ਹੋਇਆ। |
| 25 ਜੂਨ 1983 | ਅੰਮ੍ਰਿਤਸਰ ਵਿਚ ਇਕ ਨਿਰੰਕਾਰੀ ਤੇ ਹਮਲਾ ਤੇ ਫਟੜ। |
| 25 ਜੂਨ 1983 | ਜ਼ਿਲਾ ਕਪੂਰਥਲਾ ਵਿਚ ਸੁਲਤਾਨ ਪੁਰ ਲੋਧੀ ਦੇ ਇਕ ਮੰਦਿਰ ਦੇ ਪੁਜਾਰੀ ਦੀ ਤੇਜ਼ ਧਾਰ ਵਾਲੇ ਹਥਿਆਰ ਨਾਲ ਹਤਿਆ। ਮੰਦਿਰ ਦਾ ਨੌਕਰ ਜ਼ਖਮੀ। |
| 27 ਜੂਨ 1983 | ਸ਼ਕਤੀ ਨਗਰ ਜਲੰਧਰ ਵਿਚ ਇਕ ਬੰਬ ਧਮਾਕਾ ਜਿਸ ਨਾਲ ਦੋ ਬੰਦੇ ਮਰੇ। ਪੁਲਿਸ ਨੇ ਇਸ ਥਾਂ ਤੋਂ ਗੋਲੀ ਸਿੱਕਾ ਬਰਾਮਦ ਕੀਤਾ। |
| 28 ਜੂਨ 1983 | ਅੰਮ੍ਰਿਤਸਰ ਵਿਚ ਇਕ ਨਿਰੰਕਾਰੀ ਦੀ ਹਤਿਆ। |
| 28-29 ਜੂਨ 1983 | ਬਠਿੰਡਾ ਦੇ ਨੇੜੇ ਰੇਲ ਪਟੜੀ ਤੋਂ ਫਿਸ਼ ਪਲੇਟਾਂ ਉਖਾੜਣ ਦਾ ਯਤਨ। ਰੇਲ ਸੇਵਾ ਵਿਚ ਰੁਕਾਵਟ। |
| 1 ਜੁਲਾਈ 1983 | ਅੰਮ੍ਰਿਤਸਰ ਵਿਚ ਦੋ ਨਿਰੰਕਾਰੀਆਂ ਦੀ ਹਤਿਆ। |
| 2 ਜੁਲਾਈ 1983 | ਨਿਹੰਗਾਂ ਨੇ ਬਾਬਾ ਬਕਾਲਾ ਪੁਲਿਸ ਚੌਂਕੀ ਤੇ ਹਮਲਾ ਕੀਤਾ। ਪੁਲਿਸ ਨੇ ਗੋਲੀ ਚਲਾਈ। ਨਿਹੰਗ ਇਕ ਪੁਲਿਸ ਰਾਈਫਲ ਲੈ ਕੇ ਨਸ ਗਏ। ਪੁਲਿਸ ਉਹਨਾਂ ਦੇ ਡੇਰੇ ਤੇ ਗਈ। ਇਕ ਦੂਜੇ ਤੇ ਗੋਲੀ ਚਲਾਣ ਨਾਲ ਇਕ ਬੰਦਾ ਮਰਿਆ ਤੇ ਦੋ ਜ਼ਖਮੀ ਹੋਏ। ਪੁਲਿਸ ਨੇ ਡੇਰੇ ਤੋਂ ਵੱਡੀ ਮਿਕਦਾਰ ਵਿਚ ਹਥਿਆਰ ਤੇ ਗੋਲੀ ਸਿਕਾ ਬਰਾਮਦ ਕੀਤਾ। |
| 2 ਜੁਲਾਈ 1983 | ਪੰਜਾਬ ਨੈਸ਼ਨਲ ਬੈਂਕ, ਬੁਰੋਖੁਰਦ, ਜ਼ਿਲਾ ਬਠਿੰਡਾ ਵਿਚੋਂ 30 ਹਜ਼ਾਰ ਰੁਪਏ ਲੁਟੇ ਗਏ। |
| 7 ਜੁਲਾਈ 1983 | ਕਟਨੀਕਲਾਂ ਜ਼ਿਲਾ ਲੁਧਿਆਣਾ, ਵਿਚ ਨਿਊ ਬੈਂਕ ਆਫ ਇੰਡੀਆਂ ਤੋਂ ਕੋਈ 44 ਹਜ਼ਾਰ ਰੁਪਏ ਲੁਟੇ ਗਏ। |
| 13 ਜੁਲਾਈ 1983 | ਪਿੰਡ ਫਾਤੂਧਿੰਗਾ, ਕਪੂਰਥਲਾ, ਵਿਚ ਇਕ ਹੈਡ ਕਾਂਸਟੇਬਲ ਅਤੇ ਤਿੰਨ ਸਿਪਾਹੀਆਂ ਦੀ ਹਤਿਆ। ਹਮਲਾਵਰ ਪੁਲਿਸ ਦੀਆਂ ਤਿੰਨ ਬੰਦੂਕਾਂ ਅਤੇ 100 ਕਾਰਤੂਸ ਲੈ ਗਏ। |
| 15 ਜੁਲਾਈ 1983 | ਤਰਨਤਾਰਨ, ਜ਼ਿਲਾ ਅੰਮ੍ਰਿਤਸਰ ਦੇ ਪਿੰਡ ਧਰਾਰ ਵਿਚ ਇਕ ਨਿਰੰਕਾਰੀ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿਤਾ ਗਿਆ। |
| 28 ਜੁਲਾਈ 1983 | ਅੰਮ੍ਰਿਤਸਰ ਵਿਚ ਬੰਬ ਧਮਾਕੇ ਨਾਲ ਇਕ ਬੰਦੇ ਦੀ ਮੌਤ। |
| 2 ਅਗਸਤ 1983 | ਪਿੰਡ ਛਨੂੰਕੋਰ ਕਾਲੇ, ਜ਼ਿਲਾ ਅੰਮ੍ਰਿਤਸਰ ਵਿਚ ਇਕ ਨਿਰੰਕਾਰੀ ਗੋਲੀ ਚਲਣ ਤੇ ਸਖਤ ਜ਼ਖ਼ਮੀ ਤੇ ਬਾਦ ਵਿਚ ਉਸਦੀ ਮੌਤ। |
| 2 ਅਗਸਤ 1983 | ਜ਼ਿਲਾ ਅੰਮ੍ਰਿਤਸਰ ਦੇ ਨਿਊ ਬੈਂਕ ਆਫ ਇਡਿਆ ਦੀ ਖੁਰਦਾ ਸ਼ਾਖ ਤੋਂ ਇਕ ਲੱਖ ਰੁਪਿਆ ਲੁਟਿਆ ਗਿਆ। |

Digitized by Panjab Digital Library | www.panjabdigilib.org

| | |
|---|---|
| 3 ਅਗਸਤ 1983 | ਅੰਮ੍ਰਿਤਸਰ ਵਿਚ ਇਕ ਨਿਰੰਕਾਰੀ ਦੀ ਹਤਿਆ। |
| 4 ਅਗਸਤ 1983 | ਸਿੰਧੀ ਹੋਟਲ ਅੰਮ੍ਰਿਤਸਰ ਦੇ ਮੈਨੇਜਰ ਪ੍ਰੀਤਮ ਸਿੰਘ ਦੀ ਹਤਿਆ। |
| 5 ਅਗਸਤ 1983 | ਕਟਲੀ ਸੂਰਤ ਮਾਲਹੀ, ਜ਼ਿਲਾ ਗੁਰਦਾਸਪੁਰ ਦੇ ਪੰਜਾਬ ਨੈਸ਼ਨਲ ਬੈਂਕ ਤੋਂ 1,10,706 ਰੁਪਏ ਲੁਟੇ ਗਏ। |
| 8 ਅਗਸਤ 1983 | ਜੰਡਿਆਲਾ ਗੁਰੂ,ਜ਼ਿਲਾ ਅੰਮ੍ਰਿਤਸਰ ਵਿਚ ਇਕ ਖਾਦ ਦਾ ਏਜੰਟ ਗੋਲੀ ਚਲਣ ਨਾਲ ਸਖ਼ਤ ਜ਼ਖਮੀ। |
| 8 ਅਗਸਤ 1983 | ਮੁਕਤਸਰ ਵਿਚ ਇਕ ਨਿਰੰਕਾਰੀ ਦੀ ਦੁਕਾਨ ਤੇ ਬੰਬ ਸੁਟਿਆ ਗਿਆ। |
| 15 ਅਗਸਤ 1983 | ਮੁਕਤਸਰ ਵਿਚ ਪੁਲਿਸ ਇੰਸਪੈਕਟਰ ਦੀ ਗੋਲੀ ਮਾਰਕੇ ਹਤਿਆ। ਇਕ ਸਿਪਾਹੀ ਜ਼ਖਮੀ। |
| 16 ਅਗਸਤ 1983 | ਸਟੇਟ ਬੈਂਕ ਆਫ ਇੰਡਿਆ, ਜੰਦੋਕੇ, ਸਰਹਾਲੀ, ਜ਼ਿਲਾ ਅੰਮ੍ਰਿਤਸਰ ਤੋਂ 22 ਹਜ਼ਾਰ ਰੁਪਏ ਲੁਟੇ ਗਏ। |
| 16 ਅਗਸਤ 1983 | ਅੰਮ੍ਰਿਤਸਰ ਵਿਚ ਇਕ ਨਿਰੰਕਾਰੀ ਦੀ ਹਤਿਆ। |
| 16 ਅਗਸਤ 1983 | ਪਿੰਡ ਕੁਕਰਾਂਵਾਲਾ, ਜ਼ਿਲਾ ਅੰਮ੍ਰਿਤਸਰ ਵਿਚ ਇਕ ਨਿਰੰਕਾਰੀ ਫਟੜ। |
| 24 ਅਗਸਤ 1983 | ਪੰਜਾਬ ਦੇ ਸਾਰੇ ਜਿਲਿਆ ਵਿਚ "ਕੰਮ ਰੋਕੋ" ਅੰਦੋਲਨ। ਕੁਝ ਹਿੰਸਕ ਘਟਨਾਵਾਂ। |
| 3 ਸਿਤੰਬਰ 1983 | ਗੁਰੂ ਰਾਮ ਦਾਸ ਸਰਾਂ ਅੰਮ੍ਰਿਤਸਰ ਪਿਛੋਂ ਦੇ ਨਾਲੀ ਵਿਚੋਂ ਇਕ ਲਾਸ਼ ਮਿਲੀ। |
| 5 ਸਿਤੰਬਰ 1983 | ਬੈਂਕ ਆਫ ਇੰਡਿਆ, ਚਾਬਾ, ਜ਼ਿਲਾ ਅੰਮ੍ਰਿਤਸਰ ਤੋਂ 80 ਹਜ਼ਾਰ ਰੁਪਏ ਲੁਟੇ ਗਏ। |
| 10 ਸਿਤੰਬਰ 1983 | ਅੰਮ੍ਰਿਤਸਰ ਦੇ ਇਕ ਨਿਰੰਕਾਰੀ ਦੀ ਗੋਲੀ ਮਾਰਕੇ ਹਤਿਆ। |
| 21 ਸਿਤੰਬਰ 1983 | ਸ੍ਰੀ ਡੀ. ਆਰ. ਭੱਟੀ, ਐਸ. ਐਸ. ਪੀ. ਲੁਧਿਆਣਾ ਤੇ ਦੱਫਤਰ ਵੜਨ ਵੇਲੇ ਗੋਲੀ ਚਲਾਈ ਗਈ। ਉਹਨਾਂ ਦੇ ਗਨਮੈਨ ਦੀ ਮੌਕੇ ਤੇ ਮੌਤ। ਇਕ ਹਮਲਾਵਰ ਵੀ ਮਾਰਿਆ ਗਿਆ। |
| 21 ਸਿਤੰਬਰ 1983 | ਨਿਊ ਬੈਂਕ ਆਫ ਇੰਡੀਆ ਪੁਤਲੀਘਰ ਅੰਮ੍ਰਿਤਸਰ ਤੋਂ ਕੋਈ 73 ਹਜ਼ਾਰ ਰੁਪਏ ਲੁਟੇ ਗਏ। ਉਸੀਦਿਨ ਪੰਜਾਬ ਐਂਡ ਸਿੰਧ ਬੈਂਕ ਨਿਊ ਬਸ ਅੱਡਾ ਅੰਮ੍ਰਿਤਸਰ 27 ਹਜ਼ਾਰ ਤੋਂ ਵਧ ਰੁਪਏ ਲੁੱਟੇ ਗਏ। |
| 22ਸਿਤੰਬਰ 1983 | ਨਿਰੰਕਾਰੀ ਦੱਸੇ ਜਾਣ ਵਾਲੇ ਇਕ ਬੰਦੇ ਤੇ ਉਸ ਵੇਲੇ ਗੋਲੀ ਚਲਾਈ ਗਈ ਜਦ ਉਹ ਅੰਮ੍ਰਿਤਸਰ ਵਿਚ ਅਪਣੇ ਪਿੰਡ ਮੁੱਛਲ ਜਾ ਰਿਹਾ ਸੀ। |
| 23 ਸਿਤੰਬਰ 1983 | ਹਰਮੰਦਿਰ ਸਾਹਿਬ, ਅੰਮ੍ਰਿਤਸਰ ਨੇੜੇ ਤਿੰਨ ਪੁਲਿਸਮੈਂਨ ਫੱਟੜ। |
| 26 ਸਿਤੰਬਰ 1983 | ਇਕ ਪੁਲਿਸ ਹੈਡਕਾਨਸਟੇਬਲ ਦੀ ਪੁਤਲੀਘਰ ਖੇਤਰ, ਅੰਮ੍ਰਿਤਸਰ ਵਿਚ ਗੋਲੀ ਮਾਰਕੇ ਹਤਿਆ। |
| 28 ਸਿਤੰਬਰ 1983 | ਲਾਲਟਨ, ਜ਼ਿਲਾ ਲੁਧਿਆਣਾ ਦੇ ਯੁਨਾਇਟਿਡ ਕਮਰਸ਼ਲ ਬੈਂਕ ਤੋਂ ਇਕ ਲੱਖ 30 ਹਜ਼ਾਰ ਰੁਪਏ ਲੁਟੇ ਗਏ। |

Digitized by Panjab Digital Library / www.panjabdigilib.org

| | |
|---|---|
| 28 ਸਿਤੰਬਰ 1983 | ਜਗਰਾਉਂ ਜ਼ਿਲਾ ਲੁਧਿਆਣਾ ਵਿਚ ਸਵੇਰੇ ਸੈਰ ਕਰਦੇ ਪੰਜ ਬੰਦਿਆਂ ਤੇ ਗੋਲੀ ਚਲਾ ਕੇ ਉਹਨਾਂ ਨੂੰ ਫਟੱੜ ਕਰ ਦਿਤਾ ਗਿਆ। |
| 29 ਸਿਤੰਬਰ 1983 | ਗੁਰੂ ਹਰ ਸਹਾਏ, ਜ਼ਿਲਾ ਫਿਰੋਜ਼ਪੁਰ ਵਿਚ ਪੰਜਾਬ ਸਟੇਟ ਬਿਜਲੀ ਬੋਰਡ ਦੇ ਦਫਤਰ ਚੋਂ 1,13,000 ਰੁਪਏ ਲੁਟੇ ਗਏ। |
| 29 ਸਿਤੰਬਰ 1983 | ਅੰਮ੍ਰਿਤਸਰ ਵਿਚ ਇਕ ਪੁਲਿਸ ਸੱਬ-ਇਨਸਪੈਕਟਰ ਦੀ ਗੋਲੀ ਮਾਰ ਕੇ ਹਤਿਆ। |
| 29 ਸਿਤੰਬਰ 1983 | ਇਕ ਬੰਦਾ, ਜੋ ਜ਼ਿਲਾ ਹੋਸ਼ਿਆਰਪੁਰ ਦੇ ਪਿੰਡ ਸ਼ਾਮਚੁਰਾਸੀ ਵਿਚ, ਡੇਰਾ ਸ਼ਾਮੀ ਸ਼ਾਹ ਜਾ ਰਿਹਾ ਸੀ, ਗੋਲੀ ਮਾਰ ਕੇ ਮਾਰ ਦਿਤਾ ਗਿਆ । |
| 30 ਸਿਤੰਬਰ 1983 | ਡਾ: ਸੁਦਰਸ਼ਨ ਨੂੰ ਪੱਟੀ , ਜ਼ਿਲਾ ਅੰਮ੍ਰਿਤਸਰ ਵਿਚ ਰੇਲਵੇ ਰੋਡ ਤੇ ਉਹਨਾਂ ਦੇ ਕਲਿਨਕ ਵਿਚ ਗੋਲੀ ਮਾਰਕੇ ਮਾਰ ਦਿਤਾ ਗਿਆ। |
| 1 ਅਕਤੂਬਰ 1983 | ਭਟਨੂਰਾ ਲਬਾਣਾ ਜ਼ਿਲਾ ਜਲੰਧਰ ਦੇ ਨਿਊ ਬੈਂਕ ਆਫ ਇੰਡਿਆ ਤੋਂ 76,000 ਰੁਪਏ ਲੁਟੇ ਗਏ। ਇਸ ਪਿਛੋਂ ਇਕ ਝੜਪ ਵਿਚ ਚਾਰ ਲੁਟੇਰੇ ਮਾਰੇ ਗਏ। ਇਕ ਸਟੇਨਗਨ, ਇਕ ਪਿਸਤੌਲ, ਇਕ ਰਿਵਾਲਵਰ, ਇਕ ਰਾਈਫਲ, 3 ਹੱਥ ਗੋਲੇ ਤੇ ਵਡੀ ਮਾਤ੍ਰਾ ਵਿਚ ਗੋਲੀ ਸਿੱਕਾ ਮਿਲਿਆ, ਬੈਂਕ ਤੋਂ ਲੁਟੇ ਗਏ ਕਰੰਸੀ ਨੋਟ ਵੀ ਬ੍ਰਾਮਦ। |
| 4 ਅਕਤੂਬਰ 1983 | ਸ੍ਰੀ ਮਦਨ ਮੋਹਨ ਧਵਨ ਜੋ ਜੰਡਿਆਲਾ ਵਿਚ ਆਪਣੀ ਹਟੀ ਤੇ ਆਪਣੇ ਪੁੱਤਰ ਤੇ ਇਕ ਰਿਸ਼ਤੇਦਾਰ ਨਾਲ ਬੈਠੇ ਸਨ ਗੋਲੀ ਚਲਾਈ ਗਈ। ਸ੍ਰੀ ਮਦਲ ਮੋਹਨ ਬੁਰੀ ਤਰ੍ਹਾਂ ਜਖਮੀ ਹੋਏ ਤੇ ਇਸ ਪਿਛੋਂ ਉਹਨਾਂ ਦੀ ਮੋਤ। |
| 5 ਅਕਤੂਬਰ 1983 | ਜਲੰਧਰ ਦੇ ਇਕ ਬੈਂਕ ਕਰਮਚਾਰੀ ਸ੍ਰੀ ਐਸ.ਕੇ. ਮਿਤੱਲ ਨੂੰ ਗੋਲੀ ਮਾਰਕੇ ਜ਼ਖਮੀ ਕਰ ਦਿਤਾ ਗਿਆ । |
| 5 ਅਕਤੂਬਰ 1983 | ਕਪੜਾ ਵਪਾਰੀ ਰਾਜਪਾਲ ਤੇ ਉਸ ਵੇਲੇ ਗੋਲੀ ਚਲਾਈ ਗਈ ਜਦ ਉਹ ਤਰਨਤਾਰਨ ਦੇ ਗੁਰਦੁਆਰੇ ਦੇ ਸਾਹਮਣੇ ਆਪਣੀ ਹੱਟੀ ਬੰਦ ਕਰ ਰਿਹਾ ਸੀ। ਉਹ ਜ਼ਖਮੀ ਹਇਆ। |
| 5 ਅਕਤੂਬਰ 1983 | ਤਰਨਤਾਰਨ ਦੇ ਨੇੜੇ ਪੰਜਾਬ ਰੋਡਵੇਜ਼ ਦੀ ਬਸ ਚੋਂ ਉਤਰ ਰਹੀਆਂ ਸਵਾਰੀਆਂ ਤੇ ਹਥਗੋਲਾ ਸੁਟਿੱਆ ਗਿਆ ਇਕ ਬੰਦਾ ਬੁਰੀ ਤਰਾਂ ਫੱਟੜ । |
| 5 ਅਕਤੂਬਰ 1983 | ਰਾਤ ਦੇ 10 ਵਜੇ ਇਕ ਪ੍ਰਾਈਵੇਟ ਬਸ ਦਿੱਲੀ ਤੋਂ ਅੰਮ੍ਰਿਤਸਰ ਲਈ ਚਲੀ। ਢਿਲਵਾਂ ਵਿਚ ਬਸ ਨੂੰ ਅਗਵਾ ਕਰਕੇ ਨੂਰਪੁਰ ਲਬਾਣਾ ਵਲ ਲਿਜਾਇਆ ਗਿਆ। ਮੁਸਾਫਰਾਂ ਨੂੰ ਜਾਤ ਅਨੁਸਾਰ ਨਖੇੜਿਆ ਗਿਆ। 6 ਹਿੰਦੂ ਮੁਸਾਫਰਾਂ ਦੀ ਗੋਲੀ ਮਾਰ ਕੇ ਹੱਤਿਆ ਅਤੇ 1 ਹਿੰਦੂ ਸਖ਼ਤ ਜਖਮੀ। |
| 6ਅਕਤੂਬਰ 1983 | ਮਾਨਾਵਾਲਾ ਰੇਲਵੇ ਸਟੇਸ਼ਨ ਦੇ ਨੇੜੇ ਹਾਵੜਾ ਐਕਸਪ੍ਰੈਸ ਵਿਚ ਪੰਜਾਬ ਪੁਲਿਸ ਦੇ ਇਕ ਸਬ ਇੰਸਪੈਕਟਰ ਸ੍ਰੀ ਪਿਆਰਾ ਸਿੰਘ ਅਤੇ ਚੁੰਗੀ ਅਤੇ ਉਤਪਾਦਨ ਟੈਕਸ ਇੰਸਪੈਕਟਰ ਸ੍ਰੀ ਸਤਪਾਲ ਸੂਰੀ ਦੀ ਗੋਲੀ ਮਾਰ ਕੇ ਹਤਿਆ। ਕੁਝ ਮੁਸਾਫਰ ਵੀ ਜ਼ਖਮੀ। |
| 6 ਅਕਤੂਬਰ 1983 | ਅੰਮ੍ਰਿਤਸਰ ਵਿਚ ਬੰਦੂਕ ਵਖਾਕੇ ਇਕ ਵਪਾਰੀ ਕੋਲੋਂ 3 ਹਜ਼ਾਰ ਰੁਪਏ ਖੋਹ ਲਏ ਗਏ। |
| 6 ਅਕਤੂਬਰ 1983 | ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ । |

Digitized by Panjab Digital Library | www.panjabdigilib.org

| | |
|---|---|
| 7 ਅਕਤੂਬਰ 1983 | ਪੰਜਾਬ ਨੂੰ ਪੰਜਾਬ ਅਸ਼ਾਂਤ ਖੇਤਰ ਅਧਿਆਦੇਸ਼ 1983 ਹੇਠ ਗੜਬੜ ਵਾਲਾ ਇਲਾਕਾ ਕਰਾਰ ਦਿੱਤਾ ਗਿਆ । |
| 8 ਅਕਤੂਬਰ 1983 | ਹਰਮੰਦਿਰ ਸਾਹਿਬ ਵਿਚ ਮੱਥਾ ਟੇਕਣ ਲਈ ਗਏ ਇਕ ਅਸਿਸਟੇਂਟ ਸੁਪ੍ਰਿਟੈਂਡੇਂਟ (ਜੇਲ) ਨੂੰ ਏ.ਆਈ.ਐਸ.ਐਸ.ਐਫ. ਦੇ ਸਰਗਰਮ ਵਰਕਰਾਂ ਨੇ ਫੜ ਦੇ ਕੁਟਿਆ। ਉਨ੍ਹਾਂ ਨੂੰ ਗੁਰਨਾਨਕ ਨਿਵਾਸ ਲਿਜਾਇਆ ਗਿਆ ਤੇ ਇਸ ਪਿਛੋਂ ਛੱਡ ਦਿਤਾ ਗਿਆ । |
| 8 ਅਕਤੂਬਰ 1983 | ਜ਼ਿਲਾ ਜਲੰਧਰ ਪਿੰਡ ਗੰਗੋਰੀਆਂ ਦੇ ਵਸਨੀਕ ਸ੍ਰੀ ਕਰਤਾਰ ਸਿੰਘ ਦੀ ਦੋ ਬੰਦਿਆਂ ਨੇ ਗੋਲੀ ਮਾਰ ਕੇ ਹਤਿਆ ਕਰ ਦਿੱਤੀ । |
| 8 ਅਕਤੂਬਰ 1983 | ਅਮ੍ਰਿਤਸਰ ਦੇ ਜਗਜੀਤ ਕੁਮਾਰ ਨੂੰ ਗੋਲੀ ਮਾਰਕੇ ਫਟੜ ਕਰ ਦਿੱਤਾ ਗਿਆ। |
| 8 ਅਕਤੂਬਰ 1983 | ਜਗਰਾਵਾਂ ਵਿਚ ਬੰਦੂਕ ਦੀ ਨੋਕ ਤੇ ਇਕ ਹਿੰਦੂ ਦੀ ਹੱਟੀ ਲੁਟੀ ਗਈ। |
| 9 ਅਕਤੂਬਰ 1983 | ਕਪੂਰਥਲਾ ਵਿਚ ਕੁਝ ਬੰਦਿਆਂ ਨੇਂ ਉਸ ਵੇਲੇ ਗੋਲੀਆਂ ਚਲਾਈਆਂ ਜਦੋਂ ਮਾਤਾ ਦਾ ਜਾਗਰਣ ਹੋ ਰਿਹਾ ਸੀ । |
| 10 ਅਕਤੂਬਰ 1983 | ਜਿਲਾ ਪਟਿਆਲਾ ਵਿਚ ਪੰਜਾਬ ਰਾਜ ਬਿਜਲੀ ਬੋਰਡ ਬਾਦਲੀ ਆਹਲਾ ਸਿੰਘ ਦੇ ਦਫਤਰ ਤੋਂ 8 ਹਜਾਰ ਰੁਪਏ ਲੁਟੇ ਗਏ। ਐਸ.ਡੀ.ਓ. ਜ਼ਖਮੀਂ। |
| 10 ਅਕਤੂਬਰ 1983 | ਨਾਭਾ ਦੇ ਸ੍ਰੀ ਬਰਿਜ ਲਾਲ ਤੋਂ 75 ਹਜ਼ਾਰ ਰੁਪਏ ਖੋਹ ਲਏ ਗਏ। |
| 10 ਅਕਤੂਬਰ 1983 | ਜਿਲਾ ਅੰਮ੍ਰਿਸਤਰ ਦੇ ਚੋਲਾ ਸਾਹਿਬ ਟਾਊਨ ਦੇ ਵਡੇ ਬਜ਼ਾਰ ਚੋਂ ਸੱਤ-ਅੱਠ ਦੁਕਾਨਦਾਰਾਂ ਤੇ ਗੋਲੀ ਚਲਾਈ ਗਈ। 5 ਬੰਦੇ ਜ਼ਖਮੀਂ। |
| 12 ਅਕਤੂਬਰ 1983 | ਅੰਮ੍ਰਿਤਸਰ ਵਿਚ ਇਕ ਰਿਕਸ਼ਾਵਾਲਾ ਗੋਲੀ ਨਾਲ ਜ਼ਖਮੀ । |
| 12 ਅਕਤੂਬਰ 1983 | ਜ਼ਿਲਾ ਅੰਮ੍ਰਿਤਸਰ ਦੇ ਮਕਾਮ ਕਲ੍ਹਾਂ ਦੇ ਪੰਜਾਬ ਨੈਸ਼ਨਲ ਬੈਂਕ ਤੋਂ 6 ਹਜਾਰ ਰੁਪਏ ਲੁਟੇ ਗਏ । |
| 14 ਅਕਤੂਬਰ 1983 | ਪੁਲਿਸ ਨਾਲ ਮੁਕਾਬਲੇ ਵਿਚ 4 ਅੱਤਵਾਦੀ ਮਾਰੇ ਗਏ । ਤੇ ਇਕ ਫੜਿਆ ਗਿਆ । |
| 15 ਅਕਤੂਬਰ 1983 | ਸ੍ਰੀ ਕ੍ਰਿਸ਼ਨ ਚੰਦ ਨੂੰ ਉਸ ਵੇਲੇ ਗੋਲੀ ਮਾਰ ਕੇ ਜ਼ਖਮੀ ਕੀਤਾ ਜਦੋਂ ਉਹ ਅੰਮ੍ਰਿਤਸਰ ਦੇ ਪਿੰਡ ਤਰਸਿੱਕਾ ਚ ਆਪਣੇ ਘਰ ਜਾ ਰਿਹਾ ਸੀ । |
| 15 ਅਕਤੂਬਰ 1983 | ਚੰਡੀਗੜ੍ਹ ਵਿਚ ਰਾਮਲੀਲਾ ਦੇ ਦੌਰਾਨ ਇਕ ਹਥਗੋਲਾ ਸੁਟਿਆ ਗਿਆ। ਇਸ ਨਾਲ 3 ਬੰਦੇ ਮਾਰੇ ਗਏ ਅਤੇ 22 ਜ਼ਖਮੀ ਹੋਏ । |
| 16 ਅਕਤੂਬਰ 1983 | ਲੁਧਿਆਣੇ ਦੇ ਮਾਤਾਰਾਨੀ ਮੰਦਿਰ ਵਿਚ ਹੋਏ ਬੰਬ ਧਮਾਕੇ ਨਾਲ ਸ੍ਰੀ ਹਰਬੰਸ ਲਾਲ ਤੇ ਸ੍ਰੀ ਜੁਗ ਕਿਸ਼ੋਰ ਜ਼ਖਮੀ । |
| 16 ਅਕਤੂਬਰ 1983 | ਤਰਨਤਾਰਨ ਵਿਚ ਬਸ ਕੰਡਕਟਰ ਅਤੇ ਮੁਸਾਫਰਾਂ ਨੂੰ ਲੁਟਿਆ ਗਿਆ । |
| 16 ਅਕਤੂਬਰ 1983 | ਜ਼ਿਲਾ ਸੰਗਰੂਰ ਦੇ ਕ੍ਰਿਸ਼ਨਾਨੰਦ ਮਹੰਤ ਦੇ ਡੇਰੇ ਵਿਚ ਕੁਝ ਬੰਦੇ ਵੜ ਗਏ । ਮਹੰਤ ਦੀ ਪਤਨੀ ਨੂੰ ਡਰਾ ਦੇ ਇਕ ਬੰਦੂਕ 20 ਕਾਰਤੂਸ ਅਤੇ ਲਸੰਸ ਲੈ ਗਏ । |
| 17 ਅਕਤੂਬਰ 1983 | ਅੰਮ੍ਰਿਤਸਰ ਵਿਚ ਬੰਦੂਕ ਵਿਖਾਕੇ ਪਟ੍ਰੋਲ ਪੰਪ ਦੇ ਖਜ਼ਾਂਚੀ ਨੂੰ ਲੁਟਿਆ ਗਿਆ । |

Digitized by Panjab Digital Library | www.panjabdigilib.org

| | |
|---|---|
| 17 ਅਕਤੂਬਰ 1983 | ਜ਼ਿਲਾ ਅੰਮ੍ਰਿਤਸਰ ਵਿਚ ਇਕ ਬਸ ਵਿਚ ਸਫਰ ਕਰਦਿਆਂ ਪੁਲਿਸ ਦੇ ਇਕ ਸਬ-ਇੰਨਸਪੈਕਟਰ ਦੀ ਹਤਿਆ ਤੇ ਇਕ ਹੈਡਕਾਂਸਟੇਬਲ ਫੱਟੜ। |
| 18 ਅਕਤੂਬਰ 1983 | ਐਕਸਸਰਵਿਸਮੈਨ ਐਮਪੱਲਾਈਜ਼ ਐਸੋਸੀਏਸ਼ਨ ਦੇ ਸ੍ਰੀ ਮਹਿੰਦਰ ਸਿੰਘ ਦੀ ਅੰਮ੍ਰਿਤਸਰ ਵਿਚ ਗੋਲੀ ਮਾਰ ਕੇ ਹਤਿਆ। |
| 20 ਅਕਤੂਬਰ 1983 | ਅੰਮ੍ਰਿਤਸਰ ਵਿਚ ਇਕ ਜੌਹਰੀ ਦੀ ਹੱਟੀ ਲੁਟ ਲਈ ਗਈ। ਇਕ ਲੁਟੇਰਾ ਮਾਰਿਆ ਗਿਆ। |
| 21 ਅਕਤੂਬਰ 1983 | ਸ਼ਕੀ ਤੋੜਫੋੜ ਕਾਰਨ ਸਿਆਲਦਾ ਜਮੂੰ ਤਵੀ ਐਕਸਪ੍ਰੈਸ ਗੋਵਿੰਦਗੜ ਰੇਲਵੇ ਸਟੇਸ਼ਨ ਦੇ ਨੇੜੇ ਪਟੜੀ ਤੋਂ ਲੱਥ ਗਈ। 19 ਬੰਦੇ ਮਾਰੇ ਗਏ ਤੇ 129 ਜ਼ਖਮੀ ਹੋਏ। |
| 24 ਅਕਤੂਬਰ 1983 | ਜ਼ਿਲਾ ਸੰਗਰੂਰ ਦੀ ਪੰਜਾਬ ਐਂਡ ਸਿੰਧ ਬੈਂਕ ਬਰਾਂਚ ਤੋਂ 76 ਹਜ਼ਾਰ ਰੁਪਏ ਲੁਟੇ ਗਏ। |
| 25 ਅਕਤੂਬਰ 1983 | ਪਖੋਵਾਲ, ਜ਼ਿਲਾ ਲੁਧਿਆਣਾ ਵਿਚ ਪੰਜਾਬ ਐਂਡ ਸਿੰਧ ਬੈਂਕ ਦੇ ਗਨਮੈਨ ਨੂੰ ਗੋਲੀ ਮਾਰ ਕੇ ਮਾਰ ਦਿਤਾ ਗਿਆ ਅਤੇ 35 ਹਜ਼ਾਰ ਰੁਪਏ ਲੁਟੇ ਗਏ। |
| 29 ਅਕਤੂਬਰ 1983 | ਸਾਬਕ ਜ਼ਿਲਾ ਕਪਤਾਨ ਪੁਲਿਸ ਸ੍ਰੀ ਬਚਨ ਸਿੰਘ ਤੇ ਹਮਲਾ ਜਦ ਉਹ ਆਪਣੇ ਪੁੱਤਰ ਦੀ ਹੱਟੀ ਤੇ ਬੈਠੇ ਸਨ। ਇਕ ਸੇਲਸਮੈਨ ਅਤੇ ਇਕ ਕਾਨਸਟੇਬਲ ਮਾਰੇ ਗਏ। ਮੌਕੇ ਤੇ ਇਕ ਸਪਾਹੀ ਜ਼ਖਮੀਂ ਤੇ ਮਗਰੋਂ ਮਰ ਗਿਆ। |
| 29 ਅਕਤੂਬਰ 1983 | ਅੰਮ੍ਰਿਤਸਰ ਵਿਚ ਇਕ ਹਵਾਲਦਾਰ ਸਖਤ ਜ਼ਖਮੀ ਤੇ ਮਗਰੋਂ ਮਰ ਗਿਆ। |
| 31 ਅਕਤੂਬਰ 1983 | ਅੰਮ੍ਰਿਤਸਰ ਵਿਚ ਮਹੰਤ ਸੁਰਿੰਦਰ ਸਿੰਘ ਦੀ ਭਤੀਜੀ ਪਰਮਜੀਤ ਕੌਰ ਤੇ ਗਲੀ ਚਲਾਈ ਗਈ ਅਤੇ ਉਸਨੂੰ ਜ਼ਖਮੀ ਕਰ ਦਿਤਾ ਗਿਆ। |
| 1 ਨਵੰਬਰ 1983 | ਜ਼ਿਲਾ ਫਰੀਦਕੋਟ ਦੇ ਇਕ ਬੰਦੇ ਕੋਲੋਂ ਕਾਰ ਖੋਹ ਲਈ ਗਈ। ਇਸ ਮਗਰੋਂ ਸ਼ਰਾਰਤੀਆਂ ਨੇ ਪਿੰਡ ਬਿਲਾਸਪੁਰ (ਫਰੀਦਕੋਟ) ਵਿਚ ਇਕ ਪੈਟਰੋਲ ਪੰਪ ਨੂੰ ਲੁਟਿਆ। |
| 1 ਨਵੰਬਰ 1983 | ਮਿਤਿਆਣਾ, ਫਗਵਾੜਾ ਵਿਖੇ ਟ੍ਰੇਡਰਜ ਬੈਂਕ ਤੋਂ 80 ਹਜ਼ਾਰ ਰੁਪਏ ਲੁਟੇ ਗਏ। |
| 2 ਨਵੰਬਰ 1983 | ਸ਼ੰਭੂ ਕਲਾਂ ਵਿਖੇ ਸਟੇਟ ਬੈਂਕ ਆਫ਼ ਪਟਿਆਲਾ ਤੋਂ ਕੋਈ 36 ਹਜ਼ਾਰ ਰੁਪਏ ਲੁਟੇ ਗਏ। |
| 5 ਨਵੰਬਰ 1983 | ਤਰਨਤਾਰਨ ਵਿਚ ਪੁਲਿਸ ਦੇ ਇਕ ਏ.ਐਸ.ਆਈ. ਤੋਂ ਇਕ ਸਰਵਸ ਰਿਵਾਲਵਰ ਖੋਹ ਲਿਆ ਗਿਆ। |
| 9 ਨਵੰਬਰ 1983 | ਚੰਡੀਗੜ੍ਹ ਵਿਖੇ ਸਟੇਟ ਬੈਂਕ ਆਫ ਇੰਡੀਆ ਦੀ ਬ੍ਰਾਂਚ ਤੋਂ 3.5 ਲਖ ਰੁਪਏ ਲੁਟੇ ਗਏ। |
| 9 ਨਵੰਬਰ 1983 | ਜਗਦੇਵ ਕਲਾਂ ਜ਼ਿਲਾ ਅੰਮ੍ਰਿਤਸਰ ਵਿਖੇ ਪੰਜਾਬ ਐਂਡ ਸਿੰਧ ਬੈਂਕ ਤੋਂ 40,000 ਰੁਪਏ ਲੁਟੇ ਗਏ। |
| 11 ਨਵੰਬਰ 1983 | ਕਾਂਗਰਸ (ਆਈ) ਦੇ ਮੰਨੇ ਪਰਮੰਨੇ ਵਰਕਰ ਸ੍ਰੀ ਸੁਰਜਨ ਸਿੰਘ ਦੀ ਨਾਗੋਕੇ ਜ਼ਿਲਾ ਅੰਮ੍ਰਿਤਸਰ ਵਿਚ ਹਤਿਆ। |
| 18 ਨਵੰਬਰ 1983 | ਮੋਗੇ ਜਾ ਰਹੀ ਪੰਜਾਬ ਰੋਡਵੇਜ਼ ਦੀ ਇਕ ਬਸ ਨੂੰ ਰਸੂਲਪੁਰ ਪਿੰਡ ਦੇ ਨੇੜੇ ਅਗਵਾ ਕਰ ਲਿਆ ਗਿਆ ਤੇ ਚਾਰ ਹਿੰਦੂ ਮੁਸਾਫਰ ਮਾਰ ਦਿਤੇ ਗਏ। |
| 21 ਨਵੰਬਰ 1983 | ਜਮਨਾਂਨਗਰ ਦੇ ਹਨੂਮਾਨ ਮੰਦਰ ਦੇ ਵੇਹੜੇ ਵਿਚ ਦੋ ਬੰਬ ਸੁਟੇ ਗਏ। |

Digitized by Panjab Digital Library | www.panjabdigilib.org

| | |
|---|---|
| 21 ਨਵੰਬਰ 1983 | ਸ੍ਰੀ ਬਲਰਾਮ ਕਿਸ਼ਨ ਤੇ ਸੁਭਦਰਾ ਦੀਆਂ ਮੂਰਤੀਆਂ ਅਤੇ ਭਗਵਾਨ ਸ਼ਿਵ ਦੀ ਮੂਰਤੀ ਅਤੇ ਹੋਰ ਦੇਵੀ ਦੇਵਤਾਵਾਂ ਦੀਆਂ ਤਸਵੀਰਾਂ ਦਾ ਨੁਕਸਾਨ ਕੀਤਾ ਗਿਆ । |
| 23 ਨਵੰਬਰ 1983 | ਗੁਰਾਇਆ ਜ਼ਿਲਾ ਜਲੰਧਰ ਵਿਖੇ ਲਕਸ਼ਮੀ ਕਮਰਸ਼ਲ ਬੈਂਕ ਤੋਂ ਇਕ ਲਖ ਰੁਪਏ ਲੁਟੇ ਗਏ । |
| 23 ਨਵੰਬਰ 1983 | ਮੁਕਤਸਰ ਦੇ ਸੁਨਿਆਰ ਸ੍ਰੀ ਰਾਮ ਪ੍ਰਕਾਸ਼ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿਤਾ ਗਿਆ ਤੇ ਉਹਦਾ ਪੁੱਤਰ ਫਟੱੜ । |
| 23 ਨਵੰਬਰ 1983 | ਅੰਮ੍ਰਿਤਸਰ ਵਿਚ ਸ੍ਰੀ ਸ਼ਰਨਜੀਤ ਸਿੰਘ ਗੋਲੀ ਨਾਲ ਜ਼ਖਮੀ । |
| 26 ਨਵੰਬਰ 1983 | ਕਰੋਲ ਬਾਗ ਦਿੱਲੀ ਵਿਚ ਜ਼ੇਵਰਾਂ ਦੀ ਇਕ ਹੱਟੀ ਤੋਂ 15 ਲਖ ਰੁਪਏ ਦੇ ਜ਼ੇਵਰ ਲੁੱਟੇ ਗਏ |
| 26/27 ਨਵੰਬਰ 1983 | ਚੁਰੂ (ਰਾਜਸਥਾਨ) ਵਿਚ ਗੁਰਦੁਆਰੇ ਨੂੰ ਅਗਲਾਣ ਦੀ ਘਟਨਾ । ਗੁਰਦਵਾਰੇ ਦੇ ਦਰਵਾਜ਼ਿਆਂ ਦਾ ਕੁਝ ਨੁਕਸਾਨ । |
| 28 ਨਵੰਬਰ 1983 | ਸ੍ਰੀ ਕੇ.ਕੇ. ਧੀਰ ਕਮਿਸ਼ਨਰ ਅੰਮ੍ਰਿਤਸਰ ਨਗਰ-ਪਾਲਕਾ ਨੂੰ ਘਰ ਜਾਣ ਵੇਲੇ ਗੋਲੀ ਮਾਰ ਕੇ ਫੱਟੜ ਕੀਤਾ ਗਿਆ । |
| 29 ਨਵੰਬਰ 1983 | ਅੰਮ੍ਰਿਤਸਰ ਵਿਚ ਪਿਸਤੌਲ ਵਿਖਾ ਕੇ ਨਾਨਕ ਚੰਦ, ਸੀਤਾ ਰਾਮ ਅਤੇ ਆਰ.ਸੀ. ਟ੍ਰੇਡਰਜ਼ ਦੀਆਂ ਦੁਕਾਨਾਂ ਤੋਂ 40 ਹਜ਼ਾਰ ਰੁਪਏ ਲੁਟੇ ਗਏ । |
| 1 ਦਸੰਬਰ 1983 | ਏ.ਆਈ.ਐਸ.ਐਸ.ਐਫ. ਦੇ ਕੁਝ ਸਰਗਰਮ ਵਰਕਰ ਚੁਰੂ ਜਾ ਰਹੀ ਇਕ ਰੇਲ ਗੱਡੀ ਵਿਚ ਚੜ੍ਹੇ ਅਤੇ ਉਹਨਾਂ ਨਾਹਰੇ ਲਾਏ । ਉਥੇ ਹਿੰਦੂਆਂ ਦੀ ਭੀੜ ਵੀ ਇਕੱਠੀ ਹੋ ਗਈ ਅਤੇ ਉਹਨਾਂ ਵੀ ਮੁਕਾਬਲੇ ਵਿਚ ਨਾਹਰੇ ਲਾਏ । ਹਿੰਦੂਆਂ ਤੇ ਸਿੱਖਾਂ ਵਿਚਕਾਰ ਝੜਪ ਹੋਈ ਜਿਸ ਕਾਰਨ ਦੋਹਾਂ ਧਿਰਾਂ ਦੇ ਬੰਦੇ ਫੱਟੜ ਹੋਏ । ਏ.ਆਈ.ਐਸ.ਐਸ.ਐਫ. ਦੇ ਸਰਗਰਮ ਵਰਕਰ ਗੱਡੀ ਦੇ ਇਕ ਡੱਬੇ ਵਿਚੁ ਵੜ ਗਏ ਤੇ ਅੰਦਰੋ ਕੁੰਡੀ ਲਾ ਲਈ । ਪੁਲਿਸ ਨੇ ਉਹਨਾਂ ਚੋਂ 15 ਬੰਦਿਆਂ ਨੂੰ ਫੜਲਿਆ ਅਤੇ ਅਮਨ ਬਹਾਲ ਕੀਤਾ । |
| 3 ਦਸੰਬਰ 1983 | ਸ੍ਰੀ ਬਲਰਾਮ ਕ੍ਰਿਸ਼ਨ ਅਤੇ ਸੁਭਦਰਾ ਦੀਆਂ ਮੂਰਤੀਆਂ ਤੋੜੀਆਂ ਗਈਆਂ ਅਤੇ ਅੰਮ੍ਰਿਤਸਰ ਦੇ ਰਾਮਤੀਰਥ ਹੋਲੀ ਕੰਪਲੈਕਸ ਮੰਦਿਰਾਂ ਚੋਂ ਇਕ ਮੰਦਿਰ ਦੀਆਂ ਮੂਰਤੀਆਂ ਦੇ ਕਪੜੇ ਸਾੜੇ ਗਏ । |
| 5 ਦਸੰਬਰ 1983 | ਅੰਮ੍ਰਿਤਸਰ ਦੇ ਚੱਟੀ ਵਿੰਡ ਗੇਟ ਦੇ ਇਕ ਪਾਨ ਬੀੜੀ ਵੇਚਣ ਵਾਲੇ ਦੀ ਹਤਿਆ । |
| 7 ਦਸੰਬਰ 1983 | ਗੁਰੂਨਾਨਕ ਦੇਵ ਵਿਸ਼ਵ ਵਿਦਿਆਲਿਆ ਅੰਮ੍ਰਿਤਸਰ ਵਿਖੇ ਪੰਜਾਬ ਐਂਡ ਸਿੰਧ ਬੈਂਕ ਤੋਂ 1.50 ਲਖ ਰੁਪਏ ਲੁਟੇ ਗਏ । |
| 9 ਦਸੰਬਰ 1983 | ਪਟਿਆਲੇ ਦੀ ਆਟਾ ਮਿਲ ਦੇ ਸ੍ਰੀ ਬਰਿਜਲਾਲ ਗੁਪਤਾ ਦੀ ਹਤਿਆ । |
| 16 ਦਸੰਬਰ 1983 | ਮੋਗਾ ਵਿਖੇ ਇਕ ਪਟ੍ਰੋਲ ਪੰਪ ਦੇ ਮਾਲਕ ਸ੍ਰੀ ਸੁਰਿੰਦ੍ਰ ਕੁਮਾਰ ਦੀ ਗੋਲੀ ਮਾਰ ਕੇ ਹਤਿਆ । |
| 18 ਦਸੰਬਰ 1983 | ਜ਼ਿਲਾ ਫਿਰੋਜਪੁਰ ਦੇ ਗੁਰਹਰ ਸਹਾਏ ਦੇ ਥਾਣੇ ਦੇ ਥਾਣੇਦਾਰ ਸ੍ਰੀ ਬਿਛੂ ਰਾਮ ਦੀ ਅਨਾਜ ਮੰਡੀ ਵਿਚ ਗੋਲੀ ਮਾਰ ਕੇ ਹਤਿਆ । |

Digitized by Panjab Digital Library | www.panjabdigilib.org

| | |
|---|---|
| 19 ਦਸੰਬਰ 1983 | ਸਿਵਿਲ ਸਪਲਾਈ ਵਿਭਾਗ ਦਾ ਇਕ ਇੰਸਪੈਕਟਰ ਜਦ ਅੰਮ੍ਰਿਤਸਰ ਜਾ ਰਿਹਾ ਸੀ ਤਾਂ ਬੰਦੂਕ ਵਖਾ ਕੇ ਉਸ ਦਾ ਸਕੂਟਰ ਤੇ ਕੁਝ ਰਕਮ ਖੋਹ ਲਈਂ ਗਈ। |
| 20 ਦਸੰਬਰ 1983 | ਬੱਸੀਆਂ,ਜ਼ਿਲਾ ਲੁਧਿਆਣਾ ਵਿਚ ਡਾ: ਬਲਬੀਰ ਸਿੰਘ ਨਿਰੰਕਾਰੀ ਦੀ ਉਸ ਦੀ ਹੱਟੀ ਤੇ ਗੋਲੀ ਮਾਰ ਕੇ ਹਤਿਆ ਕਰ ਦਿੱਤੀ ਗਈ। |
| 20 ਦਸੰਬਰ 1983 | ਅੰਮ੍ਰਿਤਸਰ ਵਿਚ ਬਬਰ ਖਾਲਸਾ ਦੇ ਸ੍ਰੀ ਸੁਖਦੇਵ ਸਿੰਘ ਨੇ 1981 ਤੋਂ ਹੋਈਆਂ 35 ਨਿਰੰਕਾਰੀਆਂ ਦੀਆਂ ਹਤਿਆਵਾਂ ਦੀ ਜ਼ਿੰਮੇਵਾਰੀ ਕਬੂਲ ਕੀਤੀ। |
| 25 ਦਸੰਬਰ 1983 | ਜਲੰਧਰ ਵਿਖੇ ਨਰਿੰਦਰ ਸਿਨੇਮਾ ਦੇ ਮਾਲਕ ਸ੍ਰੀ ਕੁਲਦੀਪ ਸਿੰਘ ਦੀ ਗੋਲੀ ਮਾਰ ਕੇ ਹਤਿਆ। |
| 25 ਦਸੰਬਰ 1983 | ਸੇਨਸੋਵਾਲ ਜ਼ਿਲਾ ਲੁਧਿਆਣਾ ਦੇ ਸਰਪੰਚ ਸ੍ਰੀ ਸ਼ਾਹਬਾਜ ਸਿੰਘ ਦੀ ਹਤਿਆ ਅਤੇ ਉਹਨਾਂ ਦੇ ਪਰਵਾਰ ਦੇ 8 ਬੰਦੇ ਜ਼ਖਮੀ। |
| 5 ਜਨਵਰੀ 1984 | ਨਵਾਂ ਸ਼ਹਿਰ ਜ਼ਿਲਾ ਜਲੰਧਰ ਦੇ ਸ੍ਰੀ ਦਰਸ਼ਨ ਸਿੰਘ ਤੇ ਉਹਨਾਂ ਦੀ ਪਤਨੀ ਗੋਲੀਆਂ ਨਾਲ ਜ਼ਖਮੀ। |
| 7 ਜਨਵਰੀ 1984 | ਖੇੜਾ ਗੋਕੂ ਪਟਿਆਲਾ ਵਿਖੇ ਸਹਿਕਾਰਿਤਾ ਬੈਂਕ ਚੋਂ 46 ਹਜ਼ਾਰ ਦੀ ਚੋਰੀ। |
| 9 ਜਨਵਰੀ 1984 | ਅੰਮ੍ਰਿਤਸਰ ਵਿਚ ਗੁਰੂ ਰਾਮਦਾਸ ਸਰਾਂ ਦੀ ਤੀਜੀ ਮੰਜਿਲ ਤੋਂ ਇਕ ਨਿਹੰਗ ਦੀ ਲਾਸ਼ ਮਿਲੀ। |
| 11 ਜਨਵਰੀ 1984 | ਅੰਮ੍ਰਿਤਸਰ ਵਿਚ ਸ੍ਰੀ ਕੇਦਾਰ ਨਾਥ ਦੀ ਗੋਲੀ ਮਾਰ ਕੇ ਹਤਿਆ। |
| 15 ਜਨਵਰੀ 1984 | ਪਿੰਡ ਘੁਮਣ ਜ਼ਿਲਾ ਗੁਰਦਾਸਪੁਰ ਦੇ ਇਕ ਨਿਰੰਕਾਰੀ ਸ੍ਰੀ ਅਜਾਇਬ ਸਿੰਘ ਦੀ ਗੋਲੀ ਮਾਰ ਕੇ ਹਤਿਆ। |
| 18 ਜਨਵਰੀ 1984 | ਚਿਤਰਾ ਟਾਕੀ ਅੰਮ੍ਰਿਤਸਰ ਵਿਚ ਧਮਾਕਾ ਅਤੇ 12 ਬੰਦੇ ਫੱਟੜ। |
| 24 ਜਨਵਰੀ 1984 | ਸੂਤਾ ਸਿੰਘ ਰੋਡ ਅੰਮ੍ਰਿਤਸਰ ਵਿਖੇ ਨਿਊ ਬੈਂਕ ਆਫ ਇੰਡਆ ਤੋਂ ਕੋਈ 1.27 ਲਖ ਰੁਪਏ ਲੁਟੇ ਗਏ। |
| 24 ਜਨਵਰੀ 1984 | ਸ੍ਰੀ ਸਾਧੂ ਰਾਮ ਕਮਿਸ਼ਨਰ ਅੰਮ੍ਰਿਤਸਰ ਨਗਰ ਪਾਲਕਾ ਅਤੇ ਚੰਢਾ ਰਾਈਸ ਮਿਲ ਦੇ ਮਾਲਕ ਕੋਲੋਂ 10 ਹਜਾਰ ਰੁਪਏ ਅਤੇ ਇਕ ਜੀਪ ਪਸਤੋਲ ਵਿਖਾ ਕੇ ਖੋਹ ਲਈ ਗਈ। |
| 26 ਜਨਵਰੀ 1984 | ਬੰਗਲਾ ਰਾਏ ਜ਼ਿਲਾ ਅੰਮ੍ਰਿਤਸਰ ਦੇ ਨੇੜੇ ਪਸਤੋਲ ਵਿਖਾ ਕੇ ਇਕ ਬਸ ਦੇ ਮੁਸਾਫਰਾਂ ਤੇ ਕੰਡਕਟਰ ਨੂੰ ਲੁਟਿਆ ਗਿਆ ਅਤੇ ਬਸ ਨੂੰ ਅੱਗ ਲਾ ਦਿੱਤੀ ਗਈ। |
| 26 ਜਨਵਰੀ 1984 | ਐਲਾ ਰਾਏ ਜ਼ਿਲਾ ਅੰਮ੍ਰਿਤਸਰ ਦੇ ਨੇੜੇ ਇਕ ਬੱਸ ਸਾੜ ਦਿਤੀ ਗਈ। |
| 27 ਜਨਵਰੀ 1984 | ਸਤਲੁਜ ਸਿਨੇਮਾਂ ਨਵਾਂ ਸ਼ਹਿਰ ਜ਼ਿਲਾ ਜਲੰਧਰ ਵਿਚ ਬੰਬ ਧਮਾਕਾ 3 ਬੰਦੇ ਮਰੇ 15 ਜਾਂ 16 ਫੱਟੜ ਹੋਏ। |
| 28 ਜਨਵਰੀ 1984 | ਅੰਮ੍ਰਿਤਸਰ ਦੇ ਚਾਟੀ ਵਿੰਡ ਗੇਟ ਵਿਖੇ ਸਰਹੱਦੀ ਸੁਰਖਿਆ ਦਲ ਦੀ ਚੋਕੀ ਉਤੇ ਇਕ ਹੱਥ ਗੋਲੇ ਨਾਲ ਹਮਲਾ। ਦੋ ਬੰਦੇ ਜ਼ਖਮੀਂ। |

Digitized by Panjab Digital Library | www.panjabdigilib.org

| | |
|---|---|
| 28 ਜਨਵਰੀ 1984 | ਰੇਲਵੇ ਸ਼ਟੇਸ਼ਨ ਹਾਡਿਆਂ ਜ਼ਿਲਾ ਸੰਗਰੂਰ ਨੂੰ ਅੱਗ ਲਾਈ ਗਈ ਜਿਸ ਨਾਲ ਰਿਕਾੜ ਤੇ ਇਮਾਰਤ ਨੂੰ ਕਾਫੀ ਨੁਕਸਾਨ ਪੁਜਾ। |
| 28 ਜਨਵਰੀ 1984 | ਰੇਲਵੇ ਸਟੇਸ਼ਨ ਟਾਪਾ ਜ਼ਿਲਾ ਸੰਗਰੂਰ ਨੂੰ ਅੱਗ ਲਾਈ ਗਈ। ਰਿਕਾਰਡ ਤੇ ਇਮਾਰਤ ਦਾ ਨੁਕਸਾਨ। 452.70 ਰੁਪਏ ਵੀ ਲੁਟੇ ਗਏ। |
| 28 ਜਨਵਰੀ 1984 | ਰੇਲਵੇ ਸਟੇਸ਼ਨ ਸ਼ਿਖਾ ਜ਼ਿਲਾ ਸੰਗਰੂਰ ਨੂੰ ਅੱਗ ਲਾਈ ਗਈ। ਰਿਕਾਰਡ ਸੜਿਆ। |
| 28 ਜਨਵਰੀ 1984 | ਰੇਲਵੇ ਸਟੇਸ਼ਨ ਗੁਰਨੀ ਜ਼ਿਲਾ ਸੰਗਰੂਰ ਦੀਆਂ ਟੈਲੀਗਰਾਫ ਦੀਆਂ ਤਾਰਾਂ ਕੱਟੀਆਂ ਗਈਆਂ। |
| 31 ਜਨਵਰੀ 1984 | ਮਲੇਰ ਕੋਟਲਾ ਵਿਚ ਨਿਹੰਗਾਂ ਨਾਲ ਹੋਈ ਇਕ ਝੜਪ ਵਿਚ ਸ੍ਰੀ ਗੁਰਭਜਨ ਸਿੰਘ ਦੀ ਮੌਤ ਇਕ ਨਿਹੰਗ ਵੀ ਮਾਰਿਆ ਗਿਆ। |
| 31 ਜਨਵਰੀ 1984 | ਬਸ ਸਟੈਂਡ ਬਰੀਟਾ (ਬਠਿੰਡਾ) ਦੇ ਨੇੜੇ ਇਕ ਨਿਰੰਕਾਰੀ ਸ੍ਰੀ ਜਸਵੰਤ ਸਿੰਘ ਮਾਰਿਆ ਗਿਆ। |
| 1 ਫਰਵਰੀ 1984 | ਤਰਨਤਾਰਨ ਦੇ ਮਦਨ ਮੋਹਨ ਮੰਦਿਰ ਵਿਚੋਂ ਚਾਂਦੀ ਦੇ ਮੁਕਟ ਜਿਨ੍ਹਾਂ ਦਾ ਭਾਰ ਇਕ ਕਿਲੋ ਸੀ ਚੁਰਾਏ ਗਏ। |
| 3 ਫਰਵਰੀ 1984 | ਹਰਮੰਦਿਰ ਸਾਹਿਬ ਕੰਪਲੈਕਸ 'ਚ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਦੇ ਨੇੜੇ ਇੰਡੀਅਨ ਐਕਸਪ੍ਰੈਸ ਦੇ ਪੱਤਰਕਾਰ ਸ੍ਰੀ ਸੰਜੀਵ ਗੌੜ ਨੂੰ ਪਟ ਤੇ ਛੁਰਾ ਮਾਰਿਆ ਗਿਆ। |
| 3 ਫਰਵਰੀ 1984 | ਅੰਮ੍ਰਿਤਸਰ ਦੇ ਦੂਰ-ਦਰਸ਼ਨ ਕੇਂਦਰ ਦੇ ਅੰਦਰ ਇਕ ਹੱਥ ਗੋਲੇ ਦਾ ਧਮਾਕਾ ਜਿਸ ਨਾਲ ਬਾਰੀਆਂ ਦੇ ਸ਼ੀਸ਼ੇ ਭੱਜੇ। |
| 5 ਫਰਵਰੀ 1984 | ਜਲੰਧਰ 'ਚ ਸ੍ਰੀ ਜਸਵੰਤ ਸਿੰਘ ਨਿਰੰਕਾਰੀ ਦੇ ਪੁੱਤਰ ਸ: ਕੇਸਰ ਸਿੰਘ ਨੂੰ ਗੋਲੀ ਮਾਰ ਕੇ ਜ਼ਖ਼ਮੀਂ ਕਰ ਦਿੱਤਾ। |
| 6 ਫਰਵਰੀ 1984 | ਪਿੰਡ ਸੁਮੰਦਰਾ ਥਾਣਾ ਗੜ੍ਹਸ਼ੰਕਰ ਜਿਲਾ ਹੋਸ਼ਿਆਰਪੁਰ ਵਿਖੇ ਸਟੇਟ ਬੈਂਕ ਆਫ ਇੰਡਿਆ ਨੂੰ ਲੁਟਨ ਦੀ ਅਸਫਲ ਕੋਸ਼ਿਸ਼, ਦੋ ਲੁਟੇਰੇ,ਇਕ ਬੈਂਕ ਕਰਮਚਾਰੀ,ਇਕ ਸਿਪਾਹੀ ਤੇ ਇਕ ਹਵਾਲਦਾਰ ਮਾਰੇ ਗਏ। |
| 8 ਫਰਵਰੀ 1984 | ਹਰਚੋਵਾਲ ਜ਼ਿਲਾ ਗੁਰਦਾਸਪੁਰ ਦੇ ਸ੍ਰੀ ਕੇਵਲ ਕਿਸ਼ਨ ਨੂੰ ਮਾਰਨ ਦਾ ਯਤਨ, ਇਕ ਹਮਲਾਵਰ ਸੁਰਖਿਆ ਗਾਰਡਾਂ ਹਥੋਂ ਮਾਰਿਆ ਗਿਆ। |
| 8 ਫਰਵਰੀ 1984 | ਜ਼ਾਪੋਵਾਲ ਜ਼ਿਲਾ ਗੁਰਦਾਸਪੁਰ ਵਿਚ 3 ਬੰਦਿਆ ਦੀ ਗੋਲੀ ਮਾਰ ਕੇ ਹਤਿਆ। |
| 8 ਫਰਵਰੀ 1984 | ਅੰਮ੍ਰਿਤਸਰ ਵਿਚ ਸ੍ਰੀ ਨਰਾਇਨ ਦਾਸ ਦੀ ਬਰਾਤ ਉਤੇ ਬੰਬ ਸੁਟਿਆ ਗਿਆ। ਜਿਸ ਨਾਲ ਉਹਨਾਂ ਦੇ ਚਾਰ ਰਿਸ਼ਤੇਦਾਰ ਤੇ ਮਿੱਤਰ ਜ਼ਖਮੀ ਹੋਏ। |
| 8 ਫਰਵਰੀ 1984 | ਅੰਮ੍ਰਿਤਸਰ ਚ ਸਕੂਟਰ ਤੇ ਘਰ ਜਾ ਰਹੇ ਸ੍ਰੀ ਅਮਰਜੀਤ ਸਿੰਘ ਨੂੰ ਹਮਲਾ ਕਰਕੇ ਜ਼ਖਮੀ ਕਰ ਦਿੱਤਾ ਗਿਆ। |
| 8 ਫਰਵਰੀ 1984 | ਸ਼੍ਰੋਮਣੀ ਅਕਾਲੀ ਦਲ ਵਲੋਂ ਪੰਜਾਬ ਬੰਦ। |

Digitized by Panjab Digital Library | www.panjabdigilib.org

11 ਫਰਵਰੀ 1984 ਅੰਮ੍ਰਿਤਸਰ ਵਿਚ ਇਕ ਬੰਦੇ ਦੀ ਸੜਦੀ ਹੋਈ ਲਾਸ਼ ਮਿਲੀ। ਅੱਗ ਬੁਝਾ ਕੇ ਲਾਸ਼ ਕਬਜੇ ਵਿਚ ਲੈ ਲਈ ਗਈ।

12 ਫਰਵਰੀ 1984 ਲੁਧਿਆਣੇ ਵਿਚ ਇਕ ਬੰਦੇ ਨੂੰ ਰਿਕਸ਼ੇ ਵਿਚ ਮਾਰ ਦਿਤਾ ਗਿਆ।

13 ਫਰਵਰੀ 1984 ਅੰਮ੍ਰਿਤਸਰ ਵਿਚ ਸ੍ਰੀ ਹੀਰਾ ਸਿੰਘ ਦੀ ਗੋਲੀ ਮਾਰਕੇ ਹਤਿਆ ਤੇ ਇਕ ਹੋਰ ਜ਼ਖਮੀ।

14 ਫਰਵਰੀ 1984 ਦਿੱਲੀ ਸਿਆਸੀ ਜੰਗ ਅਖਬਾਰ ਬਜ਼ਾਰ ਹੰਸਲੀ ਅੰਮ੍ਰਿਤਸਰ ਦੇ ਸ੍ਰੀ ਯਸ਼ ਪਾਲ ਬਿੱਲਾ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ। ਅਤੇਉਹਨਾਂ ਦੇ ਗਨਮੈਨ ਸਿਪਾਹੀ ਮਹਿੰਦਰ ਸਿੰਘ ਦੀ ਹਤਿਆ ਕਰ ਦਿਤੀ ਗਈ।

14 ਫਰਵਰੀ 1984 ਹਿੰਦੂ ਸੁਰਖਿਆ ਸੰਮਤੀ ਤੇ ਹੋਰਾਂ ਵਲੋਂ ਪੰਜਾਬ ਬੰਦ। ਹਿੰਸਾਂ ਦੀਆਂ ਵਾਰਦਾਤਾਂ ਵਿਚ 11 ਬੰਦੇ ਮਾਰੇ ਗਏ (ਪੰਜ ਬੰਦੇ ਪੁਲਿਸ ਦੀਆਂ ਗੋਲੀਆਂ ਨਾਲ ਤੇ 6 ਹੋਰਨਾਂ ਰਾਹੀਂ)।

16 ਫਰਵਰੀ 1984 ਕੇਂਦਰੀ ਰਿਜ਼ਰਵ ਪੁਲਿਸ ਦਲ ਦਾ ਇਕ ਦਸਤਾ ਜਦੋਂ ਜ਼ਿਲਾ ਗੁਰਦਾਸ ਪੁਰ ਤੇ ਪਿੰਡ ਹਰਚੋਵਾਲ ਤੋਂ ਅਪਨੀ ਡਿਯੂਟੀ ਤੇ ਆ ਰਿਹਾ ਸੀ ਉਸ ਤੇ ਹਥ ਗੋਲਿਆ ਨਾਲ ਹਮਲਾ। ਇਕ ਸਿਪਾਹੀ ਮਾਰਿਆ ਗਿਆ ਤੇ ਇਕ ਜ਼ਖਮੀ ਹੋਇਆ।

17 ਫਰਵਰੀ 1984 ਭੰਗਲਾ ਜਿਲਾ ਅਮ੍ਰਿਤਸਰ ਦੇ ਨੇੜੇ ਪੰਜਾਬ ਰੋਡਵੇਜ ਦੀ ਇਕ ਬਸ ਸਾੜੀ ਗਈ।

17 ਫਰਵਰੀ 1984 ਹਰਮੰਦਰ ਸਾਹਿਬ ਦੇ ਅੱਤਵਾਦੀਆਂ ਤੇ ਸੀ.ਆਰ.ਪੀ.ਐਫ. ਵਿਚਕਾਰ ਹੋਈ ਗੋਲੀਬਾਰੀ ਵਿਚ ਦੋ ਸ਼ਹਿਰੀ ਮਾਰੇ ਗਏ ਤੇ ਇਕ ਜਖਮੀ ਹੋਇਆ। ਸੀ ਆਰ.ਪੀ. ਦਾ ਇਕ ਜੁਆਨ ਵੀ ਜ਼ਖਮੀ ਹੋਇਆ।

15-20 ਫਰਵਰੀ 1984 ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦੇ ਪ੍ਰਤੀਕ੍ਰਿਆਂ 'ਚ ਹਰਿਆਣਾ ਵਿਚ 15, 18, 19, ਤੇ 20 ਫਰਵਰੀ 1984 ਨੂੰ ਵਾਰੋਵਾਰ ਕ੍ਰਨਾਲ, ਕੈਥਲ ਅਤੇ ਜੀਂਦ 'ਚ ਹਿੰਸਾ ਦੀਆਂ ਕੁਝ ਵਾਰਦਾਤਾਂ ਹੋਇਆਂ। ਪੁਲਿਸ ਨੇ ਹਿੰਸਾ ਤੇ ਕਾਬੂ ਪਾਉਣ ਲਈ ਅਥਰੂ ਗੈਸ ਛੱਡੀ, ਲਾਠੀ ਚਾਰਜ ਕੀਤਾ ਤੇ ਗੋਲੀ ਚਲਾਈ। ਪਾਨੀਪਤ, ਕੈਥਲ ਅਤੇ ਜੀਂਦ ਦੀਆਂ ਵਾਰਦਾਤਾਂ ਵਿਚ 11 ਲੋਕਾਂ ਦੀਆਂ ਜਾਨਾਂ ਗਈਆਂ।

21 ਫਰਵਰੀ 1984 ਬਠਿੰਡਾ 'ਚ 3 ਮੰਦਿਰਾਂ ਨੂੰ ਨੁਕਸਾਨ ਪੁਚਾਇਆ ਗਿਆ।

21 ਫਰਵਰੀ 1984 ਅੰਮ੍ਰਿਤਸਰ ਵਿਚ ਸੀ.ਆਰ.ਪੀ.ਐਫ. ਦੀ ਇਕ ਟੁਕੜੀ ਤੇ ਦੋ ਹਥਗੋਲੇ ਸੁੱਟੇ ਗਏ।

21 ਫਰਵਰੀ 1984 ਕਾਹਨੂਵਾਨ ਜਿਲਾ ਗੁਰਦਾਸਪੁਰ ਦੇ ਵੱਡੇ ਬਜਾਰ ਵਿਚ ਗੋਲੀ ਚਲੀ ਜਿਸ ਨਾਲ 6 ਹਿੰਦੂ ਥਾਏਂ ਮਾਰੇ ਗਏ ਤੇ 8 ਹੋਰ ਜ਼ਖਮੀ ਹੋਏ।

21 ਫਰਵਰੀ 1984 ਭੇਨੀ ਮਿਆਂ ਖਾਨ ਜਿਲਾ ਗੁਰਦਾਸਪੁਰ ਵਿਚ ਗੋਲੀ ਚਲਨ ਦੀ ਇਕ ਘਟਨਾ ਵਿਚ ਦੋ ਬੰਦੇ ਮਰੇ ਤੇ ਦੋ ਜ਼ਖਮੀ ਹੋਏ।

21 ਫਰਵਰੀ 1984 ਅੰਮ੍ਰਿਤਸਰ ਦੇ ਮੰਦਰ ਵਾਲੇ ਗੇਟ ਦੇ ਨੇੜੇ ਦੋ ਬੰਦਿਆਂ ਨੇ ਸ੍ਰ ਸੁਰਿੰਦਰ ਪਾਲ ਤੇ ਸ੍ਰ ਕ੍ਰਿਸ਼ਨ ਕੁਮਾਰ ਤੇ ਗੋਲੀ ਚਲਾਈ।

21 ਫਰਵਰੀ 1984 ਪਟਿਆਲਾ ਵਿਚ ਸ਼੍ਰੀ ਸ਼ਿਵਰਾਮ ਦੇ ਘੁਰ ਵਿਚ ਧਮਾਕਾ ਹੋਇਆ ਜਿਸ ਨਾਲ ਬੂਹੇ ਬਾਰੀਆਂ ਦਾ ਨੁਕਸਾਨ ਹੋਇਆ।

Digitized by Panjab Digital Library | www.panjabdigilib.org

| | |
|---|---|
| 21 ਫਰਵਰੀ 1984 | ਸ਼੍ਰੀ ਬਲਬੀਰ ਬਹਾਦੁਰ ਗੋਰਖਾ ਚੌਕੀਦਾਰ ਰੇਲ ਗੁਦਾਮ ਮਲੋਟ ਜਿਲਾ ਬਠਿੰਡਾ ਦੀ ਹਤਿਆ। |
| 22 ਫਰਵਰੀ 1984 | ਸ਼ਾਮ ਚੁਰਾਸੀ ਜਿਲਾ ਹੁਸ਼ਿਆਰਪੁਰ ਦੇ ਸ਼੍ਰੀ ਮੋਹਨ ਲਾਲ ਅਤੇ ਸ਼੍ਰੀ ਕੁੰਦਨ ਲਾਲ ਦੀ ਗੋਲੀ ਮਾਰ ਕੇ ਹਤਿਆ ਕਰ ਦਿਤੀ ਗਈ। ਅਤੇ ਸੁਰਿੰਦਰ ਕੁਮਾਰ ਗੋਲੀ ਲਗਣ ਨਾਲ ਸਖਤ ਜ਼ਖਮੀ ਹੋਇਆ। |
| 22 ਫਰਵਰੀ 1984 | ਸ਼੍ਰੀ ਹਰਗੋਬਿੰਦਪੁਰ ਜ਼ਿਲਾ ਗੁਰਦਾਸਪੁਰ ਵਿਚ ਇਕ ਬੰਦਾ ਗੋਲੀ ਨਾਲ ਮਾਰ ਦਿਤਾ ਗਿਆ। |
| 22 ਫਰਵਰੀ 1984 | ਲੋਪੋਕੇ ਜ਼ਿਲਾ ਅੰਮ੍ਰਿਤਸਰ ਦੇ ਇਕ ਬਜ਼ਾਰ ਵਿਚ ਚਾਰ ਬੰਦੇ ਗੋਲੀ ਨਾਲ ਮਾਰ ਦਿਤੇ ਗਏ ਅਤੇ 2 ਜ਼ਖਮੀ ਹੋਏ। |
| 22 ਫਰਵਰੀ 1984 | ਅੰਮ੍ਰਿਤਸਰ ਵਿਚ ਸ਼੍ਰੀ ਅਸ਼ੋਕ ਕੁਮਾਰ ਦੀ ਹਤਿਆ ਤੇ ਕ੍ਰਿਸ਼ਨ ਲਾਲ ਜ਼ਖਮੀ। |
| 22 ਫਰਵਰੀ 1984 | ਥਾਨਾ ਬਿਛੂਆ, ਅਮ੍ਰਿਤਸਰ ਦੇ ਇਕ ਬਜ਼ਾਰ ਵਿਚ ਗੁਲਜ਼ਾਰੀ ਲਾਲ ਮਨੋਹਰ ਲਾਲ ਤੇ ਸੁਭਾਸ਼ ਕੁਮਾਰ ਦੀ ਗੋਲੀ ਮਾਰ ਕੇ ਹਤਿਆ ਤੇ 4 ਹੋਰ ਜ਼ਖਮੀ। ਥਾਨਾ ਭਿਖੀਵਿੰਡ ਜ਼ਿਲਾ ਅਮ੍ਰਿਤਸਰ ਦੇ ਇਲਾਕੇ 'ਚ ਖੇਤਾਂ ਵਿਚੋਂ ਖੇਮ ਕਰਨ ਦੇ ਇਕ ਮੈਡੀਕਲ ਪ੍ਰੈਕਟੀਸ਼ਨਰ ਸ਼੍ਰੀ ਕੈਲਾਸ਼ ਚੰਦ ਦੀ ਲਾਸ਼ ਮਿਲੀ ਜਿਸ ਤੇ ਗੋਲਿਆਂ ਦੇ ਜ਼ਖਮ ਸਨ। |
| 22 ਫਰਵਰੀ 1984 | ਜੈਤੋ ਰੇਲਵੇ ਸਟੇਸ਼ਨ ਜ਼ਿਲਾ ਫਰੀਦਕੋਟ ਦੇ ਨੇੜੇ ਇਕ ਨਿਹੰਗ ਨੇ ਗੋਲੀਆਂ ਚਲਾਈਆਂ ਤੇ 4 ਬੰਦੇ ਜਖਮੀ ਕਰ ਦਿਤੇ। |
| 23 ਫਰਵਰੀ 1984 | ਥਾਨਾ ਰਾਜਪੁਰਾ ਦੇ ਪਿੰਡ ਖੰਡੋਲੀ 'ਚ ਸ਼੍ਰੀ ਰਮੇਸ਼ਵਰ ਰਿਸ਼ੀ ਦੇਵ, ਉਹਦੇ ਪੁਤੱਰ ਅਤੇ 18 ਮਹੀਨੇ ਦੇ ਇਕ ਬੱਚੇ ਦੀ ਹਤਿਆ। ਇਕ ਔਰਤ ਸਖ਼ਤ ਜ਼ਖਮੀ। |
| 23 ਫਰਵਰੀ 1984 | ਅਨਾਜ ਮੰਡੀ ਗੁਰੂ ਹਰ ਸਹਾਏ ਜਿਲਾ ਫਿਰੋਜ਼ਪੁਰ ਵਿਚ 4 ਬੰਦਿਆਂ ਦੀ ਹਤਿਆ। ਇਕ ਔਰਤ ਅਤੇ ਇਕ ਬੱਚੇ ਸਮੇਤ 6 ਬੰਦੇ ਗੋਲੀਆਂ ਨਾਲ ਜ਼ਖਮੀ। |
| 23 ਫਰਵਰੀ 1984 | ਬਟਾਲਾ ਵਿਚ ਸ਼੍ਰੀ ਬਨਾਰਸੀ ਦਾਸ ਦੀ ਗੋਲੀ ਮਾਰ ਕੇ ਹਤਿਆ। |
| 23 ਫਰਵਰੀ 1984 | ਗਾਂਧੀ ਚੌਕ ਬਟਾਲਾ ਦੇ ਨੇੜੇ ਇਕ ਬੰਬ ਧਮਾਕਾ। 10 ਬੰਦੇ ਜ਼ਖਮੀ। ਪਿਛੋਂ ਇਕ ਮਰ ਗਿਆ। |
| 23 ਫਰਵਰੀ 1984 | ਪਿੰਡ ਰੁਪਾਵਲੀ ਜ਼ਿਲਾ ਅੰਮ੍ਰਿਤਸਰ ਦੇ ਨੇੜੇ ਸ਼੍ਰੀ ਰਜਿੰਦਰ ਲਾਲ ਤੇ ਸ਼੍ਰੀ ਗਿਆਨ ਚੰਦ ਨੂੰ ਗੋਲੀ ਮਾਰ ਕੇ ਜਖਮੀ ਕੀਤਾ ਗਿਆ। ਮਗਰੋਂ ਇਕ ਜਣੇ ਦੀ ਮੌਤ ਹੋ ਗਈ। |
| 23 ਫਰਵਰੀ 1984 | ਖਿਲਚੀਆਂ ਜ਼ਿਲਾ ਅਮ੍ਰਿਤਸਰ ਦੇ ਨੇੜੇ ਕੁਝ ਬੰਦਿਆਂ ਨੇ ਗੋਲੀ ਮਾਰ ਕੇ ਸ਼੍ਰੀ ਮਾਧੋ ਨੂੰ ਮਾਰ ਦਿਤਾ ਅਤੇ ਸ਼੍ਰੀ ਸੁਰਿੰਦਰ ਨੂੰ ਜਖਮੀ ਕੀਤਾ। |
| 23 ਫਰਵਰੀ 1984 | ਤਰਸਿਕਾ ਪਿੰਡ ਜ਼ਿਲਾ ਅੰਮ੍ਰਿਤਸਰ ਦੇ ਦੁਕਾਨਦਾਰ ਸ਼੍ਰੀ ਬ੍ਰਿਜ ਲਾਲ ਨੂੰ ਜਖਮੀ ਕਰ ਦਿਤਾ। |
| 23 ਫਰਵਰੀ 1984 | ਮਨਸਾ ਜ਼ਿਲਾ ਬਠਿੰਡਾ ਵਿਚ ਹਥਿਆਰ-ਬੰਦ ਬੰਦਿਆਂ ਨੇ ਸ਼੍ਰੀ ਮੂਲ ਚੰਦ ਕੋਲੋਂ 18,500 ਰੁਪਏ ਦੇ ਮੁਲ ਦੇ ਗਹਿਣੇ ਖੋਹ ਲਏ। |

Digitized by Panjab Digital Library | www.panjabdigilib.org

| | |
|---|---|
| 24 ਫਰਵਰੀ 1984 | ਛੇਹਰਟਾ ਜ਼ਿਲਾ ਅੰਮ੍ਰਿਤਸਰ ਵਿਚ ਸ੍ਰੀ ਧਰਮਪਾਲ ਦੀ ਗੋਲੀ ਮਾਰ ਕੇ ਹਤਿਆ ਅਤੇ ਸ੍ਰੀ ਸਰਦਾਰੀ ਲਾਲ ਤੇ ਕੰਵਲ ਜੀਤ ਸਖਤ ਜ਼ਖਮੀ। |
| 24 ਫਰਵਰੀ 1984 | ਪੰਜਾਬ ਰਾਜ ਬਿਜਲੀ ਬੋਰਡ ਦੇ 2 ਕਰਮਚਾਰੀਆਂ ਨੂੰ ਉਸ ਵੇਲੇ ਹਮਲਾ ਕਰਕੇ ਜ਼ਖਮੀ ਕੀਤਾ ਗਿਆ ਜਦੋਂ ਉਹ ਉਦੋਕੇ ਸਬ ਸਟੇਸ਼ਨ ਜ਼ਿਲਾ ਅਮ੍ਰਿਤਸਰ ਤੋਂ ਅਪਣੇ ਘਰ ਪਰਤ ਰਹੇ ਸਨ। |
| 24 ਫਰਵਰੀ 1984 | ਪਿੰਡ ਮਾਂਡ ਜ਼ਿਲਾ ਗੁਰਦਾਸਪੁਰ ਦੇ ਇਕ ਦੁਕਾਨਦਾਰ ਸ੍ਰੀ ਓਮ ਪ੍ਰਕਾਸ਼ ਦੀ ਗੋਲੀ ਮਾਰ ਕੇ ਹਤਿਆ। |
| 24 ਫਰਵਰੀ 1984 | ਜ਼ਿਲਾ ਫਿਰੋਜ਼ਪੁਰ 'ਚ ਸ੍ਰੀ ਸ਼ਮਸ਼ੇਰ ਮਸੀਹ ਦੀ ਹਤਿਆ। |
| 25 ਫਰਵਰੀ 1984 | ਪਿੰਡ ਭਿਲੋਵਾਲ ਜ਼ਿਲਾ ਅੰਮ੍ਰਿਤਸਰ ਵਿਚ 3 ਹਿੰਦੂਆ ਦੀਆਂ ਲਾਸ਼ਾਂ ਖੇਤਾਂ ਚੋਂ ਮਿਲਿਆਂ ਜਿਨ੍ਹਾਂ ਤੇ ਗੋਲਿਆਂ ਦੇ ਨਿਸ਼ਾਨ ਸਨ। |
| 25 ਫਰਵਰੀ 1984 | ਪਿੰਡ ਸੋਹੀਆਂ ਜ਼ਿਲਾ ਅੰਮ੍ਰਿਤਸਰ ਦੇ ਇਕ ਮੰਦਰ ਦੇ ਪੁਜਾਰੀ ਸ੍ਰੀ ਵੇਦ ਪਰਕਾਸ਼ ਦੇ ਪੁਤਰ ਸ੍ਰੀ ਪਵਨ ਕੁਮਾਰ ਦੀ ਮੰਦਰ ਵਿਚ ਹਤਿਆ। |
| 25 ਫਰਵਰੀ 1984 | ਪੰਜਾਬ ਰਾਜ ਬਿਜਲੀ ਬੋਰਡ ਦੇ ਲਾਇਨ ਮੈਨ ਸ੍ਰੀ ਯਸ਼ਪਾਲ ਸ਼ਰਮਾਂ ਦੀ ਗੋਲੀ ਮਾਰ ਕੇ ਹਤਿਆ ਅਤੇ ਬੋਰਡ ਦੇ ਇਕ ਚਪੜਾਸੀ ਸ੍ਰੀ ਵਿਜੇ ਕੁਮਾਰ ਜਿਹੜਾ ਮਖੂ ਜ਼ਿਲਾ ਫਿਰੋਜ਼ਪੁਰ ਦਾ ਰਹਿਣ ਵਾਲਾ ਸੀ ਸਖਤ ਜ਼ਖਮੀ ਹੋਇਆ। |
| 25 ਫਰਵਰੀ 1984 | ਪਿੰਡ ਹਾਮਦ ਜ਼ਿਲਾ ਫਿਰੋਜਪੁਰ ਦੇ ਸ੍ਰੀ ਸ਼ੌਂਕੀ ਰਾਮ ਦੇ ਪੁਤਰ ਸ੍ਰੀ ਗਿਆਨ ਚੰਦ ਦੀ ਉਸ ਦੇ ਘਰ ਵਿਚ ਹਤਿਆ। |
| 25 ਫਰਵਰੀ 1984 | ਅਮ੍ਰਿਤਸਰ 'ਚ ਸ੍ਰੀ ਰਾਮਚੰਦ ਗੋਲੀ ਨਾਲ ਜਖਮੀ। |
| 26 ਫਰਵਰੀ 1984 | ਪਿੰਡ ਭੋਏਵਾਲ ਜ਼ਿਲਾ ਅੰਮ੍ਰਿਤਸਰ ਵਿਚ ਇਕ ਬੱਚੇ ਸਮੇਤ 3 ਬੰਦਿਆਂ ਨੂੰ ਉਨ੍ਹਾਂ ਦੇ ਘਰ ਵਿਚ ਗੋਲੀਆਂ ਨਾਲ ਮਾਰ ਦਿਤਾ ਗਿਆ। ਇਕ ਬੰਦਾ ਸਖਤ ਜਖਮੀ। |
| 26 ਫਰਵਰੀ 1984 | ਦੀਨਾਨਗਰ ਜ਼ਿਲਾ ਗੁਰਦਾਸਪੁਰ 'ਚ ਸ੍ਰੀ ਬਚਨ ਸਿੰਘ ਦੀ ਗੋਲੀ ਮਾਰਕੇ ਹਤਿਆ। |
| 26 ਫਰਵਰੀ 1984 | ਜਲੰਧਰ ਵਿਚ ਸ੍ਰੀ ਕਰਨੈਲ ਸਿੰਘ ਦੇ ਘਰ ਹੋਏ ਬੰਬ ਧਮਾਕੇ ਨਾਲ ਦੋ ਬੱਚੇ ਜਖਮੀ। |
| 27 ਫਰਵਰੀ 1984 | ਜ਼ਿਲਾ ਅੰਮ੍ਰਿਤਸਰ ਵਿਚ ਹਿੰਦੂ ਸੁਰਖਿਆ ਸਮਿਤੀ ਰੈਯਾ ਦੇ ਪ੍ਰਧਾਨ ਸ੍ਰੀ ਸਾਧੂ ਰਾਮ ਦੇ ਘਰ ਹੋਏ ਬੰਬ ਧਮਾਕੇ ਨਾਲ ਇਕ ਔਰਤ ਸਮੇਤ 2 ਬੰਦੇ ਜ਼ਖਮੀ। |
| 27 ਫਰਵਰੀ 1984 | ਫਰੀਦਕੋਟ ਵਿਚ ਸ੍ਰੀ ਚਰੰਜੀ ਲਾਲ ਦੇ ਪੁਤੱਰ ਸ੍ਰੀ ਗਿਆਨ ਚੰਦ ਦੀ ਗੋਲੀ ਮਾਰ ਕੇ ਹਤਿਆ। |
| 27 ਫਰਵਰੀ 1984 | ਲੁਧਿਆਣੇ ਦੇ ਪੁਰਾਣੇ ਬਜਾਰ ਦੇ ਮਾਈ ਜੀਵਾਂ ਮੰਦਰ ਵਿਚ ਹਨੂਮਾਨ ਦੀ ਮੂਰਤੀ ਟੁੱਟੀ ਪਈ ਸੀ। |
| 27 ਫਰਵਰੀ 1984 | ਦਿੱਲੀ ਅਤੇ ਚੰਡੀਗੜ੍ਹ ਵਿਚ ਅਕਾਲੀ ਦਲ ਨੇ ਵਿਧਾਨ ਦੀ ਧਾਰਾ 25 ਦੇ ਵਰਕੇ ਸਾੜੇ। |
| 28 ਫਰਵਰੀ 1984 | 25 ਤੋਲੇ ਦਾ ਇਕ ਸੋਨੇ ਦਾ ਕਲਸ ਤੇ 2 ਹਜਾਰ ਮੁਲ ਦੀਆਂ 2 ਘੜੀਆਂ ਜਗਰਾਓਂ ਵਿਚ ਜੈਨ ਸਮਾਧ ਜ਼ਿਲਾ ਲੁਧਿਆਣਾ ਤੋਂ ਚੋਰੀ ਹੋਈਆਂ। |

Digitized by Panjab Digital Library \| www.panjabdigilib.org

| | |
|---|---|
| 29 ਫਰਵਰੀ 1984 | ਸ਼ਿਵਰਾਤਰੀ ਉਤਸਵ ਦੇ ਮੌਕੇ ਤੇ ਅੰਮ੍ਰਿਤਸਰ ਵਿਚ ਸ਼ਿਵਾਲੇ ਮੰਦਰ ਦੇ ਨੇੜੇ ਇਕ ਭੀੜ ਤੇ ਹਥ ਗੋਲਾ ਸੁਟਿਆ ਗਿਆ। |
| 1 ਮਾਰਚ 1984 | ਓਰੈਂਟਲ ਬੈਂਕ ਬਰਾਂਚ ਤਰਨਤਾਰਨ ਵਿਚ ਰੇਲਵੇ ਰੋਡ ਤੋਂ 4.28 ਲਖ ਰੁਪਏ ਲੁਟੇ ਗਏ । |
| 1 ਮਾਰਚ 1984 | ਮੋਗਾ ਵਿਚ ਏ.ਐਸ.ਆਈ. ਜਗਦੀਸ਼ ਪਰਸ਼ਾਦ ਦੀ ਗੋਲੀ ਨਾਲ ਹਤਿਆ। ਹਤਿਆਰੇ ਉਸਦੀ ਰਿਵਾਲਵਰ ਲੈ ਗਏ। |
| 1 ਮਾਰਚ 1984 | ਪੱਟੀ ਦੇ ਨੇੜੇ ਪੁਲਿਸ ਅਤੇ ਨਿਹੰਗਾਂ ਵਿਚ ਇਕ ਝੜਪ ਵਿਚ 4 ਨਿਹੰਗ ਮਾਰੇ ਗਏ।ਉਹਨਾਂ ਕੋਲੋਂ ਇਕ ਪਿਸਤੌਲ ਇਕ ਬੰਦੂਕ ਅਤੇ ਇਕ ਰਾਈਫਲ ਮਿਲੀ। |
| 2 ਮਾਰਚ 1984 | ਨਕੋਦਰ ਤੇ ਸਿਧਵਾਂ ਰੇਲਵੇ ਸਟੇਸ਼ਨਾਂ ਦੇ ਵਿਚਕਾਰ ਗੱਡੀ ਵਿਚ ਸਫਰ ਕਰਨ ਵਾਲੇ ਮੁਸਾਫਰਾਂ ਨੂੰ ਲੁਟਿਆ ਗਿਆ। |
| 2 ਮਾਰਚ 1984 | ਮੋਗਾ ਸ਼ਹਿਰ ਵਿਚ ਬੰਦੂਕ ਦਿਖਾ ਕੇ ਇਕ ਕਾਰ ਖੋਹੀ ਗਈ। |
| 2 ਮਾਰਚ 1984 | ਫਰੀਦਕੋਟ ਜ਼ਿਲੇ ਵਿਚ ਅੱਤਵਾਦੀਆਂ ਤੇ ਪੁਲਿਸ ਦੀ ਝੜਪ ਵਿਚ ਇਕ ਅੱਤਵਾਦੀ ਮਾਰਿਆ ਗਿਆ। ਇਕ ਸਟੇਨਗਨ ਤੇ ਦੋ ਰਿਵਾਲਵਰ ਮਿਲੇ। |
| 3 ਮਾਰਚ 1984 | ਬਠਿੰਡਾ ਜ਼ਿਲੇ ਦੇ ਪਿੰਡ ਮੋਰ ਵਿਚ ਮਦਨ ਲਾਲ ਦੀ ਹਤਿਆ ਕੀਤੀ ਗਈ। |
| 3 ਮਾਰਚ 1984 | ਬਠਿੰਡਾ ਜ਼ਿਲੇ ਦੇ ਪਿੰਡ ਰਾਮਾ ਵਿਚ ਸ਼੍ਰੀ ਦੇਵ ਰਾਜ ਦੀ ਹਤਿਆ। |
| 5 ਮਾਰਚ 1984 | ਪਿੰਡ ਬਕਵਾਲਾ, ਜ਼ਿਲਾ ਫਿਰੋਜ਼ਪੁਰ ਦੇ ਨੇੜੇ ਦੋ ਬੰਦਿਆਂ ਦੀਆਂ ਲਾਸ਼ਾਂ ਮਿਲੀਆਂ। |
| 7 ਮਾਰਚ 1984 | ਪਿੰਡ ਚਿੱਤਾਵਾਲਾ ਡਰੇਨ, ਨਾਭਾ ਦੇ ਨੇੜੇ ਗਸ਼ਤ ਕਰਦੇ ਹੋਏ ਏ.ਐਸ.ਆਈ. ਅਜਮੇਰ ਸਿੰਘ ਅਤੇ ਕਾਂਸਟੇਬਲ ਬਸੰਤ ਸਿੰਘ ਤੇ ਗੋਲੀ ਚਲਾਈ ਗਈ ਤੇ ਉਨ੍ਹਾਂ ਨੂੰ ਜ਼ਖਮੀ ਕੀਤਾ ਗਿਆ। ਮਗਰੋਂ ਬਸੰਤ ਸਿੰਘ ਮਰ ਗਿਆ। |
| 8 ਮਾਰਚ 1984 | ਅੰਮ੍ਰਿਤਸਰ ਦੇ ਪਿੰਡ ਕਾਕਾ ਕੰਡਿਆਲਾ ਦੇ ਨੇੜੇ ਇਕ ਲਾਸ਼ ਮਿਲੀ ਜਿਸ ਤੇ ਗੋਲੀਆਂ ਦੇ ਨਿਸ਼ਾਨ ਸਨ। |
| 8 ਮਾਰਚ 1984 | ਚੇਤਨਵਾਲਾ ਥਾਨਾ ਧੂਰੀ, ਸੰਗਰੂਰ, ਸਕੂਟਰ ਤੇ ਜਾਂਦੇ ਹੋਏ ਤਿੰਨ ਬੰਦਿਆਂ ਨੂੰ ਰੋਕ ਕੇ ਗੋਲੀ ਮਾਰੀ ਗਈ ਤੇ ਜ਼ਖਮੀ ਕੀਤਾ। ਉਹਨਾਂ ਦਾ ਸਕੂਟਰ ਖੋਹ ਲਿਆ। |
| 8 ਮਾਰਚ 1984 | ਲੁਧਿਆਣੇ ਵਿਚ ਬੰਬ ਧਮਾਕੇ ਵਿਚ ਸ਼੍ਰੀ ਰਾਮ ਬਹਾਦੁਰ ਮਾਰਿਆ ਗਿਆ ਤੇ ਅਲੀ ਮੁਹਮੰਦ ਜ਼ਖਮੀ ਹੋਇਆ। |
| 9 ਮਾਰਚ 1984 | ਸ਼੍ਰੀ ਵੇਦ ਪਾਲ ਡਿਪਟੀ ਸਪੀਕਰ ਹਰਿਆਨਾ ਵਿਧਾਨ ਸਭਾ, ਸ਼੍ਰੀਮਤਿ ਸ਼ਾਂਤੀ ਦੇਵੀ ਐਮ.ਐਲ.ਏ. ਦੇ ਨਾਲ ਦਿੱਲੀ ਤੋਂ ਕਰਨਾਲ ਜਾ ਰਹੇ ਸਨ। ਮਧੁਬਨ ਤੇ ਕਰਨਾਲ ਦੇ ਵਿਚਕਾਰ ਮੋਟਰ ਸਾਇਕਲ ਤੇ ਸਵਾਰ ਕੁਝ ਹਥਿਆਰਬੰਦ ਬੰਦਿਆਂ ਨੇ ਕਾਰ ਤੇ ਸਟੇਨ ਗਨ ਨਾਲ ਗੋਲੀ ਚਲਾਈ। ਕਾਰ ਦਾ ਚਾਲਕ ਮਾਰਿਆ ਗਿਆ। ਗਨਮੈਨ ਸਖਤ ਜ਼ਖਮੀ ਹੋਇਆ। ਪਰ ਵੇਦਪਾਲ ਨੂੰ ਕੋਈ ਸਟ ਨਾ ਲਗੀ। |

Digitized by Panjab Digital Library / www.panjabdigilib.org

10 ਮਾਰਚ 1984 ਉੱਚਾ ਭਟਾਲਾ ਖੰਨੇ ਵਿਖੇ ਪਟਰੌਲ ਪੰਪ ਤੇ ਸ੍ਰੀ ਜਰਨੈਲ ਸਿੰਘ ਨੂੰ ਗੋਲੀ ਨਾਲ ਮਾਰ ਦਿਤਾ।

11 ਮਾਰਚ 1984 ਕਲਾਂਵਾਲੀ(ਹਰਿਆਣਾ)ਤੇ ਰਾਮਾ ਮੰਡੀ ਜ਼ਿਲਾ ਬਠਿੰਡਾ ਵਿਚਕਾਰ ਰੇਲਵੇ ਲਾਇਨ ਤੇ ਧਮਾਕਾ। ਇਕ ਮੀਟਰ ਲੰਬੀ ਰੇਲਵੇ ਲਾਈਨ ਨੂੰ ਨੁਕਸਾਨ।

12 ਮਾਰਚ 1984 ਗੁਰਦਵਾਰਾ ਰਵੀ ਦਾਸ ਫਗਵਾੜਾ ਦੇ ਗ੍ਰੰਥੀ ਤੇ ਕੁਝ ਬਦਮਾਸ਼ਾਂ ਨੇ ਹਮਲਾ ਕੀਤਾ। ਉਹ ਗੁਰੂ ਗ੍ਰੰਥ ਸਾਹਿਬ ਦੇ ਰੁਮਾਲੇ ਵੀ ਲੈ ਗਏ।

13 ਮਾਰਚ 1984 ਪੰਜਾਬ ਦੇ ਸਾਬਕ ਮੁਖਮੰਤਰੀ ਸ੍ਰੀ ਦਰਬਾਰਾ ਸਿੰਘ ਦੀ ਉਸ ਵੇਲੇ ਹਤਿਆ ਕੀ ਕੋਸ਼ਿਸ਼ ਕੀਤੀ ਗਈ ਜਦ ਕਿ ਸੰਤ ਮਹਿੰਦਰ ਸਿੰਘ ਦੇ ਦਾਹ ਸੰਸਕਾਰ ਵੇਲੇ ਉਹ ਨੰਗਲ ਵਿਖੇ ਗੁਰਦੁਵਾਰਾ ਭਭੌਰ ਸਾਹਿਬ ਗਏ ਸਨ। ਸ੍ਰੀ ਦਰਬਾਰਾ ਸਿੰਘ ਨੂੰ ਕੋਈ ਸਟ ਨਹੀਂ ਲਗੀ। ਇਸ ਘਟਨਾ ਵਿਚ ਇਕ ਦੂਜੇ ਤੇ ਗੋਲੀ ਚਲਣ ਨਾਲ ਇਕ ਔਰਤ ਅਤੇ ਹਮਲਾਵਰ ਮਹਿੰਦਰ ਸਿੰਘ ਸਮੇਤ ਛੇ ਬੰਦੇ ਜ਼ਖਮੀ ਹੋਏ।

14 ਮਾਰਚ 1984 ਅੰਮ੍ਰਿਤਸਰ ਅਜਨਾਲਾ ਸੜਕ ਤੇ ਨਹਿਰ ਦੇ ਪੁਲ ਕੁਕਨਵਾਲਾ ਦੇ ਨੇੜੇ ਹਵਾਈ ਫੌਜ਼ ਦੇ ਇਕ ਮੁਲਾਜ਼ਿਮ ਕੋਲੋਂ ਇਕ 'ਵਾਕੀ ਟਾਕੀ' ਸੈਟ ਖੋਹਿਆ ਗਿਆ। ਅਪਰਾਧਿਆਂ ਕੋਲ ਇਕ ਸਟੇਨਗਨ ਤੇ ਇਕ ਰਿਵਾਲਵਰ ਸੀ।

15 ਮਾਰਚ 1984 ਅੰਮ੍ਰਿਤਸਰ ਦੀ ਇਕ ਅਦਾਲਤ ਵਿਚ ਲਿਆਏ ਗਏ ਚਾਰ ਅੱਤਵਾਦੀਆਂ ਦੇ ਹਮਾਇਤੀਆਂ ਨੇ ਉਹਨਾਂ ਨੂੰ ਪੁਲਿਸ ਹਿਰਾਸਤ ਵਿਚੋਂ ਛੁੜਾਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਗੋਲੀ ਚਲਾਈ। ਜਵਾਬ ਵਿਚ ਪੁਲਿਸ ਨੇ ਅਪਣੀ ਰਖਿਆ ਲਈ ਗੋਲੀ ਚਲਾਈ ਜਿਸ ਨਾਲ ਇਕ ਬੰਦਾ ਮਰ ਗਿਆ।

15 ਮਾਰਚ 1984 ਪਿੰਡ ਦੋਰੰਗਲਾ ਜ਼ਿਲਾ ਗੁਰਦਾਸਪੁਰ ਦੇ ਡੇਰਾ ਪਰਮਹੰਸ ਦੇ ਪੁਜਾਰੀ ਮੁਹਿੰਦਰਸਿੰਘ ਨੂੰ ਜ਼ਖਮੀ ਕੀਤਾ ਗਿਆ।

15 ਮਾਰਚ 1984 ਕਿਸ਼ੋਰ ਸਿਨਮਾ ਪਾਨੀਪਤ ਦੀ ਬੁਕਿੰਗ ਖਿੜਕੀ ਦੇ ਬਾਹਰ ਇਕ ਧਮਾਕੇ ਵਿਚ ਇਕ ਹਿੰਦੂ ਜ਼ਖਮੀ।

16 ਮਾਰਚ 1984 ਕੁਝ ਨਿਹੰਗਾਂ ਨੇ ਲੁਧਿਆਣਾ ਫਿਰੋਜ਼ਪੁਰ ਲਾਇਨ ਤੇ ਇਕ ਗੱਡੀ ਦੇ ਮੁਸਾਫਿਰਾਂ ਨੂੰ ਲੁਟਿਆ ਤੇ ਚਲਦੀ ਗੱਡੀ ਤੇ ਗੋਲੀ ਚਲਾਈ। ਇਸ ਨਾਲ ਤਿੰਨ ਮੁਸਾਫਿਰ ਮਰੇ ਤੇ ਦੋ ਜ਼ਖਮੀ ਹੋਏ।

17 ਮਾਰਚ 1984 ਆਨੰਦਪੁਰ ਸਾਹਿਬ, ਰੋਪੜ ਵਿਚ ਅਕਾਲੀਆਂ ਦੇ ਸੰਮੇਲਨ ਵਿਚ ਸਿੱਖਾਂ ਨੂੰ ਸੰਵਿਧਾਨ ਦੀ ਧਾਰਾ 25 ਦੀਆਂ ਕਾਪੀਆਂ ਸਾੜ ਕੇ 2 ਅਪ੍ਰੈਲ ਤੋਂ 7 ਅਪ੍ਰੈਲ 1984 ਤਕ ਪੰਥ ਆਜ਼ਾਦ ਹਫਤਾ ਮਨਾਣ ਲਈ ਕਿਹਾ ਗਿਆ। ਬਾਦ ਵਿਚ ਇਹ ਮੋਰਚਾ ਵਾਪਿਸ ਲੈ ਲਿਆ ਗਿਆ।

18 ਮਾਰਚ 1984 ਆਨੰਦਪੁਰ ਸਾਹਿਬ ਵਿਚ ਇਕ ਪੁਲਿਸ ਕੈਂਪ ਤੇ ਬੰਬ ਸੁਟਿਆ ਗਿਆ। ਜਿਸ ਵਿਚ ਇਕ ਇੰਸਪੈਕਟਰ ਅਤੇ ਇਕ ਔਰਤ ਸਿਪਾਹੀ ਸਮੇਤ ਤਿੰਨ ਸਿਪਾਹੀ ਜ਼ਖਮੀ ਹੋਏ।

19 ਮਾਰਚ 1984 ਪੰਜਾਬ ਐਂਡ ਸਿੰਧ ਬੈਂਕ, ਚੌਕ ਪਰਾਗ ਦਾਸ, ਅੰਮ੍ਰਿਤਸਰ ਤੋਂ 53,872 ਰੁਪਏ ਲੁਟੇ ਗਏ।

19 ਮਾਰਚ 1984 ਪਾਲਦੀ ਜ਼ਿਲਾ ਹੁਸ਼ਿਆਰਪੁਰ ਵਿਖੇ ਪੰਜਾਬ ਨੈਸ਼ਨਲ ਬੈਂਕ ਨੂੰ ਲੁੱਟਣ ਦੀ ਕੋਸ਼ਿਸ਼। ਬੈਂਕ ਦੇ ਗਨਮੈਨ ਨੇ ਇਕ ਲੁਟੇਰੇ ਨੂੰ ਗੋਲੀ ਮਾਰ ਦਿਤੀ। ਕਾਰਤੂਸ, ਇਕ ਬੰਬ ਅਤੇ ਇਕ ਪਿਸਤੌਲ ਬਰਾਮਦ ਹੋਇਆ।

Digitized by Panjab Digital Library | www.panjabdigilib.org

| | |
|---|---|
| 21 ਮਾਰਚ 1984 | ਗੁਰਦਵਾਰਾ ਮਾਲਾਂਵਾਲਾ, ਜ਼ਿਲਾ ਫਿਰੋਜ਼ਪੁਰ ਦੇ ਗ੍ਰੰਥੀ ਸ੍ਰੀ ਅਜੀਤ ਸਿੰਘ ਦੀ ਗੁਰਦਵਾਰੇ ਵਿਚ ਗੋਲੀ ਮਾਰ ਕੇ ਹਤਿਆ। |
| 23 ਮਾਰਚ 1984 | ਪਿੰਡ ਦਯਾਲਪੁਰ ਜ਼ਿਲਾ ਅੰਮ੍ਰਿਤਸਰ ਦੇ ਨੇੜੇ ਪੁਲਿਸ ਸਬ ਇੰਸਪੈਕਟਰ ਸ੍ਰੀ ਸੁਰਿੰਦਰ ਕੁਮਾਰ ਤੇ ਗੋਲੀ ਚਲਾਈ ਗਈ ਉਹ ਬਚ ਗਏ ਪਰ ਮੋਟਰ ਸਾਇਕਲ ਨੂੰ ਨੁਕਸਾਨ ਹੋਇਆ। |
| 23 ਮਾਰਚ 1984 | ਪਿੰਡ ਫਬੂਧਿੰਗਾ, ਜ਼ਿਲਾ ਕਪੂਰਥਲਾ ਦੇ ਨੇੜੇ ਸਰਪੰਚ ਕਰਤਾਰ ਚੰਦ ਦੀ ਹਤਿਆ। |
| 23 ਮਾਰਚ 1984 | ਮਾਨਸਾ ਅਤੇ ਸਦਾ ਸਿੰਘ ਵਾਲਾ ਰੇਲਵੇ ਸਟੇਸ਼ਨਾਂ ਦੇ ਵਿਚਕਾਰ ਬੰਬ ਧਮਾਕੇ ਨਾਲ ਰੇਲ ਪਟੜੀ ਦਾ ਹਿੱਸਾ ਉਡਾ ਦਿਤਾ ਗਿਆ। |
| 25 ਮਾਰਚ 1984 | ਦਸੂਆ ਜ਼ਿਲਾ ਹੋਸ਼ਿਆਰਪੁਰ ਵਿਖੇ ਡਾਕਟਰ ਕਮਲ ਨੂੰ ਉਹਨਾਂ ਦੀ ਦੁਕਾਨ ਤੇ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ ਗਿਆ। |
| 26 ਮਾਰਚ 1984 | ਮੋਗਾ ਬਸ ਸਟੇਂਡ ਤੇ ਖੜੀਆਂ ਤਿੰਨ ਬਸਾਂ ਨੂੰ ਅੱਗ ਲਾ ਦਿਤੀ ਗਈ। |
| 26 ਮਾਰਚ 1984 | ਗਰੀਨ ਏਵੇਨਿਊ, ਅੰਮ੍ਰਿਤਸਰ ਦੇ ਇਕ ਦੁਕਾਨਦਾਰ ਸ੍ਰੀ ਮੁਨੀ ਲਾਲ ਨੂੰ ਗੋਲੀ ਮਾਰ ਦਿਤੀ ਗਈ। |
| 26 ਮਾਰਚ 1984 | ਪਿੰਡ ਸਿਧਪੁਰ ਕਲਾਂ, ਜ਼ਿਲਾ ਰੋਪੜ ਦੇ ਸ਼ਿਵਾਲੇ ਤੋਂ ਸ਼ਿਵ ਦੀ ਮੂਰਤੀ ਚੁਕ ਲਈ ਗਈ। |
| 27 ਮਾਰਚ 1984 | ਪਿੰਡ ਦੋਲਤਪੁਰ, ਜ਼ਿਲਾ ਸੰਗਰੂਰ ਦੇ ਨੇੜੇ ਰੇਲ ਪਟੜੀ ਦਾ ਹਿੱਸਾ ਕਟਿਆ ਹੋਇਆ ਮਿਲਿਆ। |
| 27 ਮਾਰਚ 1984 | ਧਨੋਲੀ ਜ਼ਿਲਾ ਸੰਗਰੂਰ ਵਿਚ ਹੋਏ ਨਿਰੰਕਾਰੀ ਸਮਾਗਮ ਵਿਚ ਹਿੱਸਾ ਲੈ ਕੇ ਵਾਪਸ ਆ ਰਹੇ ਸ੍ਰੀ ਵੇਦ ਪ੍ਰਕਾਸ਼, ਡਾਕਟਰ ਜੋਗਿੰਦਰ ਸਿੰਘ ਅਤੇ ਸ੍ਰੀ ਰੂਪ ਲਾਲ ਤੇ ਹਮਲਾ। ਸ੍ਰੀ ਵੇਦਪਾਲ ਮਾਰੇ ਗਏ ਤੇ ਬਾਕੀ ਦੋ ਜ਼ਖਮੀ। |
| 27 ਮਾਰਚ 1984 | ਕੈਰੋਂ ਪੁਲਿਸ ਚੌਕੀ ਦੇ ਏ.ਐਸ.ਆਈ. ਗੁਸਜੀਤ ਸਿੰਘ ਪਿੰਡ ਭਲਾ, ਜ਼ਿਲਾ ਅੰਮ੍ਰਿਤਸਰ ਦੇ ਨੇੜੇ ਇਕ ਹਮਲੇ ਵਿਚ ਜ਼ਖਮੀ। |
| 28 ਮਾਰਚ 1984 | ਬਧਨੀ ਕਲਾਂ, ਜ਼ਿਲਾ ਫਰੀਦਕੋਟ ਨੂੰ ਜਾਂਦੇ ਹੋਏ ਸ੍ਰੀ ਚਮਨ ਲਾਲ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ ਗਿਆ। |
| 28 ਮਾਰਚ 1984 | ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਹਰਬੰਸ ਸਿੰਘ ਮਨਚੰਦਾ ਦੀ ਨਵੀਂ ਦਿੱਲੀ ਵਿਚ ਗੋਲੀ ਮਾਰਕੇ ਹਤਿਆ। |
| 29 ਮਾਰਚ 1984 | ਧਰਮਕੋਟ ਵਿਖੇ ਸੀ.ਆਰ.ਪੀ.ਐਫ. ਦੇ ਕੈਂਪ ਵਿਚ ਬੰਬ ਸੁਟਿਆ ਗਿਆ ਜਿਸ ਨਾਲ ਇਕ ਸਿਪਾਹੀ ਮਰਿਆ ਤੇ ਇਕ ਜ਼ਖਮੀ। |
| 29 ਮਾਰਚ 1984 | ਪਿੰਡ ਜਲਾਲਾਬਾਦ, ਜ਼ਿਲਾ ਅੰਮ੍ਰਿਤਸਰ ਨੇੜੇ ਬੰਦੂਕ ਵਿਖਾ ਕੇ ਇਕ ਟੈਕਸੀ ਖੋਹ ਲਈ ਗਈ। |
| 29 ਮਾਰਚ 1984 | ਫਿਰੋਜ਼ਪੁਰ ਜਲੰਧਰ ਲਾਈਨ ਤੇ ਸੁਟੇ ਗਏ ਇਕ ਦਰਖਤ ਦਾ ਪਤਾ ਇਕ ਗਸ਼ਤੀ ਦਲ ਨੂੰ ਲਗ ਗਿਆ ਜਿਸ ਨਾਲ ਇਕ ਹਾਦਸਾ ਟਲ ਗਿਆ। |

Digitized by Panjab Digital Library | www.panjabdigilib.org

| | |
|---|---|
| 31 ਮਾਰਚ 1984 | ਮੋਗਾ ਵਿਚ ਨਿਰੰਕਾਰੀ ਸੁਬਸ਼੍ਰੀ ਸੂਰਜ ਪ੍ਰਕਾਸ਼ ਅਤੇ ਹੁਕਮ ਚੰਦ ਉਤੇ ਉਸ ਵੇਲੇ ਗੋਲੀ ਚਲਾਈ ਗਈ ਜਦੋਂ ਉਹ ਅਪਣੀ ਦੁਕਾਨ ਬੰਦ ਕਰਕੇ ਘਰ ਆ ਰਹੇ ਸਨ। ਉਹਨਾਂ ਨੇ ਆਤਮ-ਰਖਿਆ ਵਿਚ ਗੋਲੀ ਚਲਾਈ। ਕੋਈ ਫਟੜ ਨਾ ਹੋਇਆ। |
| 31 ਮਾਰਚ 1984 | ਅੰਮ੍ਰਿਤਸਰ ਵਿਚ ਹਰਮੰਦਿਰ ਸਾਹਿਬ ਦੇ ਬਾਹਰੋਂ ਸ਼੍ਰੀ ਗੁਰਪ੍ਰੀਤ ਸਿੰਘ ਦੀ ਕਾਰ ਚੋਰੀ ਹੋ ਗਈ। |
| 31 ਮਾਰਚ 1984 | ਗੁਰੂ ਨਾਨਕ ਦੇਵ ਯੂਨੀਵਰਸਟੀ ਅੰਮ੍ਰਿਤਸਰ ਦੀ ਪਰੀਖਿਆ ਬਰਾਂਚ ਵਿਚ ਕੁਝ ਹਥਿਆਰਬੰਦ ਬੰਦੇ ਆਏ। ਉਨ੍ਹਾਂ ਮੁਲਾਜ਼ਿਮਾਂ ਨੂੰ ਇਕ ਬਾਥਰੂਮ ਵਿਚ ਬੰਦ ਕਰ ਦਿਤਾ ਅਤੇ ਸਟਰਾਂਗ ਰੂਮ ਨੂੰ ਖੋਲ ਕੇ ਅੱਗ ਲਾ ਦਿੱਤੀ। |
| 1 ਅਪ੍ਰੈਲ 1984 | ਸ਼੍ਰੀ ਆਰ.ਐਨ. ਸ਼ਰਮਾ, ਪ੍ਰਿੰਸੀਪਲ, ਆਰ.ਐਸ.ਡੀ. ਕਾਲਿਜ, ਫਿਰੋਜ਼ਪੁਰ ਦੀ ਗੋਲੀ ਮਾਰ ਕੇ ਹਤਿਆ। |
| 1 ਅਪ੍ਰੈਲ 1984 | ਪਿੰਡ ਚੰਬਾ ਵਿਚ ਰਇਆ ਲਿੰਕ ਰੋਡ ਉਤੇ ਨਿਰੰਕਾਰੀ ਭਵਨ ਵਿਚ ਸਤਸੰਗ ਵੇਲੇ ਦੋ ਹਥਗੋਲੇ ਸੁਟੇ ਗਏ। ਬੰਬ ਧਮਾਕੇ ਵਿਚ ਦੋ ਔਰਤਾਂ, ਇਕ ਕੁੜੀ ਅਤੇ 21 ਬੰਦੇ ਫੱਟੜ। |
| 1 ਅਪ੍ਰੈਲ 1984 | ਸ਼੍ਰੀ ਭਾਰਤ ਭੂਸ਼ਨ ਸਪੁਤਰ ਸ਼੍ਰੀ ਸਰਦਾਰੀ ਲਾਲ ਭਾਈ ਬਾਲਮੀਕੀ ਨੂੰ ਕਾਦਿਆਂ, ਜ਼ਿਲਾ ਗੁਰਦਾਸਪੁਰ ਵਿਚ ਗੋਲੀ ਮਾਰ ਕੇ ਮਾਰ ਦਿਤਾ ਗਿਆ। |
| 2 ਅਪ੍ਰੈਲ 1984 | ਸ਼੍ਰੀ ਹਰਬੰਸ ਲਾਲ ਖੰਨਾ, ਸਾਬਕ ਵਿਧਾਇਕ, ਅਤੇ ਭਾਰਤੀ ਜਨਤਾ ਪਾਰਟੀ, ਜ਼ਿਲਾ ਅੰਮ੍ਰਿਤਸਰ ਦੀ ਅਤੇ ਉਸਦੇ ਗਨਮੈਨ ਦੀ ਉਨ੍ਹਾਂ ਦੀ ਦੁਕਾਨ ਤੇ ਗੋਲੀ ਮਾਰ ਕੇ ਹਤਿਆ। |
| 2 ਅਪ੍ਰੈਲ 1984 | ਇਕ ਪੁਲਿਸ ਇੰਸਪੈਕਟਰ ਅਤੇ ਉਸਦੇ ਅੰਗ ਰਖਿਅਕ ਨੂੰ ਰਾਜ ਗੈਸਟ ਹਾਊਸ ਵਿਖੇ ਸ਼ਰਨ ਲੈਣੀ ਪਈ ਜਦ ਇਕ ਬੇਕਾਬੂ ਭੀੜ ਨੇ ਉਨ੍ਹਾਂ ਦਾ ਪਿੱਛਾ ਕੀਤਾ। ਭੀੜ ਨੇ ਇਕ ਸਕੂਟਰ, ਤਿੰਨ ਹਜ਼ਾਰ ਰੁਪਏ ਨਕਦ, ਕਪੜਿਆਂ ਦੀ ਇਕ ਗੰਢ ਅਤੇ ਗੈਸਟ ਹਾਊਸ ਦਾ ਨਾਂ-ਬੋਰਡ ਤੇ ਫਰਨੀਚਰ ਸਾੜ ਦਿੱਤਾ। |
| 2 ਅਪ੍ਰੈਲ 1984 | ਐਸ.ਡੀ. ਮਹਿਲਾ ਕਾਲਿਜ, ਮੋਗਾ ਦਾ ਰਿਕਾਰਡ ਸਾੜਿਆ ਗਿਆ। |
| ੨ ਅਪ੍ਰੈਲ 1984 | ਕੁਝ ਸ਼ਰਾਰਤੀਆਂ ਨੇ ਗੁਰੂ ਨਾਨਕ ਕਾਲਿਜ ਰੋਡ ਫਰੀਦਕੋਟ ਤੋਂ ਯੂਨੀਵਰਸਟੀ ਦੇ ਪਰਚੇ ਅਤੇ ਜਵਾਬ ਦੀਆਂ ਕਾਪੀਆਂ ਚੁਕ ਲਈਆਂ। |
| 2 ਅਪ੍ਰੈਲ 1984 | ਅੰਮ੍ਰਿਤਸਰ ਵਿਚ ਸੁਰਗਵਾਸੀ ਸ਼੍ਰੀ ਹਰਬੰਸ ਲਾਲ ਖੰਨਾ ਦੀ ਇਕ ਜੀਪ ਨੂੰ ਅੱਗ ਲਾਈ ਗਈ। |
| 3 ਅਪ੍ਰੈਲ 1984 | ਵਡਾਲਾ ਕਲਾਂ, ਅੰਮ੍ਰਿਤਸਰ ਦੇ ਪਰੀਖਿਆ ਸੁਪਰਡੈਂਟ ਸ਼੍ਰੀ ਤਿਲਕਰਾਜ ਗੋਲੀ ਲਗਣ ਨਾਲ ਜ਼ਖਮੀ। ਹਮਲਾਵਰ ਸਵਾਲਾਂ ਦੇ ਪਰਚੇ ਦਾ ਬੰਡਲ ਚੁਕ ਕੇ ਲੈ ਗਏ। |
| 3 ਅਪ੍ਰੈਲ 1984 | ਸੁਰਗਵਾਸੀ ਹਰਬੰਸ ਲਾਲ ਖੰਨਾ ਦੀ ਅਰਥੀ ਦੀ ਯਾਤਰਾ ਦੇ ਦੌਰਾਨ ਹੋਈਆਂ ਹਿੰਸਕ ਵਾਰਦਾਤਾਂ ਵਿਚ ਅੱਠ ਬੰਦੇ ਮਰੇ ਤੇ ਨੌਂ ਜ਼ਖਮੀ ਹੋਏ। |
| 3 ਅਪ੍ਰੈਲ 1984 | ਮੀਆਂ ਵਿੰਡ ਅੰਮ੍ਰਿਤਸਰ ਦੇ ਨੇੜੇ ਇੱਟਾਂ ਦੇ ਭੱਠੇ ਦੇ ਮੁਨਸ਼ੀ ਸ਼੍ਰੀ ਜਵਾਹਰ ਲਾਲ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ ਗਿਆ। |
| 3 ਅਪ੍ਰੈਲ 1984 | ਪਾਰਲੀਮੈਂਟ ਦੇ ਮੈਂਬਰ ਡਾ ਵੀ ਐਨ ਤਿਵਾਰੀ ਨੂੰ ਉਨ੍ਹਾਂ ਦੇ ਘਰ ਵਿਚ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। |

Digitized by Panjab Digital Library | www.panjabdigilib.org

| | |
|---|---|
| 3 ਅਪ੍ਰੈਲ 1984 | ਚੰਡੀਗੜ੍ਹ ਦੇ ਸਫਾਈ ਇੰਸਪੈਕਟਰ ਸ਼੍ਰੀ ਧੰਨਾ ਸਿੰਘ ਮਾਰੇ ਗਏ। |
| 4 ਅਪ੍ਰੈਲ 1984 | ਸ਼੍ਰੀ ਅਨੰਤਰਾਮ ਅਪਣੀ ਹੱਟੀ ਬੰਦ ਕਰ ਵਾਪਿਸ ਜਾਣ ਵੇਲੇ ਜ਼ਖਮੀ। |
| 4 ਅਪ੍ਰੈਲ 1984 | ਸਰਕਾਰੀ ਬੈਂਕ ਫਿਰੋਜਪੁਰ ਦੇ ਪ੍ਰਬੰਧਕ ਤੋਂ ਕਾਰ ਖੋਹ ਲਈ ਗਈ। |
| 4 ਅਪ੍ਰੈਲ 1984 | ਮੈਜਸਟਿਕ ਚੌਕ ਮੋਗਾ ਦੇ ਨੇੜੇ ਇਕ ਬੰਬ ਧਮਾਕੇ ਵਿਚ ਛੇ ਬੰਦੇ ਜ਼ਖਮੀ। |
| 5 ਅਪ੍ਰੈਲ 1984 | ਬਿਲਗਾ ਜ਼ਿਲਾ ਜਲੰਧਰ ਵਿਚ ਸ਼੍ਰੀ ਸ਼ੰਕਰ ਦਾਸ ਜੀ ਦੀ ਹਤਿਆ। |
| 6 ਅਪ੍ਰੈਲ 1984 | ਪਟਿਆਲਾ ਵਿਖੇ ਸ਼੍ਰੀ ਜ਼ਾਲਿਮ ਸਿੰਘ ਨੂੰ ਗੋਲੀ ਚਲਾ ਕੇ ਜ਼ਖਮੀ ਕੀਤਾ ਗਿਆ। |
| 6 ਅਪ੍ਰੈਲ 1984 | ਡੀ.ਏ.ਵੀ. ਕਾਲਿਜ ਬਠਿੰਡਾ ਦੇ ਦਫਤਰ, ਫਰਨੀਚਰ ਅਤੇ ਰਿਕਾਰਡ ਆਦਿ ਨੂੰ ਅੱਗ ਲਾਈ ਗਈ। |
| 6 ਅਪ੍ਰੈਲ 1984 | ਫੂਲ, ਜ਼ਿਲਾ ਬਠਿੰਡਾ ਦੇ ਟੀ.ਪੀ.ਡੀ. ਮਾਲਵਾ ਕਾਲਿਜ ਦੇ ਰਿਕਾਰਡ ਦਫਤਰ ਵਿਚ ਅੱਗ ਲਾਈ ਗਈ। |
| 8 ਅਪ੍ਰੈਲ 1984 | ਥਾਣਾ ਕੋਟਫੱਟਾ ਬਠਿੰਡਾ ਵਿਖੇ ਮਾਈਸੋਰ ਖੰਨਾ ਮੰਦਿਰ ਦੇ ਬੂਹੇ ਤੇ ਇਕ ਬੰਬ ਫਟਿਆ ਜਿਸ ਵਿਚ ਇਕ ਔਰਤ ਸਮੇਤ ਤਿੰਨ ਬੰਦੇ ਜ਼ਖਮੀ ਹੋਏ । |
| 8 ਅਪ੍ਰੈਲ 1984 | ਸਰਕਾਰੀ ਹਾਈ ਸਕੂਲ ਮਹਿਤਾ ਨੰਗਲ ਦੇ ਵਿਦਿਆਰਥੀਆਂ ਦੇ ਸਵਾਲਾਂ ਤੇ ਜਵਾਬਾਂ ਦੇ ਪੇਪਰ ਸਾੜੇ ਗਏ। |
| 8 ਅਪ੍ਰੈਲ 1984 | ਸਰਕਾਰੀ ਕਾਲਿਜ ਰੋਪੜ ਦੀ ਬਾਰੀਆਂ ਅਤੇ ਲਾਇਬਰੇਰੀ ਸਾੜੀ ਗਈ। |
| 8 ਅਪ੍ਰੈਲ 1984 | ਬਠਿੰਡੇ ਵਿਚ ਸੰਤੋਸ਼ੀ ਮਾਤਾ ਮੰਦਿਰ ਦੇ ਵਿਹੜੇ ਵਿਚ ਬੰਬ ਫਟਿਆ। ਇਕ ਹੋਮ ਗਾਰਡ ਵਾਲੰਟੀਅਰ ਚੰਦਰਭੂਸ਼ਨ ਦੀ ਮੌਤ, ਭਗਤ ਬਹਾਦੁਰ ਚੌਕੀਦਾਰ ਜ਼ਖਮੀ। |
| 8 ਅਪ੍ਰੈਲ 1984 | ਖਾਲਸਾ ਹਾਈ ਸਕੂਲ ਮੁਕਤਸਰ ਦੇ ਪਰੀਖਿਆ ਭਵਨ ਤੋਂ ਸਵਾਲਾਂ ਦੇ ਪਰਚੇ ਚੋਰੀ ਕਰ ਲਏ ਗਏ। |
| 8 ਅਪ੍ਰੈਲ 1984 | ਪਟਿਆਲਾ ਦੇ ਭਨੇਰਹੇੜੀ ਕੇਂਦਰ ਦੇ ਸੁਪਰਡੈਂਟ ਤੋਂ ਸਵਾਲਾਂ ਦੇ ਪਰਚੇ ਤੇ ਦੂਜੇ ਕਾਗਜ਼ ਖੋਹੇ ਗਏ। |
| 9 ਅਪ੍ਰੈਲ 1984 | ਕਾਦੀਆਂ ਵਿਚ ਬਾਬਾ ਗੁਰਦੇਵ ਦਾਸ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ। |
| 9 ਅਪ੍ਰੈਲ 1984 | ਡੇਰਾ ਆਨੰਦਪੁਰ ਸਾਹਿਬ ਚੂੜਚੱਕ ਜ਼ਿਲਾ ਫਿਰੋਜਪੁਰ ਦੇ ਬਾਬਾ ਸੁਅਰਨ ਸਿੰਘ ਦੀ ਹਤਿਆ। |
| 10 ਅਪ੍ਰੈਲ 1984 | ਤਰਨਤਾਰਨ ਵਿਚ ਰਿਟਾਇਰਡ ਫੌਜੀ ਮੁਲਾਜ਼ਮ ਸ਼੍ਰੀ ਇੰਦਰ ਸਿੰਘ ਦੀ ਹਤਿਆ। |
| 10 ਅਪ੍ਰੈਲ 1984 | ਟਾਂਡਾ ਵਿਚ ਸ਼੍ਰੀ ਦੁਰਗਾ ਦਾਸ ਦੇ ਮਕਾਨ ਵਿਚ ਬੰਬ ਸੁਟਿਆ ਗਿਆ। ਮਕਾਨ ਨੂੰ ਨੁਕਸਾਨ ਹੋਇਆ। |
| 10 ਅਪ੍ਰੈਲ 1984 | ਖਰੜ ਦੇ ਪੰਜਾਬ ਦੇ ਵਪਾਰ ਮੰਡਲ ਅਤੇ ਹਿੰਦੂ ਸੁਰਖਿਆ ਸੰਮਤੀ ਦੇ ਨੇਤਾ ਸ਼੍ਰੀ ਨਰੰਜਨ ਦਾਸ ਦੀ ਕਰਿਯਾਨਾ ਦੁਕਾਨ ਤੇ ਖੰਡ ਡਿਪੂ ਨੂੰ ਅੱਗ ਲਾਈ ਗਈ। |
| 10 ਅਪ੍ਰੈਲ 1984 | ਅੰਮ੍ਰਿਤਸਰ ਜ਼ਿਲੇ ਦੇ ਚਵਿੰਡਾ ਦੇਵੀ ਮੰਦਿਰ ਤੋਂ ਇਕ ਹੱਥਗੋਲਾ ਲਭ੍ਹਾਂ। |

Digitized by Panjab Digital Library / www.panjabdigilib.org

| | |
|---|---|
| 10 ਅਪ੍ਰੈਲ 1984 | ਫਿਰੋਜ਼ਪੁਰ ਵਿਚ ਸ੍ਰੀ ਰਮੇਸ਼ ਕੁਮਾਰ ਦੇ ਘਰ ਦੀ ਛਤ ਤੇ ਬੰਬ ਧਮਾਕਾ। |
| 10 ਅਪ੍ਰੈਲ 1984 | ਫਿਰੋਜ਼ਪੁਰ ਵਿਚ ਸ੍ਰੀ ਸੁਰਜੀਤ ਸਿੰਘ ਨੂੰ ਗੋਲੀ ਮਾਰ ਕੇ ਜਖਮੀ ਕੀਤਾ ਗਿਆ। |
| 10 ਅਪ੍ਰੈਲ 1984 | ਰਾਹੋਂ ਜ਼ਿਲਾ ਜਲੰਧਰ ਨੇੜੇ ਸ੍ਰੀ ਰਗਬੀਰ ਚੰਦ ਅਤੇ ਸ੍ਰੀ ਜੋਗਿੰਦਰ ਪਾਲ ਦੀ ਗੋਲੀ ਮਾਰ ਕੇ ਹਤਿਆ। |
| 10 ਅਪ੍ਰੈਲ 1984 | ਫਰੀਦਕੋਟ ਜ਼ਿਲੇ ਵਿਚ ਪੱਕੀ ਤੇ ਕਬੱਰਵਾਲਾ ਰੇਲਵੇ ਸਟੇਸ਼ਨਾਂ ਦੇ ਵਿਚਕਾਰ ਗੰਗਾਨਗਰ ਜਾਣ ਵਾਲੀ ਗੱਡੀ ਦੇ ਮੁਸਾਫਰ ਲੁਟ ਲਏ ਗਏ। |
| 11 ਅਪ੍ਰੈਲ 1984 | ਅੰਮ੍ਰਿਤਸਰ ਜ਼ਿਲੇ ਦੇ ਪਿੰਡ ਬਲਾਰ ਨੇੜੇ ਸੁਦਰਸ਼ਨ ਕੁਮਾਰ ਦੀ ਗੋਲੀ ਮਾਰ ਕੇ ਹਤਿਆ। |
| 11 ਅਪ੍ਰੈਲ 1984 | ਸਠਿਆਣਾ ਜ਼ਿਲਾ ਅੰਮ੍ਰਿਤਸਰ ਦੇ ਗੁਰੂਤੇਗ ਬਹਾਦੁਰ ਸਰਕਾਰੀ ਕਾਲਜ ਦੇ ਦਫਤਰ ਨੂੰ ਅਗ ਲਾਈ ਗਈ। |
| 11 ਅਪ੍ਰੈਲ 1984 | ਜਲੰਧਰ ਵਿਚ ਬਾਬੂ ਰਾਮ ਅਤੇ ਹੰਸਰਾਜ ਦੇ ਲਕੜੀ ਦੇ ਖੋਖੇ ਸਾੜੇ ਗਏ। |
| 11 ਅਪ੍ਰੈਲ 1984 | ਬਠਿੰਡਾ ਜ਼ਿਲੇ ਵਿਚ ਹਥਿਆਰਬੰਦ ਲੋਕਾਂ ਦੇ ਹਮਲੇ ਨਾਲ ਸ੍ਰੀ ਗੁਰਚਰਨ ਸਿੰਘ ਜਖਮੀ। |
| 11 ਅਪ੍ਰੈਲ 1984 | ਗੁਰਦਾਸਪੁਰ ਜ਼ਿਲੇ ਵਿਚ ਸੀ.ਪੀ.ਐਮ.ਐਲ. ਦੇ ਵਰਕਰ ਸ੍ਰੀ ਸੁਖਰਾਜ ਸਿੰਘ ਨੂੰ ਉਸ ਦੇ ਘਰ ਵਿਚ ਗੋਲੀ ਚਲਾ ਕੇ ਜਖਮੀ ਕੀਤਾ। ਮਗਰੋਂ ਉਹ ਮਰ ਗਿਆ। |
| 11 ਅਪ੍ਰੈਲ 1984 | ਫਰੀਦਕੋਟ ਜ਼ਿਲੇ ਵਿਚ ਭਟਸਰ ਸਟੇਸ਼ਨ ਕੋਲ ਰੇਲਵੇ ਲਾਈਨ ਦਾ ਕੁਝ ਟੋਟਾ ਕਟਿਆ ਹੋਇਆ ਮਿਲਿਆ। |
| 11 ਅਪ੍ਰੈਲ 1984 | ਪਟਿਆਲੇ ਵਿਚ ਸ੍ਰੀ ਅਰੁਨ ਨਾਰੰਗ ਉਤੇ ਗੋਲੀ ਚਲਾ ਕੇ ਉਸ ਨੂੰ ਜਖਮੀ ਕੀਤਾ। ਪਿਛੋਂ ਉਹਨਾਂ ਦੀ ਮੌਤ ਹੋ ਗਈ। |
| 11 ਅਪ੍ਰੈਲ 1984 | ਹੁਸੈਨੀ ਪੁਰਾ ਰੇਲਵੇ ਸਟੇਸ਼ਨ ਦੇ ਬੁਕਿੰਗ ਦਫਤਰ ਨੂੰ ਅੱਗ ਲਾਈ ਗਈ। |
| 12 ਅਪ੍ਰੈਲ 1984 | ਫਿਰੋਜ਼ਪੁਰ ਵਿਚ ਸ੍ਰੀ ਭੋਲਾ ਨੂੰ ਗੋਲੀ ਮਾਰ ਕੇ ਜਖਮੀ ਕੀਤਾ। |
| 12 ਅਪ੍ਰੈਲ 1984 | ਅੰਮ੍ਰਿਤਸਰ ਨੇੜੇ ਕੈਰੋਂ ਤੇ ਜਨਦੇਕੇ ਸਟੇਸ਼ਨਾਂ ਵਿਚਕਾਰ ਚਲਦੀ ਗੱਡੀ ਵਿਚ ਮੁਸਾਫਰਾਂ ਨੂੰ ਲੁਟਿਆ ਗਿਆ । |
| 13 ਅਪ੍ਰੈਲ 1984 | ਬਠਿੰਡਾ ਵਿਚ ਸ੍ਰੀ ਨਿਰਿੰਜਨ ਸਿੰਘ ਨੂੰ ਗੋਲੀ ਮਾਰ ਕੇ ਜਖਮੀ ਕੀਤਾ ਗਿਆ। |
| 14 ਅਪ੍ਰੈਲ 1984 | ਅੰਮ੍ਰਿਤਸਰ ਦੀ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਸਿੰਧੀ ਹੋਟਲ ਵਿਚ ਬੈਠੇ ਸ੍ਰੀ ਸੁਰਿੰਦਰ ਸਿੰਘ ਸੋਢੀ ਦੀ ਗੋਲੀ ਮਾਰ ਕੇ ਹਤਿਆ। ਸ੍ਰੀ ਕੁਲਦੀਪ ਸਿੰਘ ਜ਼ਖਮੀ। |
| 14 ਅਪ੍ਰੈਲ 1984 | ਖੇਮਕਰਨ ਨੇੜੇ ਇਕ ਬਸ ਵਿਚ ਗੋਲੀ ਚਲਾਨ ਨਾਲ 2 ਔਰਤਾਂ ਅਤੇ 3 ਮਰਦ ਜ਼ਖਮੀ। |
| 14 ਅਪ੍ਰੈਲ 1984 | ਜ਼ਿਲਾ ਫਿਰੋਜ਼ਪੁਰ ਵਿਚ ਅਪਣੇ ਸਕੂਟਰ ਤੇ ਰੇਲਵੇ ਸਟੇਸ਼ਨ ਜਾਂਦੇ ਇਕ ਨਿਰੰਕਾਰੀ ਸ੍ਰੀ ਗੁਰਦਿਆਲ ਸਿੰਘ ਦੀ ਗੋਲੀ ਮਾਰ ਕੇ ਹਤਿਆ। |
| 14 ਅਪ੍ਰੈਲ 1984 | 14-15 ਅਪ੍ਰੈਲ 1984 ਦੀ ਰਾਤ ਨੂੰ 38 ਰੇਲਵੇ ਸਟੇਸ਼ਨਾਂ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਗਈ। |

Digitized by Panjab Digital Library | www.panjabdigilib.org

| | |
|---|---|
| 15 ਅਪ੍ਰੈਲ 1984 | 15-16 ਅਪ੍ਰੈਲ ਦੀ ਰਾਤ ਨੂੰ ਚਟੌਲੀ ਰੇਲਵੇ ਸਟੇਸ਼ਨ ਤੇ ਰੇਲਵੇ ਜ਼ਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼। |
| 15 ਅਪ੍ਰੈਲ 1984 | ਪਟਿਆਲਾ ਜ਼ਿਲੇ ਦੇ ਸਮਾਨਾ ਡਾਕ ਘਰ ਦੀਆਂ ਬਾਰੀਆਂ ਦੇ ਸ਼ੀਸ਼ੇ ਤੋੜੇ ਗਏ ਤੇ ਡਾਕ ਘਰ ਨੂੰ ਅੱਗ ਲਾ ਦਿਤੀ ਗਈ। ਰਿਕਾਰਡ ਸੜ ਗਿਆ। |
| 15 ਅਪ੍ਰੈਲ 1984 | ਇਕ ਬੰਦੇ ਦੀ ਲਾਸ਼ ਸਾੜੀ ਗਈ ਜੋ ਬਜਾਰ ਮੋਚੀਆਂ ਅਮ੍ਰਿਤਸਰ ਵਿਚ ਮਿਲੀ। |
| 16 ਅਪ੍ਰੈਲ 1984 | ਸ੍ਰੀ ਮਾਨਕ ਸਿੰਘ ਤੇ ਸ੍ਰੀ ਬਰਜਿੰਦਰ ਸਿੰਘ ਦੀ ਹਰਮੰਦਿਰ ਸਾਹਿਬ ਵਿਚ ਗੋਲੀ ਮਾਰ ਕੇ ਹਤਿਆ। |
| 16 ਅਪ੍ਰੈਲ 1984 | ਅੰਮ੍ਰਿਤਸਰ ਵਿਚ ਮਾਨਾਵਾਲਾ ਕਲਾਂ ਦੇ ਨੇੜੇ ਇਕ ਲਾਸ਼ ਮਿਲੀ। |
| 16 ਅਪ੍ਰੈਲ 1984 | ਪਟਿਆਲਾ ਦੇ ਪਿੰਡ ਕੋਲੀ ਵਿਚ ਡਾਕ ਖਾਨੇ ਨੂੰ ਅੱਗ ਲਾ ਦਿਤੀ। |
| 16 ਅਪ੍ਰੈਲ 1984 | ਘੜਿਆਲ ਰੇਲਵੇ ਸਟੇਸ਼ਨ ਤੇ ਗਸ਼ਤ ਕਰਦੇ ਹੋਏ ਗੰਨਮੈਨ ਸ੍ਰੀ ਕਾਬਲ ਸਿੰਘ ਅਤੇ ਸ੍ਰੀ ਜੋਗਿੰਦਰ ਸਿੰਘ ਤੇ ਗੋਲੀ ਚਲਾਈ ਗਈ। ਸ੍ਰੀ ਜੋਗਿੰਦਰ ਸਿੰਘ ਜ਼ਖਮੀ ਹੋ ਗਏ। |
| 17 ਅਪ੍ਰੈਲ 1984 | ਵਾਲਾ ਪਿੰਡ ਜਿਲਾ ਅੰਮ੍ਰਿਤਸਰ ਦੇ ਨੇੜੇ ਇਕ ਔਰਤ ਦੀ ਲਾਸ਼ ਮਿਲੀ। ਪਛਾਣ ਕਰਨ ਤੇ ਪਤਾ ਲਗਾ ਕਿ ਉਹ ਲਾਸ਼ ਸੁਰਿੰਦਰ ਸਿੰਘ ਸੋਢੀ ਦੀ ਅਖੌਤੀ ਕਾਤਲ ਬਲਜੀਤ ਕੌਰ ਦੀ ਸੀ। |
| 17 ਅਪ੍ਰੈਲ 1984 | ਹਿੰਦੂ ਸੁਰਖਿਆ ਸੰਮਤੀ ਚੰਡੀਗੜ੍ਹ ਦੇ ਪ੍ਰਧਾਨ ਸੀ ਇੰਦਰ ਪਾਲ ਗੁਪਤਾ ਦੀ ਹਤਿਆ। |
| 17 ਅਪ੍ਰੈਲ 1984 | ਫਰੀਦਕੋਟ ਜ਼ਿਲੇ ਵਿਚ ਬੇਰੀਵਾਲੀ ਰੇਲਵੇ ਸਟੇਸ਼ਨ ਦੇ ਨੇੜੇ ਤਿੰਨ ਹੋਮ ਗਾਰਡ ਜਵਾਨਾਂ ਦੀ ਹਤਿਆ। |
| 19 ਅਪ੍ਰੈਲ 1984 | ਕਾਸੂਬੇਗੂ ਅਤੇ ਗੁਨਾੱਨਾ ਰੇਲਵੇ ਸਟੇਸ਼ਨ ਦੇ ਵਿਚਕਾਰ ਰੇਲਵੇ ਪਟੜੀ ਉੜਾ ਦਿੱਤੀ ਗਈ। |
| 19 ਅਪ੍ਰੈਲ 1984 | ਹੁਸ਼ਿਆਰਪੁਰ ਜ਼ਿਲੇ ਵਿਚ ਗਿਰਦੀਵਾਲਾ ਵਿਚ ਨਿਰੰਕਾਰੀ ਮਦਨ ਲਾਲ ਦੀ ਹੱਟੀ ਸਾੜ ਦਿਤੀ ਗਈ। |
| 19 ਅਪ੍ਰੈਲ 1984 | ਡੀ. ਏ. ਵੀ. ਕਾਲਜ ਦੇ ਸ੍ਰੀ ਐਸ.ਐਲ. ਬਾਵਾ ਦੇ ਦਫਤਰ ਨੂੰ ਅੱਗ ਲਾਈ ਗਈ। |
| 19 ਅਪ੍ਰੈਲ 1984 | ਰੋਡੇ, ਬਾਘਾਪੁਰਾਨਾ, ਜ਼ਿਲਾ ਫਰੀਦਕੋਟ ਦੇ ਡਾਕ ਘਰ ਦੇ ਰਿਕਾਰਡ ਅਤੇ ਫਰਨੀਚਰ ਨੂੰ ਅੱਗ ਲਾਈ ਗਈ। |
| 20 ਅਪ੍ਰੈਲ 1984 | ਜੋਗੀਵਾਲਾ ਰੇਲਵੇ ਸਟੇਸ਼ਨ ਨੂੰ ਅੱਗ ਲਾਈ ਗਈ। |
| 20 ਅਪ੍ਰੈਲ 1984 | ਧਰਮਕੋਟ ਦੇ ਸ੍ਰੀ ਰਗਬੀਰ ਸਿੰਘ ਤੇ ਹਮਲਾ ਕਰਕੇ ਜ਼ਖਮੀ ਕੀਤਾ ਗਿਆ ਬਾਦ ਵਿਚ ਉਹਨਾਂ ਦੀ ਮੌਤ ਹੋ ਗਈ। |
| 21 ਅਪ੍ਰੈਲ 1984 | ਬਟਾਲੇ ਵਿਚ ਸ੍ਰੀ ਬਾਲਮੁਕੰਦ, ਜਿਹੜੇ ਇਕ ਆਟਾ ਚੱਕੀ ਦੇ ਇਕ ਕਮਰੇ ਵਿਚ ਸੁੱਤੇ ਪਏ ਸਨ, ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਗਿਆ। |
| 21 ਅਪ੍ਰੈਲ 1984 | ਹੁਸ਼ਿਆਰਪੁਰ ਜ਼ਿਲੇ ਵਿਚ ਭੋਗਪੁਰ ਦੇ ਨੇੜੇ ਹਿੰਦੂ ਮੁਸਾਫਿਰਾਂ ਤੇ ਬਸ ਕੰਡਕਟਰ ਦੀਆ ਘੜੀਆਂ ਅਤੇ ਨਕਦੀ ਖੋਹੀ ਗਈ। |

Digitized by Panjab Digital Library | www.panjabdigilib.org

| | |
|---|---|
| 22 ਅਪ੍ਰੈਲ 1984 | **ਪਿੰਡ** ਨੰਗਲ ਮਾਜਰਾ ਜ਼ਿਲਾ ਕਪੂਰਥਲਾ ਵਿਚ ਸੁਖਦੇਵ ਪਾਲ ਸ਼ਰਮਾਂ ਸਰਪੰਚ ਅਤੇ **ਸਰਦਾਰਾ** ਸਿੰਘ ਨੂੰ ਮਾਰ ਦਿਤਾ ਗਿਆ ਅਤੇ ਹੋਰ ਦੋ ਜ਼ਖਮੀ ਹੋਏ। |
| 22 ਅਪ੍ਰੈਲ 1984 | **ਅੰਮ੍ਰਿਤਸਰ** ਦੀ ਗੁਰੂ ਰਾਮ ਦਾਸ ਸਰਾਂ ਨੇੜੇ ਇਕ ਲਾਸ਼ ਮਿਲੀ। |
| 23 ਅਪ੍ਰੈਲ 1984 | **ਅੰਮ੍ਰਿਤਸਰ** ਦੇ ਲੋਪੋਕੇ ਥਾਨਾ ਹਲਕੇ ਦੇ ਪ੍ਰੀਤ ਲੜੀ ਪਿੰਡ ਵਿਚ ਸਕੇਬੜ੍ਹਮ ਲੀਡਰ **ਪਰਮਜੀਤ** ਸਿੰਘ ਦੀ ਹਤਿਆ। |
| 23 ਅਪ੍ਰੈਲ 1984 | **ਮਜੀਠਾ ਰੋਡ** ਅਮ੍ਰਿਤਸਰ ਵਿਖੇ ਪੰਜਾਬ ਐਂਡ ਸਿੰਧ ਬੈਂਕ ਤੋਂ 44583 ਰੁਪਏ ਲੁਟੇ ਗਏ। |
| 23 ਅਪ੍ਰੈਲ 1984 | **ਅੰਮ੍ਰਿਤਸਰ ਜ਼ਿਲਾ** ਦੇ ਸ਼ਹੀਦ ਪਿੰਡ ਦੇ ਠਾਕਰ ਸਿੰਘ ਦੀ ਹਤਿਆ। |
| 23 ਅਪ੍ਰੈਲ 1984 | **ਅਬੋਹਰ ਜਾਣ ਵਾਲੀ** ਬਸ ਦੇ ਮੁਸਾਫਿਰਾਂ ਦਾ ਸਾਮਾਣ ਖੋਹ ਲਿਆ ਗਿਆ। ਗੋਲੀ ਬਾਰੀ ਵਿਚ **ਤਿੰਨ ਬੰਦੇ ਜਖਮੀ**। |
| 23 ਅਪ੍ਰੈਲ 1984 | ਗੁਰਦਵਾਰਾ **ਚੌਕ, ਮੁਕਤਸਰ**, ਵਿਚ ਸ੍ਰੀ ਭਾਗ ਸਿੰਘ ਦੀ ਦੁਕਾਨ ਨੂੰ ਅੱਗ ਲਗਾ ਦਿਤੀ ਗਈ। ਲਗਭਗ 50,000 ਰੁਪਏ ਦਾ ਨੁਕਸਾਨ ਹੋਇਆ। |
| 23 ਅਪ੍ਰੈਲ 1984 | ਫਿਰੋਜ਼ਪੁਰ ਵਿਚ **ਇਕ ਨਿਹੰਗ** ਟੋਲੇ ਅਤੇ ਸੀ.ਆਰ.ਪੀ. ਐਫ਼ ਯੂਨਿਟ ਵਿਚਕਾਰ ਹੋਈ ਇਕ ਝੜਪ ਵਿਚ 6 **ਆਦਮੀ** ਮਾਰੇ ਗਏ ਅਤੇ ਅੱਠ ਜ਼ਖਮੀ ਹੋਏ। |
| 24 ਅਪ੍ਰੈਲ 1984 | ਫੁਲਕੇ, ਬਟਾਲਾ ਦੇ **ਨਿਵਾਸੀ ਜੋਗਿੰਦਰ** ਸਿੰਘ ਨੂੰ ਗੋਲੀ ਮਾਰ ਕੇ ਜਖਮੀ ਕਰ ਦਿਤਾ ਗਿਆ। |
| 24 ਅਪ੍ਰੈਲ 1984 | ਬਬਨਪੁਰ ਜ਼ਿਲਾ ਸੰਗਰੂਰ ਦੇ ਸੰਤ ਰਾਮ ਸਿੰਘ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ ਗਿਆ। |
| 25 ਅਪ੍ਰੈਲ 1984 | ਜਲੰਧਰ ਵਿਖੇ, ਪੰਜਾਬ ਹੋਮ ਗਾਰਡ, ਜਲੰਧਰ ਦੇ ਡਿਵਿਜ਼ਨਲ ਕਮਾਂਡਰ ਜਿਹੜੇ ਪੁਰਾਣੇ ਬਸ ਸਟੈਂਡ ਕੋਲੋਂ ਜੀਪ ਤੇ ਲੰਘ ਰਹੇ ਸਨ ਉਤੇ ਹਥ ਗੋਲਾ ਸੁਟਿਆ ਗਿਆ। ਕੋਈ ਨੁਕਸਾਨ ਨਹੀਂ ਹੋਇਆ |
| 26 ਅਪ੍ਰੈਲ 1984 | ਭਿਖੀ ਵਿੰਡ ਦੇ ਦਲਾਲ ਸ੍ਰੀ ਜੋਗਿੰਦਰ ਪਾਲ ਨੂੰ ਪਿੰਡ ਕੱਚਾ ਪੱਕਾ ਜ਼ਿਲਾ ਅਮ੍ਰਿਤਸਰ ਨੇੜੇ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ ਗਿਆ। |
| 26 ਅਪ੍ਰੈਲ 1984 | ਅਪਣੀ ਹੱਟੀ ਤੇ ਬੈਠੇ ਬਿਜਲੀ ਮਿਸਤਰੀ ਰਮੇਸ਼ ਕੁਮਾਰ ਨੂੰ ਅੰਮ੍ਰਿਤਸਰ ਵਿਚ ਗੋਲੀ ਮਾਰ ਕੇ ਹਤਿਆ ਕਰ ਦਿਤੀ ਗਈ। |
| 26 ਅਪ੍ਰੈਲ 1984 | ਮੋਗਾ ਵਿਖੇ ਗੁਰਦਵਾਰਾ ਬੀਬੀ ਕਾਹਨ ਕੌਰ ਦੇ ਨੇੜੇ ਸਰਹੱਦੀ ਸੁਰਖਿਆ ਦਲ ਦੇ ਜਵਾਨਾਂ ਅਤੇ ਅੱਤਵਾਦੀਆਂ ਵਿਚਕਾਰ ਗੋਲੀ ਚਲਣ ਨਾਲ ਅਠ ਬੰਦੇ ਮਰੇ। |
| 26 ਅਪ੍ਰੈਲ 1984 | ਪਿੰਡ ਸਾਮਦ ਭਾਈ, ਜ਼ਿਲਾ ਅਮ੍ਰਿਤਸਰ ਵਿਚ ਸ੍ਰੀ ਦੇਵਰਾਜ ਦੀ ਉਸ ਵੇਲੇ ਗੋਲੀ ਮਾਰ ਕੇ ਹਤਿਆ ਕੀਤੀ ਗਈ ਜਦ ਉਹ ਅਪਣੀ ਹੱਟੀ ਤੇ ਬੈਠਾ ਸੀ। |
| 26 ਅਪ੍ਰੈਲ 1984 | ਫਿਰੋਜ਼ਕੁਰ ਤੇ ਕਸੂਬੇਗੂ ਰੇਲਵੇ ਸਟੇਸ਼ਨ ਵਿਚਕਾਰ ਰੇਲ ਦੀ ਪਟੜੀ ਦਾ ਕੁਝ ਹਿਸਾ ਉੜਾ ਦਿਤਾ ਗਿਆ। |
| 26 ਅਪ੍ਰੈਲ 1984 | ਰੇਲਵੇ ਸ਼ਟੇਸ਼ੇਨ ਤਲੀ ਸੈਦਾ ਸਾਹੂ ਦੇ ਨੇੜੇ ਬੰਬ ਧਮਾਕੇ ਨਾਲ ਇਕ ਪੁਲ ਨੂੰ ਨੁਕਸਾਨ। |

Digitized by Panjab Digital Library | www.panjabdigilib.org

| | |
|---|---|
| 26 ਅਪ੍ਰੈਲ 1984 | ਖਾਈ ਫਾਮਕੇ ਅਤੇ ਝੁੰਕ ਟਹਿਲ ਸਿੰਘ ਸਟੇਸ਼ਨਾਂ ਦੇ ਵਿਚਕਾਰ ਰੇਲ ਦੀ ਪਟੜੀ ਦੇ ਹਿਸੇ ਨੂੰ ਨੁਕਸਾਨ। |
| 28 ਅਪ੍ਰੈਲ 1984 | ਮੋਗਾ ਵਿਚ ਸ੍ਰੀ ਰਾਮ ਲੁਭਾਏ ਦੀ ਹੱਟੀ ਨੂੰ ਅੱਗ ਲਾਈ ਗਈ। |
| 28 ਅਪ੍ਰੈਲ 1984 | ਤਰਨਤਾਰਨ ਰੇਲਵੇ ਕਰਾਸਿੰਗ ਦੇ ਨੇੜੇ ਪੰਜਾਬ ਬਿਜਲੀ ਬੋਰਡ ਦੇ ਇਕ ਕਰਮਚਾਰੀ ਤੋਂ 53533 ਰੁਪਏ ਅਤੇ ਗਡੀ ਖੋਹ ਲਈ ਗਈ। |
| 28 ਅਪ੍ਰੈਲ 1984 | ਪੰਜਾਬ ਬਿਜਲੀ ਬੋਰਡ ਦੇ ਪੰਜ ਕਰਮਚਾਰੀਆਂ ਤੇ ਗੋਲੀਆਂ ਚਲਾਈਆਂ ਗਈਆਂ ਜੋ ਇਕ ਟੈਂਪੂ ਵਿਚ ਸਟਾਫ ਦੀ ਤਨਖਾਹ ਲੈ ਕੇ ਜਾ ਰਹੇ ਸਨ। ਤਿੰਨ ਬੰਦੇ ਜਖਮੀ। |
| 28 ਅਪ੍ਰੈਲ 1984 | ਬਠਿੰਡੇ ਦੇ ਮੁਲਤਾਨੀਆਂ ਰੇਲਵੇ ਕਰਾਸਿੰਗ ਦੇ ਨੇੜੇ ਸੀ. ਆਰ ਪੀ. ਦੀ ਇਕ ਟੁਕੜੀ ਉਤੇ ਬੰਬ ਸੁਟਿਆ ਗਿਆ।ਤਿੰਨ ਜਵਾਨ ਜ਼ਖਮੀ। ਦੋ ਹੋਰ ਜ਼ਵਾਨਾਂ ਨੂੰ ਵੀ ਸਟਾਂ ਲਗੀਆਂ |
| 28 ਅਪ੍ਰੈਲ 1984 | ਜ਼ਿਲਾ ਫਰੀਦਕੋਟ ਪਿੰਡ ਡਾਲਾ ਵਿਚ ਸ੍ਰੀ ਸ਼ਤੀਸ਼ ਕੁਮਾਰ ਦੀ ਗੋਲੀ ਮਾਰ ਕੇ ਹਤਿਆ। |
| 30 ਅਪ੍ਰੈਲ 1984 | ਸਾਬਕ ਡੀ.ਐਸ.ਪੀ. ਗਿਆਨੀ ਬਚਨ ਸਿੰਘ ਅਤੇ ਹੈਡ ਕਾਂਸਟੇਬਲ ਮਿਲਖਾ ਸਿੰਘ ਦੀ ਅੰਮ੍ਰਿਤਸਰ ਵਿਚ ਗੋਲੀ ਮਾਰ ਕੇ ਹਤਿਆ। ਗਿਆਨੀ ਜੀ ਦੀ ਪਤਨੀ ਅਮਰਜੀਤ ਕੌਰ ਅਤੇ ਲੜਕੀ ਹਰਜੀਤ ਕੌਰ, ਜੋ ਸਖਤ ਜ਼ਖਮੀ ਹੋਈਆਂ ਸਨ, ਬਾਦ ਵਿਚ ਮਰ ਗਈਆਂ |
| 30 ਅਪ੍ਰੈਲ 1984 | ਸ੍ਰੀ ਹਰਭਜਨ ਸਿੰਘ ਅਤੇ ਦਰਸ਼ਨ ਲਾਲ ਨੂੰ ਤਲਵੰਡੀ ਭਾਈ ਵਿਚ ਨੈਸ਼ਨਲ ਰਾਈਸ ਮਿਲ ਵਿਚ ਟੀ.ਵੀ. ਵੇਖਦੇ ਹੋਏ ਮਾਰ ਦਿਤਾ ਗਿਆ ਪੰਜ ਬੰਦੇ ਜ਼ਖਮੀ ਹੋਏ। |
| 1 ਮਈ 1984 | ਪਾਲੀਟੈਕਨਿਕ ਇੰਸਟੀਟਯੂਟ ਹੁਸ਼ਿਆਰਪੁਰ ਵਿਚ ਕੁਝ ਫਰਨੀਚਰ ਤੇ ਰਿਕਾਡ ਨੂੰ ਅੱਗ ਲਾਈ ਗਈ। |
| 1 ਮਈ 1984 | ਹਯਾਤਪੁਰ ਗੁਰਦਾਸਪੁਰ ਵਿਖੇ ਸਰਕਾਰੀ ਸੈਕੰਡਰੀ ਸਕੂਲ ਦੀ ਡਿਸਪੈਂਸਰੀ ਅਤੇ ਰਿਕਾਡ ਰੂਮ ਨੂੰ ਅੱਗ ਲਾਈ ਗਈ। |
| 1 ਮਈ 1984 | ਥੀਨਬਨ੍ਹ ਤੇ ਬਣ ਰਹੇ ਗੁਰਦਵਾਰੇ ਵਿਚ ਨਿਸ਼ਾਨ ਸਾਹਿਬ ਦੇ ਚੋਲੇ ਦਾ ਕੁਝ ਹਿੱਸਾ ਸਾੜਿਆ। |
| 1 ਮਈ 1984 | ਲੁਧਿਆਣੇ ਵਿਚ ਸ੍ਰੀ ਗੁਰਚਰਨ ਸਿੰਘ ਨੂੰ ਹਮਲਾ ਕਰਕੇ ਫੱਟੜ ਕੀਤਾ ਗਿਆ। |
| 2 ਮਈ 1984 | ਸ੍ਰੀ ਰੌਣਕ ਸਿੰਘ ਦੀ ਪਟਿਆਲੇ ਵਿਚ ਆਰਾ ਮਸ਼ੀਨ ਨੂੰ ਅੱਗ ਲਾਈ ਗਈ। |
| 2 ਮਈ 1984 | ਇਕ ਵੱਡੇ ਨਿਰੰਕਾਰੀ ਪਿਸ਼ੌਰਾ ਸਿੰਘ ਤੇ ਮੋਟਰ ਸਾਇਕਲ ਤੇ ਮੋਰਿੰਡਾ ਰੋਪੜ ਜਾਂਦੇ ਹੋਏ ਗੋਲੀ ਚਲਾਈ ਗਈ ਜਿਸ ਨਾਲ ਉਹ ਜ਼ਖਮੀ ਹੋਇਆ / |
| 2 ਮਈ 1984 | ਕਾਂਗਰਸ (ਆਈ) ਦੇ ਸਾਬਕ ਵਿਧਾਇਕ ਸ੍ਰੀ ਲਖਾ ਸਿੰਘ ਨੂੰ ਖਡੂਰ ਸਾਹਿਬ ਜ਼ਿਲਾ ਅੰਮ੍ਰਿਤਸਰ,ਵਿਚ ਉਸਦੇ ਖੇਤ ਵਿਚ ਗੋਲੀ ਮਾਰੀ ਗਈ। ਉਹ ਸਖਤ ਜ਼ਖਮੀ ਹੋਇਆ। ਉਸਦਾ ਗਨਮੈਨ ਚੰਚਲ ਸਿੰਘ ਮਾਰਿਆ ਗਿਆ। ਸਿਪਾਹੀ ਸੁਰਜੀਤ ਸਿੰਘ ਸਖਤ ਜ਼ਖਮੀ ਹੋਇਆ ਤੇ ਬਾਦ ਵਿਚ ਮਰ ਗਿਆ। ਗਨਮੈਨ ਦੀ ਜੁਵਾਬੀ ਗੋਲੀ ਨਾਲ ਦੋ ਅਤਵਾਦੀ ਵੀ ਮਾਰੇ ਗਏ। |

Digitized by Panjab Digital Library | www.panjabdigilib.org

| | |
|---|---|
| 2 ਮਈ 1984 | ਤਰਨਤਾਰਨ ਗਵਰਨਮੈਂਟ ਕਾਲੇਜ ਦੇ ਖਜਾਨਚੀ ਤੋਂ ਪਿਸਤੌਲ ਵਿਖਾ ਕੇ 42000 ਰੁਪਏ ਲੁਟ ਲਏ ਗਏ। |
| 4 ਮਈ 1984 | ਨਿਰੰਕਾਰੀ ਸ੍ਰੀ ਜਸਵੰਤ ਸਿੰਘ ਉਤੇ ਤਰਨਤਾਰਨ ਵਿਚ ਗੋਲੀ ਚਲਾਈ ਗਈ ਤੇ ਉਹ ਜ਼ਖਮੀ ਹੋ ਗਿਆ। |
| 5 ਮਈ 1984 | ਦਿਗੰਬਰ ਜੈਨ ਮੰਦਿਰ ਬਜ਼ਾਰ ਸੋਟੀਵਾਲਾ ਉਤੇ ਬੰਬ ਸੁਟਿਆ,ਘੰਟਾਘਰ ਦੀਆਂ ਮੂਰਤੀਆ ਦੇ 6 ਚਾਂਦੀ ਦੇ ਛਤਰ ਚੁਰਾ ਲੈਗਏ। ਪੁਜਾਰੀ ਦੀ ਹਥਘੜੀ ਵੀ ਚੋਰਲੈ ਗਏ। |
| 6 ਮਈ 1984 | ਅੰਮ੍ਰਿਤਸਰ ਵਿਚ ਸ੍ਰੀ ਕੁਦੰਨ ਲਾਲ ਦੇ ਮਕਾਨ ਉਤੇ ਬੰਬ ਸੁਟਿਆ ਗਿਆ। |
| 7 ਮਈ 1984 | ਚੋਗਾਟੇਵਾਲਾ ਜ਼ਿਲਾ ਫਿਰੋਜ਼ਪੁਰ ਦੇ ਸ੍ਰੀ ਨਗੀਨ ਚੰਦ ਨੂੰ ਗੋਲੀ ਮਾਰ ਕੇ ਮਾਰ ਦਿਤਾ ਗਿਆ। |
| 7 ਮਈ 1984 | ਚੌਕ ਘੰਟਾਘਰ ਅੰਮ੍ਰਿਤਸਰ ਦੇ ਮਹੰਤ ਜੋਗਿੰਦਰ ਸਿੰਘ ਦੇ ਚੇਲੇ ਨਾਰਾਇਨ ਦਾਸ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ ਗਿਆ। |
| 7 ਮਈ 1984 | ਭੱਠਾਮਾਲਕ ਹਰੀ ਚੰਦ ਉਤੇ ਅਪਣੇ ਪਿੰਡ ਤਰਿਸਕਾ, ਅੰਮ੍ਰਿਤਸਰ ਵਿਚ ਵਾਪਸ ਜਾਂਣ ਵੇਲੇ ਹਮਲਾ ਕੀਤਾ ਗਿਆ ਤੇ ਉਸ ਨੂੰ ਜ਼ਖਮੀ ਕੀਤਾ ਗਿਆ। |
| 7 ਮਈ 1984 | ਸ੍ਰੀ ਹੰਸਰਾਜ,ਕੋਠੀ ਵਸਾ ਸਿੰਘ ਵਲਟੋਹਾ ਜ਼ਿਲਾ ਅੰਮ੍ਰਿਤਸਰ ਦੀ ਗੋਲੀ ਮਾਰ ਕੇ ਹਤਿਆ ਕਰ ਦਿਤੀ ਗਈ। |
| 8 ਮਈ 1984 | ਰੋਪੜ ਵਿਚ ਮੋਹਾਲੀ ਦੇ ਡਾਕ ਘਰ ਨੂੰ ਅੱਗ ਲਾਈ ਗਈ। |
| 8 ਮਈ 1984 | ਪਿੰਡ ਸੋਹਨਾ ਜ਼ਿਲਾ ਰੋਪੜ ਦੇ ਇਕ ਡਾਕਖਾਨੇ ਨੂੰ ਅੱਗ ਲਾਈ ਗਈ। |
| 8 ਮਈ 1984 | ਜਲੰਧਰ ਵਿਚ ਇਕ ਹੱਟੀ ਵਿਚ ਹਥ ਗੋਲਾ ਸੁਟਿਆ ਗਿਆ ਜੋ ਫਟਿਆ ਨਹੀਂ। |
| 8 ਮਈ 1984 | ਸ੍ਰੀ ਪਰਗਟ ਸਿੰਘ ਨੂੰ, ਜਦ ਉਹ ਆਪਣੇ ਘਰ ਬੰਗਲਾ ਰਾਏ ਵਿਚ ਸੁਤੇ ਹੋਏ ਸਨ, ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ। |
| 10 ਮਈ 1984 | ਅਕਾਲ ਤਖਤ ਅੰਮ੍ਰਿਤਸਰ ਦੇ ਸਾਬਕ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਨੂੰ ਗੋਲੀ ਮਾਰ ਕੇ ਉਹਨਾਂ ਦੇ ਘਰ ਟਾਹਲੀ ਚੌਕ ਵਿਚ ਮਾਰ ਦਿਤਾ ਗਿਆ। |
| 10 ਮਈ 1984 | ਮੈਡੀਕਲ ਕਾਲਿਜ ਅੰਮ੍ਰਿਤਸਰ ਨੇੜੇ ਸ੍ਰੀ ਸੋਹਨ ਲਾਲ ਦੀ ਹੱਟੀ ਨੂੰ ਅੱਗ ਲਾ ਦਿੱਤੀ ਗਈ |
| 10 ਮਈ 1984 | ਫਰੀਦਕੋਟ ਵਿਚ ਡਾ: ਸਤਪਾਲ ਗਰਗ ਨੂੰ ਗੋਲੀ ਮਾਰਕੇ ਜ਼ਖਮੀ ਕੀਤਾ ਗਿਆ। |
| 11 ਮਈ 1984 | ਡੀ.ਏ.ਵੀ. ਕਾਲਜ ਜਲੰਧਰ ਦੇ ਇਕ ਚਪੜਾਸੀ ਨੂੰ ਗੋਲੀ ਮਾਰਕੇ ਜ਼ਖਮੀ ਕੀਤਾ ਗਿਆ। ਦੋਸ਼ੀਆਂ ਨੇ ਕਾਲਜ ਦੇ ਰਿਕਾਡ ਨੂੰ ਵੀ ਅਗ ਲਾਈ ਤੇ ਬਾਰੀਆਂ ਦੇ ਸ਼ੀਸ਼ੇ ਤੋੜੇ। |
| 11 ਮਈ 1984 | ਮਾਨਸਾ ਵਿਚ, ਇੰਕਮਟੈਕਸ ਦਫਤਰ ਦੀ ਛੱਤ ਤੇ ਬੰਬ ਸੁਟਿਆ ਗਿਆ। |
| 11 ਮਈ 1984 | ਅੰਮ੍ਰਿਤਸਰ ਵਿਚ ਸ੍ਰੀ ਗਿਆਨ ਸਿੰਘ ਦੀ ਹੱਟੀ ਨੂੰ ਅਗ ਲਾ ਦਿੱਤੀ ਗਈ ਇਕ ਆਦਮੀ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ। |

Digitized by Panjab Digital Library | www.panjabdigilib.org

| | |
|---|---|
| 12 ਮਈ 1984 | ਸੀ.ਆਰ.ਪੀ.ਐਫ. ਨੇ ਹਰਮੰਦਿਰ ਸਾਹਿਬ ਅਹਾਤੇ ਤੋਂ ਆਉਂਦੇ ਇਕ ਕਾਰ ਸੇਵਾ ਟ੍ਰਕ ਨੂੰ ਰੋਕ ਕੇ ਚੈਕ ਕੀਤਾ। ਟ੍ਰਕ ਵਿਚ ਬੈਠੇ ਬੰਦਿਆਂ ਨੇ ਸੀ.ਆਰ.ਪੀ. ਤੇ ਗੋਲੀ ਚਲਾਈ ਤੇ ਨੱਸ ਜਾਣ ਦੀ ਕੋਸ਼ਿਸ਼ ਕੀਤੀ। ਅਖੀਰ ਟ੍ਰਕ ਖੜਾ ਕਰ ਲਿਆ ਗਿਆ। ਵਿਚ ਬੈਠੇ ਬੰਦੇ ਖਿਸਕ ਕੇ ਹਰਮੰਦਿਰ ਸਾਹਿਬ ਅੰਦਰ ਵੜ ਗਏ। ਟ੍ਰਕ ਚੋਂ ਵਡੀ ਮਾਤਰਾ ਵਿਚ ਹਥਿਆਰ ਤੇ ਗੋਲੀ ਸਿੱਕਾ ਮਿਲਿਆ। |
| 12 ਮਈ 1984 | ਹਿੰਦ ਸਮਾਚਾਰ ਜਲੰਧਰ ਦੇ ਸੰਪਾਦਕ ਰਮੇਸ਼ ਚੰਦਰ ਦੀ ਗੋਲੀ ਮਾਰ ਕੇ ਹਤਿਆ ਕਰ ਦਿਤੀ ਗਈ। ਉਸ ਦੇ ਦੋ ਗਨਮੈਨ ਜ਼ਖਮੀ ਹੋਏ। |
| 13 ਮਈ 1984 | ਪਖੋਵਾਲ ਜ਼ਿਲਾ ਲੁਧਿਆਣਾ ਵਿਚ ਇਕ ਸੀ.ਆਰ.ਪੀ.ਐਫ. ਪਾਰਟੀ ਤੇ ਗੋਲੀ ਚਲਾਈ ਗਈ। ਇਕ ਸਿਪਾਈ ਥਾਏਂ ਮਰ ਗਿਆ ਤੇ ਦੂਜਾ ਜ਼ਖਮੀ ਹੋ ਗਿਆ। |
| 13 ਮਈ 1984 | ਅਦਾਲਤ ਬਜ਼ਾਰ ਪਟਿਆਲਾ ਦੇ ਕਪੜੇ ਦੇ ਵਪਾਰੀ ਸ੍ਰੀ ਪਵਨ ਕੁਮਾਰ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ। |
| 13 ਮਈ 1984 | ਰੇਲਵੇ ਸਟੇਸ਼ਨ ਜ਼ਿਲਾ ਅੰਮ੍ਰਿਤਸਰ ਵਿਚ ਹੋਮਗਾਰਡ ਵਾਲੰਟੀਅਰ ਸ੍ਰੀ ਗੁਰਮੀਤ ਸਿੰਘ ਦੀ ਗੋਲੀ ਮਾਰ ਕੇ ਹਤਿਆ ਕੀਤੀ ਗਈ। ਰੇਲਵੇ ਸੁਰਖਿਆ ਦਲ ਦੇ ਸਿਪਾਈ ਸ਼ਿਵ ਦਤ ਸ਼ਰਮਾ ਅਤੇ ਇਕ ਹੋਰ ਆਦਮੀ ਸ੍ਰੀ ਦੇਵ ਰਾਜ ਜ਼ਖਮੀ ਹੋ ਗਏ। |
| 14 ਮਈ 1984 | ਪਿੰਡ ਘੁਮੜ ਜ਼ਿਲਾ ਗੁਰਦਾਸਪੁਰ ਵਿਖੇ ਸੀ.ਆਰ.ਪੀ.ਐਫ਼. ਦੇ ਕੈਂਪ ਤੇ ਚਾਰ ਹੱਥ ਗੋਲੇ ਸੁੱਟੇ ਗਏ। ਸ਼ਰਾਰਤੀਆਂ ਨੇ ਸਟੇਨਗਨ ਨਾਲ ਗੋਲੀਆਂ ਵੀ ਚਲਾਈਆਂ ਜਿਸ ਨਾਲ ਸੀ.ਆਰ.ਪੀ.ਐਫ. ਦੇ 6 ਬੰਦੇ ਜ਼ਖਮੀ ਹੋਏ। |
| 14 ਮਈ 1984 | ਸਮਾਧ ਬਾਬਾ ਗੁਲਾਬ ਦਾਸ, ਛੱਤੀ ਵਿੰਡ ਨਹਿਰ, ਅੰਮ੍ਰਿਤਸਰ ਦੇ ਮਹੰਤ ਗੋਪਾਲ ਦਾਸ ਨੂੰ ਗੋਲੀ ਮਾਰ ਕੇ ਮਾਰ ਦਿਤਾ ਇਕ ਹੋਰ ਬੰਦਾ ਸਖਤ ਜ਼ਖਮੀ ਹੋਇਆ ਜੋ ਬਾਦ ਵਿਚ ਹਸਪਤਾਲ ਜਾ ਕੇ ਮਰ ਗਿਆ। |
| 14 ਮਈ 1984 | ਹਵੇਲੀ ਸੋਹਣ ਸਿੰਘ ਹਲਕਾ ਸੁਲਤਾਨ ਵਿੰਡ ਦੇ ਨੇੜੇ ਇਕ ਲਾਸ਼ ਮਿਲੀ ਜਿਸ ਤੇ ਗੋਲੀਆਂ ਦੇ ਨਿਸ਼ਾਨ ਸਨ। |
| 14 ਮਈ 1984 | ਬਰੇਤਾ ਜ਼ਿਲਾ ਬਠਿੰਡਾ ਵਿਚ ਸ੍ਰੀ ਰਾਜਿੰਦਰ ਕੁਮਾਰ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ। |
| 14 ਮਈ 1984 | ਜੈਤੋ, ਜ਼ਿਲਾ ਫਰੀਦਕੋਟ ਦੇ ਬਾਜ਼ਾਰ ਵਿਚ ਕੁਝ ਆਦਮੀਆਂ ਨੇ ਗੋਲੀ ਚਲਾਈ ਜਿਸ ਨਾਲ ਇਕ ਬੰਦਾ ਮਰਿਆ ਤੇ ਛੇ ਜ਼ਖਮੀ ਹੋਏ। |
| 14 ਮਈ 1984 | ਰਾਇਆ ਰੇਲਵੇ ਸਟੇਸ਼ਨ, ਜ਼ਿਲਾ ਅੰਮ੍ਰਿਤਸਰ ਤੇ ਰੇਲਵੇ ਰਖਿਆ ਦਲ ਦੇ ਦੋ ਜਵਾਨਾਂ ਤੇ ਗੋਲੀ ਚਲਾਈ ਗਈ। |
| 14 ਮਈ 1984 | ਤੂਤ ਸਾਹਿਬ ਅੰਮ੍ਰਿਤਸਰ ਦੇ ਗਰੰਥੀ ਸ੍ਰੀ ਨਿਰੰਜਨ ਸਿੰਘ ਨੂੰ ਕਤਲ ਕੀਤਾ ਗਿਆ। |
| 15 ਮਈ 1984 | ਏ.ਐਸ.ਆਈ. ਹਰਬੰਸ ਸਿੰਘ ਕੋਲੋਂ ਇਕ ਰਿਵਾਲਵਰ ਤੇ ਛੇ ਕਾਰਤੂਸ, ਦੋ ਸਿਪਾਈਆਂ ਕੋਲੋਂ 2 ਰਾਇਫਲਾਂ ਅਤੇ ਕਾਰਤੂਸ ਖੋ ਲਏ ਗਏ। ਅਪਰਾਧੀ ਤਰਨਤਾਰਨ ਗੁਰਦਵਾਰੇ ਵਿਚ ਵੜ ਗਏ। |

Digitized by Panjab Digital Library \| www.panjabdigilib.org

| | |
|---|---|
| 15 ਮਈ 1984 | ਨਿਊ ਬੈਂਕ ਆਫ ਇੰਡਿਆ ਪਿੰਡ ਲਾਦੋਵਾਲੀ ਉੱਤਰ, ਜ਼ਿਲਾ ਫਿਰੋਜ਼ਪੁਰ ਵਿਚੋਂ 4700 ਰੁਪਏ ਲੁਟੇ ਗਏ ਅਤੇ ਖਜਾਂਚੀ ਦੀ ਗੁਟ ਘੜੀ ਖੋਹ ਲਈ ਗਈ। |
| 15 ਮਈ 1984 | ਗੁਰਦਾਸਪੁਰ ਵਿਚ ਸ੍ਰੀ ਰਮੇਸ਼ ਕੁਮਾਰ ਅਤੇ ਸ੍ਰੀ ਤਿਰਲੋਚਨ ਸਿੰਘ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ ਅਤੇ ਬਾਅਦ ਵਿਚ ਰਮੇਸ਼ ਕੁਮਾਰ ਮਰ ਗਿਆ। |
| 16 ਮਈ 1984 | ਬਟਾਲਾ, ਜ਼ਿਲਾ ਗੁਰਦਾਸਪੁਰ, ਦੇ ਰੋਜ਼ਗਾਰ ਦਫਤਰ ਨੂੰ ਅਗ ਲਾਈ ਗਈ। |
| 16 ਮਈ 1984 | ਹਵਾਲਦਾਰ ਰਾਜ ਸਿੰਘ ਨੂੰ, ਜੋ ਆਪਣੇ ਸਕੂਟਰ ਤੇ ਅਜਨਾਲਾ ਜ਼ਿਲਾ ਅੰਮ੍ਰਿਤਸਰ ਜਾ ਰਿਹਾ ਸੀ, ਰਾਹ ਵਿਚ ਰੋਕਿਆ ਗਿਆ। ਉਸਦਾ ਸਕੂਟਰ ਤੇ ਘੜੀ ਖੋਹ ਲਹੀ ਗਈ ਅਤੇ ਉਸਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ ਗਿਆ। |
| 16 ਮਈ 1984 | ਅੰਮ੍ਰਿਤਸਰ ਵਿਚ ਗੰਗਾ ਰਾਮ ਦੇ ਖੋਖੇ ਨੂੰ ਅੱਗ ਲਾਈ ਗਈ। |
| 16 ਮਈ 1984 | ਅੱਡਾ ਝੁਰਾੜ ਖੇੜਾ ਫਿਰੋਜ਼ਪੁਰ ਦੇ ਨੇੜੇ ਇਕ ਬਸ ਨੂੰ ਅੱਗ ਲਾਈ ਗਈ। |
| 16-17 ਮਈ 1984 | ਪਿੰਡ ਮਜੋਲੀ, ਜ਼ਿਲਾ ਗੁਰਦਾਸਪੁਰ ਵਿਚ ਸੂਰਤ ਸਿੰਘ ਦੀ ਹਤਿਆ। |
| 17 ਮਈ 1984 | ਕਾਦੀਆਂ ਦੇ ਡੀ.ਏ.ਵੀ. ਹਾਇਰ ਸਕੈਂਡਰੀ ਸਕੂਲ ਦੇ ਦਰਵਾਜ਼ਿਆਂ ਅਤੇ ਫਰਨੀਚਰ ਨੂੰ ਅੱਗ ਲਾਈ ਗਈ। |
| 17 ਮਈ 1984 | 10 ਹਿੰਦੂ ਬਸ ਮੁਸਾਫਿਰਾਂ ਨੂੰ ਪਿੰਡ ਚੋਲਾਂਗ ਜ਼ਿਲਾ ਜਲੰਧਰ ਦੇ ਨੇੜੇ ਹਥਿਆਰ ਵਿਖਾ ਕੇ ਲੁਟਿਆ ਗਿਆ । |
| 17 ਮਈ 1984 | ਭੰਡੇਰ ਕਲਾਂ ਜ਼ਿਲਾ ਅੰਮ੍ਰਿਤਸਰ ਦੇ ਇਕ ਭੱਠੇ ਦੇ ਮਾਲਿਕ ਤੋਂ 1100 ਰੁਪਏ ਖੋਹ ਲਏ ਗਏ। ਪਿਸਤੌਲ ਵਿਖਾ ਕੇ ਇਕ ਟ੍ਰਕ ਵੀ ਖੋਹ ਲਿਆ ਗਿਆ। |
| 18 ਮਈ 1984 | ਪਿੰਡ ਵਲਟੋਹਾ, ਜ਼ਿਲਾ ਅਮ੍ਰਿਤਸਰ ਦੇ ਗ੍ਰੰਥੀ ਸ੍ਰੀ ਜਰਨੈਲ ਸਿੰਘ ਦੀ ਹਤਿਆ। |
| 18 ਮਈ 1984 | ਥੱਥੀ ਪੁਲ ਅੰਮ੍ਰਿਤਸਰ ਦੇ ਨੇੜੇ ਪਿਸਤੌਲ ਵਿਖਾ ਕੇ ਸ੍ਰੀ ਵਿਜੇ ਕੁਮਾਰ ਕੋਲੋਂ ਇਕ ਬਰੀਫ ਕੇਸ ਜਿਸ ਵਿਚ 28,936 ਰੁਪਏ ਸਨ ਖੋਹਿਆ ਗਿਆ। |
| 18 ਮਈ 1984 | ਮਾਤਾ ਵੈਸ਼ਨੋ ਮੰਦਿਰ ਦੇ ਪੁਜਾਰੀ ਸ੍ਰੀ ਟੀਕਮ ਦਾਸ ਨੂੰ ਕਿਰਪਾਨ ਨਾਲ ਜ਼ਖਮੀ ਕੀਤਾ ਗਿਆ। |
| 18 ਮਈ 1984 | ਪਿੰਡ ਰਾਮ ਸਿੰਘ ਵਾਲਾ, ਜ਼ਿਲਾ ਅੰਮ੍ਰਿਤਸਰ ਵਿਚ ਸ੍ਰੀ ਰੱਖਾ ਰਾਮ ਦੇ ਘਰ ਤੇ ਗੋਲੀ ਚਲਾਈ ਜਿਸ ਨਾਲ ਉਸਦੀ ਮਾਂ, ਪਤਨੀ ਤਰਿਪਤਾ ਰਾਣੀ ਅਤੇ ਇਕ ਹੋਰ ਵਿਅਕਤੀ ਜਗਰਾਤ ਸਿੰਘ ਮਜ਼ਹਬੀ ਜ਼ਖਮੀ ਹੋਏ। ਦੋਸ਼ੀਆਂ ਨੇ ਘਰ ਨੂੰ ਅੱਗ ਲਾ ਦਿੱਤੀ। |
| 18 ਮਈ 1984 | ਅੰਮ੍ਰਿਤਸਰ ਦੇ ਇਕ ਪਟਰੋਲ ਪੰਪ ਦੇ ਸੇਲਜ਼ਮੈਨ ਕੋਲੋਂ 5,100 /- ਰੁਪਐ ਖੋਹ ਲਏ ਗਏ। |
| 18 ਮਈ 1984 | ਪਿੰਡ ਬੇਰੀ, ਜ਼ਿਲਾ ਗੁਰਦਾਸਪੁਰ ਨੇੜੇ ਇਕ ਨਿਰੰਕਾਰੀ ਕਿਰਪਾਲ ਸਿੰਘ ਦੀ ਹਤਿਆ। |
| 19 ਮਈ 1984 | ਅੰਮ੍ਰਿਤਸਰ ਵਿਚ ਪਿੰਡ ਸੁਧਾਰ ਦੇ ਇਕ ਸਹਿਕਾਰੀ ਬੈਂਕ ਵਿਚੋਂ 21,665/- ਰੁਪਏ, ਪਿਸਤੌਲ ਵਿਖਾ ਕੇ ਲੁਟੇ ਗਏ। |
| 19 ਮਈ 1984 | ਅੰਮ੍ਰਿਤਸਰ ਵਿਚ ਸ੍ਰੀ ਪਰਵੀਨ ਕੁਮਾਰ ਦੀ ਹੱਟੀ ਨੂੰ ਅੱਗ ਲਾਈ ਗਈ। |

Digitized by Panjab Digital Library | www.panjabdigilib.org

| | |
|---|---|
| 19 ਮਈ 1984 | ਪਿੰਡ ਸਭਰਾਵੀਂ ਜ਼ਿਲਾ ਅੰਮ੍ਰਿਤਸਰ ਨੇੜੇ ਇਕ ਪੁਲਿਸ ਪਾਰਟੀ ਉਤੇ ਦੋ ਆਦਮੀਆਂ ਨੇ ਗੋਲੀ ਚਲਾਈ। ਪੁਲਿਸ ਪਾਰਟੀ ਨੇ ਜਵਾਬ ਵਿਚ ਗੋਲੀ ਚਲਾਈ ਅਤੇ ਸ੍ਰੀ ਇੰਦਰ ਸਿੰਘ ਨੂੰ, ਜੋ ਇਕ ਬਰਖਾਸਤ ਪੁਲਿਸ ਸਿਪਾਈ ਸੀ, ਫੜ ਲਿਆ ਤੇ ਉਸ ਤੋਂ ਇਕ ਪਸਤੌਲ ਬਰਾਮਦ ਕੀਤਾ। |
| 20 ਮਈ 1984 | ਨਹਿਰ ਵਿਭਾਗ ਦੇ ਇਕ ਚੌਕੀਦਾਰ ਸ੍ਰੀ ਬਲਵੰਤ ਰਾਮ ਨੂੰ ਜੋ ਰੌਨੀ ਪੁਲ ਪਟਿਆਲੇ ਤੇ ਨੌਕਰ ਸੀ ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ। |
| 20 ਮਈ 1984 | ਜਗਰਾਵੇ ਜ਼ਿਲਾ ਲੁਧਿਆਣਾ ਦੇ ਨੇੜੇ ਦ ਭੱਠਾ ਮਾਲਿਕਾਂ ਸ੍ਰੀ ਪਰਮ ਪਾਲ ਅਤੇ ਮੰਗਤ ਰਾਮ ਨੂੰ ਰੋਕਿਆ ਗਿਆ ਅਤੇ ਉਹਨਾ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ। |
| 21 ਮਈ 1984 | ਚਾਰ ਹਿੰਦੂਆਂ ਦੀ ਜੋ ਪੰਜਾਬ ਰੋਡਵੇਜ਼ ਦੀ ਬਸ ਵਿਚ ਸਫਰ ਕਰ ਰਹੇ ਸਨ ਪਿੰਡ ਦਾਰਾ ਜ਼ਿਲਾ ਫਰੀਦਕੋਟ ਨੇੜੇ ਹਤਿਆ। |
| 21 ਮਈ 1984 | ਮਾਰੀ ਮੇਘਾ ਦੀ ਅਨਾਜ ਮੰਡੀ ਵਿਚ ਇਕ ਗੋਲੀ ਕਾਂਡ ਵਿਚ ਸ੍ਰੀ ਦਰਸ਼ਨ ਲਾਲ ਤੇ ਸ੍ਰੀ ਰਾਮ ਰਛਪਾਲ ਦੀ ਹਤਿਆ ਅਤੇ ਫੂਡਕਾਰਪੋਰੇਸ਼ਨ ਆਫ ਇੰਡਿਆ ਦਾ ਇਨਸਪੈਕਟਰ ਸ੍ਰੀ ਜੋਤੀ ਪਰਸਾਦ ਜ਼ਖਮੀ। |
| 21 ਮਈ 1984 | ਸ੍ਰੀ ਜੋਗਿੰਦਰ ਨਾਥ ਪ੍ਰਧਾਨ ਹਿੰਦੂ ਸੁਰਖਿਆ ਸੰਮਤੀ ਮਾਨਸਾ ਦੀ ਗੋਲੀ ਮਾਰ ਕੇ ਹਤਿਆ। |
| 21 ਮਈ 1984 | ਬਟਾਲੇ ਵਿਚ ਸ੍ਰੀ ਰਤਨ ਕੁਮਾਰ ਫੋਟੋਗ੍ਰਾਫਰ ਦੀ ਹਤਿਆ ਅਤੇ 13 ਹੋਰ ਬੰਦੇ ਜ਼ਖਮੀ ਹੋਏ ਜਦ ਕੁਝ ਬੰਦਿਆ ਨੇ ਉਹਨਾਂ ਤੇ ਗੋਲੀ ਚਲਾਈ ਅਤੇ ਹਥ ਗੋਲਾ ਸੁਟਿਆ। |
| 21 ਮਈ 1984 | ਜ਼ਿਲਾ ਜਲੰਧਰ ਵਿਚ ਸ੍ਰੀ ਨੰਦ ਲਾਲ ਅਤੇ ਸ੍ਰੀ ਕਾਲਾ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ। |
| 21 ਮਈ 1984 | ਪਿੰਡ ਰਾਏਪੁਰ ਅਰਾਇਣ ਜ਼ਿਲਾ ਜਲੰਧਰ ਵਿਚ ਏ.ਐਸ਼.ਆਈ. ਸ੍ਰੀ ਹਰਦਿਆਲ ਸਿੰਘ ਦੀ ਗੋਲੀ ਮਾਰ ਕੇ ਹਤਿਆ। ਕਾਤਲ ਉਸਦਾ ਰਿਵਾਲਵਰ ਲੈ ਗਏ। |
| 21 ਮਈ 1984 | ਹਰਿਆਣਾ ਜ਼ਿਲਾ ਹੋਸ਼ਿਆਰਪੁਰ ਵਿਚ ਇਕ ਆੜ੍ਹਤੀ ਸ੍ਰੀ ਤਰਸੇਮ ਲਾਲ ਦੀ ਉਸਦੀ ਹੱਟੀ ਵਿਚ ਹਤਿਆ। ਅੱਤਵਾਦੀ 7000 ਰੁਪਏ ਲੈ ਗਏ। |
| 21 ਮਈ 1984 | ਬੱਗਾ ਪੁਰਾਣਾ, ਜ਼ਿਲਾ ਫਰੀਦਕੋਟ ਵਿਚ ਸ੍ਰੀ ਅੰਮ੍ਰਿਤ ਲਾਲ ਗੁਪਤਾ ਦੀ ਗੋਲੀ ਮਾਰ ਕੇ ਹਤਿਆ। |
| 22 ਮਈ 1984 | ਗੁਲਾਲ ਪਥਰਾ, ਜ਼ਿਲਾ ਫਰੀਦਕੋਟ ਦੇ ਬਸ ਅਡੇ ਤੇ ਦੋ ਹਿੰਦੂ ਮੁਸਾਫਰਾਂ ਦੀ ਜੋ ਪੰਜਾਬ ਰੋਡਵੇਜ਼ ਦੀ ਬਸ ਵਿਚ ਸਫਰ ਕਰ ਰਹੇ ਸਨ ਗੋਲੀ ਮਾਰ ਕੇ ਹਤਿਆ। |
| 22 ਮਈ 1984 | ਪਟਿਆਲੇ ਵਿਚ ਸ੍ਰੀ ਲਲਿਤ ਕੁਮਾਰ ਦੀ ਗੋਲੀ ਮਾਰ ਕੇ ਹਤਿਆ। |
| 22 ਮਈ 1984 | ਪਿੰਡ ਢਢਿਓਲਾ, ਜ਼ਿਲਾ ਗੁਰਦਾਸਪੁਰ ਵਿਚ ਇਕ ਮੈਡਿਕਲ ਪਰੈਕਟੀਸ਼ਨਰ ਡਾਕਟਰ ਧਰਮਪਾਲ ਦੀ ਉਸਦੀ ਦੁਕਾਨ ਵਿਚ ਗੋਲੀ ਮਾਰ ਕੇ ਹਤਿਆ। |
| 22 ਮਈ 1984 | ਰਾਜ ਸਿਨਮਾ, ਅੰਮ੍ਰਿਤਸਰ ਦੇ ਨੇੜੇ ਸ੍ਰੀ ਅਸ਼ੋਕ ਕੁਮਾਰ ਨੂੰ ਜੋ ਘਰ ਆ ਰਿਹਾ ਸੀ, ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ। |

Digitized by Panjab Digital Library | www.panjabdigilib.org

| | |
|---|---|
| 22 ਮਈ 1984 | ਅੰਮ੍ਰਿਤਸਰ ਵਿਚ ਸੀ.ਆਰ.ਪੀ. ਦੇ ਇਕ ਟ੍ਰਕ ਤੇ ਹਥਗੋਲਾ ਸੁਟਿਆ ਗਿਆ। ਗੋਲਾ ਸੜਕ ਉਤੇ ਫਟਿਆ ਅਤੇ ਦੋ ਬੰਦੇ ਜ਼ਖਮੀ ਹੋਏ। |
| 22 ਮਈ 1984 | ਸਹਿਕਾਰੀ ਸੰਮਤੀਆਂ ਦੇ ਸਕੱਤਰ ਕੋਲੋਂ ਬਟਾਲਾ ਵਿਚ 37,000 ਰੁਪਏ ਖੋਹ ਲਏ ਗਏ। |
| 22 ਮਈ 1984 | ਸੰਗਤਪੁਰਾ ਪੁਲ ਜ਼ਿਲਾ ਅੰਮ੍ਰਿਤਸਰ ਤੇ ਬਸ ਮੁਸਾਫਿਰਾਂ ਨੂੰ ਪਸਤੌਲ ਵਿਖਾ ਕੇ ਲੁਟਿਆ ਗਿਆ। |
| 22 ਮਈ 1984 | ਨਾਭਾ ਦੇ ਦੁਕਾਨਦਾਰ ਸ੍ਰੀ ਸ਼ਤੀਸ਼ ਕੁਮਾਰ ਕੋਲੋਂ ਇਕ ਥੈਲਾ ਜਿਸ ਵਿਚ 50,000 ਰੁਪਏ ਸਨ ਖੋਹ ਲਿਆ ਗਿਆ। |
| 23 ਮਈ 1984 | ਪਿੰਡ ਬਲਵੇਰਾ, ਜ਼ਿਲਾ ਪਟਿਆਲਾ ਦੀ ਅਨਾਜ਼ ਮੰਡੀ ਵਿਚ ਇਕ ਗੋਲੀ ਕਾਂਡ ਵਿਚ ਚਾਰ ਬੰਦਿਆਂ ਦੀ ਹਤਿਆ ਤੇ ਤਿਨ ਜ਼ਖਮੀ। |
| 23 ਮਈ 1984 | ਬਠਿੰਡਾ ਵਿਚ ਲਕੜ ਦੇ ਤਿੰਨ ਖੋਖਿਆਂ ਨੂੰ ਅਗ ਲਾਈ ਗਈ। |
| 23 ਮਈ 1984 | ਭਵਾਨੀਪੁਰ ਜ਼ਿਲਾ ਕਪੂਰਥਲਾ ਵਿਚ ਸ੍ਰੀ ਬਾਲ ਕਿਸ਼ਨ ਨੂੰ ਜ਼ਖਮੀ ਕਰ ਉਸਦਾ ਸਕੂਟਰ ਤੇ ਘੜੀ ਖੋਹ ਲਈ ਗਈ। |
| 23 ਮਈ 1984 | ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਐਲਾਨ ਕੀਤਾ ਕਿ 3 ਜੂਨ 1984 ਤੋਂ ਨਾਮਿਲਵਰਤਨ ਦਾ ਪਰੋਗਰਾਮ ਸ਼ੁਰੂਕੀਤਾ ਜਾਵੇਗਾ। ਪ੍ਰੋਗਰਾਮ ਵਿਚ ਮਾਲੀਆ,ਨਹਿਰੀ ਪਾਣੀ ਦੇ ਬਿਲ,ਕਰਜ਼ੇ ਅਤੇ ਬਿਜਲੀ ਦੇ ਬਿਲ ਨਾ ਦੇਣਾ ਅਤੇ ਅਨਾਜ ਪੰਜਾਬ ਤੋਂ ਬਾਹਰ ਨਾ ਜਾਣ ਦੇਣਾ ਸ਼ਾਮਿਲ ਹੋਵੇਗਾ। |
| 24 ਮਈ 1984 | ਪਿੰਡ ਥਾਰਾ ਜ਼ਿਲਾ ਲੁਧਿਆਣਾ ਵਿਚ ਗੋਲਾਬਾਰੀ ਨਾਲ ਅਠ ਬੰਦਿਆ ਦੀ ਹਤਿਆ। |
| 24 ਮਈ 1984 | ਸੈਂਟਅਰਲ ਕੋਆਪਰੇਟਿਵ ਬੈਂਕ ਅੰਮ੍ਰਿਤਸਰ ਤੋਂ 31,698 ਰੁਪਏ ਲੁਟੇ ਗਏ। |
| 25 ਮਈ 1984 | ਹਿੰਦੂ ਸੁਰਖਿਆ ਪਰਿਸ਼ਦ ਦੇ ਮੀਤ ਪ੍ਰਧਾਨ ਸ੍ਰੀ ਦੇਵ ਰਤਨ ਤੁਲੀ ਦੀ ਫਿਰੋਜ਼ਪੁਰ ਵਿਚ ਗੋਲੀ ਮਾਰ ਕੇ ਹਤਿਆ। |
| 25 ਮਈ 1984 | ਫਿਰੋਜ਼ਪੁਰ ਵਿਚ ਗੁਨਿਆਨਾ ਅਤੇ ਕਸੂਬੇਗ ਰੇਲਵੇ ਸਟੇਸ਼ਨਾਂ ਵਿਚਕਾਰ ਚਲਦੀ ਗੱਡੀ ਤੇ ਕੁਝ ਲੋਕਾਂ ਨੇ ਗੋਲੀ ਚਲਾਈ। ਆਰ.ਪੀ.ਐਫ. ਦੇ ਸ੍ਰੀ ਰਤੱਨ ਸਿੰਘ ਅਤੇ ਜੀ.ਪੀ.ਐਫ. ਦੇ ਸ੍ਰੀ ਸਤਿੰਦਰ ਸਿੰਘ, ਜੋ ਡਿਊਟੀ ਤੇ ਸਨ, ਜ਼ਖਮੀ ਹੋਏ। |
| 25 ਮਈ 1984 | ਬਾਗਾ ਪੁਰਾਨਾ ਜ਼ਿਲਾ ਫਰੀਦਕੋਟ ਵਿਚ ਅਸ਼ੋਕ ਕੁਮਾਰ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ। |
| 25 ਮਈ 1984 | ਮੋਗਾ ਵਿਚ ਇਕ ਸੁਨਿਆਰੇ ਸ੍ਰੀ ਯਸ਼ਪਾਲ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ ਉਸ ਕੋਲੋਂ ਸਕੂਟਰ, ਗੁਟਘੜੀ ਅਤੇ ਨੋਟ ਬੁਕ ਖੋਹ ਲਈ ਗਈ। |
| 25 ਮਈ 1984 | ਹਰ ਦੋ ਛਨਿਆਂ ਚੌਕ ਗੁਰਦਾਸਪੁਰ ਨੇੜੇ ਬੀ.ਐਸ.ਐਫ਼. ਦੇ ਟ੍ਰਕ ਉਤੇ ਬੰਬ ਸੁਟਣ ਨਾਲ ਸ੍ਰੀ ਕੁਲਦੀਪ ਰਾਜ ਸਿਪਾਹੀ ਮਾਰਿਆ ਗਿਆ। |
| 25 ਮਈ 1984 | ਨਾਭਾ ਵਿਚ ਮੇਘ ਰਾਜ ਦੀ ਦੁਕਾਨ ਉਤੇ ਬੰਬ ਸੁਟਿਆ ਗਿਆ ਬੰਬ ਬਾਹਰ ਸੁਟ ਦਿਤਾ ਗਿਆ ਜਿਥੇ ਇਹ ਫਟ ਗਿਆ। |

Digitized by Panjab Digital Library | www.panjabdigilib.org

| | |
|---|---|
| 25 ਮਈ 1984 | ਨਵਯੁਗ ਸਿਨਮਾ ਰਾਜਪੁਰਾ ਦੇ ਬਾਹਰ ਬੰਬ ਧਮਾਕਾ ਹੋਇਆ। |
| 26 ਮਈ 1984 | ਪਿੰਡ ਮਹਲੇਵਾਨ ਜ਼ਿਲਾ ਗੁਰਦਾਸਪੁਰ ਵਿਚ ਇਕ ਅਧਿਆਪਕ ਸ੍ਰੀ ਰਤਨ ਚੰਦ ਦੀ ਗੋਲੀ ਮਾਰ ਕੇ ਹਤਿਆ। |
| 26 ਮਈ 1984 | ਸੁਲਤਾਨਪੁਰ ਲੋਧੀ ਜ਼ਿਲਾ ਕਪੂਰਥਲਾ ਦੇ ਗੁਰਦਵਾਰਾ ਹਠ ਸਾਹਿਬ ਨੇੜੇ ਸ੍ਰੀ ਪ੍ਰੀਤਮ ਸਿੰਘ ਦੀ ਹਤਿਆ। |
| 26 ਮਈ 1984 | ਉੜਮੁੜ ਟਾਂਡਾ ਜ਼ਿਲਾ ਹੁਸ਼ਿਆਰਪੁਰ ਦੇ ਇਕ ਮੰਦਿਰ ਦੇ ਪੁਜਾਰੀ ਸ੍ਰੀ ਰਾਮ ਦਾਸ ਤੇ ਗੋਲੀ ਚਲੀ ਪਰ ਉਹ ਬਚ ਗਿਆ। ਦੋਸ਼ੀਆਂ ਨੇ ਮੰਦਿਰ ਵਿਚ ਆਏ ਇਕ ਭਗਤ ਨੂੰ ਚਾਕੂ ਨਾਲ ਜ਼ਖਮੀ ਕੀਤਾ। |
| 26 ਮਈ 1984 | ਫਿਰੋਜ਼ਪੁਰ ਲੁਧਿਆਣਾ ਲਾਈਨ ਤੇ ਮਹੇਸ਼ਵਰੀ ਰੇਲਵੇ ਸਟੇਸ਼ਨ ਦੇ ਬੁਕਿੰਗ ਦਫਤਰ ਨੂੰ ਅੱਗ ਲਾਈ ਗਈ। |
| 27 ਮਈ 1984 | ਅੰਮ੍ਰਿਤਸਰ ਵਿਚ ਸੀ.ਆਰ.ਪੀ. ਦਾ ਇਕ ਜਵਾਨ ਗੋਲੀ ਨਾਲ ਜ਼ਖਮੀ। |
| 27 ਮਈ 1984 | ਕਾਦੀਆਂ ਵਿਚ ਇਕ ਦੁਕਾਨਦਾਰ ਯਸ਼ਪਾਲ ਮੋਹਨ ਗੋਲੀ ਨਾਲ ਜ਼ਖਮੀ। |
| 27 ਮਈ 1984 | ਜੰਡਿਆਲਾ ਗੁਰੂ ਅੰਮ੍ਰਿਤਸਰ ਵਿਚ ਸ੍ਰੀ ਮੋਹਨ ਸਿੰਘ ਸਬ ਇੰਸਪੈਕਟਰ ਗੋਲੀ ਨਾਲ ਜ਼ਖਮੀ। |
| 27 ਮਈ 1984 | ਗੁਰਦੁਵਾਰਾ ਦੁਖ ਨਿਵਾਰਨ ਅੰਦਰੋਂ ਸਰਹੰਦ ਰੋਡ ਪਟਿਆਲਾ ਤੇ ਬੈਠੀ ਸੀ.ਆਰ.ਪੀ. ਉਤੇ ਕੁਝ ਅੱਤਵਾਦੀਆਂ ਨੇ ਗੋਲੀ ਚਲਾਈ। 2 ਜਵਾਨ ਜ਼ਖਮੀ। |
| 27 ਮਈ 1984 | ਪਿੰਡ ਮਹਾਖਲੀਪੁਰ ਜ਼ਿਲਾ ਹੁਸ਼ਿਆਰਪੁਰ ਵਿਚ ਇਕ ਦੁਕਾਨਦਾਰ ਸ੍ਰੀ ਬਿਹਾਰੀ ਲਾਲ ਦੀ ਗੋਲੀ ਮਾਰ ਕੇ ਹਤਿਆ। |
| 27 ਮਈ 1984 | ਹਰਬੰਸ ਸਿਨੇਮਾ ਪਟਿਆਲਾ ਦੇ ਬਾਹਰ, ਇਕ ਬੰਬ ਧਮਾਕੇ ਵਿਚ ਇਕ ਔਰਤ ਤੇ ਬੱਚੇ ਸਮੇਤ 13 ਬੰਦੇ ਜ਼ਖਮੀ। |
| 28 ਮਈ 1984 | ਬਸੇਰਕੇ ਜ਼ਿਲਾ ਅੰਮ੍ਰਿਤਸਰ ਵਿਚ ਇਕ ਆੜ੍ਹਤੀ ਸ੍ਰੀ ਦਲਜੀਤ ਕੁਮਾਰ ਦੀ ਉਸਦੀ ਦੁਕਾਨ ਵਿਚ ਹਤਿਆ। |
| 28 ਮਈ 1984 | ਅੰਮ੍ਰਿਤਸਰ ਵਿਚ ਸੁਤੇ ਪਏ ਸ੍ਰੀ ਦੀਪਾ ਦੀ ਛੁਰਾ ਮਾਰ ਕੇ ਹਤਿਆ। |
| 28 ਮਈ 1984 | ਪਿੰਡ ਕਰਨਾਨਾ ਜ਼ਿਲਾ ਜਲੰਧਰ ਵਿਚ ਇਕ ਵਕੀਲ ਸ੍ਰੀ ਗੁਰਚਰਨ ਦਾਸ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ। |
| 28 ਮਈ 1984 | ਬਾਘਾ ਪੁਰਾਨਾ ਫਰੀਦਕੋਟ ਵਿਚ ਸ੍ਰੀ ਤੇਜਾ ਸਿੰਘ ਦੇ ਘਰੋਂ ਪਸਤੋਲ ਵਿਖਾ ਕੇ 22,000 ਰੁਪਏ ਦੀ ਨਕਦੀ ਲੁਟੀ ਅਤੇ ਉਸਦੀ ਪਤਨੀ ਨੂੰ ਜ਼ਖਮੀ ਕਰ ਦਿੱਤਾ। |
| 28 ਮਈ 1984 | ਲੇਹਾਰਾ ਮਹੋਬਤ ਤੇ ਲੇਹਰਾ ਖਾਨ ਰੇਲਵੇ ਸਟੇਸ਼ਨਾਂ ਦੇ ਵਿਚਕਾਰ ਰੇਲ ਪੁਲ ਤੇ ਇਕ ਬੰਬ ਧਮਾਕਾ। |
| 29 ਮਈ 1984 | ਵਡਾਲਾ ਗ੍ਰੰਥੀਆਂ ਜ਼ਿਲਾ ਗੁਰਦਾਸਪੁਰ ਵਿਚ ਜਰਨ ਸਿੰਘ ਦੀ ਹਤਿਆ। ਤਿੰਨ ਹੋਰ ਜ਼ਖਮੀ। ਜਿਨ੍ਹਾਂ ਵਿਚੋਂ ਇਕ ਮਰ ਗਿਆ। |

Digitized by Panjab Digital Library | www.panjabdigilib.org

| | |
|---|---|
| 29 ਮਈ 1984 | ਅੰਮ੍ਰਿਤਸਰ ਵਿਚ ਚੁਨੀ ਲਾਲ ਕੋਹਲੀ ਦੀ ਹਤਿਆ। ਜਦ ਉਹ ਆਪਣੇ ਸਟੋਰ ਤੇ ਬੈਠਾ ਸੀ। ਇਕ ਗਾਹਕ ਵੀ ਮਾਰਿਆ ਗਿਆ। |
| 29 ਮਈ 1984 | ਭਾਨ ਸਿੰਘ ਨੇ ਤਰਨਤਾਰਨ ਵਿਖੇ ਬੀ.ਐਸ.ਐਫ. ਦੀਆਂ ਚੌਕੀਆਂ ਤੇ ਗੋਲੀਬਾਰੀ ਕੀਤੀ। ਜਿਸ ਕਾਰਨ ਇਕ ਵਿਅਕਤੀ ਸ੍ਰੀ ਅਰਜਨ ਸਿੰਘ ਥਾਂਏ ਮਰ ਗਿਆ। ਹੋਰ ਵਿਅਕਤੀ ਜ਼ਖਮੀ। ਬੀ.ਐਸ.ਐਫ਼. ਦੇ ਲਾਸਨਾਇਕ ਮੋਹਨ ਲਾਲ ਅਤੇ ਸਿਪਾਹੀ ਸਤਿੰਦਰ ਸਿੰਘ ਜੋ ਜ਼ਖਮੀ ਹੋਏ ਸਨ, ਮਰ ਗਏ। ਬੀ.ਐਸ.ਐਫ. ਦਾ ਹੀ ਸ੍ਰੀ ਪ੍ਰੇਮ ਪਰਕਾਸ਼ ਜ਼ਖਮੀ ਹੋਇਆ। |
| 29 ਮਈ 1984 | ਪਿੰਡ ਰਸੂਲਪੁਰਾ, ਅੰਮ੍ਰਿਤਸਰ ਵਿਚ ਗੋਲੀ ਬਾਰੀ ਨਾਲ ਸਤੋਖ ਸਿੰਘ ਤੇ ਸਵਰਣ ਸਿੰਘ ਜ਼ਖਮੀ। ਅਪਰਾਧੀ ਫੜ ਲਏ ਗਏ ਤੇ ਉਨ੍ਹਾਂ ਕੋਲੋਂ ਹਥਿਆਰ ਤੇ ਗੋਲੀ ਸਿੱਕਾ ਮਿਲਿਆ। |
| 29 ਮਈ 1984 | ਪਟਿਆਲੇ ਵਿਚ ਸ੍ਰੀ ਵਾਸਦੇਵ ਸੁਨਾਰੇ ਦੀ ਦੁਕਾਨ ਤੋਂ ਪਸਤੋਲ ਵਿਖਾ ਕੇ ਲੱਖਾਂ ਰੁਪਏ ਦੇ ਜ਼ੇਵਰ ਲੁੱਟੇ ਗਏ। |
| 30 ਮਈ 1984 | ਪਟਿਆਲੇ ਦੇ ਇਕ ਆਰਕੀਟੇਕਟਰ ਸ੍ਰੀ ਕਿਸ਼ਨ ਲਾਲ ਕੁਮਾਰ ਦੀ ਹਤਿਆ। |
| 30 ਮਈ 1984 | ਅਡਵਾਂਸ ਟਰੇਨਿੰਗ ਇੰਸਟੀਟਯੂਟ ਲੁਧਿਆਣਾ ਦੇ ਡਾਇਰੈਕਟਰ ਜ਼ਖਮੀ। |
| 30 ਮਈ 1984 | ਪਿੰਡ ਘਸੀਟਾਪੁਰ ਜ਼ਿਲਾ ਗੁਰਦਾਸਪੁਰ ਵਿਚ ਕੁਝ ਆਦਮੀਆਂ ਨੇ ਘਰ ਦੇ ਅੰਦਰ ਗੋਲੀ ਚਲਾ ਕੇ ਸ੍ਰੀ ਚਮਨ ਲਾਲ ਨੂੰ ਜ਼ਖਮੀ ਕੀਤਾ ਅਤੇ ਉਨ੍ਹਾਂ ਦੀ ਪਤਨੀ ਦਰਸ਼ਨਾਂ ਦੀ ਹਤਿਆ ਕਰ ਦਿਤੀ। |
| 30 ਮਈ 1984 | ਕੁਝ ਅੱਤਵਾਦੀਆਂ ਨੇ ਗੁਰੂ ਅਰਜਨ ਦੇਵ ਸਰਾਂ, ਤਰਨਤਾਰਨ ਦੇ ਅੰਦਰੋਂ ਬੀ.ਐਸ.ਐਫ. ਦੀ ਟੁਕੜੀ ਉਤੇ ਸਟੇਨਗਨ ਨਾਲ ਗੋਲੀਬਾਰੀ ਕੀਤੀ। |
| 30 ਮਈ 1984 | ਪਿੰਡ ਜੋਧਪੁਰ, ਜ਼ਿਲਾ ਅੰਮ੍ਰਿਤਸਰ ਵਿਖੇ ਸ੍ਰੀ ਜੋਗਿੰਦਰਪਾਲ ਦੁਕਾਨਦਾਰ ਦੀ ਹਤਿਆ, ਸ੍ਰੀ ਗੁਰਦੇਵ ਸਿੰਘ ਨਾਂ ਦਾ ਇਕ ਹੋਰ ਵਿਅਕਤੀ ਸਖਤ ਜ਼ਖਮੀ। |
| 30 ਮਈ 1984 | ਕੇਨਾਰਾ ਬੈਂਕ, ਧਰਮ ਸਿੰਘ ਮਾਰਕਿਟ ਅੰਮ੍ਰਿਤਸਰ ਦੇ ਅਕਾਊਂਟੈਂਟ ਨੂੰ ਪਸਤੋਲ ਵਿਖਾ ਕੇ 13,887 ਰੁਪਏ ਅਤੇ 55,886.90 ਰੁਪਏ ਦਾ ਇਕ ਚੈਕ ਖੋਹ ਲਿਆ ਗਿਆ। |
| 30 ਮਈ 1984 | ਸੁਲਤਾਨ ਵਿੰਡ ਵਿਚ ਡਾਕਟਰ ਦਲਜੀਤ ਸਿੰਘ ਦੇ ਘਰੋਂ ਇਕ ਬੰਦੂਕ ਇਕ ਪਸਤੋਲ, ਤਿੰਨ ਹਜ਼ਾਰ ਰੁਪਏ ਅਤੇ 12 ਹਜ਼ਾਰ ਰੁਪਏ ਲੁੱਟ ਲਏ ਗਏ। |
| 31 ਮਈ 1984 | ਫ਼ਤਿਹਾਬਾਦ, ਜ਼ਿਲਾ ਅੰਮ੍ਰਿਤਸਰ ਵਿਚ ਸ੍ਰੀ ਜਤਿੰਦਰ ਕੁਮਾਰ ਦੀ ਹਤਿਆ ਤੇ ਤਿੰਨ ਹੋਰ ਜ਼ਖਮੀ। |
| 31 ਮਈ 1984 | ਪਿੰਡ ਰਾਏਪੁਰ ਪਟਿਆਲਾ ਵਿਚ ਸ੍ਰੀ ਛੋਟੇ ਖਾਨ ਅਤੇ ਅਨਵਰ ਖਾਨ ਦੋਧੀਆਂ ਤੇ ਗੋਲੀਬਾਰੀ। ਛੋਟੇ ਖਾਨ ਜ਼ਖਮੀ। |
| 31 ਮਈ 1984 | ਪਿੰਡ ਠੀਕਰੀਵਾਲਾ ਜ਼ਿਲਾ ਗੁਰਦਾਪੁਰ ਵਿਚ ਸ੍ਰੀ ਦੇਸਰਾਜ ਅਤੇ ਸਤਪਾਲ ਗੋਲੀ ਨਾਲ ਜ਼ਖਮੀ। |
| 31 ਮਈ 1984 | ਰੋੜਾ ਵਾਲੀ ਰੇਲਵੇ ਸਟੇਸ਼ਨ, ਜ਼ਿਲਾ ਫਾਜ਼ਿਲਕਾ ਦੇ ਨੇੜੇ ਇਕ ਗੈਂਗਮੈਨ ਸ੍ਰੀ ਮੋਹਿੰਦਰ ਪ੍ਰਸ਼ਾਦ ਜ਼ਖਮੀ। |

Digitized by Panjab Digital Library | www.panjabdigilib.org

| | |
|---|---|
| 31 ਮਈ 1984 | ਪਿੰਡ ਭੋਖਾਰਾ ਜ਼ਿਲਾ ਬਠਿੰਡਾ ਵਿਚ ਸ੍ਰੀ ਕ੍ਰਿਸ਼ਨ ਲਾਲ ਗੋਇਲ ਨੂੰ ਜ਼ਖਮੀ ਕਰਕੇ ਉਸਦਾ ਸਕੂਟਰ ਖੋਹ ਲਿਆ ਗਿਆ। |
| 31 ਮਈ 1984 | ਬਰੇਟਾ, ਜ਼ਿਲਾ, ਬਠਿੰਡਾ ਵਿਚ ਗੋਰਮਿੰਟ ਹਾਈ ਸਕੂਲ ਦੇ ਹਾਲ ਕਮਰੇ ਨੂੰ ਅੱਗ ਲਾ ਦਿਤੀ। ਕੁਝ ਰਿਕਾਰਡ ਤੇ ਫਰਨੀਚਰ ਸੜ ਗਿਆ। |
| 31 ਮਈ 1984 | ਪਟਿਆਲਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਰੁਮਾਲੇ ਤੇ ਪਾਲਕੀ ਸਣੇ ਅੱਗ ਲਾਈ ਗਈ। |
| 1 ਜੂਨ 1984 | ਕੁਝ ਅੱਤਵਾਦੀਆਂ ਨੇ ਇਕ ਬੀ.ਐਸ.ਐਫ. ਦੀ ਟੁਕੜੀ ਤੇ ਦਰਬਾਰ ਸਾਹਿਬ ਦੇ ਅੰਦਰੋਂ ਗੋਲੀ ਚਲਾਈ। ਬੀ.ਐਸ.ਐਫ. ਨੇ ਜਵਾਬੀ ਗੋਲੀ ਚਲਾਈ। ਇਸ ਨਾਲ ਦਰਬਾਰ ਸਾਹਿਬ ਦੇ ਅੰਦਰ 7 ਅਤੇ ਬਾਹਰ 3 ਬੰਦੇ ਮਾਰੇ ਗਏ। ਹਰਮੰਦਿਰ ਸਾਹਿਬ ਦੇ ਅੰਦਰ 16 ਤੇ ਬਾਹਰ 9 ਬੰਦੇ ਜ਼ਖਮੀ। |
| 1 ਜੂਨ 1984 | ਮਲੋਟ ਮੰਡੀ ਜ਼ਿਲਾ ਫਰੀਦਾਕੋਟ ਦੀ ਚੁੰਗੀ ਦਾ ਇਨਸਪੈਕਟਰ ਸ੍ਰੀ ਓਮ ਪਰਕਾਸ਼ ਮਾਰ ਦਿਤਾ ਗਿਆ ਅਤੇ ਉਸਦਾ ਇਕ ਮਿਤੱਰ ਜ਼ਖਮੀ। |
| 1 ਜੂਨ 1984 | ਅੰਮ੍ਰਿਤਸਰ ਵਿਖੇ ਇਕ ਬੰਦੇ ਦੀ ਹਤਿਆ ਅਤੇ ਇਕ ਜ਼ਖਮੀ। |
| 1 ਜੂਨ 1984 | ਠਾਠੀਆਂ ਜ਼ਿਲਾ ਅੰਮ੍ਰਿਤਸਰ ਵਿਚ ਸ੍ਰੀਮਤੀ ਪ੍ਰਸੀਨਕੌਰ ਦੀ ਉਸ ਦੇ ਘਰ ਵਿਚ ਹਤਿਆ। |
| 1 ਜੂਨ 1984 | ਮੁਕਤਸਰ ਜ਼ਿਲਾ ਫਰੀਦਕੋਟ ਨਿਵਾਸੀ ਸ੍ਰੀ ਜਗਜੀਤ ਸਿੰਘ ਦੀ ਕਿਰਪਾਨ ਨਾਲ ਹਤਿਆ। ਹਤਿਆਰਿਆਂ ਨੇ ਅਬੋਹਰ ਰੋਡ ਮੁਕਤਸਰ ਨਿਵਾਸੀ ਸ੍ਰੀ ਕਸ਼ਮੀਰੀ ਲਾਲ ਨੂੰ ਵੀ ਜ਼ਖਮੀ ਕੀਤਾ। |
| 1 ਜੂਨ 1984 | ਧਾਰੀਵਾਲਾ ਵਿਚ ਸੰਤੋਸ਼ੀ ਮਾਂ ਦੇ ਮੰਦਿਰ ਨੇੜੇ ਪਾਰਕ ਵਿਚ ਹੋਈ ਗੋਲੀ ਬਾਰੀ ਨਾਲ 5 ਬੰਦੇ ਮਰੇ ਅਤੇ 9 ਜ਼ਖਮੀ ਹੋਏ। |
| 1 ਜੂਨ 1984 | ਬਠਿੰਡਾ ਵਿਚ ਦੋ ਬੰਦੇ ਸ੍ਰੀ ਗੋਬਿੰਦ ਰਾਮ ਅਤੇ ਸ੍ਰੀ ਰਤਨ ਲਾਲ ਮਿਸਤਰੀ ਜ਼ਖਮੀ। |
| 1 ਜੂਨ 1984 | ਸਰਾਭਾ ਨਗਰ ਲੁਧਿਆਣੇ ਦੇ ਵਿਧਾਇਕ ਤੇ ਹਮਲਾ ਕਰਕੇ ਉਹਨੂੰ ਜ਼ਖਮੀ ਕਰ ਦਿਤਾ ਗਿਆ। |
| 1 ਜੂਨ 1984 | ਪਿੰਡ ਵਜੂਆਂ ਖੁਰਦ ਨਕੋਦਰ ਦੇ ਇਕ ਸਹਿਕਾਰੀ ਬੈਂਕ ਤੋਂ ਪਸਤੌਲ ਵਖਾ ਕੇ 68,000 ਰੁਪਏ ਲੁੱਟੇ ਗਏ। |
| 1 ਜੂਨ 1984 | ਬਠਿੰਡਾ ਵਿਚ ਆਪਣੀ ਦੁਕਾਨ ਤੇ ਹੋਏ ਬੰਬ ਦੇ ਧਮਾਕੇ ਨਾਲ ਸ੍ਰੀ ਪਰਮੋਦ ਕੁਮਾਰ ਜ਼ਖਮੀ। |
| 1 ਜੂਨ 1984 | ਪਟਿਆਲੇ ਵਿਚ ਸ੍ਰ: ਸੁਖਜਿੰਦਰ ਸਿੰਘ ਦੀ ਦੁਕਾਨ ਨੂੰ ਅੱਗ ਲਗਾਈ ਗਈ। |
| 2 ਜੂਨ 1984 | ਪਿੰਡ ਲੰਗਿਆਣਾ ਖੁਰਦ ਜ਼ਿਲਾ ਫਰੀਦਕੋਟ ਵਿਚ ਸ੍ਰੀ ਸੋਹਨ ਸਿੰਘ ਦੀ ਹਤਿਆ ਅਤੇ ਸ੍ਰੀ ਦੇਵ ਰਾਜ ਜ਼ਖਮੀ। |
| 2 ਜੂਨ 1984 | ਪਿੰਡ ਲਹਿਣ ਵਾਲੀ ਜ਼ਿਲਾ ਫਰੀਦਕੋਟ ਵਿਚ ਸ੍ਰੀ ਸ਼ਾਮ ਲਾਲ ਦੀ ਗੋਲੀ ਮਾਰਕੇ ਹਤਿਆ। |
| 2 ਜੂਨ 1984 | ਬਠਿੰਡਾ ਵਿਚ ਸ੍ਰੀ ਪ੍ਰਕਾਸ਼ ਚੰਦ ਨਾਗਰਾ ਦੀ ਹਤਿਆ। |

Digitized by Panjab Digital Library | www.panjabdigilib.org

| | |
|---|---|
| 2 ਜੂਨ 1984 | ਜਾਲੰਧਰ ਵਿਚ ਸ੍ਰੀ ਵਿਰੰਦਰ ਖੁਲੱਰ ਦੀ ਗੋਲੀ ਮਾਰ ਕੇ ਹਤਿਆ। |
| 2 ਜੂਨ 1984 | ਧਿਆਨਪੁਰ ਜ਼ਿਲਾ ਗੁਰਦਾਸਪੁਰ ਵਿਚ ਤਿੰਨ ਬੰਦੇ ਪ੍ਰਕਾਸ਼, ਬਲਦੇਵ ਅਤੇ ਗੋਪਾਲ ਮਾਰੇ ਗਏ ਅਤੇ 7 ਜ਼ਖਮੀ ਹੋਏ ਜਦ ਕੁਝ ਬੰਦਿਆਂ ਨੇ ਉਨ੍ਹਾਂ ਤੇ ਗੋਲੀ ਚਲਾਈ। |
| 2 ਜੂਨ 1984 | ਹੁਸ਼ਿਆਰਪੁਰ ਵਿਚ ਜਨਤਾ ਪਾਰਟੀ ਦੇ ਵਰਕਰ ਅਤੇ ਸਾਬਕ ਵਿਧਾਇਕ ਸ੍ਰੀ ਓਮ ਪ੍ਰਕਾਸ਼ ਬਗਾ ਦੀ ਗੋਲੀ ਮਾਰਕੇ ਹਤਿਆ। |
| 2 ਜੂਨ 1984 | ਬਠਿੰਡਾ ਵਿਚ ਸ੍ਰੀ ਹੇਮਰਾਜ ਨੂੰ ਜਦ ਉਹ ਆਪਣੇ ਘਰ ਰੋਟੀ ਖਾ ਰਿਹਾ ਸੀ ਗੋਲੀ ਮਾਰਕੇ ਜ਼ਖਮੀ ਕੀਤਾ। |
| 2 ਜੂਨ 1984 | ਪਿੰਡ ਮਾਲ੍ਹੋਹਲ ਜ਼ਿਲਾ ਅੰਮ੍ਰਿਤਸਰ ਨੇੜੇ ਇਕ ਬਸ ਦੇ ਮੁਸਾਫਰਾਂ, ਕੰਡਕਟਰ ਅਤੇ ਡ੍ਰਾਈਵਰ ਨੂੰ ਲੁਟਿਆ ਗਿਆ। |
| 2 ਜੂਨ 1984 | ਮੰਡੀ ਰੋਰਾਂਵਾਲੀ ਸ਼ਦਰ ਫਜ਼ਿਲਕਾ ਵਿਚ ਬਾਰਾਂ ਜਾਂ ਤੇਰਾਂ ਦੁਕਾਨਾਂ ਨੂੰ ਅਗ ਲਾਈ ਗਈ ਅਤੇ ਇਕ ਬੰਦੇ ਦੀ ਗੋਲੀ ਮਾਰ ਕੇ ਹਤਿਆ ਕਰ ਦਿਤੀ ਗਈ। ਅਤੇ ਇਕ ਹੋਰ ਨੂੰ ਜ਼ਖਮੀ ਕੀਤਾ ਗਿਆ। |
| 2 ਜੂਨ 1984 | ਵੇਰਕਾ ਜ਼ਿਲਾ ਅੰਮ੍ਰਿਤਸਰ ਨੇੜੇ ਪੰਜਾਬ ਰੋਡਵੇਜ਼ ਦੀ ਇਕ ਬਸ ਨੂੰ ਅਗ ਲਾਈ ਗਈ। |
| 2 ਜੂਨ 1984 | ਸ੍ਰੀ ਹਰੀ ਚੰਦ ਦਾ ਬਸ ਰਾਹੀਂ ਮੋਗਾ ਜਾਂਦੇ ਹੋਏ ਅਗਵਾ। |

Digitized by Panjab Digital Library | www.panjabdigilib.org

ਅਨੈਕਸਚਰ-VIII

# ਸ਼੍ਰੀ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਬਿਆਨਾਂ ਦੇ ਕੁੱਝ ਹਿੱਸੇ

**(i) ਟੇਪ ਰਿਕਾਰਡ ਕੀਤੀਆਂ ਤਕਰੀਰਾਂ ਦੇ ਕੇਸਟ ਤੋਂ ਲਏ ਗਏ ਕੁੱਝ ਭਾਗਾਂ ਦਾ ਤਰਜਮਾਂ :—**

"ਸਾਰੇ ਸਿੱਖਾਂ ਨੂੰ ਭਾਵੇਂ ਉਹ ਸ਼ਹਿਰ ਦੇ ਰਹਿਣ ਵਾਲੇ ਹੋਣ ਜਾਂ ਪਿੰਡਾਂ ਦੇ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਗੁਲਾਮ ਹਾਂ ਅਤੇ ਕਿਸੇ ਵੀ ਕੀਮਤ ਤੇ ਆਜ਼ਾਦੀ ਚਾਹੁੰਦੇ ਹਾਂ।ਇਸ ਮੰਤਵ ਦੀ ਪ੍ਰਾਪਤੀ ਲਈ ਹਥਿਆਰ ਚੁਕ ਲਓ। ਲੜਾਈ ਲਈ ਤਿਆਰ. ਰਹੋ ਅਤੇ ਹੁਕਮ ਦੀ ਉਡੀਕ ਕਰੋ ।

* * * * * *

"ਇਸ ਗਲ ਨੂੰ ਚੰਗੀ ਤਰ੍ਹਾਂ ਧਿਆਨ ਵਿਚ ਰਖੋ ਕਿ ਕਿਸੇ ਤਰ੍ਹਾ ਦੀ ਗੜਬੜ ਹੋਣ ਤੇ ਫੌਜ ਤੇ ਪੁਲਿਸ ਦੇ ਸਾਰੇ ਸਿਖਾ ਦੀਆਂ ਦੁਨਾਲੀਆ ਉਸੇ ਪਾਸੇ ਵਲ ਹੋਣਗੀਆਂ।"

* * * * * *

"ਉਸ ਵਿਚ (ਅਨੰਦਪੁਰ ਸਾਹਿਬ ਮਤੇ ਦਾ ਹਵਾਲਾ) ਇਹ ਬਹੁਤ ਹੀ ਸਾਫ ਲਿਖਿਆ ਹੈ ਕਿ 12 ਬੋਰ ਦੀ ਬੰਦੂਕ ਵਾਸਤੇ ਕਿਸੇ ਲਾਈਸੈਂਸ ਦੀ ਲੋੜ ਨਹੀਂ। ਲਾਈਸੈਂਸ ਲੈਣ ਦੀ ਕੋਈ ਲੋੜ ਨਹੀਂ। ਜੇ ਤੁਹਾਨੂੰ 12 ਬੋਰ ਦੀ ਗਨ ਦੇ ਨਾਲ ਫੜ ਲਿਆ ਜਾਂਦਾ ਹੈ ਤੇ ਇਹ ਪੁਛਿਆ ਜਾਂਦਾ ਹੈ ਕਿ ਇਸ ਦਾ ਲਾਈਸੈਂਸ ਕਿਥੇ ਹੈ ਤਾਂ ਤੁਸੀਂ ਆਸਾਨੀ ਨਾਲ ਕਹਿ ਸਕਦੇ ਹੋ ਕਿ ਇਹ ਆਨੰਦਪੁਰ ਸਾਹਿਬ ਮਤੇ ਮੁਤਾਬਕ ਹੈ ।

* * * * * *

"ਮੈਂ ਸਿਖਾਂ ਨੂੰ ਇਸ ਚਲਾਕੀ ਬਾਰੇ ਸਾਵਧਾਨ ਰਹਿਣ ਦੀ ਚੇਤਾਵਨੀ ਦੇਂਦਾ ਹਾਂ, ਕਿ ਉਹ ਗਲਬਾਤ ਜਾਰੀ ਰਖਣ ਪਰ ਨਾਲ ਨਾਲ ਆਪਣੀ ਤਿਆਰੀ ਵੀ ਪੂਰੀ ਰੱਖਣ।ਤਿਆਰੀ ਪੂਰੀ ਹੋਣੀ ਚਾਹੀਦੀ ਹੈ।"

* * * * * *

"ਇਹ ਤਾਂ ਕੇਵਲ 35 ਬੰਦੇ ਹਨ ਸੌ ਵੀ ਨਹੀਂ"। 66 ਕਰੋੜ ਨੂੰ ਵੰਡਿਆ ਜਾਵੇ ਤਾਂ ਹਰ ਸਿੱਖ ਦੇ ਹਿੱਸੇ ਕੇਵਲ 35 ਹਿੰਦੂ ਆਂਦੇ ਹਨ 36 ਵੀ ਨਹੀਂ। ਫਿਰ ਤੁਸੀ ਕਿਵੇਂ ਕਹਿੰਦੇ ਹੋ ਕਿ ਤੁਸੀਂ ਕੰਮਜੋਰ ਹੋ।"

* * * * * *

"ਮੈਂ ਪਹਿਲਾਂ ਹੀ ਇਹ ਹੁਕਮ ਦਿਤਾ ਸੀ ਕਿ ਹਰ ਪਿੰਡ ਵਿਚ ਤਿੰਨ ਨੌਜੁਵਾਨਾਂ ਦਾ ਇਕ ਦਲ ਬਣਾਇਆ ਜਾਵੇ ਜਿਸ ਕੋਲ ਇਕ ਰਿਵਾਲਵਰ ਤੇ ਇਕ ਮੋਟਰ ਸਾਈਕਲ ਹੋਵੇ। ਕਿਨੇਂ ਪਿੰਡਾਂ ਵਿਚ ਇਹ ਕੀਤਾ ਗਿਆ ਹੈ?"

* * * * * *

"ਹਰ ਸਿਖ ਮੁੰਡੇ ਨੂੰ ਅਪਣੇ ਕੋਲ 200 ਗਰਨੇਡ ਰਖਣੇ ਚਾਹੀਦੇ ਹਨ।................"

* * * * * *

"ਸਿਖਾਂ ਵਿਰੁਧ ਜੁਰਮ ਕਰਨ ਵਾਲਿਆਂ ਤੋਂ ਬਦਲਾ ਲੈਣ ਲਈ ਮੋਟਰ ਸਾਈਕਲ ਟੋਲੇ ਤਿਆਰ ਕਰਨ ਦੀ ਲੋੜ ਹੈ।

* * * * * *

"ਤੁਹਾਡੇ ਚੋਂ ਜਿਹੜੇ ਅੱਤਵਾਦੀ ਬਣਨਾ ਚਾਹੁੰਦੇ ਹੋਣ ਉਹ ਹੱਥ ਖੜਾ ਕਰਨ। ਤੁਹਾਡੇ ਚੋਂ ਜੋ ਮੰਨਦੇ ਹਨ ਕਿ ਉਹ ਗੁਰੂ ਦੇ ਸਿਖ ਹਨ, ਉਹ ਅਪਣੇ ਹਥ ਖੜੇ ਕਰਨ ਅਤੇ ਬਾਕੀ ਬਕਰੀਆਂ ਵਾਂਗ ਸਿਰ ਨੀਵੇਂ ਕਰ ਲੈਣ।"

Digitized by Panjab Digital Library | www.panjabdigilib.org

"ਜਿਥੋਂ ਤਕ ਮੇਰਾ ਸੰਬੰਧ ਹੈ ਅਸੀਂ ਚਾਹੁੰਦੇ ਹਾਂ ਕਿ ਆਨੰਦਪੁਰ ਮਤੇ ਦੀਆਂ ਸਭ ਮੰਗਾਂ ਮੰਨੀਆਂ ਜਾਣ। ਮਤਲਬ ਇਹ ਕਿ ਸਿਖ ਇਕ ਵਖਰੀ ਕੌਮ ਹਨ। ਬਸ ਏਨਾਂ ਹੀ ਮੈਂ ਕਹਿਣਾ ਚਾਹੁੰਦਾ ਹਾਂ।"

* * * * * * *

(ii) ਅਖਬਾਰਾਂ ਵਿਚ ਛੱਪੇ ਬਿਆਨ

"ਹਥਿਆਰ ਤੋਂ ਬਿਨਾ ਸਿਖ ਨੰਗਾ ਹੈ, ਬਲੀ ਦਾ ਬਕਰਾ ਹੈ.......... ਮੋਟਰ ਸਾਈਕਲਾਂ, ਬੰਦੂਕਾਂ ਖਰੀਦੋ ਅਤੇ ਦੇਸ਼ ਦ੍ਰੋਹਿਆ ਨੂੰ ਉਨ੍ਹਾਂ ਦੀ ਭਾਸ਼ਾ ਵਿਚ ਜਵਾਬ ਦਿਓ।"

(ਇੰਟਰ ਨੇਸ਼ਨਲ ਹੈਰਲਡ ਟ੍ਰੀਬਿਯੂਟ)
24 ਅਪ੍ਰੈਲ 1984

"ਜਿਨ੍ਹਾਂ ਨੇ ਇਹ ਮਹਾਨ ਕੰਮ* ਕੀਤੇ ਹਨ ਉਹ ਸਿਖਾਂ ਦੇ ਸਭ ਤੋਂ ਉੱਚੇ ਆਸਨ ਅਕਾਲ ਤਖਤ ਵਲੋਂ ਸਨਮਾਨ ਦੇ ਯੋਗ ਹਨ। ਜੇ ਉਨ੍ਹਾਂ ਦੇ ਹਤਿਆਰੇ ਮੇਰੇ ਕੋਲ ਆਏ ਤੇ ਮੈਂ ਉਨ੍ਹਾਂ ਨੂੰ ਸੋਨੇ ਨਾਲ ਤੋਲਾਂਗਾ।"

(ਇੰਡਿਆ ਟੂਡੇ)
30 ਅਪ੍ਰੈਲ 1983

"ਮੈਂ ਉਨ੍ਹਾਂ ਨੂੰ** ਕਹਿਨਾ ਚਾਹੁੰਦਾਂ ਹਾਂ ਕਿ ਉਹ ਵਖ ਕੌਮ ਦੇ ਰੂਪ ਵਿਚ ਸਾਡੀ ਅਜਾਦੀ ਦੀ ਲੜਾਈ ਵਿਚ ਹਿੱਸਾ ਲੈਣ ਲਈ ਤਿਆਰ ਰਹਿਣ।"

(ਡੇਲੀ ਮੇਲ, 12 ਅਪ੍ਰੈਲ 1984 ਨੂੰ ਦਿਤਾ ਇੰਟਰਵਿਊ)

"ਸਿੱਖ ਇਕ ਵਖ ਕੌਮ ਹਨ ਤੇ ਇਸ ਸਚ ਨੂੰ ਮੰਨਣਾ ਪਵੇਗਾ।ਸਿੱਖਾਂ ਨੂੰ ਭਾਰਤ ਸੰਘ ਵਿਚ ਵਿਸ਼ੇਸ਼ ਦਰਜਾ ਮਿਲਣਾ ਚਾਹੀਦਾ ਹੈ। ਪੰਜਾਬ ਰਾਜ ਨੂੰ ਉਹ ਦਰਜਾ ਦਿਤਾ ਜਾਣਾ ਚਾਹੀਦਾ ਹੈ ਜਿਹੜਾ ਕੇ ਸੰਵਿਧਾਣ ਦੀ ਧਾਰਾ 370 ਹੇਠ ਜੰਮੂ ਤੇ ਕਸ਼ਮੀਰ ਨੂੰ ਦਿਤਾ ਗਿਆ ਹੈ।

(ਵੀਕ, 27 ਮਾਰਚ — 2 ਅਪ੍ਰੈਲ 1984 ਨੂੰ ਦਿਤਾ ਇੰਟਰਵਿਊ)

"ਸਾਫ ਸਾਫ ਗਲ ਇਹ ਹੈ ਕਿ ਮੈਂ ਇਹ ਨਹੀਂ ਸਮਝਦਾ ਕਿ ਸਿੱਖ ਭਾਰਤ ਵਿਚ ਜਾਂ ਭਾਰਤ ਨਾਲ ਰਹਿ ਸਕਦੇ ਹਨ।"
(ਸੰਡੇ ਆਬਜ਼ਰਵਰ 3 ਜੂਨ 1984 ਨੂੰ ਦਿਤਾ ਇੰਟਰਵਿਊ ਜਿਹੜਾ 10 ਜੂਨ 1984 ਨੂੰ ਅਖਬਾਰ ਵਿਚ ਛਪਿਆ)

* ਬਾਬਾ ਗੁਰਬਚਨ ਸਿੰਘ ਅਤੇ ਲਾਲਾ ਜਗਤ ਨਰਾਇਨ ਦੀ ਹਤਿਆ ਦਾ ਹਵਾਲਾ
** ਇਸ ਵੇਲੇ ਇੰਗਲੈਂਡ ਵਿਚ ਰਹਿੰਦੇ ਸਿੱਖਾਂ ਦਾ ਹਵਾਲਾ।

Digitized by Panjab Digital Library | www.panjabdigilib.org


ਅਨੈਕਸਚਰ-IX

# 29 ਅਪ੍ਰੈਲ 1982 ਨੂੰ ਪਾਰਲੀਮੈਂਟ ਵਲੋਂ ਪ੍ਰਵਾਨ ਇਕ ਮਤੇ ਦਾ ਮਜ਼ਮੂਨ

"ਫੈਸਲਾ ਕੀਤਾ ਗਿਆ ਹੈ ਕਿ ਪਾਰਲੀਮੈਂਟ ਪੰਜਾਬ 'ਚ ਹੁਣੇ ਜਹੇ ਪੈਦਾ ਹੋਈ ਹਾਲਤ ਉਤੇ ਅਪਣਾ ਗਹਿਰਾ ਦੁਖ ਅਤੇ ਚਿੰਤਾ ਪਰਗਟ ਕਰਦੀ ਹੈ। ਅਤੇ ਰਾਜ ਦੇ ਦੇਸ਼ ਭਗਤ ਅਤੇ ਅਮਨਪਸੰਦ ਸ਼ਹਿਰੀਆਂ ਵਿਚ ਮੰਦਭਾਵਨਾ, ਬਦ ਅਮਨੀ ਅਤੇ ਗਲਤ ਫਹਿਮੀਆਂ ਪੈਦਾ ਕਰਨ ਦੇ ਮੰਤਵ ਨਾਲ ਅੰਮ੍ਰਿਤਸਰ ਵਿਚ ਕੁਝ ਬਦਮਾਸ਼ਾਂ ਅਤੇ ਮੁਤਅਸਬੀ ਤੱਤਾਂ ਵਲੋਂ ਜਾਣਬੁਝ ਕੇ ਕੀਤੀਆਂ ਗਈਆਂ ਅਪਵਿੱਤਰ ਕਾਰਵਾਈਆਂ ਦੀ ਸਖਤ ਨਖੇਦੀ ਕਰਦੀ ਹੈ। ਪਾਰਲੀਮੈਂਟ ਭਾਰਤ ਦੇ ਸਾਰੇ ਸ਼ਹਿਰੀਆਂ ਦੇ ਸਭ ਵਰਗਾਂ ਵਿਚਕਾਰ ਧਰਮਨਿਰਪਖੱਤਾ, ਸਹਿਣਸ਼ੀਲਤਾ ਅਤੇ ਮਿਤਰਤਾ ਤੇ ਭਾਈਚਾਰੇ ਦੀ ਕੌਮੀ ਪਾਲਸੀ ਤੇ ਅਪਣੇ ਯਕੀਨ ਦੀ ਫਿਰ ਤੋਂ ਤਸਦੀਕ ਕਰਦੀ ਹੈ ਅਤੇ ਵਿਸ਼ਵਾਸ ਕਰਦੀ ਹੈ ਕਿ ਪੰਜਾਬ ਦੇ ਲੋਕ ਕੁਝ ਗੁਮਰਾਹ ਅਤੇ ਰਾਸ਼ਟਰਵਿਰੋਧੀ ਬੰਦਿਆਂ ਦੇ ਸ਼ਰਾਰਤ ਭਰੇ ਗੈਰਜ਼ਿੰਮੇਵਾਰੀ ਵਾਲੇ ਕੰਮਾਂ ਤੋਂ ਅਪਣੇ ਆਪ ਨੂੰ ਪਰਭਾਵਤ ਨਹੀਂ ਹੋਣ ਦੇਣਗੇ। ਪਾਰਲੀਮੈਂਟ ਇਸ ਗਲ ਨੂੰ ਮੁੜ ਕਹਿੰਦੀ ਹੈ ਕਿ ਕਾਨੂੰਨ ਅਪ੍ਰਾਧੀਆਂ ਉਤੇ ਤੇਜ਼ੀ ਨਾਲ ਮੁਕੱਦਮਾ ਚਲਾਉਣ ਲਈ ਅਪਣੀ ਕਾਰਵਾਈ ਸ਼ੁਰੂ ਕਰੇਗਾ। ਉਸ ਨੂੰ ਯਕੀਨ ਹੈ ਕਿ ਪੰਜਾਬ ਵਿਚ ਸਭ ਫਿਰਕੇ ਅਤੇ ਲੋਕ-ਮਤ ਦੇ ਸਾਰੇ ਤਬਕੇ ਰਵਾਇਤੀ ਫਿਰਕੂ ਸਦਭਾਵਨਾ ਅਤੇ ਭਾਈ ਚਾਰੇ ਕਾਇਮ ਰਖਣ ਦੇ ਯਤਨ ਜਾਰੀ ਰਖਣਗੇ ਅਤੇ ਰਾਜ ਅਤੇ ਦੇਸ਼ ਦੀ ਵਧੇਰੇ ਭਲਾਈ ਲਈ ਮਿਲ-ਜੁਲਕੇ ਕੰਮ ਕਰਦੇ ਰਹਿਣਗੇ।

Digitized by Panjab Digital Library | www.panjabdigilib.org

# ਅਨੈਕਸਚਰ (x)






Digitized by Panjab Digital Library | www.panjabdigilib.org

ਅਨੈਕਸਚਰ-XI

# 30 ਜੂਨ, 1984 ਤਕ ਫੱਟੜ ਹੋਏ ਤੇ ਮਾਰੇ ਗਏ ਸਿਵਲੀਅਨ ਅਤੇ ਫੌਜੀ ਅਤੇ ਬਰਾਮਦ ਹੋਏ ਹਥਿਆਰਾਂ ਤੇ ਗੋਲਾ-ਬਾਰੂਦ ਦਾ ਵੇਰਵਾ

| | ਹਰਮੰਦਿਰ ਸਾਹਿਬ ਇਲਾਕੇ ਵਿਚ | ਹੋਰ ਧਾਰਮਿਕ ਸਥਾਨਾਂ ਤੇ | ਹੋਰ ਇਲਾਕਿਆਂ ਵਿਚ ਕਰਫਿਊ ਦੀ ਉਲੰਘਣਾ/ ਘੇਰਾ ਪਾਣ ਅਤੇ ਤਲਾਸ਼ੀ ਦੀ ਕਾਰਵਾਈ ਵਿਚ | ਕੁਲ |
|---|---|---|---|---|
| 1 | 2 | 3 | 4 | 5 |
| 1. ਮਰੇ/ਫੱਟੜ ਸਿਵਲੀਅਨ/ਆਤੰਕਵਾਦੀ | | | | |
| (ਕ) ਮਾਰੇ ਗਏ | 493 | 23 | 38 | 554 |
| (ਖ) ਫੱਟੜ ਹੋਏ | 86 | 14 | 21 | 121 |
| 2. ਮਰੇ/ਫੱਟੜ ਫੌਜੀ | | | | |
| (ੳ) ਮਾਰੇ ਗਏ | | | | |
| (i) ਅਫਸਰ | 4 | — | — | 4 ਅਫਸਰ |
| (ii) ਜੇ.ਸੀ.ਓ. | 4 | — | — | 4 ਜੇ.ਸੀ.ਓ. |
| (iii) ਹੋਰ ਰੈਂਕ | 75 | 1 | 8 | 84 ਹੋਰ ਰੈਂਕ |
| (ਅ) ਫੱਟੜ | | | | |
| (i) ਅਫਸਰ | 12 | 3 | - | 15 ਅਫਸਰ |
| (ii) ਜੇ.ਸੀ.ਓ. | 17 | 2 | — | 19 ਜੇ.ਸੀ.ਓ. |
| (iii) ਹੋਰ ਰੈਂਕ | 220 | 19 | 14 | 253 ਹੋਰ ਰੈਂਕ |
| 3. ਗ੍ਰਿਫਤਾਰ ਕੀਤੇ ਗਏ ਸਿਵਲੀਅਨ/ ਆਤੰਕਵਾਦੀ | 1592 | 796 | 2324 | 4712 |
| 4. ਬਰਾਮਦ ਹੋਈਆਂ ਚੀਜ਼ਾਂ | | | | |
| (ੳ) ਲਾਈਟ ਮਸ਼ੀਨਗਨਾਂ | 41 | — | — | 41 |

Digitized by Panjab Digital Library | www.panjabdigilib.org

| 1 | 2 | 3 | 4 | 5 |
|---|---|---|---|---|
| (ਅ) ਸਟੇਨ ਗਨਾਂ | 57 | 7 | 32 | 96 |
| (ਏ) ਪੁਆਇੰਟ 303 ਰਾਇਫਲਾਂ | 377 | 5 | 50 | 432 |
| (ਸ) 7.62 ਐਮ ਐਮ ਸੈਲਫ ਲੋਡਿੰਗ ਰਾਇਫਲਾਂ | 83 | — | 15 | 98 |
| (ਹ) 12 ਬੋਰ ਗਨਾਂ | 88 | ੫੧ | 204 | 343 |
| (ਕ) 7.62 ਐਮ.ਐਮ. ਚੀਨੀ ਰਾਇਫਲਾਂ | 52 | — | — | 52 |
| (ਖ) ਹੋਰ ਪ੍ਰਕਾਰ ਦੀਆਂ ਰਾਇਫਲਾਂ | 71 | 21 | 36 | 128 |
| (ਗ) ਹਰ ਪ੍ਰਕਾਰ ਦੇ ਰਿਵਾਲਵਰ | 49 | 15 | 25 | 89 |
| (ਘ) ਹਰ ਪ੍ਰਕਾਰ ਦੇ ਪਿਸਤੌਲ | 33 | 10 | 65 | 108 |
| (ਙ) 12 ਬੋਰ ਦੀ ਦੇਸੀ ਪਿਸਤੌਲ | 61 | 17 | 11 | 89 |
| (ਚ) ਆਰ.ਪੀ.ਜੀ. (ਐਂਟੀ ਟੈਂਕ ਹਥਿਆਰ) | 2 | — | — | 2 |
| (ਛ) ਦੇਸੀ 2 ਇੰਚ ਦੇ ਮੌਰਟਾਰ | — | — | 3 | 3 |
| (ਜ) ਮਾਇਨ | 128 | — | — | 128 |
| (ਝ) ਗੋਲਾਬਾਰੂਦ/ਵਿਸਫੋਟਕ | ਬੜੀ ਵੱਡੀ ਗਿਣਤੀ ਵਿਚ ਬਰਾਮਦ ਹੋਏ। | | | |
| (ਞ) ਐਚ.ਐਫ. ਟਰਾਂਸਮੀਟਰ ਰਸੀਵਰ | 1 | | | |
| (ਟ) ਸੋਨਾ | 5.4 ਕਿਲੋ | | | |
| (ਠ) ਚਾਂਦੀ | 1.14 ਕਿਲੋ | | | |
| (ਡ) ਕੀਮਤੀ ਚੀਰੇ | 1.442 ਕਿਲੋ | | | |
| (ਢ) ਨਕਦੀ | 30 ਲੱਖ ਤੋਂ ਵੱਧ | — | 1,53,559 ਰੁ. | 31,53,559 ਰੁ. ਤੋਂ ਵੱਧ |
| (ਣ) ਗੋਲੇ ਬਨਾਉਣ ਦਾ ਕਾਰਖਾਨਾ | 1 | | | |
| (ਤ) ਸਟੈਨ ਪਾਰਟਸ ਬਣਾਂਉਣ ਦੀ ਦੁਕਾਨ | 1 | | | |
| (ਥ) ਪਾਕਿਸਤਾਨੀ ਸਿੱਕਾ | — | — | 1,29,966 ਰੁ. | 1,29,966 ਰੁ. |
| (ਦ) ਨਕਾਬ | — | 5 | — | 5 |

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸੋਧ ਪੱਤਰ

| ਪੰਨਾ | ਲਾਈਨ | ਗ਼ਲਤ ਛਪੇ ਸ਼ਬਦਾਂ ਦੀ ਥਾਂ | ਸੋਧੇ ਹੋਏ ਸ਼ਬਦ |
|---|---|---|---|
| 54 | 14 ਤੋਂ ਬਾਅਦ | ਰਹਿ ਗਈ ਲਾਈਨ ਪੜ੍ਹੋ | ਘਾਲ ਖਾਇ ਕਿਛੁ ਹੱਥੋਂ ਦੇ,<br>ਨਾਨਕ ਰਾਹ ਪਛਾਣੇ ਸੇ। |
| 64 | 14 ਤੋਂ ਬਾਅਦ | ਰਹਿ ਗਈ ਲਾਈਨ ਪੜ੍ਹੋ | ਸਬੰਧ ਜਨਕ ਖੇਤਰ ਦੀਆਂ ਯੂਨਿਟਾਂ ਨੂੰ ਪੂਰੀ ਤਰ੍ਹਾਂ ਖ਼ੁਦਮੁਖ਼ਤਾਰ ਹੋਣਾ ਚਾਹੀਦਾ ਹੈ ਅਤੇ ਉਸ ਵਿਚ ਕੇਂਦਰੀ ਪ੍ਰਭਾਵਸ਼ਾਲੀ ਪੂਲ 'ਚੋਂ ਲਏ ਗਏ ਨੌਜੁਆਨ ਹੋਣ। |
| 83 | 27 | ਚੂਸ਼ਾ | ਚੂਮਾਂ |
| 83 | 32 | ਪੰਚਵਟੀ | ਪੰਚੱਟਾ |
| 84 | 5 | ਡਾਹੋੜ | ਦਹੇੜੂ |
| 85 | ਹੇਠੋਂ 5ਵੀਂ | ਰਹਾਨ | ਰਾਹੋਂ |
| 87 | 12 | 11 ਮਾਰਚ | 16 ਮਾਰਚ |
| 87 | 19 | 25 ਮਾਰਚ | 23 ਮਾਰਚ |
| 87 | 27 | ਗਾਰਦ | ਤਾਕਤ |
| 88 | 1 | ਜਲੰਧਰ | ਜ਼ਿਲਾ ਅੰਮ੍ਰਿਤਸਰ |
| 88 | 9 | ਜਲੰਧਰ ਤੋਂ ਅੱਗੇ ਪੜੋ | ਸ਼੍ਰੀ ਏ.ਐਸ. ਅਟਵਾਲ |
| 88 | 18 | ਸਟੇਟ ਬੈਂਕ ਤੋਂ ਬਾਅਦ ਪੜੋ | ਆਫ਼ ਪਟਿਆਲਾ |
| 89 | ਹੇਠੋਂ ਚੌਥੀ | ਛੰਨੂ ਕੌਰ | ਛੰਨੂਪੁਰ |
| 90 | 8 | ਪੁਲਿਸ ਤੋਂ ਪਿਛੋਂ ਪੜ੍ਹੋ | ਸਬ-ਇੰਸਪੈਕਟਰ |
| 90 | 13 | 24 ਅਗਸਤ | 29 ਅਗਸਤ |
| 91 | 9 | ਅੰਤ ਵਿਚ ਪੜ੍ਹੋ | ਇਕ ਔਰਤ ਸਮੇਤ ਦੋ ਮਰੀਜ਼ ਵੀ ਫਟੱੜ। |
| 92 | 18 | ਮਕਾਮ ਕਲ੍ਹਾਂ | ਕਲ੍ਹਾ |
| 92 | ਹੇਠੋਂ ਪੰਜਵੀਂ | ਜੁਗ ਕਿਸ਼ੋਰ | ਜੁਗਲ ਕਿਸ਼ੋਰ |
| 94 | 16 | ਵਿੱਚ ਤੋਂ ਬਾਅਦ ਪੜ੍ਹੋ | ਸ੍ਰੀ ਗੰਗਾ ਨਗਰ ਤੋਂ |
| 96 | 20 | ਸਮੁੰਦਰਾ | ਸਮੁੰਦੜਾ |
| 97 | 18 | ਕੈਥਲ ਤੋਂ ਬਾਅਦ ਪੜ੍ਹੋ | ਪਾਨੀਪਤ |
| 99 | ਹੇਠੋਂ ਪੰਜਵੀਂ | ਮਾਈ ਜੀਵਾਂ | ਮਿਜੀਵਾਨ |

Digitized by Panjab Digital Library | www.panjabdigilib.org


| | | | |
|---|---|---|---|
| 102 | 11-12 | ਮੁੰਨੀ ਲਾਲ ਨੂੰ ਤੋਂ ਬਾਅਦ ਪੜ੍ਹੋ | ਚਾਕੂ ਮਾਰ ਕੇ ਫਟੱੜ |
| 103 | 12 | ਭਾਈ | ਭੱਟੀ |
| 104 | 1 | ਧੰਨਾ | ਧੰਨ |
| 104 | 3 | ਸਰਕਾਰੀ | ਸਹਿਕਾਰੀ |
| 104 | 3 | ਪ੍ਰਬੰਧਕ ਤੋਂ ਬਾਅਦ ਪੜ੍ਹੋ | ਸ੍ਰੀ ਅੰਗਰੇਜ਼ ਸਿੰਘ |
| 104 | 16 | ਗਾਰਖ | ਗਾਰਡ |
| 106 | 6 | ਮਾਨਕ | ਮਾਲਕ |
| 106 | 21 | ਕਾਲਜ ਦੇ ਬਾਅਦ ਪੜ੍ਹੋ | ਬਟਾਲਾ |
| 108 | 4 | ਨਹੀਂ ਛਪੀ ਹੈ | 28 ਅਪ੍ਰੈਲ, 1984 ਜ਼ਿਲਾ ਕਪੂਰਥਲਾ ਦੇ ਪਿੰਡ ਹਮੀਰਾ ਵਿਚ ਪੰਜਾਬ ਰਾਜ ਬਿਜਲੀ ਬੋਰਡ ਦੇ ਖਜ਼ਾਨਚੀ ਨੂੰ ਪਿਸਤੌਲ ਦਿਖਾਕੇ 75,000 ਰੁ: ਖੋਹ ਲਏ ਗਏ। |
| 108 | ਛੇਵੀਂ ਲਾਈਨ | ਛੱਪੀ ਹੋਈ ਕਰਮਚਾਰੀਆਂ ਤੇ- ਅਗੇਂ ਪੜ੍ਹੋ | ਬਟਾਲਾ ਦੇ ਨੇੜੇ |
| 109 | 16 | ਲਾਈ ਗਈ | ਲਾਉਣ ਦੀ ਕੋਸ਼ਿਸ਼ ਕੀਤੀ ਗਈ। |
| 111 | 2 | 4,700 | 4,737 |
| 111 | 18 | 18 | 17-18 |
| 111 | 21 | ਮਾਤਾ ਤੋਂ ਪਹਿਲਾਂ | ਅੰਮ੍ਰਿਤਸਰ ਵਿਚ |
| 111 | 25 ਤੋਂ ਬਾਅਦ | ਲਾਈਨ ਛੁੱਟ ਗਈ ਹੈ | ਅੰਮ੍ਰਿਤਸਰ ਵਿਚ ਇਕ ਪੈਟ੍ਰੋਲ ਪੰਪ ਦੇ ਸੇਲਜ਼ਮੈਨ ਨੂੰ ਪਿਸਤੌਲ ਦਿਖਾ ਕੇ 15,000 ਰੁਪਏ ਖੋਹ ਲਏ ਗਏ। |
| 111 | ਛਪੀ ਹੋਈ 26ਵੀਂ ਲਾਈਨ | ਅੰਮ੍ਰਿਤਸਰ ਤੋਂ ਪਹਿਲੇ | ਗੋਲਬਾਗ |
| 112 | 1 | ਸਭਰਾਵੀਂ | ਸਭਰਾਵਾਂ |
| 112 | 7 | ਜਗਰਾਵੇ | ਜਗਰਾਵਾਂ |
| 112 | 16ਵੀਂ ਲਾਈਨ ਤੋਂ ਬਾਅਦ | ਰਹਿ ਗਈ ਲਾਈਨ | 21 ਮਈ 1984 ਫੀਰੋਜ਼ਪੁਰ ਦੇ ਪਿੰਡ ਨੂਰਪੁਰ ਵਿਚ ਹਵਾਲਦਾਰ ਰਾਕੇਸ਼ ਕੁਮਾਰ ਦੀ ਗੋਲੀ ਮਾਰ ਕੇ ਹੱਤਿਆ। |
| 113 | 17 | ਥਾਰਾ | ਤਹਾਰਾ |
| 115 | ਹੇਠੋਂ 9ਵੀਂ | 12 ਹਜ਼ਾਰ ਰੁਪਏ ਤੋਂ ਬਾਅਦ ਪੜ੍ਹੋ | ਦੇ ਮੁੱਲ ਦੇ ਗਹਿਣੇ |
| 123 | 19 | ਚੀਰੇ | ਹੀਰੇ |

Digitized by Panjab Digital Library | www.panjabdigilib.org

ਤਸਵੀਰਾਂ


Digitized by Panjab Digital Library | www.panjabdigilib.org

Digitized by Panjab Digital Library | www.panjabdigilib.org




ਲੰਗਰ ਸਾਹਿਬ ਦੀ ਇਮਾਰਤ (ਇਹ ਦੁਖ ਨਿਵਾਰਣ ਬੇਰੀ ਦੇ ਪਿਛੇ ਹੈ) ਦੀ ਛੱਤ ਉਤੇ ਕੀਤੀ ਗਈ ਕਿਲਾਬੰਦੀ ਜਿਸ ਦਾ ਅਸਰ ਹਰਮੰਦਿਰ ਅਹਾਤੇ ਤਕ ਸੀ।

Digitized by Panjab Digital Library | www.panjabdigilib.org




ਲੰਗਰ ਦੀ ਇਮਾਰਤ ਦੇ ਉਤੇ ਦੀ ਕਿਲਾਬੰਦੀ ਉਤੇ ਦੇਖਣ ਅਤੇ ਗੋਲੀ ਮਾਰਨ ਦਾ ਸੁਰਾਖ, ਜਿਸਦਾ ਅਸਰ ਪਰਿਕ੍ਰਮਾ ਅਤੇ ਹਰਿਮੰਦਰ ਸਾਹਿਬ ਤਕ ਸੀ।

Digitized by Panjab Digital Library | www.panjabdigilib.org



ਮੀਨਾਰ (ਬੁੰਗਾ) ਉਤੇ ਦੇਖਣ ਅਤੇ ਗੋਲੀ ਮਾਰਨ ਦਾ ਸੁਰਾਖ, ਜਿਸਦਾ ਅਸਰ
ਹਰਿਮੰਦਰ ਸਾਹਿਬ ਅਤੇ ਪਰਿਕ੍ਰਮਾ ਤਕ ਸੀ।

Digitized by Panjab Digital Library | www.panjabdigilib.org



ਅਕਾਲ ਤਖਤ ਦੇ ਸੱਜੇ ਹਿੱਸੇ ਉਤੇ ਲਾਇਟ ਮਸ਼ੀਨ ਗਨ ਨਾਲ ਗੋਲਾਬਾਰੀ ਦਾ ਇਕ ਠਿਕਾਣਾ, ਜਿਸਦਾ
ਅਸਰ ਬਾਬਾ ਬੁੱਢਾ ਬੇਰ ਸਾਹਿਬ ਅਤੇ ਹਰਮੰਦਿਰ ਇਲਾਕੇ ਤਕ ਸੀ ।

Digitized by Panjab Digital Library | www.panjabdigilib.org




ਮਿਨਾਰ ਦੇ ਹੇਠਾਂ ਕਿਲਾਬੰਦੀ ਜਿਸਦਾ ਅਸਰ ਗੈਸਟ ਹਾਉਸ ਅਤੇ ਨਵੀਂ ਲੰਗਰ ਇਮਾਰਤ ਦੇ ਵਿਚ ਦੇ ਹਿੱਸੇ ਤਕ ਸੀ ।

Digitized by Panjab Digital Library | www.panjabdigilib.org



ਬੁੰਗਾ ਮਿਨਾਰ ਵਰਗਾ ਇਕ ਟਾਵਰ, ਜਿਸ ਦੀ ਪੂਰੀ ਤਰ੍ਹਾਂ ਕਿਲੇਬੰਦੀ ਕੀਤੀ ਗਈ ਸੀ,
ਜਿਥੋਂ ਭਾਰੀ ਗੋਲਾਬਾਰੀ ਕੀਤੀ ਗਈ।

Digitized by Panjab Digital Library | www.panjabdigilib.org




ਹਰਮੰਦਿਰ ਸਾਹਿਬ ਦੇ ਸਾਹਮਣੇ ਘੰਟਾਘਰ ਵਾਲੇ ਦਰਵਾਜ਼ੇ ਉਤੇ ਇੱਟਾਂ ਨਾਲ ਬੜੀ ਮਜ਼ਬੂਤ ਕਿਲੇਬੰਦੀ ਕੀਤੀ ਗਈ ਸੀ ਅਤੇ ਬਾਰੀਆਂ ਅਤੇ ਜਾਲੀਆਂ ਨੂੰ ਤੋੜ ਕੇ ਸੁਰਾਖ ਕੀਤੇ ਗਏ ਸੰਨ। ਮੰਦਿਰ ਜਾਣ ਦੇ ਸਾਰੇ ਰਸਤਿਆਂ ਉਤੇ ਇਨ੍ਹਾਂ ਮੋਰੀਆਂ ਤੋਂ ਗੋਲੀ ਚਲਾਈ ਜਾ ਸਕਦੀ ਸੀ।

Digitized by Panjab Digital Library | www.panjabdigilib.org




ਅਕਾਲ ਤਖਤ ਦੇ ਸੱਜੇ ਹਿੱਸੇ ਦੀ ਇਮਾਰਤ ਵਿਚ ਰੇਤ ਦੀਆਂ ਬੋਰੀਆਂ ਅਤੇ ਇੱਟਾਂ ਦੀ ਕਿਲੇਬੰਦੀ ਜਿਸ ਨਾਲ ਹਰਿਮੰਦਰ ਸਾਹਿਬ ਤਕ ਦਾ 40 ਗਜ਼ ਦਾ ਤੰਗ ਹਿੱਸਾ ਮਾਰੂ ਮੈਦਾਨ ਬਣ ਗਿਆ ਸੀ। ਇਥੇ ਬਹੁਤੇ ਜਵਾਨ ਸ਼ਹੀਦ ਹੋਏ।

Digitized by Panjab Digital Library | www.panjabdigilib.org




ਅਕਾਲ ਤਖਤ ਦੀਆਂ ਸੰਗਮਰਮਰ ਦੀਆਂ ਕੰਧਾਂ ਨੂੰ ਕੱਟ ਕੇ ਬਣਾਇਆ ਗਿਆ ਇਕ ਮਸ਼ੀਨ ਨਾਲ ਗੋਲਾਬਾਰੀ ਕਰਨ ਦਾ ਠਿਕਾਣਾ—
ਅਤੇ ਤਬਾਹੀ ਦੇ ਬੇਜ਼ਬਾਨ ਦਰਸ਼ਕ ਅਕਾਲ ਤਖਤ ਦੇ ਖੰਬੇ।

Digitized by Panjab Digital Library | www.panjabdigilib.org




ਅਕਾਲ ਤਖਤ ਦੀਆਂ ਸੰਗਮਰਮਰ ਦੀਆਂ ਕੰਧਾਂ ਨੂੰ ਕੱਟ ਦੇ ਜ਼ਮੀਨ ਉਤੇ ਇੱਟਾਂ ਖੱਬਰ ਦਾ ਛੋਟਾ ਕਿਲਾ ਜਿਸ ਵਿਚ ਮਸ਼ੀਨ ਗਨਾਂ ਲਗਾ ਕੇ ਰਖੀਆਂ ਸਨ, ਉਥੋਂ ਹੀ ਜਵਾਨਾਂ ਦਾ ਵਡੀ ਗਿਣਤੀ ਵਿਚ ਨੁਕਸਾਨ ਹੋਇਆ ।

Digitized by Panjab Digital Library | www.panjabdigilib.org




ਅਕਾਲ ਤਖਤ ਦੇ ਤਹਿਖਾਨੇ ਦੇ ਉਤੇ ਇਕ ਰੋਸ਼ਨਦਾਨ ਜਿਥੋਂ ਹਥਿਆਰਾਂ ਦੀ ਘਾਤਕ ਵਰਤੋਂ ਕੀਤੀ ਗਈ ।

Digitized by Panjab Digital Library | www.panjabdigilib.org




ਘੰਟਾ ਘਰ ਦੇ ਅੰਦਰ ਵੜਨ ਦੀ ਪਹਿਲੀ ਛੱਤ ਉਤੇ ਗੋਲ਼ੀ ਮਾਰਨ ਅਤੇ ਦੇਖਣ ਦਾ ਇਕ ਸੁਰਾਖ। ਇਹ ਅੰਦਰ ਵੜਨ ਦੇ ਰਸਤੇ ਨੂੰ ਸੁਰਖਿਆ ਪਹੰਚਾ ਰਿਹਾ ਸੀ।

Digitized by Panjab Digital Library | www.panjabdigilib.org




ਹਰਮੰਦਿਰ ਸਾਹਿਬ ਦੀ ਗੋਲੇ ਬਣਾਉਂਣ ਦੀ ਫੈਕਟਰੀ ਵਿਚੋਂ ਮਿਲੇ ਦੇਸੀ ਅਤੇ ਹੋਰ ਦਸਤੀ ਗੋਲੇ ।

Digitized by Panjab Digital Library | www.panjabdigilib.org




ਹਰਮੰਦਿਰ ਸਾਹਿਬ ਅਹਾਤੇ ਦੇ ਦਰਵਾਜ਼ਿਆਂ ਵਿਚ ਲੁਕੋ ਕੇ ਬਣਾਈ ਹੋਈ ਗੋਲੇ ਬਣਾਣ ਦੀ ਫੈਕਟਰੀ ।

Digitized by Panjab Digital Library | www.panjabdigilib.org




ਹਰਮੰਦਿਰ ਸਾਹਿਬ ਅਹਾਤੇ ਤੋਂ ਬਰਾਮਦ ''ਬਟਾਲਾ ਬੰਬ'' ਦੇ ਨਾਂ ਨਾਲ ਮਸ਼ਹੂਰ ਦੇਸੀ ਤਬਾਹਕੁਨ ਗੋਲੇ ।

Digitized by Panjab Digital Library | www.panjabdigilib.org




ਹਰਿਮੰਦਿਰ ਸਾਹਿਬ ਅਹਾਤੇ ਤੋਂ ਮਿਲੀਆਂ ਐਂਟੀ-ਪਰਸੋਨਲ ਮਾਇਨਜ਼,
ਪਸਤੌਲਾਂ, ਸਟੈਨਮਸ਼ੀਨ, ਕਾਰਬਾਈਨ ਅਤੇ ਚੋਣਵੇਂ ਮੇਕ ਦੀਆਂ ਰਾਈਫਲਾਂ
ਹਰਿਮੰਦਿਰ ਸਾਹਿਬ ਦੀ ਪਰਿਕ੍ਰਮਾ ਵਿਚ ਪਈਆਂ ਹਨ।

Digitized by Panjab Digital Library | www.panjabdigilib.org




ਅੰਦਰ ਜਾਣ ਦੇ ਮੁਖ ਦਰਵਾਜੇ ਦੇ ਗੁੰਬਦ ਦੇ ਹੇਠਾਂ ਇੱਟਾਂ ਦੀ ਕਿਲੇਬੰਦੀ ਵਿਚ ਕੀਤੇ ਗਏ ਸੁਰਾਖ,
ਜਿਨ੍ਹਾਂ ਚੋਂ ਮਸ਼ੀਨਗਨਾਂ ਅਤੇ ਸਵੈਚਾਲਕ ਰਾਇਫਲਾਂ ਨਾਲ
ਗੋਲਾ ਬਾਰੀ ਕੀਤੀ ਗਈ ।

Digitized by Panjab Digital Library | www.panjabdigilib.org




ਸ੍ਰੀ ਹਰਿਮੰਦਿਰ ਸਾਹਿਬ ਦੇ ਅਦਰ ਜਾਣ ਦੇ ਮੁਖ ਦਰਵਾਜੇ ਨੂੰ ਕਵਰ ਕਰਨ
ਵਾਲੇ ਖ਼ੌਬਿਆਂ ਵਿਚ ਕੀਤੀ ਗਈ ਕਿਲੇਬੰਦੀ।

Digitized by Panjab Digital Library | www.panjabdigilib.org




"ਬਾਬਾ ਬੁਢਾ ਬੇਰ ਸਾਹਿਬ" ਅਤੇ ਅਕਾਲ ਤਖਤ ਨੂ ਜਾਣ ਵਾਲੀ ਪਰਿਕ੍ਰਮਾ
ਦੇ ਅੰਦਰ ਜਾਣ ਦੇ ਮੁਖ ਦਰਵਾਜੇ ਨੂੰ ਕਵਰ ਕਰਨ ਵਾਲੇਖੰਬੇ ਦੇ ਨੇੜੇ
ਬਣਾਇਆ.ਗਿਆ ਨਿਕਲਣ ਦਾ ਰਸਤਾ ।

Digitized by Panjab Digital Library | www.panjabdigilib.org




ਪਿਛੋਕੜ ਵਿਚ ਸਫੇਦ ਰੰਗ ਵਾਲੇ ਜਲਿਆਂਵਾਲੇ ਬਾਗ ਦੇ ਨਾਲ ਨਿਜੀ ਮਕਾਨਾਂ ਦੀਆਂ ਛੱਤਾਂ ਉਤੇ ਰੇਤ ਦੀਆਂ ਕਈ ਬੋਰੀਆਂ ਅਤੇ ਇੱਟਾਂ ਲਗਾ ਕੇ ਕੀਤੀ ਗਈ ਕਿਲ੍ਹੇਬੰਦੀ ਜਿਸ ਨਾਲ ਹਰਮੰਦਿਰ ਸਾਹਿਬ ਵਿਚ ਦਾਖਲ ਹੋਣ ਵਾਲੇ ਸਾਰੇ ਰਸਤੇ ਕਵਰ ਕੀਤੇ ਗਏ।

Digitized by Panjab Digital Library | www.panjabdigilib.org




ਮੰਦਿਰ ਦੇ ਮੁਖ ਘੜੀ ਵਾਲ ਅਦਰ ਵੜਨ ਵਾਲੇ ਗੇਟ ਉਤੇ ਕੀਤੀ ਗਈ ਤਿਹਰੀ ਕਿਲੇਬੰਦੀ ।

Digitized by Panjab Digital Library | www.panjabdigilib.org




ਹਰਮੰਦਿਰ ਦੇ ਮੁਖ ਗੇਟ ਉਤੇ ਕੀਤੀ ਗਈ ਕਿਲੇਬੰਦੀ ।

Digitized by Panjab Digital Library | www.panjabdigilib.org




ਅੰਦਰ ਵੜਨ ਦੇ ਮੁਖ ਦਰਵਾਜੇ ਦੇ ਮੁਖ ਰਸਤੇ ਨੂੰ ਕਵਰ ਕਰਦੇ ਹੋਏ ਬਣਾਈ ਗਈ ਇੱਟਾਂ ਦੀ
ਕਿਲੇਬੰਦੀ ਅਤੇ ਤੋੜ ਕੇ ਬਣਾਈਆਂ ਗਈਆਂ ਮੋਰੀਆ ਦਾ ਨੇੜੇ ਤੋਂ ਇਕ ਨਜ਼ਾਰਾ ।

Digitized by Panjab Digital Library | www.panjabdigilib.org



ਹਰਮਿੰਦਰ ਅਹਾਤੇ ਦੀਆਂ ਛੱਤਾਂ ਅਤੇ ਉਸਦੇ ਨਾਲ ਲਗਦੇ ਨਿਜੀ ਮਕਾਨਾਂ ਦੀਆਂ ਛੱਤਾਂ ਉਤੇ ਕੀਤੀ ਗਈ ਕਿਲੇਬੰਦੀ।

Digitized by Panjab Digital Library | www.panjabdigilib.org



''ਦੁਖ ਭੰਜਨੀ ਬੇਰੀ'' ਦੇ ਪਰਿਕ੍ਰਮਾ ਦੇ ਦੋਹਾਂ ਪਾਸੇ ਦੋਹਰੀ ਕਿਲੇਬੰਦੀ ਕੀਤੀ ਗਈ ਸੀ ਜਿੰਸਦੇ ਅਧੀਨ
ਹਰਿਮੰਦਿਰ ਸਾਹਿਬ ਦੇ ਸਾਰੇ ਰਾਹ ਅਤੇ ਅੰਦਰ ਵੜਨ ਦੇ ਦਰਵਾਜੇ ਆ ਜਾਂਦੇ ਹਨ ।


Digitized by Panjab Digital Library | www.panjabdigilib.org

ਸਿੱਖਾ ਦਾ ਮੁਜਾਹਿਰਾ, ਲੰਦਨ 10.6.84





Digitized by Panjab Digital Library | www.panjabdigilib.org



ਹਰਮੰਦਿਰ ਏਲਾਕੇ ਵਿਚ ਆਤੰਕਵਾਦੀਆਂ ਤੋਂ ਮਿਲੇ ਕੁਝ ਪਾਸਪੋਰਟ ਵੀਡੀਓ ਰਿਕਾਰਡਰ ਕੈਸੇਟ, ਫਿਲਮ ਸਪੂਲ ਅਤੇ
ਸਹਾਇਕ ਸਮਿਗਰੀ' ਸਹਿਤ ਵਿਸਫੋਟਕ ਪਦਾਰਥ। ਆਂਤਕਵਾਦੀਆਂ ਦੇ
ਕੋਲ ਜਾਪਾਨ ਦਾ ਬਣਿਆਂ ਹੋਇਆ ਵਾਇਰਲੈਸ ਟਰਾਂਸਮੀਟਰ ਵੀ ਸੀ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1656 (X)

Digitized by Panjab Digital Library | www.panjabdigilib.org

davp

Produced by the Directorate of Advertising & Visual Publicity, Ministry of I&B, Govt. of India and printed at Saraswati Offset Printers, A-5/II, Naraina Industrial Area, New Delhi 110 028
No. 2/15/84-PP III Punjabi 1,00,000 July 1984

Digitized by Panjab Digital Library | www.panjabdigilib.org